IV

# GURU TEGH BAHADUR JI DI BANI VICH MANVI SANKAT DI CHETNA

# ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ ਮਾਨਵੀ ਸੰਕਟ ਦੀ ਚੇਤਨਾ

**THESIS**

SUBMITTED TO THE PANJAB UNIVERSITY, CHANDIGARH

FOR THE DEGREE OF

**Doctor of Philosophy**

IN THE FACULTY OF LANGUAGES

**1990**

PANJAB UNIVERSITY LIBRARY

**Kumari Uma Sethi**

# ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਮਾਨਵੀ ਸੰਕਟ ਦੀ ਚੇਤਨਾ

## ਤ ਤ ਕ ਰਾ


| | | ਪੰਨਾ ਨੰ: |
|---|---|---|
| ਭੂਮਿਕਾ: | | 1 ਤੋਂ 4 |
| ਅਧਿਆਇ ਪਹਿਲਾ: | ਮਾਨਵ ਅਤੇ ਮਾਨਵੀ ਸੰਕਟ ਦੇ ਆਧਾਰ | 5 ਤੋਂ 29 |
| ਅਧਿਆਇ ਦੂਜਾ: | ਗੁਰੂ ਤੇਗ ਬਹਾਦਰ ਅਤੇ ਮਾਨਵੀ ਸੰਕਟ (ਜੀਵਨ, ਇਤਿਹਾਸ ਤੇ ਮਾਨਵਤਾ ਦਾ ਮੇਲ ਬਿੰਦੂ) | 30 ਤੋਂ 59 |
| ਅਧਿਆਇ ਤੀਜਾ: | ਸਿੱਖ ਧਰਮ ਚੇਤਨਾ - ਕਾਵਿ ਪਰੰਪਰਾ ਅਤੇ ਮਾਨਵੀ ਸੰਕਟ - ਅਵਸਰ ਤੋਂ ਸੰਕਟ ਤੱਕ ਦੀ ਯਾਤਰਾ | 60 ਤੋਂ 103 |
| ਅਧਿਆਇ ਚੌਥਾ: | ਗੁਰੂ ਤੇਗ ਬਹਾਦਰ ਦੀ ਬਾਣੀ ਵਿਚ ਮਾਨਵੀ ਸੰਕਟ ਦਾ ਵਿਸਤਾਰ (ਚੇਤਨਾ ਦੇ ਪ੍ਰਸੰਗ ਵਿਚ) | 104 ਤੋਂ 137 |
| ਅਧਿਆਇ ਪੰਜਵਾਂ: | ਗੁਰੂ ਤੇਗ ਬਹਾਦਰ ਦੀ ਬਾਣੀ ਵਿੱਚ ਮਾਨਵੀ ਸੰਕਟ ਦਾ ਨਿਰੂਪਣ ਤੇ ਨਿਰੂਪਣ ਵਿਧੀ | 138 ਤੋਂ 202 |
| ਨਿਸ਼ਕਰਸ਼: | | 203 ਤੋਂ 210 |
| ਪੁਸਤਕ-ਸੂਚੀ: | | 211 ਤੋਂ 217 |

## ਭੂਮਿਕਾ

ਗੁਰੂ ਤੇਗ਼ ਬਹਾਦਰ ਦੀ ਬਾਣੀ ਇਕ ਵਿਸ਼ੇਸ਼ ਪ੍ਰਭਾਵ ਦੀ ਧਾਰਨੀ ਹੈ। ਅਸਲ ਵਿਚ ਇਹ ਬਾਣੀ ਬਹੁਤੀ ਵੱਡੀ ਨਹੀਂ ਕੇਵਲ ਉਨ੍ਹਾਠ ਸ਼ਬਦ ਤੇ ਸਤਵੰਜਾ ਸਲੋਕ ਹਨ। ਭਾਵੇਂ ਇਹ ਬਾਣੀ ਗੁਰਮਤਿ ਪਰੰਪਰਾ ਦਾ ਹੀ ਇਕ ਅਟੁੱਟ ਤੇ ਅਨਿੱਖੜਵਾਂ ਅੰਗ ਹੈ ਪਰ ਇਸ ਬਾਣੀ ਵਿਚਲਾ ਬੰਧਨ/ਮੁਕਤੀ ਦਾ ਸਰੋਕਾਰ, ਇਸ ਬਾਣੀ ਨੂੰ ਇਕ ਨਿਵੇਕਲੀ ਮੌਲਿਕਤਾ ਪ੍ਰਦਾਨ ਕਰਦਾ ਹੈ। ਬੰਧਨ/ਮੁਕਤੀ ਦਾ ਪ੍ਰਸੰਗ ਇਸ ਬਾਣੀ ਦਾ ਕੇਂਦਰੀ ਅਨੁਭਵ ਹੈ। ਬੰਧਨਗ੍ਰਸਤ ਜੀਵਨ ਸੰਕਟਗ੍ਰਸਤ ਹੈ, ਬੰਧਨਮੁਕਤ ਜੀਵਨ ਨਿੱਡਰਤਾ ਦੀ ਪ੍ਰਾਪਤੀ ਹੈ। ਬੰਧਨ ਤੋਂ ਮੁਕਤ ਹੋਣ ਲਈ ਗੁਰੂ ਕਵੀ ਨੇ ਇਕ ਨਿਸ਼ਚਿਤ ਮਾਰਗ ਦਰਸਾਇਆ ਹੈ।

ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਮਨੁੱਖ ਦੇ ਸੰਕਟ ਨੂੰ ਵੱਖ ਵੱਖ ਪਹਿਲੂਆਂ ਤੋਂ ਵਿਚਾਰਿਆ ਗਿਆ ਹੈ। ਕਿਧਰੇ ਤਾਂ ਮਨੁੱਖ ਦੇ ਸੰਕਟਗ੍ਰਸਤ ਹੋਣ ਦਾ ਕਾਰਣ ਉਸ ਦਾ ਮਨ ਹੈ, ਜੋ ਕਿ ਇੱਛਾਵਾਂ ਦਾ ਸੋਮਾ ਹੈ, ਕਦੀ ਮਨੁੱਖ ਕਾਮਾਦਿਕ ਵਿਰਤੀਆਂ ਦਾ ਗ਼ੁਲਾਮ ਬਣ ਗਿਆ ਹੈ, ਕਦੀ ਮੌਤ ਦਾ ਡਰ ਉਸ ਨੂੰ ਸੰਕਟਗ੍ਰਸਤ ਕਰਦਾ ਹੈ ਤੇ ਕਦੀ ਉਸ ਨੂੰ ਦੁਨਿਆਵੀ ਸੁੱਖ ਦੇ ਖੁੱਸ ਜਾਣ ਦਾ ਡਰ ਹੈ, ਕਦੀ ਉਹ ਬਿਲਕੁਲ ਇਕੱਲਾ ਰਹਿ ਗਿਆ ਹੈ, ਸਾਰੇ ਸਕੇ ਸੰਬੰਧੀ ਉਸ ਦਾ ਸਾਥ ਛੱਡ ਗਏ ਹਨ ਤੇ ਉਹ ਆਪਣੇ ਆਪ ਨੂੰ ਨਿਆਸਰਾ ਮਹਿਸੂਸ ਕਰ ਰਿਹਾ ਹੈ। ਕਿਧਰੇ ਮਾਨਸਿਕ ਭਟਕਣਾਂ ਨੇ ਉਸ ਤੇ ਗ਼ਲਬਾ ਪਾਇਆ ਹੋਇਆ ਹੈ ਤੇ ਕਿਧਰੇ ਸੱਜਣ, ਮਿੱਤਰ, ਸੰਬੰਧੀਆਂ ਦੀ ਬੇਵਫ਼ਾਈ ਕਾਰਣ ਪ੍ਰੇਸ਼ਾਨ ਨਜ਼ਰ ਆ ਰਿਹਾ ਹੈ। ਜਾਣਿ ਕੁਲ ਮਿਲਾ ਕੇ ਸਾਰੀ ਬਾਣੀ ਵਿਚ ਮਨੁੱਖ ਬੇਵੱਸ ਤੇ ਬੇਦਿਲ ਦਸ਼ਾ ਵਿਚ ਦਿਖਾਈ ਦੇ ਰਿਹਾ ਹੈ। ਇਸ ਅਵਸਥਾ ਦਾ ਕਾਰਣ ਮਨੁੱਖ ਦਾ ਬੰਧਨਯੁਕਤ ਹੋਣਾ ਹੈ ਬੰਧਨ ਤੋਂ ਭਾਵ ਡਰ ਜਾਂ ਤ੍ਰਾਸ ਤੋਂ ਹੈ। ਇਨ੍ਹਾਂ ਡਰਾਂ ਵਿਚ ਸਭ ਤੋਂ ਪ੍ਰਮੁੱਖ ਡਰ ਮੌਤ ਦਾ ਡਰ ਹੈ, ਜੋ ਕਿ ਹਰ ਮਨੁੱਖ ਮਾਤਰ ਦਾ ਸੰਕਟ ਹੈ। ਸਰੀਰ ਦੇ ਸੀਮਿਤ ਹੋਣ ਦੀ ਚਿੰਤਾ ਮਨੁੱਖ ਨੂੰ ਭੈਭੀਤ ਕਰਦੀ ਹੈ। ਇਸ ਸਾਰੀ ਬਾਣੀ ਦੀ ਮੁੱਖ ਪ੍ਰੇਰਣਾ ਮਨੁੱਖ ਨੂੰ ਨਿਰਭੈ ਬਣਾਉਣ ਨਾਲ ਸੰਬੰਧਿਤ ਹੈ, ਜਿਸ ਨਾਲ ਮਨੁੱਖ ਮੁਕਤ ਅਵਸਥਾ ਨੂੰ ਪ੍ਰਾਪਤ ਕਰ ਸਕੇ।

ਗੁਰੂ ਤੇਗ਼ ਬਹਾਦਰ ਦੀ ਬਾਣੀ ਨਾਲ ਸੰਬੰਧਿਤ ਉਘੇ ਵਿਦਵਾਨਾਂ ਦੀਆਂ ਕਈ ਪੁਸਤਕਾਂ ਪ੍ਰਕਾਸ਼ਿਤ ਤੇ ਸੰਪਾਦਿਤ ਹੋਈਆਂ ਹਨ, ਜਿਨ੍ਹਾਂ ਵਿਚ ਬਾਣੀ ਦੇ ਵੱਖ ਵੱਖ ਪਾਸਾਰਾਂ ਜਿਵੇਂ ਇਸ ਬਾਣੀ ਦੇ ਦਾਰਸ਼ਨਿਕ ਪੱਖ, ਵੈਰਾਗਮਈ ਪੱਖ ਜਾਂ ਇਸ ਬਾਣੀ ਵਿਚ ਜਗਤ ਦੀ ਨਾਸ਼ਮਾਨਤਾ ਦਾ ਸੰਕਲਪ, ਮੁਕਤੀ ਦਾ ਸੰਕਲਪ, ਜੀਵਨ ਜੁਗਤਿ, ਮਾਇਆ ਦਾ ਸੰਕਲਪ, ਬ੍ਰਹਮ ਦਾ ਸੰਕਲਪ ਜਾਂ ਮਨੋਵਿਗਿਆਨਕ ਪੱਖ ਬਾਰੇ ਭਰਪੂਰ ਚਰਚਾ ਕੀਤੀ ਮਿਲਦੀ ਹੈ। ਮੇਰਾ ਯਤਨ ਇਸ ਬਾਣੀ ਵਿਚ ਮਨੁੱਖ ਦੀ ਸੰਕਟਮਈ ਅਵਸਥਾ ਦੇ ਵੱਖ ਵੱਖ ਪਹਿਲੂਆਂ ਨੂੰ ਸਮਝਣ ਨਾਲ ਸੰਬੰਧਿਤ ਹੈ। ਮਨੁੱਖ ਦਾ ਆਪਣੇ ਮੂਲ ਆਪੇ ਨਾਲੋਂ ਟੁੱਟ ਕੇ ਬੰਧਨਯੁਕਤ ਹੋਣਾ, ਫੇਰ ਚੇਤਨਤਾ ਰਾਹੀਂ ਉਸ ਸੰਕਟ ਤੋਂ ਨਿਜਾਤ ਪਾਉਣ ਲਈ ਪ੍ਰਯਤਨਸ਼ੀਲ ਹੋਣਾ, ਇਹ ਗੁਰੂ ਤੇਗ਼ ਬਹਾਦਰ ਬਾਣੀ ਦੀ ਵਿਸ਼ੇਸ਼ ਵਿਲੱਖਣਤਾ ਹੈ। ਇਹੋ ਕਾਰਣ ਹੈ ਕਿ ਬਾਣੀ ਵਿਚ ਸੰਕਟਗ੍ਰਸਤ ਮਨੁੱਖ ਦਾ ਤਸੱਵਰ ਵੀ ਪੇਸ਼ ਹੋਇਆ ਨਜ਼ਰ ਆਉਂਦਾ ਹੈ।

ਇਸ ਵਿਸ਼ੇ ਨਾਲ ਸੰਬੰਧਿਤ ਉਘੇ ਵਿਦਵਾਨਾਂ ਡਾ. ਤਾਰਨ ਸਿੰਘ, ਪ੍ਰੋ. ਪ੍ਰੀਤਮ ਸਿੰਘ, ਡਾ. ਰਮੇਸ਼ ਕੁੰਤਲ ਮੇਘ, ਡਾ. ਹਰਿਭਜਨ ਸਿੰਘ, ਡਾ. ਮਹਿੰਦਰ ਕੌਰ ਗਿੱਲ, ਪ੍ਰੋ. ਰਾਮ ਸਿੰਘ, ਡਾ. ਅਤਰ ਸਿੰਘ ਆਦਿ ਦੇ ਵਿਚਾਰਾਂ ਨੇ ਮੇਰੀ ਸੋਚ-ਵਿਧੀ ਨੂੰ ਇਕ ਵਿਸ਼ੇਸ਼ ਦਿਸ਼ਾ ਪ੍ਰਦਾਨ ਕੀਤੀ ਹੈ। ਇਨ੍ਹਾਂ ਦੀਆਂ ਲਿਖਤਾਂ ਵਿਚ ਗੁਰੂ ਤੇਗ਼ ਬਹਾਦਰ ਬਾਣੀ ਨੂੰ ਕੇਵਲ ਵੈਰਾਗ ਭਾਵ ਜਾਂ ਮੁਕਤੀ ਦੇ ਸੰਕਲਪ ਤੱਕ ਸੀਮਿਤ ਨਹੀਂ ਕੀਤਾ ਗਿਆ, ਸਗੋਂ ਮਨੁੱਖ ਦੇ ਮਾਨਸਿਕ ਵਿਵਹਾਰ, ਇਕੱਲਤਾ ਦਾ ਸੰਤਾਪ ਜਾਂ ਉਸਦੇ ਬੰਧਨਯੁਕਤ ਹੋਣ ਦੇ ਕਾਰਣ ਨੂੰ ਜਾਨਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸੇ ਪ੍ਰਸੰਗ ਨੂੰ ਲੈ ਕੇ ਮੈਂ ਆਪਣੇ ਇਸ ਸ਼ੋਧ ਪ੍ਰਬੰਧ ਵਿਚ ਮਾਨਵੀ ਸੰਕਟ (ਗੁਰੂ ਤੇਗ਼ ਬਹਾਦਰ ਬਾਣੀ ਦੇ ਪ੍ਰਸੰਗ ਵਿਚ) ਦੇ ਵੱਖ ਵੱਖ ਪਾਸਾਰਾਂ ਨੂੰ ਵਿਸਤ੍ਰਿਤ ਤੌਰ ਤੇ ਸਮਝਣ ਦਾ ਯਤਨ ਕੀਤਾ ਹੈ।

ਇਸ ਵਿਸ਼ੇ ਨੂੰ ਸਮਝਣ ਲਈ ਮੈਂ ਆਪਣੇ ਸ਼ੋਧ ਪ੍ਰਬੰਧ ਦੀ ਰੂਪ ਰੇਖਾ ਨਿਮਨਲਿਖਤ ਢੰਗ ਨਾਲ ਬਣਾਈ ਹੈ।

ਪਹਿਲਾ ਅਧਿਆਇ ਮਾਨਵ ਤੇ ਮਾਨਵੀ ਸੰਕਟ ਦੇ ਆਧਾਰਾਂ ਨਾਲ ਸੰਬੰਧਿਤ ਹੈ। ਪਹਿਲਾਂ ਮਨੁੱਖ ਦੇ ਸਿਧਾਂਤ ਬਾਰੇ ਵੱਖ ਵੱਖ ਵਿਚਾਰਧਾਰਾਵਾਂ ਦੇ ਮੱਤ ਲੀਤੇ ਹਨ। ਸੰਕਟ ਕੀ ਹੈ? ਕੇਹ ਦੀ ਅਵਸਥਾ ਕੇਹੇ ਸੰਕਟ ਕਿਵੇਂ ਪੈਦਾ ਹੁੰਦਾ ਹੈ? ਚੇਤਨਤਾ ਕਿਵੇਂ ਸੰਕਟ ਦਾ ਕਾਰਣ ਬਣਦੀ ਹੈ? ਇਨ੍ਹਾਂ ਵਿਚਾਰਾਂ ਦੇ ਸਪੱਸ਼ਟੀਕਰਣ ਤੋਂ ਬਾਅਦ ਮਨੁੱਖ ਦੀ ਹੋਂਦਮਈ ਸੰਕਟਪੂਰਣ ਸਥਿਤੀ ਨੂੰ

ਵਿਖਿਆਨ ਕਰਨ ਦਾ ਯਤਨ ਕੀਤਾ ਹੈ। ਆਤਮਿਕ ਤੇ ਮਾਨਸਿਕ ਬਲਹੀਣਤਾ ਕਾਰਣ, ਸਰੀਰਕ ਬੇਪ੍ਰਵਾਹਤਾ ਦੀ ਹੋਂਦ ਦਾ ਅਹਿਸਾਸ, ਪਰਮ ਸੱਚ ਦੀ ਤਲਾਸ਼ ਦੇ ਰਾਹ ਵਿਚ ਸਮਾਜਿਕ ਸਥਿਤੀਆਂ ਦੀ ਰੁਕਾਵਟ, ਹਉਮੈਂ ਦਾ ਵਿਘਟਨਕਾਰੀ ਸਰੂਪ, ਬੰਧਨੀ ਹੋਂਦ ਦਾ ਖਿਆਲ, ਨਿਜੀ ਚੇਤਨਤਾ, ਅਸਤਿਤਵਕ ਸੰਤਾਪ, ਆਤਮਮੁਕਤੀ ਲਈ ਸੁਤੰਤਰਤਾ ਦੀ ਪ੍ਰਬਲ ਤਾਂਘ, ਧਾਰਮਿਕ ਕਰਮਹੀਣਤਾ, ਖੋਖਲਾ ਕਰਮਕਾਂਡ, ਮਨੁੱਖ ਤੋਂ ਦੇਵਤਾ ਬਣਨ ਦਾ ਸਫਰ, ਮਨੁੱਖ ਦੀ ਦੋਹਰੀ ਪ੍ਰਕਿਰਤੀ ਆਦਿ ਪ੍ਰਸ਼ਨਾਂ ਅਧੀਨ ਮਨੁੱਖੀ ਸੰਕਟ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ।

ਦੂਜਾ ਅਧਿਆਇ ਗੁਰੂ 'ਤੇਗ਼ ਬਹਾਦਰ ਅਤੇ ਮਾਨਵੀ ਸੰਕਟ' ਦੀ ਰਚਨਾ ਨਾਲ ਸੰਬੰਧਿਤ ਹੈ। ਗੁਰੂ ਤੇਗ਼ ਬਹਾਦਰ ਦੇ ਜੀਵਨ ਅਤੇ ਸ਼ਹੀਦੀ ਦਾ ਤੱਤਕਾਲੀ ਸਮਾਜਿਕ, ਧਾਰਮਿਕ ਤੇ ਰਾਜਨੀਤਕ ਪਰਸਥਿਤੀਆਂ ਦੇ ਅੰਤਰਗਤ ਅਧਿਐਨ ਕਰਦੇ ਹੋਏ ਬਾਣੀ ਵਿਚਲੇ ਸੰਕਟ ਦੇ ਪ੍ਰਸੰਗ ਨੂੰ ਵਿਖਿਆਨ ਕਰਨ ਦਾ ਯਤਨ ਕੀਤਾ ਹੈ।

ਤੀਜੇ ਅਧਿਆਇ ਵਿਚ ਸਿੱਖ ਧਰਮ ਚੇਤਨਾ ਨੂੰ ਆਧਾਰ ਬਣਾ ਕੇ ਗੁਰਮਤਿ ਪਰੰਪਰਾ ਵਿਚ ਮਾਨਵੀ ਸੰਕਟ ਦੇ ਵਿਸਤ੍ਰਿਤ ਪੱਖਾਂ ਦਾ ਵਿਖਿਆਨ ਹੈ। ਵਿਸ਼੍ਵ ਪ੍ਰਕਿਰਤੀ ਦੇ ਪਰਿਵਰਤਨ ਲਈ ਮਨੁੱਖ ਨੂੰ ਮਾਨਵੀ ਸਥਿਤੀ ਦੇ ਤਿੰਨ ਸਰੋਕਾਰਾਂ ਕੂੜ/ਸੱਚ ਦਾ ਨਿਖੇੜ, ਵਿਜੋਗ/ਸੰਜੋਗ ਦੀ ਸੋਝੀ ਤੇ ਬੰਧਨ/ਮੁਕਤੀ ਦੀ ਸਮੀਖਿਆ ਪ੍ਰਤੀ ਸਪਸ਼ਟ ਹੋਣ ਲਈ ਕਿਹਾ ਗਿਆ ਹੈ। ਕੂੜ, ਵਿਜੋਗ ਤੇ ਬੰਧਨ ਯੁਕਤ ਸਥਿਤੀਆਂ ਸੰਕਟ ਦੀਆਂ ਸਮਾਜਿਕ ਬਣਤੀਆਂ ਹਨ।

ਚੌਥੇ ਅਧਿਆਇ ਦਾ ਵਿਸ਼ਾ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਮਾਨਵੀ ਸੰਕਟ ਦੇ ਵਿਸਤਾਰ ਦਾ ਵਿਸਤ੍ਰਿਤ ਵਿਖਿਆਨ ਕਰਨਾ ਹੈ। ਸੰਕਟ ਦੇ ਭਿੰਨ ਭਿੰਨ ਕਾਰਣਾਂ, ਮਨ ਦੀ ਭਟਕਣਾ, ਅੰਦਰੂਨੀ ਖਾਹਸ਼ਾਂ, ਮਾਇਆ ਦਾ ਮੋਹ, ਇਕੱਲਤਾ ਦਾ ਸੰਤਾਪ, ਸਰੀਰਕ ਬੇਪ੍ਰਵਾਹਤਾ, ਜਗਤ ਦੀ ਨਾਸ਼ਮਾਨਤਾ ਆਦਿ ਦਾ ਵਰਣਨ ਇਸ ਅਧਿਆਇ ਵਿਚ ਸੰਕਲਿਤ ਹੈ। ਮਨੁੱਖ ਦੀ ਆਪਣੀ ਸੰਕਟਮਈ ਸਥਿਤੀ ਪ੍ਰਤੀ ਚੇਤੰਨਤਾ ਦਾ ਅਹਿਸਾਸ ਵੀ ਬਾਣੀ ਵਿਚੋਂ ਹਵਾਲੇ ਦੇ ਕੇ ਸਪਸ਼ਟ ਕਰਨ ਦਾ ਯਤਨ ਕੀਤਾ ਹੈ। ਮਨੁੱਖ ਦੀ ਇਹ ਚੇਤੰਨਤਾ ਉਸ ਨੂੰ ਵਿਸ਼ੇਸ਼ ਪਰਿਵਰਤਨ ਲਈ ਪ੍ਰੋਤਸਾਹਨ ਦਿੰਦੀ ਹੈ।

ਪੰਜਵੇਂ ਅਧਿਆਇ ਵਿਚ ਮਾਨਵੀ ਸੰਕਟ ਦੇ ਨਿਰੂਪਣ ਤੇ ਨਿਰੂਪਣ ਵਿਧੀ ਦਾ ਵਰਣਨ ਕੀਤਾ ਗਿਆ ਹੈ। ਬੰਧਨ ਤੋਂ ਮੁਕਤ ਹੋਣ ਨਾਲ ਨਿਰਭੈ ਪਦ ਦੀ ਪ੍ਰਾਪਤੀ ਦਾ ਸੰਕਲਪ ਪੇਸ਼

ਹੋਇਆ ਹੈ। ਪਾਰਗਾਮਤਾ ਦਾ ਮਕਸਦ ਮਨੁੱਖ ਨੂੰ ਹੈ ਘਟੇ ਲੋਭ ਵਾਲੀਆਂ ਬਿਰਤੀਆਂ ਤੋਂ ਮੁਕਤ ਕਰਨਾ ਹੈ। ਮਾਨਵੀ ਵਿਰਾਸਤ ਤੋਂ ਵਿਦ੍ਰੋਹ ਹੋ ਚੁੱਕੇ ਮਾਨਵ ਨੂੰ ਮੁੜ ਮਾਨਵਤਾ ਪ੍ਰਦਾਨ ਕਰਨ ਵਾਲੇ ਮਾਰਗ ਦੀ ਸੇਧ ਦਿੱਤੀ ਗਈ ਹੈ। ਮੁਕਤ ਮਾਨਵ, ਸੰਸਾਰਕ ਭਾਵਨਾਵਾਂ ਤੋਂ ਪਾਰਗਾਮਤਾ ਦੇ ਰੂਪ ਵਿਚ ਪੇਸ਼ ਹੋਇਆ ਹੈ।

ਇਹੋ ਅਧਿਆਇ ਦੇ (ਖ) ਭਾਗ ਵਿਚ ਨਿਰੂਪਣ ਵਿਧੀ ਦਾ ਵਿਸਤਾਰ ਪੂਰਵਕ ਵਰਣਨ ਹੈ। ਇਸ ਅਧਿਆਇ ਦਾ ਮੁਖ ਵਿਸ਼ਾ ਗੁਰੂ ਤੇਗ਼ ਬਹਾਦਰ ਬਾਣੀ ਦੀ ਵਿਸ਼ੇਸ਼ ਭਾਸ਼ਾ ਮੁਕਤ ਬਾਰੇ ਵਿਚਾਰ ਪੇਸ਼ ਕਰਨਾ ਹੈ। ਸੰਕਲਪ ਨਿਰੂਪਣ ਬਾਰੇ ਤੇ ਸੰਖਿਪਤ ਵੇਰ ਬਾਰੇ ਪਾਤਰ ਵਿਚਲੀ ਨਿਰੂਪਣਤਾ, ਬਾਣੀ ਦੀ ਸੰਦਰਭਮੁਕਤ ਵਿਧੀ, ਆਤਮ ਸੰਬੋਧਨ ਵਿਧੀ ਤੇ ਉਪਦੇਸ਼ਾਤਮਿਕ ਵਿਰਤੀ ਆਦਿ ਸਾਰੇ ਪੱਖ ਇਸ ਭਾਗ ਵਿਚ ਚਰਚਾ ਦਾ ਕੇਂਦਰ ਬਣੇ ਹਨ।

ਤੀਜਾ ਅਧਿਆਇ ਸ਼ੋਧ ਪ੍ਰਬੰਧ ਦੇ ਨਿਸ਼ਕਰਸ਼ ਸੰਬੰਧੀ ਹੈ ਜਿਸ ਵਿਚ ਸਮੁੱਚੇ ਸ਼ੋਧ ਪ੍ਰਬੰਧ ਦੀ ਪ੍ਰਾਪਤੀ ਨੂੰ ਸੰਖੇਪ ਰੂਪ ਵਿਚ ਅਨੁਭਵ ਕਰਨ ਦਾ ਯਤਨ ਕੀਤਾ ਹੈ। ਸਭ ਤੋਂ ਅਖੀਰ ਸਹਾਇਕ ਪੁਸਤਕ ਸੂਚੀ ਦਿੱਤੀ ਗਈ ਹੈ।

ਮੈਂ ਆਪਣੇ ਪੱਥ-ਪ੍ਰਦਰਸ਼ਕ ਸਤਿਕਾਰਯੋਗ ਪ੍ਰੋ. ਕਰਤਾਰ ਸਿੰਘ ਸੂਰੀ ਜੀ ਦੀ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਬੜੀ ਲਗਨ ਤੇ ਮਿਹਨਤ ਨਾਲ ਮੇਰੇ ਸ਼ੋਧ ਪ੍ਰਬੰਧ ਨੂੰ ਉਚਿਤ ਦਿਸ਼ਾ ਪ੍ਰਦਾਨ ਕੀਤੀ, ਮੇਰੀ ਹਰ ਸਮੱਸਿਆ ਨੂੰ ਹੱਲ ਕੀਤਾ ਤੇ ਮੈਨੂੰ ਖੋਜ ਕਾਰਜ ਪ੍ਰਤੀ ਨਿਰੰਤਰ ਉਤਸ਼ਾਹਿਤ ਕੀਤਾ।

ਮੈਂ ਆਪਣੇ ਵਿਭਾਗ ਦੇ ਚੇਅਰਮੈਨ ਸਤਿਕਾਰਯੋਗ ਡਾ. ਕੇਸਰ ਸਿੰਘ ਕੇਸਰ ਦੀ ਵੀ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਮੇਰੀ ਇੱਛਾ ਅਨੁਕੂਲ ਵਿਸ਼ੇ ਉੱਤੇ ਕੰਮ ਕਰਨ ਦੀ ਪ੍ਰਵਾਨਗੀ ਦਿੱਤੀ ਤੇ ਕੋਸ਼ਿਸ਼ ਦੀ ਪ੍ਰਗਤੀ ਦੌਰਾਨ ਦਿਲਚਸਪੀ ਵਿਖਾਉਂਦੇ ਰਹੇ। ਮੇਰੇ ਲਈ ਇਹ ਕ੍ਰਿਤਘਣਤਾ ਦਾ ਅਹਿਸਾਸ ਹੋਵੇਗਾ, ਜੇਕਰ ਮੈਂ ਆਪਣੇ ਵਿਭਾਗ ਦੇ ਬਾਕੀ ਅਧਿਆਪਕ ਸਾਹਿਬਾਨ ਦੇ ਦਿੱਤੇ ਸਹਿਯੋਗ ਨੂੰ ਤਸਲੀਮ ਨਾ ਕਰਾਂ। ਮੈਂ ਇਸ ਲਈ ਉਨ੍ਹਾਂ ਦੀ ਦਿਲੋਂ ਆਭਾਰੀ ਹਾਂ।

ਕੁਮਾਰੀ ਉਮਾ ਸੇਠੀ

ਕੁਮਾਰੀ ਉਮਾ ਸੇਠੀ

## ਅਧਿਆਇ ਪਹਿਲਾ :

# ਮਾਨਵ ਅਤੇ ਮਾਨਵੀ ਸੰਕਟ ਦੇ ਕਾਰਨ

## ਮਾਨਵ ਅਤੇ ਮਾਨਵੀ ਸੰਕਟ ਦੇ ਆਧਾਰ

ਮਾਨਵ ਜਨਮ ਦੇ ਸੰਕਟ ਦੀ ਗੋਦ ਚੋ ਰਹੀ ਹੈ, ਸਿਰਜੂ ਕੌਂਸ ਦੇ ਪ੍ਰਸੰਗ ਵਿਚ ਹੀ ਨਹੀਂ ਇਹ ਸੰਕਟ ਆਦਿ ਕਾਲ ਤੋਂ ਮਨੁੱਖ ਦੀ ਹੋਂਦ ਦੇ ਨਾਲ ਹੀ ਹੋਂਦ ਵਿਚ ਆ ਜਾਂਦਾ ਹੈ। ਉਂਝ ਤਾਂ ਮਨੁੱਖ ਆਪਣੀ ਮੂਲ ਬਣਤਰ ਵਜੋਂ ਹੀ ਸੰਕਟਮਈ ਸਥਿਤੀ ਭੋਗਦਾ ਹੈ ਪਰ ਚੇਤੰਨ ਪੱਧਰ ਤੇ ਇਸ ਦੀ ਸੋਝੀ, ਮਨੁੱਖ ਦੀ ਚੇਤੰਨਤਾ ਦੀ ਅਗਰਭੂਮੀ ਵਿਚ ਆਉਣ ਨਾਲ ਜੁੜੀ ਹੈ। ਇਹ ਸੂਝ, ਇਹ ਚੇਤੰਨਤਾ, ਮਨੁੱਖ ਨੂੰ ਉਸ ਦੀ ਹੋਂਦ ਪ੍ਰਤੀ ਸੁਚਿਤ ਕਰਾਉਂਦੀ ਸੁਤੰਤਰ ਹੋਂਦ ਦੀ ਜਗਿਆਸਾ ਪੈਦਾ ਕਰਦੀ ਹੈ। ਮਨੁੱਖ ਦੀ ਸੁਤੰਤਰ ਹੋਂਦ ਦਾ ਪ੍ਰਸ਼ਨ ਆਦਿ ਕਾਲ ਤੋਂ ਹੀ ਚਲਿਆ ਆ ਰਿਹਾ ਹੈ। ਸੁਤੰਤਰ ਹੋਂਦ ਦੀ ਪ੍ਰਾਪਤੀ ਦੇ ਰਸਤੇ ਵਿਚ ਆਉਣ ਵਾਲੀਆਂ ਔਕੜਾਂ ਮਨੁੱਖ ਨੂੰ ਧੁਰ ਆਦਿ ਮਾਨਵ ਨਹੀਂ ਰਹਿਣ ਦਿੰਦੀਆਂ, ਜਿਹੜਾ ਮਨੁੱਖ ਕੇਵਲ ਖਾਣਪੀਣ, ਪਹਿਨਣ ਜਾਂ ਸੌਣ ਤੱਕ ਹੀ ਜ਼ਿੰਦਗੀ ਦੀ ਪੂਰਤੀ ਸਮਝਦਾ ਸੀ। ਮਨੁੱਖ ਵਿਚ ਇਹ ਅਹਿਸਾਸ ਵਿਸ਼ਵਵਿਆਪੀ ਧਰਮਾਂ ਦੇ ਪ੍ਰਗਟ ਹੋਣ ਨਾਲ ਜਾਗਦਾ ਹੈ। ਇਸ ਸੁਤੰਤਰ ਹੋਂਦ ਦੀ ਇੱਛਾ ਨੇ ਹੀ ਮਨੁੱਖ ਨੂੰ ਨਿੱਤ ਨਵੇਂ ਸੰਕਟਾਂ ਵਿਚ ਪਾਇਆ ਹੈ। ਕੁਝ ਧਰਮ ਤਾਂ ਅਜਿਹੇ ਹਨ ਜਿਹੜੇ ਮਨੁੱਖ ਦੇ ਮਨੁੱਖ ਹੋਣ ਨੂੰ ਹੀ ਹੋਂਦ ਸੰਬੰਧੀ ਅਨਿਸ਼ਚਿਤਤਾ ਦੇ ਸੰਕਟ ਦਾ ਕਾਰਣ ਮੰਨਦੇ ਹਨ। ਇਨ੍ਹਾਂ ਵਿਚ ਭਾਰਤੀ ਦਰਸ਼ਨਵਾਦ, ਬੁੱਧ ਧਰਮ ਆਦਿ ਸ਼ਾਮਲ ਹਨ। ਕੁਝ ਧਰਮ ਅਜਿਹੇ ਹਨ ਜਿਹੜੇ ਹੋਂਦ ਸੰਬੰਧੀ ਅਨਿਸ਼ਚਿਤਤਾ ਦਾ ਕਾਰਣ ਇਸ ਤੱਥ ਵਿਚ ਦੇਖਦੇ ਹਨ ਕਿ ਵਿਅਕਤੀ (ਵਿਅਕਤੀਗਤ ਚਿਤਨਾ) ਦੈਵੀ ਚੇਤਨਾ ਤੋਂ ਦੂਰ ਹਟਾ ਦਿੱਤਾ ਗਿਆ ਹੈ। ਜਿਵੇਂ ਪੰਜਾਬੀ ਸੂਫ਼ੀ ਕਾਵਿ ਵਿਚ ਅਧਿਆਤਮਕ ਸੰਬੰਧੀ ਅਨਿਸ਼ਚਿਤਤਾ ਦੀ ਭਾਵਨਾ ਦੇ ਸੰਕਟ ਦਾ ਕਾਰਣ ਜਿਥੇ ਹਉਮੈ ਹੈ, ਉਥੇ ਨਾਲ ਹੀ ਸਰੀਰਕ ਹਸਤੀ ਨੂੰ ਵੀ ਇਸ ਸੰਦਰਭ ਵਿਚ ਦੋਸ਼ੀ ਠਹਿਰਾਇਆ ਗਿਆ ਹੈ।

ਦੁਖੀਆਂ ਜਿਨਿ ਨਾਲਾ ਰਹਿਆ ਜੇ ਕਹੁ ਕਪਹਿ ਦੁਖ
ਪਕੜਿ ਨ ਇਤੀ ਮਾਮਲੇ ਜਾਂ ਨਾ ਇਤੀ ਦੁਖ।[1]

ਮਨੁੱਖ ਦੇ ਸਿਧਾਂਤ ਬਾਰੇ ਧਰਮ ਫ਼ਿਲਾਸਫ਼ੀ ਤੇ ਸਾਇੰਸ ਨੇ ਆਪਣੀ ਆਪਣੀ ਪ੍ਰਕਿਰਤੀ ਅਨੁਸਾਰ ਕੋਈ ਕੋਈ ਧਾਰਨਾ ਬਣਾਈ ਹੈ। ਮੱਧਕਾਲੀਨ ਮਾਨਵ ਚਾਲਕ ਧਾਰਮਿਕ ਵਿਚਾਰਧਾਰਾ

ਨਾਲ ਸੰਬੰਧਤ ਹੈ ਜਦ ਕਿ ਆਧੁਨਿਕ ਮਾਨਵ ਦਰਸ਼ਨ ਵਿਗਿਆਨਕ ਤੇ ਤਾਰਕਿਕ ਸੋਚ ਦਾ ਪ੍ਰਮਾਣ ਹੈ। ਮਨੁੱਖ ਦੇ ਸੰਕਲਪ ਨੂੰ ਸਪਸ਼ਟ ਕਰਨ ਲਈ ਕਈ ਕਈ ਵਿਚਾਰਧਾਰਾਵਾਂ ਪ੍ਰਚਲਤ ਹਨ।

ਯੂਨਾਨੀ ਦਰਸ਼ਨ ਵਿਚ ਮਨੁੱਖ ਦੀ ਮੂਲ ਸੰਗਿਆ ਉਸ ਦੀ ਸਰਬੰਧਕਾਰ ਤੇ ਅਧਾਰਿਤ ਹੈ। ਆਪੇ ਤੇ ਬ੍ਰਹਿਮੰਡ ਦੀ ਇਕਸੁਰਤਾ ਅਤੇ ਵਿਵੇਕ ਦਾ ਮਹੱਤਵ ਇਸ ਦਰਸ਼ਨ ਦਾ ਕੇਂਦਰੀ ਧੁਰਾ ਹੈ ਪਰ ਈਸਾਈ ਮਤ ਵਿੱਚ ਮਨੁੱਖ ਦੀ ਵਿਵੇਕ ਸ਼ਕਤੀ ਨੂੰ ਅਸਪਸ਼ਟ ਦੱਸਿਆ ਗਿਆ ਹੈ ਕਿਉਂਕਿ ਉਸ ਦੀ ਤਰਕਸ਼ਕਤੀ ਆਦਿ ਮਾਨਵ ਦੇ ਪਤਨ ਨਾਲ ਧੁੰਦਲੀ ਹੋ ਗਈ ਹੈ।[2] ਦੈਵੀ ਨਦਰ ਨਾਲ ਹੀ ਉਸ ਨੂੰ ਪੂਰਨ ਸੰਗਿਆ ਦੀ ਪ੍ਰਾਪਤੀ ਹੋ ਸਕਦੀ ਹੈ, ਪਾਸਕਲ (1623-1662) ਅਨੁਸਾਰ ਮਨੁੱਖ ਦੀ ਪ੍ਰਕਿਰਤੀ ਵੰਨਸੁਵੰਨਤਾ ਭਰਪੂਰਤਾ ਤੇ ਪਰਿਵਰਤਨਸ਼ੀਲਤਾ ਦੇ ਗੁਣਾਂ ਵਾਲੀ ਹੈ।[3] ਇਸ ਦਾ ਕਾਰਣ ਵਿਅਕਤੀ ਦਾ ਮਨ ਹੈ ਜਿਸ ਤੇ ਵਿਗਿਆਨਕ ਚਿੰਤਨ ਦਾ ਕੋਈ ਨਿਯਮ ਲਾਗੂ ਨਹੀਂ ਹੋ ਸਕਦਾ। ਸਵੈ-ਵਿਰੋਧਤਾ ਦਾ ਗੁਣ ਮਨੁੱਖ ਦੇ ਵਜੂਦ ਦੀ ਆਧਾਰ-ਸ਼ਿਲਾ ਹੈ।[4] ਵਿਗਿਆਨਕ ਚਿੰਤਨ ਦੁਆਰਾ ਇਕ ਨਵੀਂ ਵਿਚਾਰਧਾਰਾ ਉਦੈ ਹੁੰਦੀ ਹੈ। ਭੌਤਿਕ ਸੰਸਾਰ ਨੂੰ ਸਮਝਣ ਦੀ ਕੋਸ਼ਿਸ਼ ਹੁੰਦੀ ਹੈ। ਇੰਗਲੈਂਡ ਦੇ ਵਾਸੀ ਮਾਨਵ ਵਿਗਿਆਨ ਦੇ ਮੋਢੀ ਚਾਰਲਸ ਡਾਰਵਿਨ (1809-1882) ਨੇ ਨਿਵੇਕਲ ਵਿਗਿਆਨਕ ਵਿਧੀ ਨੂੰ ਮਹੱਤਤਾ ਦਿੱਤੀ। ਉਸ ਦਾ ਵਿਕਾਸ ਸਿਧਾਂਤ ਮਨੁੱਖ ਤੇ ਪਸ਼ੂ ਵਿਚਕਾਰ ਸਾਰੀਆਂ ਬੰਨ੍ਹਾਂ ਨੂੰ ਖ਼ਤਮ ਕਰ ਦਿੰਦਾ ਹੈ।

ਵਿਗਿਆਨ ਤੇ ਧਾਰਮਿਕ ਚਿੰਤਨ ਦੋਵੇਂ ਇਸ ਵਿਚਾਰ ਦੇ ਸਮਰਥਕ ਹਨ ਕਿ ਮਨੁੱਖ ਵਿਕਾਸਸ਼ੀਲ ਹੋਂਦ ਰਖਦੇ ਇਕ ਅਜਿਹਾ ਵਿਚਿਤਰ ਕ੍ਰਿਸ਼ਮਾ ਹੈ ਜਿਸ ਦੀ ਕਿਸੇ ਹੋਰ ਸਥਾਨ ਤੇ ਮਿਲਣ ਦੀ ਸੰਭਾਵਨਾ ਨਹੀਂ, ਇਸ ਲਈ ਘੱਟੋ ਘੱਟ ਮਨੁੱਖ ਇਸ ਧਰਤ ਤੇ ਅਨੂਠੀ ਹੈ। ਮਨੁੱਖ ਪ੍ਰਕਿਰਤੀ ਦੀ ਇਕ ਅਨੂਠੀ ਪ੍ਰਾਪਤੀ ਹੈ ਕਿਉਂਕਿ ਪ੍ਰਕਿਰਤੀ ਦੇ ਬਾਕੀ ਜੀਵ ਨਿਸ਼ਚਿਤ ਤੇ ਸਥਿਰ ਜੀਵਨ ਜੀ ਰਹੇ ਹਨ ਪਰ ਮਨੁੱਖ ਨੇ ਆਪਣੀ ਤਰਕਸ਼ੀਲਤਾ ਤੇ ਕਰਮਸ਼ੀਲਤਾ ਰਾਹੀਂ ਵਿਸ਼ਾਲ ਸੰਸਕ੍ਰਿਤੀ ਉਸਾਰ ਲਈ ਹੈ ਜੋ ਨਿਵੇਕਲੇ ਰੂਪ ਵਿਚ ਮਨੁੱਖ ਦਾ ਹੀ ਵਿਰਸਾ ਹੈ ਤੇ ਜਿਸ ਦੀ ਉੱਨਤੀ ਦੀ ਕੋਈ ਸੀਮਾ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ। ਮਨੁੱਖ ਦੇ ਮਾਨਵ ਹੋਣ ਦੀ ਸਭ ਤੋਂ ਮਹੱਤਵਪੂਰਣ ਸ਼ਰਤ ਉਸ ਦੀ ਸੰਸਕ੍ਰਿਤੀ ਹੈ। ਡਾ. ਜਸਬੀਰ ਸਿੰਘ ਇਸ ਵਿਚਾਰਧਾਰਾ ਦੇ ਅਨੁਸਾਰੀ ਹਨ, "ਦਰਅਸਲ ਸੰਸਕ੍ਰਿਤਕ ਹੋਣ ਤੋਂ ਬਿਨਾਂ ਮਾਨਵ, ਮਾਨਵ ਹੋ ਹੀ ਨਹੀਂ ਸਕਦਾ। ਇਸ ਦੀ ਅਣਹੋਂਦ ਵਿਚ ਮਨੁੱਖ ਨੇ ਦੂਸਰੇ ਪ੍ਰਾਣੀਆਂ ਵਾਂਗ ਇਕ ਆਮ ਪ੍ਰਾਣੀ ਹੀ ਰਹਿਣਾ ਸੀ। ਸੰਸਕ੍ਰਿਤੀ ਦੀ ਸਹਾਇਤਾ ਨਾਲ ਮਨੁੱਖ ਪਦਾਰਥ ਨਾਲ ਚੇਤਨਾ ਦਾ ਨਵਾਂ ਰਿਸ਼ਤਾ ਸਥਾਪਤ ਕਰਦਾ ਹੈ

ਤੇ ਪ੍ਰਕਿਰਤੀ ਦੀ ਨਿਰਾਰਥਕਤਾ ਨੂੰ ਸਾਰਥਕਤਾ ਪ੍ਰਦਾਨ ਕਰਦਾ ਹੈ ਜਿਸ ਦੇ ਸਿੱਟੇ ਵਜੋਂ ਉਸ ਦੀ ਹੋਂਦਵਿਧੀ ਵਿੱਚ ਵੀ ਚਮਤਕਾਰੀ ਤਬਦੀਲੀ ਵਾਪਰ ਜਾਂਦੀ ਹੈ।"[5] ਸਿਰਜਣਾਤਮਕ ਵਿਕਾਸ ਦੁਆਰਾ ਮਨੁੱਖ ਹੋਰ ਪ੍ਰਕਿਰਤਕ ਜੀਵਾਂ ਨਾਲੋਂ ਆਪਣੀ ਵਿਲੱਖਣਤਾ ਨੂੰ ਸਥਿਰ ਕਰਦਾ ਹੈ ਇਸ ਤਰ੍ਹਾਂ ਜੀਵ ਤੋਂ ਮਾਨਸ ਬਣਦਾ ਹੈ।

ਮਾਨਵ ਦਾ ਸੰਕਟ।

ਸਾਧਾਰਣ ਜ਼ਿੰਦਗੀ ਜਿਉਂਦਿਆਂ ਕਈ ਵਾਰ ਮਨੁੱਖ ਕੁਝ ਅਜਿਹੀਆਂ ਪਰਸਥਿਤੀਆਂ ਵਿਚ ਘਿਰ ਜਾਂਦਾ ਹੈ ਜਿਨ੍ਹਾਂ ਵਿਚ ਉਹ ਆਪਣੇ ਆਪ ਨੂੰ ਸੁਰੱਖਿਆਹੀਣ ਮਹਿਸੂਸ ਕਰਦਾ ਹੈ। ਇਸ ਤਰ੍ਹਾਂ ਇਕ ਪਾਸੇ ਜਿਥੇ ਮਨੁੱਖ ਦੁਖੀ ਤਾਂ ਹੁੰਦਾ ਹੀ ਹੈ, ਨਾਲ ਹੀ ਨਾਲ ਉਸ ਲਈ ਅਰਥਾਂ ਦਾ ਗੰਭੀਰ ਸੰਕਟ ਵੀ ਪੈਦਾ ਹੋ ਜਾਂਦਾ ਹੈ। ਉਦਾਹਰਣ ਵਜੋਂ ਮੌਤ ਜ਼ਿੰਦਗੀ ਦੀ ਸਭ ਤੋਂ ਵੱਡੀ ਸਚਾਈ ਹੈ ਪਰ ਵਿਅਕਤੀਗਤ ਪੱਧਰ ਉਤੇ ਇਹ ਮਨੁੱਖ ਨੂੰ ਬੇਹੱਦ ਨਿਰਾਸ਼ ਕਰ ਦਿੰਦੀ ਹੈ। ਮੌਤ ਦੀ ਅਟੱਲਤਾ ਤੇ ਅਵੱਸ਼ਕਤਾ ਦੇ ਅਹਿਸਾਸ ਵੀ ਮਨੁੱਖ ਨੂੰ ਜ਼ਿੰਦਗੀ ਅਰਥਹੀਣ ਜਾਪਣ ਲੱਗ ਪੈਂਦੀ ਹੈ। ਸਿੱਟੇ ਵਜੋਂ ਮਨੁੱਖ ਦੇ ਸਿਰਜੇ ਹੋਏ ਅਰਥਮੰਡਲ ਵਿਚ ਸੰਕਟ ਵਿਆਪ ਜਾਂਦਾ ਹੈ। ਮਨੁੱਖ ਨੂੰ ਜਨਮ ਤੋਂ ਮੌਤ ਤੱਕ ਦੀ ਯਾਤਰਾ ਨਿਰਾਰਥਕ ਜਾਪਣ ਲੱਗ ਪੈਂਦੀ ਹੈ।

ਮਾਨਵੀ ਸੰਕਟ ਬੁਨਿਆਦੀ ਤੌਰ ਤੇ ਮਾਨਵੀ ਇੱਛਾਵਾਂ ਦੀ ਪੂਰਤੀ ਦੇ ਰਸਤੇ ਵਿਚ ਆਉਣ ਵਾਲੀਆਂ ਰੁਕਾਵਟਾਂ ਦਾ ਅਹਿਸਾਸ ਹੈ। ਜਦੋਂ ਸਾਧਾਰਣ ਜੀਵਨ ਵਿਚ ਖਲੋਤ ਪੈਦਾ ਹੋ ਜਾਂਦੀ ਹੈ, ਜਦ ਚੁਫੇਰਿਓਂ ਘਿਰੀਆਂ ਪਰਸਥਿਤੀਆਂ ਵਿਚੋਂ ਬਾਹਰ ਨਿਕਲਣ ਦਾ ਮਨੁੱਖ ਨੂੰ ਕੋਈ ਅਵਸਰ ਦਿਖਾਈ ਨਹੀਂ ਦਿੰਦਾ ਉਹ ਅਵਸਥਾ ਮਨੁੱਖ ਲਈ ਸੰਕਟਮਈ ਬਣ ਜਾਂਦੀ ਹੈ। ਸੰਕਟ ਹਮੇਸ਼ਾ ਚੋਣ ਦੀ ਅਵਸਥਾ ਵੇਲੇ ਉਪਜਦਾ ਹੈ। ਮਨੁੱਖ ਕੋਲ ਜਿੰਨੇ ਘੱਟ ਅਵਸਰ ਹੋਣਗੇ, ਉਨਾ ਉਸ ਦਾ ਸੰਕਟ ਪ੍ਰਚੰਡ ਹੋਵੇਗਾ। ਮਿਸਾਲ ਦੇ ਤੌਰ ਤੇ ਜੇ ਮਨੁੱਖ ਕੋਲ ਆਪਣੇ ਧਰਮ ਨੂੰ ਚੁਣਨ ਦੀ ਆਜ਼ਾਦੀ ਨਹੀਂ, ਉਸ ਨੂੰ ਇਕ ਵਿਸ਼ੇਸ਼ ਧਰਮ ਦਾ ਅਨੁਸਾਰੀ ਬਣ ਕੇ ਰਹਿਣ ਲਈ ਮਜਬੂਰ ਕੀਤਾ ਜਾਂਦਾ ਹੈ, ਉਸ ਸਾਰੀ ਪਰਸਥਿਤੀ ਨੂੰ ਜਰਨਾ ਮਨੁੱਖ ਲਈ ਸੰਕਟ ਹੋਵੇਗਾ. ਕਿਉਂਕਿ ਮਨੁੱਖ ਦੀਆਂ ਬੁਨਿਆਦੀ ਪੂਰਤੀਆਂ ਸੰਭਵ ਨਹੀਂ। ਪਰਸਥਿਤੀਆਂ ਵਿਚ ਘਿਰੇ ਮਨੁੱਖ ਦੀ ਜ਼ਿੰਦਗੀ ਗਤੀਹੀਣ ਹੋ ਜਾਂਦੀ ਹੈ। ਇਹ ਸਾਰੀ ਅਵਸਥਾ ਮਨੁੱਖ ਲਈ ਸੰਕਟ ਪੈਦਾ ਕਰਦੀ ਹੈ। ਇਹ ਸੰਕਟ ਇਤਿਹਾਸਕ, ਧਾਰਮਿਕ, ਨੈਤਿਕ ਕਿਸੇ ਵੀ ਕਿਸਮ ਦਾ ਹੋ ਸਕਦਾ ਹੈ। ਡਾ. ਅਤਰ ਸਿੰਘ ਅਨੁਸਾਰ, "ਮਨੁੱਖੀ

ਸਥਿਤੀ ਵਿਚ ਸੰਕਟ ਦੀ ਨਿਸ਼ਾਨੀ ਹੀ ਇਹ ਹੁੰਦੀ ਹੈ ਕਿ ਇਸ ਵਿਚ ਦੋ ਚੋਣਾਂ ਵਿਚੋਂ ਇਕ ਦੀ ਸਿਧੀ ਚੋਣ ਦੀ ਅਨਿਵਾਰਤਾ ਦੀ ਹੀ ਗੁੰਜਾਇਸ਼ ਰਹਿ ਜਾਂਦੀ ਹੈ। ਮਨੁੱਖਤਾ ਦੇ ਬੁਨਿਆਦੀ ਪ੍ਰਸ਼ਨ ਇਕ ਨਵੀਂ ਤੀਖਣਤਾ ਤੇ ਤੀਬਰਤਾ ਨਾਲ ਮਨੁੱਖ ਦੇ ਪੇਸ਼ ਹੁੰਦੇ ਹਨ ਤੇ ਬਾਕੀ ਸਾਰੀਆਂ ਚੋਣਾਂ ਪਿਛਵਾੜੇ ਵਿਚ ਚਲੀਆਂ ਜਾਂਦੀਆਂ ਹਨ।" [6]

<u>ਮਨੁੱਖ ਦੀ ਹੋਂਦਮਈ ਸੰਕਟਪੂਰਣ ਸਥਿਤੀ।</u>

ਮਨੁੱਖ ਦਾ ਸੰਕਟ ਮਨੁੱਖ ਦੀ ਫ਼ਿਤਰਤ ਤੇ ਵਿਸ਼ੇਸ਼ ਕਰ ਇਸ ਦੀ ਸਥਿਤੀ ਵਿਚ ਲੁਕਿਆ ਹੋਇਆ ਹੈ। ਅਸਤਿਤਵਵਾਦੀਆਂ ਅਨੁਸਾਰ ਇਹ ਸੰਕਟ ਮਨੁੱਖ ਦੀਆਂ ਦੋ ਸਥਿਤੀਆਂ ਦੀ ਤੁਲਨਾ ਤੋਂ ਪੈਦਾ ਹੁੰਦਾ ਹੈ। ਇਕ ਸਥਿਤੀ ਉਸ ਦੀ ਪ੍ਰਕਿਰਤੀ ਦੀ ਹੈ ਤੇ ਦੂਜੀ ਇਸ ਤੋਂ ਕੱਟੀ ਹੋਈ ਅਵਸਥਾ, ਅਜਨਬੀਅਤ ਦੀ ਪ੍ਰਕਿਰਤੀ ਵਾਲੀ ਹੈ ਜੋ ਸਮੇਂ ਤੇ ਸਥਾਨ ਵਿਚ ਹੋਂਦ ਕਰਕੇ ਸੀਮਿਤਤਾ ਦੀ ਭਾਵਨਾ ਵਾਲੀ ਹੈ। ਸੀਮਿਤਤਾ ਦੀ ਸੁਚੇਤਤਾ ਤੋਂ ਚਿੰਤਾ ਉਪਜਦੀ ਹੈ ਜੋ ਮਨੋਸਰੀਰਕ ਰੋਗਾਂ ਦਾ ਕਾਰਣ ਬਣਦੀ ਹੈ। ਇਸ ਤੋਂ ਹੀ ਜੀਵਨ ਦੀ ਅਰਥਹੀਣਤਾ, ਨਿਰੰਤਰ ਇਕੱਲਤਾ ਤੇ ਬੇਗਾਨੇਪਨ ਦੇ ਅਹਿਸਾਸ ਉਤਪੰਨ ਹੁੰਦੇ ਹਨ।[7]

ਉਪਰ ਵਰਣਿਤ ਕੀਤੀਆਂ ਦੋਨਾਂ ਹੀ ਅਵਸਥਾਵਾਂ ਵਿਚ ਮਨੁੱਖ ਦੀ ਹੋਂਦ ਸੰਬੰਧੀ ਸੰਕਟ-ਗ੍ਰਸਤ ਦਸ਼ਾ ਦਾ ਵਰਣਨ ਅਸਤਿਤਵਵਾਦ ਦੇ ਕੁਝ ਮਨੋਵਿਗਿਆਨ ਨੇ ਕੀਤਾ ਹੈ। ਫ਼ਰਾਇਡ, ਸਾਰਤਰ ਤੇ ਹੋਰ ਕਈ ਮਨੋਵਿਗਿਆਨੀ ਇਸ ਮੱਤ ਦੇ ਅਨੁਸਾਰੀ ਹਨ। ਸਾਰਤਰ, ਮਨੁੱਖ ਦੀ ਹੋਂਦ ਨੂੰ ਕੇਵਲ ਮੂਲ ਸੱਤਾ ਕੋਲੋਂ ਹੀ ਪਰਿਭਾਸ਼ਦਾ ਹੈ ਜਿਸ ਦੇ ਬਚਾਓ ਦਾ ਕੋਈ ਸਾਧਨ ਨਹੀਂ, ਪਰ ਉਹ ਆਪਣੇ ਅਸਤਿਤਵਵਾਦ ਨੂੰ ਮਾਨਵਵਾਦ ਆਖਦਾ ਹੈ, ਜਿਸ ਤੋਂ ਇਹ ਅੰਦਾਜ਼ਾ ਲਗਦਾ ਹੈ ਕਿ ਉਸ ਦੇ ਆਦਰਸ਼ਾਂ ਵਿਚ ਕਿਸੇ ਸੰਗਠਿਤ ਮਨੁੱਖ ਦਾ ਸੰਕਲਪ ਸੀ।[8]

ਅਧਿਆਤਮਕ ਦਰਸ਼ਨ ਵਿਚ ਵੀ ਮਨੁੱਖ ਦੀ ਮੂਲ ਪ੍ਰਕਿਰਤੀ ਤੇ ਮਨੁੱਖ ਦੇ ਮਨੁੱਖ ਹੋਣ ਸੰਬੰਧੀ ਸੰਕਟਪੂਰਣ ਸਥਿਤੀ ਤੇ ਚਰਚਾ ਕੀਤੀ ਗਈ ਹੈ। ਈਸਾਈ ਪਰੰਪਰਾ ਵਿਚ ਮਨੁੱਖੀ ਦਸ਼ਾ ਸੰਬੰਧੀ ਤਿੰਨ ਬੁਨਿਆਦੀ ਸੰਕਲਪ ਮਿਲਦੇ ਹਨ। ਪਹਿਲੇ ਸੰਕਲਪ ਅਨੁਸਾਰ ਮਨੁੱਖ ਦੀ ਮੂਲ ਪ੍ਰਕਿਰਤੀ ਨੇਕੀ ਤੇ ਆਧਾਰਿਤ ਹੈ। ਦੂਜੇ ਸੰਕਲਪ ਅਨੁਸਾਰ ਮਨੁੱਖ ਮੂਲ ਨੇਕੀ ਤੋਂ ਪਰਵਰਤਿਤ ਹੋ ਕੇ ਆਪਣੇ ਆਪ ਨੂੰ ਹੋਂਦਮਈ ਅਜਨਬੀਅਤ ਦੀ ਦਸ਼ਾ ਵਿਚ ਲੈ ਜਾਂਦਾ ਹੈ। ਤੀਜਾ ਸੰਕਲਪ ਮੁਕਤੀ ਦੀ ਭਾਵਨਾ ਨਾਲ ਸੰਬੰਧਿਤ ਹੈ।[9] ਮਨੁੱਖ ਦੀ ਸੀਮਿਤ ਹੋਂਦ ਦੀ ਚਿੰਤਾ ਤੇ ਹੋਂਦ ਸੰਬੰਧੀ ਦਵੰਦਾਂ ਤੋਂ ਮੁਕਤ ਹੋਣਾ ਹੀ ਅਸਲ ਮੁਕਤੀ ਹੈ।

ਦਰਅਸਲ ਦੈਵੀ ਚੇਤਨਤਾ ਦੀ ਅਣਹੋਂਦ ਸੀਮਤ ਦ੍ਰਿਸ਼ਟੀ ਨੂੰ ਪੈਦਾ ਕਰਦੀ ਹੈ ਜਿਸ ਕਾਰਣ ਮਨੁੱਖ ਹਮੇਸ਼ਾ ਜ਼ਿੰਦਗੀ ਦੇ ਸੀਮਿਤ ਪੱਖ ਨੂੰ ਹੀ ਵੇਖਦਾ ਹੈ। ਮਨੁੱਖ ਨੂੰ ਉਸਦੀ ਅਸਲ ਪ੍ਰਕਿਰਤੀ ਤੋਂ ਜਾਣੂੰ ਕਰਵਾਉਣ ਵਾਲੀ ਉਸਦੀ ਅੰਦਰਲੀ ਅੱਖ ਹੈ। ਅਸਲ ਵਿਚ ਮਨੁੱਖ ਅਨੰਤ, ਅਮਰ ਤੇ ਸੰਪੂਰਣ ਹੋਣ ਦਾ ਵਾਰਸ ਹੋਣ ਦੇ ਨਾਤੇ ਜੰਮਿਆ ਹੈ ਪਰ ਮਨੁੱਖ ਦਾ ਦੁਖਾਂਤ ਇਹ ਹੈ ਕਿ ਉਸਦਾ ਬਹੁਤਾ ਧਿਆਨ ਬਾਹਰ ਹੈ ਤੇ ਉਹ ਆਪਣੇ ਤਜਰਬੇ ਦੇ ਮਲਬੇ ਵਿਚੋਂ ਖੁਸ਼ੀ ਤੇ ਪ੍ਰਸੰਨਤਾ ਦੇ ਟੋਟੇ ਢੂੰਡਦਾ ਫਿਰਦਾ ਹੈ।[10]

ਗੁਰਬਾਣੀ ਅਨੁਸਾਰ ਮਨੁੱਖ ਦੋਹਰੀ ਪ੍ਰਕਿਰਤੀ ਦਾ ਧਾਰਨੀ ਹੈ। ਜਿੱਥੇ ਇਕ ਪਾਸੇ ਮਨੁੱਖ ਦੀ ਹੋਂਦ ਨਾਸ਼ਵਾਨ ਅਰਥਾਤ ਦੇਹਬ੍ਰਿਤੀ ਹੈ, ਉੱਥੇ ਇਸ ਵਿਚ ਅਮਰ ਤੱਤਾਂ ਦੀ ਹੋਂਦ ਵੀ ਮੌਜੂਦ ਹੈ। ਮਨੁੱਖ ਦੇ ਧੁਰ ਅੰਦਰਲਾ ਤੱਤ ਵਿਨਾਸ਼ਰਹਿਤ ਹੈ ਪਰ ਉਸ ਦਾ ਪੰਜ ਭੌਤਿਕ ਸਰੀਰ ਨਾਸ਼ਵਾਨ ਪ੍ਰਪੰਚ ਦਾ ਭਾਗ ਹੈ।[11]

ਉਪਰੋਕਤ ਮਨੁੱਖ ਦੀ ਦੋਹਰੀ ਹਸਤੀ ਮਨੁੱਖ ਦੀ ਉਸ ਮੂਲ ਸਮੱਸਿਆ ਦਾ ਸ੍ਰੋਤ ਹੈ ਜਿਸ ਨੂੰ ਵਾਸਤਵਿਕਤਾ ਤੇ ਸੰਭਾਵਨਾ ਦਾ ਨਾਮ ਦਿੱਤਾ ਜਾਂਦਾ ਹੈ। ਮਨੁੱਖ ਦੇ ਅੰਦਰ ਰੱਬ ਦੀ ਹੋਂਦ ਉਸ ਲਈ ਵਿਸ਼ਾਲ ਸੰਭਾਵਨਾ ਸ੍ਰੋਤ ਹੈ, ਕਿਉਂਕਿ ਰੱਬ ਮਨੁੱਖ ਲਈ ਅਨੰਤ ਸੰਭਾਵਨਾਵਾਂ ਦਾ ਸੋਮਾ ਹੈ ਜੋ ਸੰਭਾਵਨਾਵਾਂ ਪਿਆਰ, ਅਨੰਦ, ਅਸੀਮਤਾ ਤੇ ਅਨੰਤਤਾ ਦੀਆਂ ਪ੍ਰਗਟਾਊ ਹਨ ਤੇ ਉਹ ਪਰਮਾਤਮਾ ਨਾਲ ਅਭੇਦਤਾ ਦੀ ਅਵਸਥਾ ਵਿਚ ਹੀ ਇਨ੍ਹਾਂ ਸੰਭਾਵਨਾਵਾਂ ਨੂੰ ਅਨੁਭਵ ਕਰ ਸਕਦਾ ਹੈ।[12]

ਪਰ ਮਨੁੱਖ ਦੀ ਦੇਹਬ੍ਰਿਤੀ ਸਰੀਰਕ ਹੋਂਦ ਤੇ ਇਸ ਨਾਲ ਸੰਬੰਧਿਤ ਗਿਆਨ ਇੰਦਰੀਆਂ ਮਨੁੱਖ ਦੀ ਅਪਾਰ ਸੰਭਾਵਨਾ ਵਿਚ ਰੁਕਾਵਟ ਬਣਦੀਆਂ ਹਨ ਤੇ ਉਸ ਦੀ ਸੋਚ ਦੇ ਦਾਇਰੇ ਨੂੰ ਬਹੁਤ ਸੀਮਿਤ ਕਰਦੀਆਂ ਹਨ। ਇਸ ਸੀਮਿਤ ਸੋਚ ਕਾਰਣ ਮਨੁੱਖ ਆਪਣੇ ਜੋਤਸਰੂਪੀ ਮੂਲ ਨੂੰ ਭੁੱਲ ਜਾਂਦਾ ਹੈ। ਵਾਸ਼ਨਾਵਾਂ ਵਿਚ ਫ਼ਸਿਆ ਗ਼ਲਤ ਜੀਵਨ ਮਾਰਗ ਅਖ਼ਤਿਆਰ ਕਰ ਲੈਂਦਾ ਹੈ। ਮਨੁੱਖ ਆਤਮਿਕ ਤੌਰ ਤੇ ਕਮਜ਼ੋਰ ਹੋ ਕੇ ਬਣਾਵਟੀ ਕੀਮਤਾਂ ਵਿਚ ਉਲਝ ਕੇ ਰਹਿ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਆਪਣੀ ਵਿਸ਼ਾਲ ਸੰਭਾਵਿਤ ਦਸ਼ਾ ਦੀ ਭਾਵਨਾ ਤੋਂ ਵੰਚਿਤ ਹੋ ਕੇ ਸੰਕਟਗ੍ਰਸਤ ਹੋ ਜਾਂਦਾ ਹੈ। ਗੁਰਮਤਿ ਅਨੁਸਾਰ ਆਮ ਵਿਹਾਰਕ ਮਨੁੱਖ ਆਪਣੇ ਆਪ ਨੂੰ ਜਾਗਰੂਕ ਸਮਝ ਕੇ ਖੁਸ਼ ਹੁੰਦਾ ਹੈ ਪਰ ਅਸਲ ਵਿਚ ਉਹ ਦੁਨੀਆਂ ਦੇ ਮਾਇਕ ਸਿਲਸਿਲੇ ਵਿਚ ਲੁੱਟ ਦਾ ਸ਼ਿਕਾਰ ਹੋ ਚੁੱਕਾ ਹੈ। ਉਹ ਆਸ ਨਿਰਾਸ਼ਤਾ ਦੀ ਤਾਣੀ ਵਿਚ ਉਲਝ ਕੇ ਬੇਬੱਸ ਹੋ ਜਾਂਦਾ ਹੈ। ਜਿਵੇਂ:

ਜਾਂਕਉ ਬਿਖਈ ਮੂਠੇ ਬੀਆ।। ਕਲ ਰੂਪੀ ਸਿਰਿ ਮਾਰੇ ਧੀਆ
ਆਸਾ ਅੰਦੇ ਮਨਸਾ ਜਾਲਿ ਉਰਝੀ ਤਾਣੀ ਕਿਛੂ ਨ ਬਸਾਇ।[13]

ਇਸਲਾਮੀ ਵਿਚਾਰਧਾਰਾ ਅਨੁਸਾਰ ਮਨੁੱਖ ਦੀ ਮੂਲ ਸਮੱਸਿਆ ਦਾ ਸ੍ਰੋਤ ਉਸ ਦੀ ਆਪਣੀ ਦੋਹਰੀ ਪ੍ਰਕਿਰਤੀ ਵਿਚ ਹੀ ਲੁਪਤ ਹੈ। ਮਨੁੱਖ ਦੈਵੀ ਤੇ ਮਾਦੀ ਪ੍ਰਕਿਰਤੀ ਦਾ ਸੁਮੇਲ ਹੈ। ਦੈਵੀ ਪ੍ਰਕਿਰਤੀ ਕਾਰਣ ਉਹ ਸਦੀਵੀ ਪਰਮਸੱਚ ਦੀ ਤਲਾਸ਼ ਵੱਲ ਰੁਚਿਤ ਹੁੰਦਾ ਹੈ। ਮਾਦੀ ਚੀਜ਼ਾਂ ਕਾਰਣ ਉਹ ਦੁਨਿਆਵੀ ਲੋੜਾਂ ਵਿਚ ਖਚਿਤ ਰਹਿੰਦਾ ਹੈ। ਮਨੁੱਖ ਇਸ ਸੰਸਾਰ ਵਿਚ ਵਿਚਰਦਾ ਹੋਇਆ ਵੀ ਦੈਵੀ ਪ੍ਰਕਿਰਤੀ ਕਰਕੇ ਪਾਰਗਾਮਤਾ ਦਾ ਮਾਰਗ ਅਪਨਾਉਣ ਲਈ ਆਪਣੇ ਵਿਸ਼ੇਸ਼ ਚਰਿੱਤਰ ਦੁਆਰਾ ਮਜਬੂਰ ਹੈ। ਮਨੁੱਖ ਅਸੀਮ ਤੱਤ ਦੀ ਤਲਾਸ਼ ਦੀ ਪ੍ਰਕਿਰਤੀ ਅਤੇ ਆਪਣੇ ਆਪ ਤੋਂ ਪਾਰਗਾਮੀ ਹੋਣ ਤੋਂ ਬਿਨਾਂ ਮਨੁੱਖ ਅਖਵਾਉਣ ਦਾ ਹੱਕਦਾਰ ਨਹੀਂ ਹੈ। ਕੇਵਲ ਸਰੀਰਕ ਹੋਂਦ ਨਾਲ ਮਨੁੱਖ ਹੋਣ ਦਾ ਦਾਅਵਾ ਕਰਨਾ ਨੀਵੀਂ ਮਾਨਵੀ ਦਸ਼ਾ ਵਿਚ ਡਿੱਗਣਾ ਹੈ।[14]

ਸੂਫ਼ੀ ਕਵੀ ਬਾਬਾ ਫ਼ਰੀਦ ਨੇ ਮਨੁੱਖ ਦੀ ਨਿੱਘਰੀ ਅਵਸਥਾ ਦਾ ਵਰਣਨ ਬੜੇ ਵਧੀਆ ਢੰਗ ਨਾਲ ਕੀਤਾ ਹੈ।

ਫਰੀਦਾ ਚਾਰਿ ਗਵਾਇਆ ਹੰਢਿਕੈ ਚਾਰਿ ਗਵਾਇਆ ਸੰਮਿ
ਲੇਖਾ ਰੱਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ।[15]

ਪਰਮ ਸੱਚ ਦੀ ਤਲਾਸ਼ ਕਰਨਾ ਮਨੁੱਖ ਦਾ ਮੂਲ ਮਨੋਰਥ ਵੀ ਹੈ ਤੇ ਉਸਦੇ ਜੀਵਨ ਦੀ ਸਭ ਤੋਂ ਵੱਡੀ ਸਮੱਸਿਆ ਵੀ। ਮਾਦਾ ਪ੍ਰਕਿਰਤੀ ਕਾਰਨ ਮਨੁੱਖ ਇਸ ਸੰਸਾਰ ਨੂੰ ਹਕੀਕਤ ਸਮਝ ਲੈ ਬੈਠਦਾ ਹੈ। ਹਉਮੈਂ ਵੱਸ ਉਹ ਸੰਸਾਰਕ ਵਸਤਾਂ ਦੇ ਮੋਹ ਤੱਕ ਸੀਮਿਤ ਹੋ ਕੇ ਰਹਿ ਜਾਂਦਾ ਹੈ। ਬਾਹਰੀ ਸੰਸਾਰ ਦੀ ਖੂਬਸੂਰਤੀ ਉਸ ਨੂੰ ਕੁਸ ਲੈਂਦੀ ਹੈ। ਦੈਵੀ ਸੂਝ ਦੀ ਅਣਹੋਂਦ ਕਾਰਣ ਮਨੁੱਖ ਅਨੁਚਿਤ ਵਤੀਰੇ ਦਾ ਸ਼ਿਕਾਰ ਹੋ ਜਾਂਦਾ ਹੈ। ਉਂਝ ਤਾਂ ਮਨੁੱਖ ਵਿਸ਼ਾਲ ਚੇਤਨਾ ਦਾ ਮਾਲਕ ਹੈ ਪਰ ਇਸ ਸੰਸਾਰਕ ਪਸਾਰੇ ਦੇ ਜਾਲ ਵਿਚ ਫਸ ਕੇ ਮਨੁੱਖ ਦੀ ਵਿਸ਼ਾਲ ਚੇਤਨਾ ਸੀਮਿਤ ਹੋ ਕੇ ਰਹਿ ਜਾਂਦੀ ਹੈ। ਇਹ ਸੀਮਿਤ ਚੇਤਨਾ ਮਨੁੱਖ ਦੇ ਰੱਬੀ ਅਨੁਭਵ ਵਿਚ ਰੁਕਾਵਟ ਬਣ ਜਾਂਦੀ ਹੈ। ਇਸ ਰੁਕਾਵਟ ਸਦਕਾ ਮਨੁੱਖ ਉਸ ਵਿਸਮਾਦ ਤੋਂ ਵਿਰਵਾ ਰਹਿ ਜਾਂਦਾ ਹੈ, ਜਿਹੜਾ ਵਿਸਮਾਦ ਆਨੰਦ ਦੀ ਅਵਸਥਾ ਨਾਲ ਜੁੜਿਆ ਹੋਇਆ ਹੈ। ਮਨੁੱਖ ਦੀ ਸੀਮਿਤ ਚੇਤਨਾ ਦਾ ਵੱਡਾ

ਕਾਰਨ ਹਉਮੈਂ ਹੈ, ਜਿਸ ਨੂੰ ਗੁਰੂ ਨਾਨਕ ਨੇ ਰੱਬ ਤੇ ਵਿਅਕਤੀ ਵਿਚਕਾਰ 'ਕੂੜ ਦੀ ਪਾਲਿ' ਕਿਹਾ ਹੈ। ਪਰਮਸੱਚ ਤੋਂ ਅਗਿਆਨੀ ਹੋਣ ਦਾ ਕਾਰਣ ਵੀ ਹਉਮੈ ਦੀ ਪਰਵਿਰਤੀ ਹੀ ਹੈ। ਗੁਰੂ ਨਾਨਕ ਅਨੁਸਾਰ ਹਉਮੈ ਅਪੁਨਰਜੀਵਤ ਵਿਅਕਤੀ ਅਥਵਾ ਇਖਲਾਕੀ ਤੌਰ ਤੇ ਮੁੱਠੇ ਹੋਏ ਵਿਅਕਤੀ ਨੂੰ ਦਰਸਾਉਂਦੀ ਹੈ। ਅਜਿਹਾ ਮਨੁੱਖ ਹਉਮੈ ਭਾਵਨਾ ਅਧੀਨ ਆਪਣੇ ਜੀਵਨ ਦਸਤੂਰ ਨੂੰ ਨਿਸ਼ਚਿਤ ਕਰਦਾ ਹੈ। ਸਿੱਟੇ ਵਜੋਂ ਮੁਕਤ ਅਵਸਥਾ ਦਾ ਧਾਰਨੀ ਹੋਣ ਦੀ ਬਜਾਇ ਆਵਾਗਵਨ ਦੇ ਚੱਕਰ ਵਿਚ ਬੱਝਿਆ ਰਹਿੰਦਾ ਹੈ।[16]

ਹਉਮੈ ਦੀ ਪਰਵਿਰਤੀ ਕੁਦਰਤੀ ਤੌਰ ਤੇ ਮਨੁੱਖ ਵਿਚ ਸ਼ੁਰੂ ਤੋਂ ਮੌਜੂਦ ਹੈ ਤੇ ਅਨੇਕਾਂ ਰੂਪਾਂ ਵਿਚ ਪ੍ਰਗਟ ਹੁੰਦੀ ਹੈ। ਇਹ ਪਰਵਿਰਤੀ, ਪਰਮਹਸਤੀ ਦੇ ਆਪਣੇ ਵਿਧਾਨ ਅਨੁਸਾਰ ਮਨੁੱਖੀ ਪ੍ਰਕਿਰਤੀ ਦਾ ਸਹਿਜਅੰਗ ਹੈ। ਹਉਮੈ ਭਾਵਨਾ ਮਨੁੱਖੀ ਵਿਅਕਤਿਤਵ ਦੇ ਏਕੀਕਰਣ ਵਿਚ ਬੜੀ ਵੱਡੀ ਰੁਕਾਵਟ ਹੈ। ਮਨੁੱਖ ਇੰਦ੍ਰੀਆਂ ਦਾ ਗੁਲਾਮ ਹੋ ਜਾਂਦਾ ਹੈ ਜੋ ਕਦੀ ਵੀ ਸੰਤੁਸ਼ਟ ਨਹੀਂ ਹੁੰਦੀਆਂ। ਇਸ ਲਈ ਮਨੁੱਖੀ ਸ਼ਖਸੀਅਤ ਦੇ ਵਿਗਾੜ ਤੇ ਮਾਨਸਿਕ ਦੁਬਿਧਾ ਦਾ ਸਭ ਤੋਂ ਵੱਡਾ ਕਾਰਣ ਮਨੁੱਖ ਦੀ ਨਿੱਜੀ ਚੇਤਨਤਾ ਹੀ ਹੈ। ਇਹ ਨਿੱਜੀ ਚੇਤਨਤਾ ਹੀ ਹਉਮੈ ਹੈ। ਮਨੁੱਖ ਦਾ ਜ਼ਿੰਦਗੀ ਪ੍ਰਤੀ ਦ੍ਰਿਸ਼ਟੀਕੋਣ ਬੜਾ ਸੀਮਿਤ ਬਣ ਜਾਂਦਾ ਹੈ, ਜੋ ਉਸਦੇ ਸੰਕਟ ਦਾ ਮੂਲ ਕਾਰਣ ਹੈ। ਪ੍ਰਸਿੱਧ ਜੀਵ ਵਿਗਿਆਨੀ ਹੈਕਸਲੇ ਅਨੁਸਾਰ ਸਾਰੇ ਪ੍ਰਕਿਰਤਕ ਪ੍ਰਾਣੀਆਂ ਵਿਚੋਂ ਮਨੁੱਖ ਦੀ ਪਉਣੀ ਤੇ ਉਸਦੇ ਜੀਵਨ ਵਿਚ ਸਵੈ-ਚੇਤਨਤਾ ਆਉਂਦੀ ਹੈ।[17] ਇਹੋ ਸਵੈ-ਚੇਤਨਤਾ ਉਸਦੀਆਂ ਜਨਮ ਤੋਂ ਮਰਨ ਦੀਆਂ ਸਾਰੀਆਂ ਸਰਗਰਮੀਆਂ ਦਾ ਕਾਰਣ ਹੈ। ਮਨੁੱਖ ਦੁਨੀਆਂ ਵਿਚ, ਮਾਇਆ ਦੇ ਪ੍ਰਭਾਵ ਵਿਚ ਆ ਕੇ ਅੱਡਰੀ ਹੋਂਦ ਬਣਾ ਲੈਂਦਾ ਹੈ। ਸੰਸਾਰਕ ਸਰਗਰਮੀ ਤੇ ਮਨੁੱਖੀ ਜ਼ਿੰਦਗੀ ਦੇ ਵਿਕਾਸ ਲਈ ਹਉਮੈ ਪਰਵਿਰਤੀ ਦਾ ਹੋਣਾ ਜ਼ਰੂਰੀ ਹੈ ਪਰ ਮਨੁੱਖ ਦਾ ਸੰਕਟ ਇਹ ਹੈ ਕਿ ਉਹ ਆਪਣੀ ਹੋਂਦ ਨੂੰ ਪਰਮ ਹਸਤੀ ਨਾਲੋਂ ਅੱਡਰੀ ਸਮਝਣ ਲੱਗ ਪੈਂਦਾ ਹੈ।[18]

ਵੱਖਰੀ ਹੋਂਦ ਦਾ ਖ਼ਿਆਲ ਹੀ ਮਨੁੱਖ ਲਈ ਸਭ ਤੋਂ ਵੱਡਾ ਰੋਗ ਬਣ ਜਾਂਦਾ ਹੈ। ਕਿਉਂਕਿ ਹਉਮੈਂ ਤੋਂ ਹੀ ਅਗਿਆਨ ਤੇ ਮੋਹ ਉਤਪੰਨ ਹੁੰਦਾ ਹੈ। ਅਗਿਆਨਤਾ ਵੱਸ ਵਿਅਕਤੀ ਆਪਣੀ ਸਹੀ ਪ੍ਰਕਿਰਤੀ ਦੇ ਗਿਆਨ ਤੋਂ ਵਿਹੂਣਾ ਹੋ ਜਾਂਦਾ ਹੈ। ਕਾਮੁਕ ਪ੍ਰਵਿਰਤੀਆਂ ਦਾ ਗੁਲਾਮ ਹੋ ਕੇ ਉਹ ਆਪਣੀ ਆਤਮਿਕ ਹੋਂਦ ਪ੍ਰਤੀ ਅਵੇਸਲਾ ਹੋ ਜਾਂਦਾ ਹੈ। W.H. Mcleod ਅਨੁਸਾਰ ਗੁਰੂ ਨਾਨਕ ਨੇ ਹਉਮੈਂ ਸ਼ਬਦ ਦਾ ਪ੍ਰਯੋਗ ਇਖ਼ਲਾਕੀ ਤੌਰ ਤੇ ਗਿਰੇ ਹੋਏ ਵਿਅਕਤੀ ਲਈ ਕੀਤਾ ਹੈ। ਹਉਮੈਂ ਅਧੀਨ ਮਨੁੱਖ ਲਈ ਉਸ ਨੇ ਮਨਮੁੱਖ ਸ਼ਬਦ ਵਰਤਿਆ ਹੈ, ਜਿਹੜਾ ਕੇਵਲ ਆਪਣੇ

ਨਿੱਜੀ ਪ੍ਰਤੀ ਵਫ਼ਾਦਾਰ ਹੈ, ਜੋ ਸਦਾਈਵੀ ਅਜ਼ਾਦੀ ਤੇ ਜੀਵਨ ਦੀ ਥਾਂ ਦੁਖ ਗੁਲਾਮੀ ਤੇ ਮੌਤ ਨੂੰ ਤਰਜੀਹ ਦਿੰਦਾ ਹੈ।[19]

ਇਸ ਲਈ ਹਉਮੈ, ਜੋ ਨਿਜੀ ਚੇਤਨਤਾ ਦੀ ਧਾਰਨੀ ਹੈ, ਮਨੁੱਖ ਨੂੰ ਉਸਦੇ ਮੂਲ ਨਾਲੋਂ ਤੋੜ ਕੇ ਮਾਇਕ ਜੀਵਨਾਂ ਵਿਚ ਫਸਾ ਦਿੰਦੀ ਹੈ। ਅਜਿਹੀ ਨਿਜੀ ਚੇਤਨਤਾ ਮਨੁੱਖ ਲਈ ਸੰਕਟ ਬਣ ਜਾਂਦੀ ਹੈ ਕਿਉਂਕਿ ਮਨੁੱਖ ਆਪਣੇ ਆਪ ਨੂੰ ਕੇਵਲ ਭੌਤਿਕ ਤੇ ਪਦਾਰਥਕ ਲੋੜਾਂ ਤੱਕ ਹੀ ਮਹਿਦੂਦ ਰੱਖਦਾ ਹੈ ਜੋ ਕਿ ਸਥਿਰ ਨਹੀਂ, ਥੋੜ੍ਹਚਿਰੇ ਅਤੇ ਨਾਸ਼ਮਾਨ ਹਨ।ਅੰਤਰਿਕ ਪਰਵਿਰਤੀਆਂ ਪ੍ਰਤੀ ਅਵੇਸਲ ਵਤੀਰਾ ਮਾਨਵੀ ਸੰਕਟ ਨੂੰ ਉਤਪੰਨ ਕਰਦਾ ਹੈ।

ਡਾ. ਅਤਰ ਸਿੰਘ ਅਨੁਸਾਰ ਕਬੀਰ ਦੇ ਸਲੋਕਾਂ ਤੇ ਸ਼ਬਦਾਂ ਵਿਚ ਮਨੁੱਖ ਦੇ ਅਸਤਿਤਵੀ ਸੰਤਾਪ ਦੀ ਵਿਲਕਣੀ ਪ੍ਰਸਤੁਤ ਕੀਤੀ ਗਈ ਹੈ। ਇਹ ਦੁਖ ਮਨੁੱਖ ਦੀ ਸਵੈ-ਚੇਤਨਾ ਦਾ ਨਤੀਜਾ ਹੈ। ਉਸਦੇ ਜਗਤ ਨਾਲੋਂ ਟੁੱਟ ਕੇ ਇਕੱਲੇ ਹੋਣ ਦੇ ਅਹਿਸਾਸ ਦਾ ਫਲ ਹੈ, ਕਾਲ ਦਾ ਕਈ ਰੂਪਾਂ ਵਿਚ ਉਸਦੇ ਸਿਰ ਨੂੰ ਘੇਰਨਾ ਹੈ ਤੇ ਅੰਤ ਨੂੰ ਇਸ ਦੀ ਸਮਾਪਤੀ ਹੋਣ ਦੀ ਅਨੁਭੂਤੀ ਦਾ ਪਰਿਣਾਮ ਹੈ। ਬਾਬਾ ਕਬੀਰ ਤਾਂ ਸੰਸਾਰ ਵਿਚ ਜਨਮ ਲੈਣ ਨੂੰ ਹੀ ਆਪਣਾ ਦੁਰਭਾਗ ਸਮਝਦਾ ਹੈ।[20]

ਹਉਮੈਂ ਦਾ ਵਿਘਟਨਕਾਰੀ ਸਰੂਪ।

ਗੁਰਬਾਣੀ ਵਿਚ ਵੀ ਮਨੁੱਖ ਦੀ ਮਾਨਸਿਕ ਵਿਖੰਡਨ ਤੇ ਉਸ ਦੇ ਵਿਅਕਤਿਤਵ ਦੇ ਵਿਘਟਨਕਾਰੀ ਸਰੂਪ ਦਾ ਬੁਨਿਆਦੀ ਕਾਰਣ ਉਸ ਦੀ ਨਿਜੀ ਚੇਤਨਤਾ ਨੂੰ ਹੀ ਮੰਨਿਆ ਗਿਆ ਹੈ। ਇਸ ਨਿਜੀ ਚੇਤਨਤਾ ਨੂੰ ਹਉਮੈ ਕਿਹਾ ਗਿਆ ਹੈ। ਇਹ ਪਰਵਿਰਤੀ ਸਭ ਨੂੰ ਪਰਮ ਆਤਮਾ ਨਾਲੋਂ ਵੱਖਰੇ ਦਰਸਾਉਣ ਨਾਲ ਸੰਬੰਧਿਤ ਹੈ। ਗੁਰਮਤਿ ਵਿਚ ਇਸ ਪਰਵਿਰਤੀ ਲਈ ਦਵੈਤਭਾਵ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਵੇਦਾਂਤ ਅਨੁਸਾਰ ਸਾਰੇ ਪ੍ਰਕਿਰਤਕ ਪ੍ਰਾਣੀਆਂ ਵਿਚੋਂ ਮਨੁੱਖ ਦੀ ਪਧਰੀ ਤੇ ਪੁੱਜ ਕੇ ਸਵੈ-ਚੇਤਨਤਾ ਜਾਗਦੀ ਹੈ।[21] ਇਹੋ ਸਵੈ-ਚੇਤਨਤਾ ਉਸਦੀਆਂ ਜਨਮ ਤੋਂ ਮਰਨ ਤੱਕ ਦੀਆਂ ਸਾਰੀਆਂ ਸਰਗਰਮੀਆਂ ਦਾ ਕਾਰਣ ਹੈ। ਉਹ ਸੰਸਾਰ ਦੀਆਂ ਮਾਇਕ ਸਰਗਰਮੀਆਂ ਵਿਚ ਖਚਿਤ ਹੋ ਕੇ ਆਪਣੇ ਆਪ ਨੂੰ ਇਕ ਵੱਖਰੀ ਹੋਂਦ ਦੇ ਰੂਪ ਵਿਚ ਅਨੁਭਵ ਕਰਦਾ ਹੈ। ਸੰਸਾਰ ਦੀਆਂ ਸਾਰੀਆਂ ਪ੍ਰਕਿਰਿਆਵਾਂ ਦਾ ਬੁਨਿਆਦੀ ਆਧਾਰ ਮਨੁੱਖ ਦਾ ਭਿੰਨ ਹੋਂਦ ਜਾਂ ਅਸਤਿਤਵ ਹੀ ਹੈ। ਸਮੂਹ ਪ੍ਰਕਿਰਤਕ ਜੀਵਾਂ ਨਾਲੋਂ ਮਨੁੱਖ ਵਿਚ ਚੇਤਨਤਾ ਦਾ ਬੀਜ ਸਭ

ਤੋਂ ਜ਼ਿਆਦਾ ਪ੍ਰਗਟ ਹੈ।[22]

ਆਦਿ ਕਾਲ ਤੋਂ ਲੈ ਕੇ ਹੁਣ ਤੱਕ ਦਾ ਸਾਰਾ ਸਭਿਆਚਾਰਕ ਵਿਕਾਸ ਦਾ ਸਿਹਰਾ ਮਨੁੱਖ ਦੀ ਚੇਤੰਨਤਾ ਨੂੰ ਹੀ ਜਾਂਦਾ ਹੈ। ਪ੍ਰਕਿਰਤਕ ਜੀਵਾਂ ਨਾਲੋਂ ਆਪਣੀ ਹੋਂਦ ਵੱਖਰੀ ਦਰਸਾਉਣ ਤੇ ਮਨੁੱਖੀ ਜਾਮੇ ਵਿਚ ਪ੍ਰਵੇਸ਼ ਕਰਨ ਦੇ ਆਰੰਭ ਤੋਂ ਹੀ ਮਨੁੱਖ ਨੇ ਆਪਣੀ ਸੁਰੱਖਿਆ ਤੇ ਸਦੀਵਤਾ ਨੂੰ ਕਾਇਮ ਕਰਨ ਲਈ ਕਈ ਤਰ੍ਹਾਂ ਦੇ ਯਤਨ ਕੀਤੇ। ਪਰ ਜ਼ਿੰਦਗੀ ਦੀ ਥੋੜ੍ਹਚਿਰਤਾ ਤੇ ਅਸਾਰਤਾ ਦਾ ਅਹਿਸਾਸ ਮਨੁੱਖ ਨੂੰ ਹਮੇਸ਼ਾ ਭੈਭੀਤ ਕਰਦਾ ਰਿਹਾ ਹੈ। ਇਸ ਅਹਿਸਾਸ ਤੋਂ ਨਿਜਾਤ ਪਾਉਣ ਲਈ ਮਨੁੱਖ ਨੇ ਧਰਮ ਦੀ ਸਿਰਜਣਾ ਕੀਤੀ ਤੇ ਮੌਤ ਦੀ ਸੰਭਾਵਨਾ ਦਾ ਜ਼ੋਰਦਾਰ ਖੰਡਨ ਕੀਤਾ। ਮੌਤ ਦਾ ਡਰ ਜਾਂ ਜਮਾਂ ਦਾ ਤ੍ਰਾਸ ਕੇਵਲ ਸੰਸਕ੍ਰਿਤੀਮੂਲਕ ਵਿਅਕਤੀ ਦੀ ਸਮੱਸਿਆ ਨਹੀਂ ਸਗੋਂ ਪ੍ਰਕਿਰਤੀਮੂਲਕ ਪ੍ਰਾਣੀ ਦੀ ਸਮੱਸਿਆ ਵੀ ਹੈ ਕਿਉਂਕਿ ਸਰੀਰਕ ਹੋਂਦ ਦੇ ਨਾਸ਼ ਹੋ ਜਾਣ ਦਾ ਡਰ, ਪ੍ਰਾਣੀ ਮਾਤਰ ਦਾ ਮੁੱਖ ਮਾਨਸਿਕ ਸੰਕਟ ਹੈ। ਦਰਅਸਲ ਡਰ ਦੀ ਅਵਸਥਾ ਨੂੰ ਹਮੇਸ਼ਾ ਹਮੇਸ਼ਾ ਲਈ ਸਵੀਕਾਰ ਕਰ ਲੈਣਾ ਹੀ ਮਨੁੱਖ ਲਈ ਬੰਧਨ ਬਣ ਜਾਂਦਾ ਹੈ। ਬੰਧਨ ਹਮੇਸ਼ਾ ਇਕ ਨਿਸ਼ਚੇ ਜਾਂ ਡਰ ਦੀ ਅਣਹੋਂਦ ਵਿਚ ਹੀ ਜੁੜਿਆ ਹੈ। ਮਨੁੱਖ ਦੇ ਮਾਨਸਿਕ ਸੰਕਟ ਦੀ ਸੰਕਟਗ੍ਰਸਤ ਅਵਸਥਾ ਦਾ ਵਰਣਨ ਕਰਦਿਆਂ ਯੁੰਗ ਨੇ ਹੋਰ ਵਿਸਤਾਰ ਨਾਲ ਕਿਹਾ ਕਿ ਮਨੁੱਖ ਦਾ ਮਾਨਸਿਕ ਸੰਕਟ ਪ੍ਰਾਚੀਨ ਕਾਲ ਤੋਂ ਹੀ ਖ਼ਤਰੇ ਨਾਲ ਭਰਪੂਰ ਰਿਹਾ ਹੈ ਤੇ ਇਹ ਖ਼ਤਰਾ ਕਿਤੇ ਬਾਹਰੋਂ ਨਹੀਂ ਸਗੋਂ ਉਸ ਦੇ ਆਪਣੇ ਹੀ ਅੰਦਰ ਮਨ ਦਾ ਜੁੜਿਆ ਹੈ। ਯਾਨਿ ਮਨੁੱਖ ਹਮੇਸ਼ਾ ਹੀ ਜੀਵਨ ਦੀ ਛਿਣ-ਭੰਗਰਤਾ, ਇਸ ਦੀ ਸੁਰੱਖਿਅਤਾ ਤੇ ਸਥਿਰਤਾ ਦੇ ਪ੍ਰਸ਼ਨ ਨਾਲ ਜੂਝਦਾ ਰਿਹਾ ਹੈ। ਡਾ. ਅਤਰ ਸਿੰਘ ਦੇ ਵਿਚਾਰ ਅਨੁਸਾਰ ਮਨੁੱਖੀ ਹੋਂਦ ਦੀ ਮੂਲ ਸ਼ਕਤੀ ਦਾ ਆਧਾਰ ਮਨੁੱਖ ਦੀ ਸਵੈ-ਚੇਤਨਾ ਹੈ ... ਇਸ ਸਵੈ-ਚੇਤੰਨਤਾ ਦੇ ਪ੍ਰਕਾਸ਼ ਦੇ ਦੋ ਪੱਖ ਹਨ। ਇਕ ਤਾਂ ਮਨੁੱਖ ਦਾ ਆਪਣੇ ਆਤਮ ਅਤੇ ਅਨਾਤਮ ਜਗਤ ਵਿਚਾਲੇ ਅੰਤਰ ਤੋਂ ਚੇਤੰਨ ਹੋਣਾ ਤੇ ਦੂਜਾ ਇਸ ਅਨਾਤਮ ਜਗਤ ਨੂੰ ਆਪਣੇ ਧਿਆਨ ਤੇ ਅਮਲ ਦਾ ਵਿਸ਼ਾ ਬਣਾ ਕੇ ਇਸਨੂੰ ਆਪਣੀਆਂ ਲੋੜਾਂ ਅਨੁਸਾਰ ਤਬਦੀਲ ਕਰਨ ਲਈ ਕਿਰਿਆਸ਼ੀਲ ਹੋਣਾ। ਮਨੁੱਖ ਤੋਂ ਪਹਿਲਾਂ ਦੇ ਜੀਵਾਂ ਲਈ ਇਸ ਕਿਸਮ ਦੀ ਕੋਈ ਸਮੱਸਿਆ ਨਹੀਂ ਸੀ। ਉਨ੍ਹਾਂ ਦੀਆਂ ਜ਼ਰੂਰਤਾਂ ਬਹੁਤ ਸਾਧਾਰਣ ਕਿਸਮ ਦੀਆਂ ਸਨ। ਕੋਈ ਹੋਰ ਖ਼ਾਸ ਵਿਸ਼ੇਸ਼ਤਾ ਵੀ ਨਹੀਂ ਸੀ। ਪਰ ਮਨੁੱਖੀ ਹੋਂਦ ਦੀ ਮੁੱਖ ਸਮੱਸਿਆ ਆਪਣੇ ਆਪੇ ਨੂੰ ਜਤਲਾਉਣ ਦੀ ਹੈ ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਉਸ ਦੀ ਸਮੱਸਿਆ ਦਾ ਮੁੱਖ ਆਧਾਰ ਆਤਮਪੂਰਤੀ ਦੀ ਲੋੜ ਲਈ ਅਨਾਤਮ ਜਗਤ ਦੇ ਬੰਧਨਾਂ ਨਾਲ ਸੰਘਰਸ਼ ਕਰਨਾ ਹੈ। ਪਰ ਅਨਾਤਮ ਜਗਤ ਦੀਆਂ ਪ੍ਰਤੀਕੂਲ ਸ਼ਕਤੀਆਂ ਹਮੇਸ਼ਾ ਉਸ ਦਾ ਵਿਰੋਧ ਕਰਦੀਆਂ ਹਨ। ਸਿੱਟੇ ਵਜੋਂ ਮਨੁੱਖ ਦੀ ਆਸ ਨਿਰਾਸਤਾ

ਵਿਚ ਬਦਲ ਜਾਂਦੀ ਹੈ। ਮਨੁੱਖ ਸੰਕਟਗ੍ਰਸਤ ਹੋ ਜਾਂਦਾ ਹੈ।[23]

ਸਿੱਖ ਸਾਹਿਤ ਵਿਚ ਮਨੁੱਖ ਨੂੰ ਹਰ ਤਰ੍ਹਾਂ ਦੇ ਬੰਧਨਾਂ ਤੋਂ ਨਿਜਾਤ ਦੁਆ ਕੇ ਮੁਕਤ ਹੋਣ ਦਾ ਰਸਤਾ ਵਿਖਾਇਆ ਗਿਆ ਹੈ ਪਰ ਇਸਲਾਮੀ ਪਰੰਪਰਾ ਭਾਰਤੀ ਪਰੰਪਰਾ ਦੇ ਬਿਲਕੁਲ ਵਿਪਰੀਤ ਹੈ। ਇਸਲਾਮੀ ਚਿੰਤਕ ਮਨੁਖ ਦੀ ਕੇਂਦਰੀ ਸਥਿਤੀ ਨੂੰ ਦੁਖਾਂਤ ਦੇ ਰੂਪ ਵਿਚ ਵਿਚਾਰਦੇ ਹਨ। ਉਹ ਮਨੁਖ ਦੇ ਦੁਖੀ ਹੋਣ ਦਾ ਕਾਰਣ ਉਸ ਦੇ ਪੂਰਬਲੇ ਕਰਮਾਂ ਵਿਚੋਂ ਨਹੀਂ ਲੱਭਦੇ ਸਗੋਂ ਮਨੁੱਖ ਦੇ ਮਨੁੱਖ ਹੋਣ ਨੂੰ ਹੀ ਦੁਖ ਦਾ ਸਭ ਤੋਂ ਵੱਡਾ ਕਾਰਣ ਮੰਨਦੇ ਹਨ। ਬਾਬਾ ਫ਼ਰੀਦ ਇਸੇ ਵਿਚਾਰਧਾਰਾ ਦਾ ਧਾਰਨੀ ਹੋਣ ਕਰਕੇ ਆਪਣੀ ਸਥਿਤੀ ਨੂੰ ਅਤਿਅੰਤ ਨਿਰਾਸ਼ਾਮਈ ਰੂਪ ਵਿਚ ਚਿਤਰਦਾ ਹੈ। ਪੀਲੂ ਵੀ ਇਸੇ ਵਿਚਾਰਧਾਰਾ ਦਾ ਸਮਰਥਕ ਹੈ।

ਪੀਲੂ ਅਸਾਂ ਨਾਲੋਂ ਉਹ ਭਲੇ, ਜੋ ਜੰਮਦਿਆਂ ਮਰ ਗਏ
ਚਿਕੜ ਪੈਰ ਨਾ ਬੋੜਿਆ ਨਾ ਆਲੂਦ ਭਏ।

ਸਪਸ਼ਟ ਹੈ, ਮਨੁੱਖ ਦਾ ਮਨੁੱਖ ਹੋਣਾ ਹੀ ਸਰਾਪ ਹੈ ਕਿਉਂਕਿ ਜਦੋਂ ਕਦੀ ਵੀ ਮਨੁੱਖ ਆਪਣੀ ਇੱਛਾ ਅਨੁਸਾਰ ਆਤਮਪੂਰਤੀ ਦੇ ਰਾਹ ਤੇ ਤੁਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਕੋਈ ਅਣਹੋਣੀ ਉਸਦੇ ਰਾਹ ਵਿਚ ਰੁਕਾਵਟ ਬਣ ਜਾਂਦੀ ਹੈ। ਮਨੁੱਖੀ ਹੋਂਦ ਦਾ ਇਹ ਸੰਕਟ ਸਿੱਧੇ ਤੌਰ ਤੇ ਸੇਮਿਟਿਕ ਦਰਸ਼ਨ ਤੇ ਸਭਿਆਚਾਰ ਦੀ ਉਪਜ ਦੇ ਕਾਰਣਾਂ ਨਾਲ ਜੁੜਿਆ ਹੋਇਆ ਹੈ ਜਿਥੇ ਕਿ ਪ੍ਰਕਿਰਤੀ ਦੇ ਰੂਪ ਵਿਚ ਮਨੁੱਖ ਨੂੰ ਇਕ ਨਿਰਭਾਵ ਤੇ ਨਿਰਦੇਈ ਅਜਾਤਮ ਸ਼ਕਤੀ ਵਿਰੁੱਧ ਖੜਾ ਕਿਤਾ।[24]

ਆਤਮਪੂਰਤੀ ਲਈ ਸੁਤੰਤਰਤਾ ਦੀ ਪ੍ਰਬਲ ਇੱਛਾ ਤੇ ਭਰਪੂਰ ਆਤਮਸੰਤੁਸ਼ਟਤਾ ਦੀ ਤਲਾਸ਼ ਮਨੁੱਖ ਦੀਆਂ ਮੁੱਖ ਪ੍ਰਵਿਰਤੀਆਂ ਹਨ। ਇਨ੍ਹਾਂ ਦੀ ਪੂਰਤੀ ਲਈ ਮਨੁੱਖ ਨੂੰ ਅਦ੍ਰਿਸ਼ਟਮਾਨ ਸ਼ਕਤੀਆਂ ਨਾਲ ਟਾਕਰਾ ਕਰਨਾ ਪੈਂਦਾ ਹੈ। ਇਸ ਸੰਘਰਸ਼ ਵਿਚ ਕਿਉਂਕਿ ਅਨੇਕਾਂ ਖਤਰੇ ਜੁੜੇ ਹਨ ਇਸ ਲਈ ਮਨੁੱਖ ਸੰਕਟ ਦੀ ਪ੍ਰਕ੍ਰਿਆ ਵਿਚੋਂ ਗੁਜ਼ਰਦਾ ਹੈ। ਆਤਮਸੰਤੁਸ਼ਟਤਾ ਦੀ ਪਹਿਲੀ ਸ਼ਰਤ ਇਹੋ ਹੈ ਕਿ ਮਨੁੱਖ ਕਿਸੇ ਵੀ ਹਾਲਤ ਵਿਚ ਸਮਾਜਿਕ ਜਾਂ ਧਾਰਮਿਕ ਬੰਧਨਾਂ ਨਾਲ ਸਮਝੌਤਾ ਨਾ ਕਰੇ।

ਮੱਧਕਾਲੀਨ ਪੰਜਾਬ ਵਿਚ ਸਾਧਾਰਣ ਲੋਕ ਗੁਲਾਮੀ ਦਾ ਜੀਵਨ ਜੀ ਰਹੇ ਸਨ। ਇਕ ਤਾਂ ਵਿਦੇਸ਼ੀ ਹਕੂਮਤ, ਜਿਹੜੀ ਆਮ ਜਨਤਾ ਨੂੰ ਦੂਜੇ ਦਰਜੇ ਦੀ ਸ਼ਹਿਰੀ ਮੰਨਦੀ ਸੀ ਤੇ ਦੂਜਾ

ਜਾਗੀਰਦਾਰੀ ਰਾਜ-ਪ੍ਰਬੰਧ, ਜਿਥੇ ਆਮ ਮਨੁੱਖ ਦਾ ਸ਼ੋਸ਼ਣ ਹੋ ਰਿਹਾ ਸੀ ਅਜਿਹਾ ਸੰਪਰਦਾਇਕ ਰਾਜਪ੍ਰਬੰਧ ਸਾਧਾਰਣ ਜਨਤਾ ਲਈ ਬਿਲਕੁਲ ਓਪਰਾ ਤੇ ਬੇਗਾਨਾ ਸੀ। ਅਜਿਹੀ ਵਿਵਸਥਾ ਵਿਚ ਲੋਕਾਂ ਦਾ ਵਿਲੋਵਿਆ ਜਾਣਾ ਬੜਾ ਸਹਿਜ ਸੁਭਾਵਕ ਸੀ। ਹਾਕਮ ਰਾਜੇ, ਪਰਜਾ ਤੇ ਬੇਰੋਕ ਜ਼ੁਲਮ ਕਰ ਰਹੇ ਸਨ। ਗੁਰੂ ਨਾਨਕ ਨੇ ਅਜਿਹੇ ਸ਼ਾਸਕਾਂ ਦੇ ਖਿਲਾਫ਼ ਬੜੀ ਉਚੀ ਸੁਰ ਵਿਚ ਆਵਾਜ਼ ਉਠਾਈ। ਧਾਰਮਕ ਮੁੱਲਾਂ ਤੇ ਕਾਜ਼ੀਆਂ ਦੇ ਜੀਵਨ ਧਾਜ ਨੂੰ ਬੜੇ ਸਪਸ਼ਟ ਰੂਪ ਵਿਚ ਉਘਾੜਿਆ।

ਲਬੁ ਪਾਪੁ ਦੋਇ ਰਾਜਾ ਮਹਤਾ ਕੂੜੁ ਹੋਆ ਸਿਕਦਾਰ
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ।[25]

ਵਾਰਸ ਸ਼ਾਹ ਵੀ ਆਪਣੇ ਕਿੱਸੇ ਵਿਚ ਉਸ ਸਮੇਂ ਦੇ ਪਟਵਾਰੀਆਂ ਤੇ ਕਾਜ਼ੀਆਂ ਦੀ ਭ੍ਰਿਸ਼ਟਤਾ ਦਾ ਖੁੱਲ ਕੇ ਵਿਰੋਧ ਕਰਦਾ ਹੈ, ਇਥੋਂ ਤੱਕ ਕਿ ਆਪਣੇ ਮੁੱਖ ਪਾਤਰਾਂ ਦੀ ਹੋਣੀ ਦਾ ਜ਼ਿੰਮੇਵਾਰ ਵੀ ਉਨ੍ਹਾਂ ਨੂੰ ਹੀ ਠਹਿਰਾਉਂਦਾ ਹੈ। ਰਾਂਝਾ ਜੋ ਅਨਿਆਂ ਦਾ ਸ਼ਿਕਾਰ ਹੁੰਦਾ ਹੈ, ਤਾਂ ਇਸ ਦਾ ਜ਼ਿੰਮੇਵਾਰ ਉਹ ਰਾਜਪ੍ਰਬੰਧ ਹੈ ਜੋ ਦੌਲਤ ਦੇ ਲੋਭ ਵਿਚ ਵਿਕ ਚੁੱਕਾ ਸੀ। ਅਜਿਹੀ ਰਾਜਪ੍ਰਣਾਲੀ ਦੀ ਅਣਮਨੁੱਖੀ ਵਰਤੋਂ ਵੀ ਮਨੁੱਖੀ ਸੰਕਟ ਦਾ ਪ੍ਰਮੁੱਖ ਕਾਰਣ ਸਿੱਧ ਹੁੰਦੀ ਹੈ।

> ਜਦੋਂ ਸੰਸਥਾਪਨਾਵਾਂ ਅਤੇ ਸਥਾਪਤੀ ਮੂਲ ਮਨੁੱਖੀ ਅਰਥ ਦੇਣੋਂ ਬੰਦ ਕਰ ਦੇਣ ਉਦੋਂ ਜੋ ਸਮਾਜ-ਮਾਨਸਿਕ ਅਵਸਥਾ ਉਤਪੰਨ ਹੁੰਦੀ ਹੈ, ਉਸ ਨੂੰ ਅਰਥ ਗੁਆਵਟ ਦਾ ਨਾਮ ਦਿੱਤਾ ਜਾਂਦਾ ਹੈ। ਪੰਜਾਬੀ ਭਾਸ਼ਾ ਵਿਚ ਅਨਰਥ ਸ਼ਬਦ ਇਸ ਮੂਲ ਸੰਕਟ ਦੀ ਨਿਸ਼ਾਨਦੇਹੀ ਕਰਦਾ ਹੈ ... ਵਿਸ਼ੇਸ਼ ਤੌਰ ਤੇ ਉਸ ਅਵਸਥਾ ਵਿੱਚ ਜਿਥੇ ਸਥਾਪਨਾਵਾਂ ਅਰਥ ਦੀ ਸਥਾਪਤੀ ਦੇ ਵਿਰੁੱਧ ਅਨਰਥ ਦਾ ਮਾਧਿਅਮ ਬਣ ਜਾਣ। ਰਾਮਾਇਣ ਵਿਚ ਰਾਜਾ ਦਸ਼ਰਥ ਵਲੋਂ ਰਾਮ ਨੂੰ ਦਿੱਤਾ ਗਿਆ ਬਨਵਾਸ ਜਾਂ ਅੰਤ ਵਿਚ ਰਾਮ ਵਲੋਂ ਮਾਤਾ ਸੀਤਾ ਨੂੰ ਦਿੱਤਾ ਗਿਆ ਬਨਵਾਸ ਇਹ ਦੋਵੇਂ ਉਸ ਅਨਰਥ ਦਾ ਸੰਕੇਤ ਹਨ ਜਿਹੜਾ ਸਥਾਪਤੀ ਦੀ ਕਠੋਰਤਾ ਵਿਚੋਂ ਉਤਪੰਨ ਹੁੰਦਾ ਹੈ। ਮਰਿਆਦਾ ਪ੍ਰਕਰਤੀ ਦੀ ਦ੍ਰਿਸ਼ਟੀ ਤੋਂ ਤਾਂ ਇਸ ਨਾਲੋਂ ਉੱਤਮ ਮਿਸਾਲ ਸ਼ਾਇਦ ਕਾਇਮ ਨਾ ਹੋ ਸਕਦੀ ਹੋਵੇ ਪਰ ਆਸਤਿਤਵਕ ਦ੍ਰਿਸ਼ਟੀ

ਤੋਂ ਇਹ ਸਭ ਅਨਰਥ ਹੀ ਸਮਝਿਆ ਜਾਏਗਾ।[26]

ਜਦੋਂ ਰਾਜ ਪ੍ਰਬੰਧ ਦੇ ਕਾਰਜ-ਕਰਤਾ ਤੇ ਧਾਰਮਿਕ ਵਿਵਸਥਾ ਦੇ ਜ਼ਿੰਮੇਵਾਰ ਕਥਨੀ ਤੇ ਕਰਨੀ ਵਿਚ ਅੰਤਰ ਕਰਨ ਲੱਗ ਪੈ ਤਾਂ ਸੰਕਟ ਸੁਭਾਵਕ ਤੌਰ ਤੇ ਪੈਦਾ ਹੋਏਗਾ। ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਅਜਿਹੇ ਸੰਕਟ ਦਾ ਵਿਵਰਣ ਥਾਂ ਥਾਂ ਮਿਲਦਾ ਹੈ।

ਤੀਰਥ ਬਰਤ ਅਰੁ ਦਾਨ ਕਰਿ ਮਨਿ ਮੈ ਧਰੈ ਗੁਮਾਨੁ
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨ[27]

ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ
ਜੋਗ ਜਗ ਨਿਹਫਲ ਤਿਹ ਮਾਨਿਓ ਜੋ ਪ੍ਰਭ ਜਸੁ ਬਿਸਰਾਵੈ[28]

ਜਨਮੁ ਪਾਇ ਕਛੁ ਭਲੋ ਨ ਕੀਨੋ ਤਾ ਤੇ ਅਧਿਕ ਡਰਉ
ਮਨ ਬਚ ਕ੍ਰਮ ਹਰਿ ਗੁਨ ਨਹੀਂ ਗਾਏ ਯਹ ਜੀਅ ਸੋਚ ਧਰਉ
ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਉ ਪਸੁ ਜਿਉ ਉਦਰੁ ਭਰਉ
ਕਹੁ ਨਾਨਕ ਪ੍ਰਭ ਬਿਰਦੁ ਪਛਾਨਉ ਤਬ ਹਉ ਪਤਿਤ ਤਰਉ[29]

ਬੋਧ ਜੈਨ ਧਰਮਾਂ ਦੇ ਇਤਿਹਾਸ ਤੋਂ ਮਜ਼੍ਹਬ ਦੇ ਸੰਕਟ ਬਾਰੇ ਕੁਝ ਹੋਰ ਤੱਥਾਂ ਦਾ ਪਤਾ ਲੱਗਦਾ ਹੈ। ਧਰਮ ਦਾ ਸੰਬੰਧ ਮਾਨਵੀ ਕੀਮਤਾਂ ਨਾਲ ਹੈ, ਜਿਨ੍ਹਾਂ ਨੂੰ ਇਕ ਵਿਸ਼ੇਸ਼ ਕਾਰਜ-ਵਿਧੀ ਅਰਥਾਤ ਕਰਮਕਾਂਡ ਦੁਆਰਾ ਪ੍ਰਗਟ ਕੀਤਾ ਜਾਂਦਾ ਹੈ। ਸਮਾਂ ਪਾ ਕੇ ਇਹ ਕਰਮਕਾਂਡ ਧਰਮ ਤੇ ਹਾਵੀ ਹੋ ਜਾਂਦਾ ਹੈ ਤੇ ਮਾਨਵੀ ਕੀਮਤਾਂ ਨਾਲੋਂ ਬਿਲਕੁਲ ਟੁੱਟ ਜਾਂਦਾ ਹੈ। ਇਹ ਖੋਖਲਾ ਕਰਮਕਾਂਡ ਮਾਨਵੀ ਜੀਵਨ ਵਿਚ ਸਿੱਥਲਤਾ ਪੈਦਾ ਕਰ ਦਿੰਦਾ ਹੈ। ਧਰਮ ਵਿਚਲੀ ਦਿਬਤਾ ਮਰ ਜਾਂਦੀ ਹੈ ਅਰਥਾਤ ਸਿਰਜਣਾਤਮਿਕ ਮੌਲਿਕਤਾ ਖ਼ਤਮ ਹੋ ਜਾਂਦੀ ਹੈ। ਧਰਮ ਆਪਣੇ ਅਸਲੀ ਮੰਤਵ ਤੋਂ ਟੁੱਟਕੇ ਕੇਵਲ ਇਕ ਦਿਖਾਵਾ ਮਾਤਰ ਬਣ ਕੇ ਰਹਿ ਜਾਂਦਾ ਹੈ। ਅਜਿਹਾ ਅਵਸਰ

ਓਦੋਂ ਹੁੰਦਾ ਹੈ ਜਦੋਂ ਧਰਮ ਦੇ ਬਾਹਰੀ ਰੂਪ ਤੇ ਅੰਤਰੀਵ ਵਸਤ ਦੀ ਆਪਸ ਵਿਚ ਵਿਛੁੰਨਤਾ ਹੋ ਜਾਂਦੀ ਹੈ। ਇਸ ਤਰ੍ਹਾਂ ਮਾਨਵੀ ਵਿਅਕਤਿਤਵ, ਸੰਗਠਨ ਦੀ ਬਜਾਏ ਵਿਘਟਨ ਵੱਲ ਰੁਚਿਤ ਹੋ ਜਾਂਦਾ ਹੈ। ਇਹ ਸਾਰੀ ਅਵਸਥਾ ਮਨੁੱਖ ਲਈ ਸੰਕਟਮਈ ਬਣ ਜਾਂਦੀ ਹੈ।

ਗੁਰਬਾਣੀ ਵਿਚ ਅਜਿਹੇ ਥੋਥੇ ਕਰਮਕਾਂਡ ਦਾ ਜ਼ਿਕਰ ਮਿਲਦਾ ਹੈ ਜਦੋਂ ਧਰਮ ਆਪਣੀ ਮੰਜ਼ਿਲ ਤੋਂ ਟੁੱਟਕੇ ਮਾਨਵੀ ਸੀਮਤਾਂ ਤੋਂ ਵਿਹੂਣਾ ਹੋ ਗਿਆ ਹੈ। ਧਾਰਮਕ ਆਗੂ ਠੱਗ ਬਣ ਚੁਕੇ ਹਨ। ਨਿਆਂ ਕਰਨ ਵਾਲਾ ਕਾਜ਼ੀ ਕੂੜ ਬੋਲ ਕੇ ਮੁਰਦਾਰ ਖਾ ਰਿਹਾ ਹੈ। ਜੋਗੀ ਵੀ ਜ਼ਿੰਦਗੀ ਦੀ ਅਸਲੀਅਤ ਨੂੰ ਭੁੱਲ ਕੇ ਪਾਪ ਕਰਨ ਵਿਚ ਰੁੱਝੇ ਹੋਏ ਹਨ। ਉਸ ਵੇਲੇ ਦੇ ਸਾਰੇ ਧਾਰਮਕ ਮੱਤ ਇਸਲਾਮ, ਬ੍ਰਾਹਮਣਵਾਦ ਤੇ ਜੋਗ ਪੰਥ ਉਜਾੜੇ ਦੇ ਚਿੰਨ੍ਹ ਬਣ ਚੁਕੇ ਸਨ। ਇਹ ਸਾਰੀ ਅਵਸਥਾ ਮਨੁੱਖ ਲਈ ਤ੍ਰਾਸਦਮਈ ਹੈ, ਜਦੋਂ ਜੀਵਨ ਸੇਧ ਦੇਣ ਵਾਲਾ ਕੋਈ ਆਗੂ ਨਾ ਹੋਵੇ, ਤਾਂ ਮਨੁੱਖ ਬੇਗਾਨਗੀ ਦੇ ਅਹਿਸਾਸ ਨੂੰ ਅਨੁਭਵ ਕਰਦਾ ਹੈ:

ਨਾਨਕ ਦੁਨੀਆ ਕੈਸੀ ਹੋਈ, ਸਾਲਕੁ ਮਿਤੁ ਨ ਰਹਿਓ ਕੋਈ।[30]

ਜਦੋਂ ਬਾਹਰੀ ਪਹਿਰਾਵਾ ਧਰਮ ਦੇ ਅੰਤਰਿਕ ਅਰਥਾਂ ਨਾਲੋਂ ਟੁੱਟਕੇ ਪਾਖੰਡ ਦਾ ਰੂਪ ਧਾਰਦਾ ਹੈ ਤਾਂ ਇਹ ਸਿਰਫ਼ ਤਨ ਢਕਣ ਦਾ ਇਕ ਸਾਧਨ ਬਣ ਕੇ ਰਹਿ ਜਾਂਦਾ ਹੈ। ਇਸ ਸੰਦਰਭ ਵਿਚ ਗੁਰਮੱਤ ਵਰਤ ਦੀ ਹਿੰਦੂ ਰਾਜ ਸ਼੍ਰੇਣੀ ਦੇ ਅੰਤਰਿਕ ਖੋਟੇਪਣ ਦਾ ਜ਼ਿਕਰ ਕਰਦੀ ਹੈ। ਧਰਮ ਆਪਣੀ ਧਾਰਮਿਕਤਾ ਤੋਂ ਵਿਹੂਣਾ ਹੋ ਚੁੱਕਾ ਹੈ। ਜਿਵੇਂ:

ਮਥੈ ਟਿਕਾ ਤੇੜਿ ਧੋਤੀ ਕਖਾਈ, ਹਥਿ ਛੁਰੀ ਜਗਤ ਕਾਸਾਈ
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ, ਮਲੇਛ ਧਾਨੁ ਲੇ ਪੂਜਹਿ ਪੁਰਾਣੁ
ਕਹੁ ਨਾਨਕ ਸਚੁ ਧਿਆਈਐ, ਸੁਚਿ ਹੋਵੈ ਤਾ ਸਚੁ ਪਾਈਐ[31]

ਧਾਰਮਿਕ ਆਗੂ ਅੰਤਰਿਕ ਤੌਰ ਤੇ ਖੋਖਲੇ ਹੋ ਚੁੱਕੇ ਸਨ। ਡਾ. ਅਤਰ ਸਿੰਘ ਦੇ ਕਥਨ ਅਨੁਸਾਰ ਇਹੋ ਜਿਹੇ ਨਿਰਜਿੰਦ ਰੂਪਵਾਦ ਨੇ ਮਨੁੱਖ ਤੇ ਮਨੁੱਖੀ ਹਕੀਕਤ ਦਾ ਪਤਨ ਕੀਤਾ ਅਤੇ ਹਿੰਦੂ ਜਾਤੀਵਾਦੇ ਨੂੰ ਆਪਣੇ ਹੀ ਸਹਿਧਰਮੀਆਂ ਪ੍ਰਤੀ ਜਬਰ ਦਾ ਕਾਰਨ ਬਣਾਇਆ ਤੇ ਇਹ ਜਾਤੀਵਾਦ ਉਨ੍ਹਾਂ ਤੇ ਦਮਨ ਚੱਕਰ ਚਲਾਉਣ ਲਈ ਬਦੇਸ਼ੀ ਸ਼ਾਸਕਾਂ ਦਾ ਹੱਥ ਠੋਕਾ ਬਣ ਨਿਕਲਿਆ।

ਸੋ ਉਪਰੋਕਤ ਚਰਚਾ ਤੋਂ ਇਹ ਸਿੱਧ ਹੁੰਦਾ ਹੈ ਕਿ ਧਰਮ ਦਾ ਮੂਲ ਮਨੋਰਥ ਮਨੁੱਖੀ ਵਿਅਕਤਿਤਵ ਦਾ ਸੰਗਠਨ ਹੈ। ਇਸ ਦੀ ਪੂਰਤੀ ਮਾਨਵੀ ਚੇਤਨਾ ਤੇ ਮਨੁੱਖੀ ਕੀਮਤਾਂ ਦੀ ਬਰਕਰਾਰੀ ਦੁਆਰਾ ਹੀ ਸੰਭਵ ਹੈ। ਪਰ ਜਦੋਂ ਮਾਨਵੀ ਕੀਮਤਾਂ ਬਾਹਰਲੇ ਰੂਪ ਤੱਕ ਹੀ ਸੀਮਿਤ ਹੋ ਕੇ ਰਹਿ ਜਾਂਦੀਆਂ ਹਨ ਤਾਂ ਮਨੁੱਖ ਦੁਬਿਧਾ ਦਾ ਸ਼ਿਕਾਰ ਹੋ ਕੇ ਸੰਕਟਗ੍ਰਸਤ ਹੋ ਜਾਂਦਾ ਹੈ। ਸਿੱਖ ਧਰਮ ਵਿਚ ਇਹ ਸੰਕਟ ਸੰਵੇਦਨਸ਼ੀਲਤਾ ਦਾ ਹੈ। ਗੁਰੂ ਤੇਗ਼ ਬਹਾਦਰ ਕਹਿੰਦੇ ਹਨ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ।[33]

ਭੈ ਨਾ ਮੰਨਣ ਦੀ ਸੂਰਤ ਵਿਚ ਸੰਕਟ ਮੌਜੂਦ ਹੈ। ਜੇ ਮਨੁੱਖ ਨੇ ਡਰਕੇ ਅਧੀਨਗੀ ਦਾ ਜੀਵਨ ਸਵੀਕਾਰ ਕਰ ਲਿਆ, ਤਾਂ ਸੰਕਟ ਕਿਸ ਗੱਲ ਦਾ? ਫੇਰ ਤਾਂ ਮਨੁੱਖ ਆਤਮਿਕ ਤੌਰ ਤੇ ਮਰ ਜਾਏਗਾ ਤੇ ਉਸਦੀ ਮਾਨਵਤਾ ਖ਼ਤਮ ਹੋ ਜਾਏਗੀ। ਜਿਹੜਾ ਮਨੁੱਖ ਆਪਣੀ ਗਰਜ਼ ਦੀ ਪੂਰਤੀ ਹਿਤ ਹਰ ਇਕ ਦੀ ਖ਼ੁਸ਼ਾਮਦ ਕਰਦਾ ਹੈ, ਉਹ ਤਾਂ ਕੂੜੇ ਸਮਾਨ ਹੈ। ਅਜਿਹੇ ਜੀਵ ਲਈ ਕੋਈ ਸੰਕਟ ਨਹੀਂ। ਸੰਕਟ ਤਾਂ ਉਸ ਮਨੁੱਖ ਲਈ ਉਤਪੰਨ ਹੋਵੇਗਾ, ਜਿਸਨੇ ਭਲੇ ਬੁਰੇ ਦੀ ਪਛਾਣ ਕਰਕੇ ਨੇਕੀ ਦੇ ਮਾਰਗ ਤੇ ਚਲਦਿਆਂ ਹੋਇਆਂ ਆਉਣ ਵਾਲੀ ਹਰ ਮੁਸੀਬਤ ਨੂੰ ਖਿੜੇ ਮੱਥੇ ਝੱਲਣਾ ਹੈ। ਸਿੱਖ ਗੁਰੂਆਂ ਨੇ ਬੜੀ ਗੰਭੀਰਤਾ ਨਾਲ ਮਨੁੱਖ, ਸਮਾਜ ਤੇ ਉਸਦੇ ਆਲੇ ਦੁਆਲੇ ਦੀਆਂ ਸੰਸਾਰਕ ਸਮੱਸਿਆਵਾਂ ਨੂੰ ਬੜੀ ਸ਼ਿੱਦਤ ਨਾਲ ਪ੍ਰਤੀਬਿੰਬਤ ਕੀਤਾ ਹੈ। ਜਿਵੇਂ ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ ਦਾ ਸੰਕਟ ਵੀ ਇਸੇ ਭਾਵਨਾ ਨਾਲ ਜੁੜਿਆ ਹੋਇਆ ਹੈ। ਜੇ ਉਹ ਔਰੰਗਜ਼ੇਬ ਦੇ ਤਸੀਹਿਆਂ ਤੋਂ ਡਰਦੇ ਮੁਸਲਮਾਨੀ ਧਰਮ ਸਵੀਕਾਰ ਕਰ ਲੈਂਦੇ ਤਾਂ ਉਹ ਸ਼ਹਾਦਤ ਤੋਂ ਬਚ ਸਕਦੇ ਸਨ। ਪਰ ਸਾਧਾਰਣ ਮਨੁੱਖਾਂ ਦੀ ਤਰ੍ਹਾਂ ਉਹ ਮਰਿਆਦਾ ਦੇ ਰਾਹ ਤੇ ਨਹੀਂ ਚੱਲੇ ਸਗੋਂ ਉਨ੍ਹਾਂ ਨੇ ਇਕ ਵੱਖਰੀ ਮਰਿਆਦਾ ਸਥਾਪਤ ਕੀਤੀ। ਮਾਨਵਤਾ ਨੂੰ ਬਚਾਉਣ ਖ਼ਾਤਰ ਉਨ੍ਹਾਂ ਨੂੰ ਇਸ ਸੰਕਟ ਵਿਚੋਂ ਗੁਜ਼ਰਨਾ ਪਿਆ।

ਮਨੁੱਖ ਦੀ ਹਉਮੈਂ ਉਸ ਦੇ ਅੰਦਰੂਨੀ ਆਪੇ ਨੂੰ ਜਾਗ੍ਰਿਤ ਨਹੀਂ ਹੋਣ ਦਿੰਦੀ, ਜਿਸ ਕਾਰਨ ਮਨੁੱਖ ਹਮੇਸ਼ਾ ਦੁਬਿਧਾ ਵਿਚ ਫਸਿਆ ਰਹਿੰਦਾ ਹੈ। ਇਹ ਦੁਬਿਧਾ ਉਸ ਨੂੰ ਸਥਿਰਤਾ ਤੇ ਪਰਿਵਰਤਨਸ਼ੀਲਤਾ ਵਿਚ ਅੰਤਰ ਨਹੀਂ ਦਰਸਾ ਸਕਦੀ। ਮਨੁੱਖ ਇਸ ਭਿੰਨਭੰਗਰ ਸੰਸਾਰ ਨੂੰ ਸਦੀਵੀ ਸਮਝ ਲੈਂਦਾ ਹੈ। ਆਪਣੇ ਸਾਹਮਣੇ ਹਰ ਪਲ ਹੁੰਦੀਆਂ ਮੌਤਾਂ ਨੂੰ ਦੇਖਣ ਦੇ ਬਾਵਜੂਦ ਵੀ ਆਪਣੀ ਹੋਂਦ ਨੂੰ ਸਥਿਰ ਸਮਝਦਾ ਹੈ। ਇਹ ਮਨੁੱਖ ਦੇ ਅਸਤਿਤਵ ਦਾ ਬੜਾ ਵੱਡਾ ਸੰਕਟ ਹੈ

ਕਿਉਂਕਿ ਮਨੁੱਖ ਆਪਣੇ ਮੂਲ ਹਕੀਕਤ ਤੋਂ ਹੀ ਅਗਿਆਨੀ ਹੈ। ਆਪਣੇ ਆਪੇ ਦੀ ਖੋਜ ਵੱਲ ਰੁਚਿਤ ਹੀ ਨਹੀਂ ਹੁੰਦਾ। ਬਾਹਰੀ ਆਡੰਬਰਾਂ ਵਿਚ ਰੁੱਝੇ ਰਹਿਣ ਕਾਰਣ ਅੰਦਰੂਨੀ ਸੱਚ ਨੂੰ ਪਛਾਨਣ ਦੀ ਕੋਸ਼ਿਸ਼ ਨਹੀਂ ਕਰਦਾ। ਜੋ ਅਸਥਿਰ ਤੇ ਅਵਾਸਤਵਿਕ ਹੈ, ਉਸ ਨੂੰ ਸਥਿਰ ਤੇ ਵਾਸਤਵਿਕ ਸਮਝ ਕੇ ਨਿਰਾਰਥਕ ਜ਼ਿੰਦਗੀ ਜੀਊਂਦਾ ਹੈ। ਇਸੇ ਕਾਰਨ ਹਰ ਵੇਲੇ ਵਿਛੁੰਨਤਾ ਦੀ ਦਸ਼ਾ ਵਿਚ ਵਿਚਰਦਾ ਹੈ। ਅਗਿਆਨਤਾ ਵੱਸ ਮਨੁੱਖ ਨਾਸ਼ਵਾਨ ਵਸਤਾਂ ਨੂੰ ਸਦੀਵੀ ਸਮਝ ਕੇ ਉਨ੍ਹਾਂ ਦੇ ਮੋਹ ਵਿਚ ਖਚਿਤ ਹੋ ਜਾਂਦਾ ਹੈ। ਬਾਹਰਮੁਖੀ ਕੋਸ਼ਿਸ਼ ਦੀ ਪਹੁੰਚ ਕੇਵਲ ਮਾਇਕ ਜਗਤ ਤੱਕ ਸੀਮਿਤ ਹੈ। ਮਨੁੱਖ ਕਾਮਾਦਿਕ ਵਿਕਾਰਾਂ ਦਾ ਦਾਸ ਬਣ ਕੇ ਰਹਿ ਜਾਂਦਾ ਹੈ। ਨੈਤਿਕ ਗਿਰਾਵਟ ਵਿਅਕਤੀ ਨੂੰ ਆਪਣੀ ਮੂਲ ਪ੍ਰਕਿਰਤੀ ਤੋਂ ਤੋੜਦੀ ਹੈ। ਸਿੱਟੇ ਵਜੋਂ ਮਨੁੱਖੀ ਸ਼ਖ਼ਸੀਅਤ ਦਾ ਵਿਘਟਨ ਹੁੰਦਾ ਹੈ। ਇਹ ਵਿਘਟਨ ਦੀ ਪ੍ਰਕ੍ਰਿਆ ਸੰਕਟ ਦਾ ਆਧਾਰ ਬਣਦੀ ਹੈ। ਪਰ ਮਨੁੱਖ ਦੀ ਆਪਣੀ ਹੋਂਦ ਸੰਬੰਧੀ ਸਥਿਤੀ ਵੀ ਉਸ ਲਈ ਇਕ ਵੰਗਾਰ ਹੈ। ਮਨੁੱਖ ਦੀ ਸੀਮਿਤ ਹੋਂਦ, ਥੋੜ੍ਹਚਿਰਾ ਜੀਵਨ ਉਸ ਲਈ ਇਕ ਚਿੰਤਾ ਬਣ ਜਾਂਦਾ ਹੈ। ਇਸ ਤੋਂ ਬਿਨਾਂ ਮਨੁੱਖ ਦੇ ਆਪਣੀ ਹੋਂਦ ਸੰਬੰਧੀ, ਕਈ ਤਰ੍ਹਾਂ ਦੇ ਦੁਬਿਧੇ ਉਸ ਦੇ ਸੰਕਟ ਦਾ ਕਾਰਣ ਬਣਦੇ ਹਨ। ਸਰੀਰਕ ਦੁੱਖਾਂ ਕਾਰਣ ਮਨੁੱਖ ਬੇਚੈਨ ਰਹਿੰਦਾ ਹੈ। ਗੁਰਮਤਿ ਪਰੰਪਰਾ ਮਨੁੱਖ ਦੀ ਹੋਂਦ ਸੰਬੰਧੀ ਦੁਬਿਧਾਵਾਂ ਵੱਲ ਧਿਆਨ ਦੁਆਉਂਦੀ ਹੈ।

ਕਾਚੀ ਗਾਗਰਿ ਦੇਹ ਦੁਹੇਲੀ ਉਪਜੈ ਬਿਨਸੈ ਦੁਖੁ ਪਾਈ
ਇਹੁ ਜਗੁ ਸਾਗਰੁ ਦੁਤਰੁ ਕਿਉ ਤਰੀਐ, ਬਿਨੁ ਹਰਿਗੁਰ ਪਾਰਿ ਨ ਪਾਈ।[34]

ਸਰੀਰ ਦੁੱਖਾਂ ਨਾਲ ਭਰੀ ਗਾਗਰ ਵਰਗਾ ਹੈ ਜਿਸ ਦਾ ਉਪਜਣ ਬਿਨਸਣ ਵਾਲੇ ਭਉਸਾਗਰ ਨੂੰ ਪਾਰ ਕਰਨਾ ਔਖਾ ਹੈ। ਮਾਇਕ ਪ੍ਰਾਪਤੀਆਂ ਮੂਲ ਸੋਮੇ ਨਾਲ ਇਕ ਸੁਰ ਹੋਣ ਵਿਚ ਵੱਡੀ ਰੁਕਾਵਟ ਹਨ। ਮਨੁੱਖ ਲਾਲਚ ਵਿਚ ਫਸਕੇ ਬੇਚੈਨੀ ਤੇ ਦੁਬਿਧਾ ਦਾ ਸ਼ਿਕਾਰ ਹੋ ਜਾਂਦਾ ਹੈ। ਦਰਅਸਲ ਬਾਹਰੀ ਕਰਮਕਾਂਡ ਦੀ ਨਿਰਾਰਥਕਤਾ ਅੰਦਰਲੇ ਸੱਚ ਨਾਲ ਇਕਸੁਰ ਨਹੀਂ ਹੋਣ ਦਿੰਦੀ। ਇਹ ਸਮਾਜ ਸੰਸਾਰਕ ਸ਼ਕਤੀਆਂ ਅਤੇ ਕਰਮਕਾਂਡ ਮਨੁੱਖ ਦੇ ਬੰਧਨ ਦਾ ਮੂਲ ਕਾਰਣ ਹਨ।

ਮਨੁੱਖ ਦਾ ਕੇਂਦਰੀ ਸੰਕਟ ਮਨੁੱਖ ਤੋਂ ਦੇਵਤਾ ਬਣਨ ਦੇ ਸਫ਼ਰ ਵਿਚ ਮੌਜੂਦ ਹੈ। ਮਾਨਸ ਮਨੁੱਖ ਦੀ ਸਾਧਾਰਣ ਅਵਸਥਾ ਹੈ। ਇਸ ਦਸ਼ਾ ਵਿਚ ਮਨੁੱਖ ਦੁਨਿਆਵੀ ਰਸਾਂ ਕਸਾਂ

ਵਿਚ ਗ਼ਲਤਾਨ ਰਹਿੰਦਾ ਹੈ। ਮਨੁੱਖ ਪਾਸ਼ਵਿਕ ਪੱਧਰ ਤੇ ਜੀਂਦਾ ਹੋਇਆ ਹਰ ਕੁਕਰਮ ਕਰਦਾ ਹੈ ਤੇ ਦੈਵੀ ਸੰਭਾਵਨਾ ਤੋਂ ਹੀਣਾ ਰਹਿੰਦਾ ਹੈ। ਮਨੁੱਖੀ ਦੇਹ ਵਿਚ ਅਧਿਆਤਮਕ ਸੰਭਾਵਨਾ ਤੇ ਭੌਤਿਕ ਵਾਸਤਵਿਕਤਾ ਦੋਨਾਂ ਦੇ ਤੱਤ ਮੌਜੂਦ ਹਨ। ਅਧਿਆਤਮਕ ਸੰਭਾਵਨਾ, ਸਦੀਵਤਾ ਤੇ ਭੌਤਿਕ ਵਾਸਤਵਿਕਤਾ, ਸੀਮਿਤਤਾ ਦੀ ਪ੍ਰਤੀਕ ਹੈ। ਮਨੁੱਖ ਇਸ ਭੌਤਿਕਵਾਦੀ ਜਗਤ ਨੂੰ ਸਦੀਵੀ ਸਮਝਕੇ ਸੀਮਿਤ ਹੱਦਾਂ ਦੇ ਦਾਇਰੇ ਵਿਚ ਹੀ ਜਕੜ ਕੇ ਰਹਿ ਜਾਂਦਾ ਹੈ। ਸੀਮਿਤਤਾ ਦੀ ਕੈਦ ਵਿਚੋਂ ਨਿਕਲਣ ਲਈ ਦੈਵੀਕਰਣ ਦੀ ਪ੍ਰਕ੍ਰਿਆ ਸਹਾਈ ਹੁੰਦੀ ਹੈ। ਦੈਵੀਕਰਣ ਦੀ ਪ੍ਰਕ੍ਰਿਆ ਮਨੁੱਖ ਦੀ ਵਿਕ੍ਰਿਤ ਪ੍ਰਕਿਰਤੀ ਦੇ ਉਸ ਪਰਿਵਰਤਨ ਨਾਲ ਸੰਬੰਧਿਤ ਹੈ ਜੋ ਮਨੁੱਖ ਨੂੰ ਆਤਮਿਕ ਤੌਰ ਤੇ ਗਿਰਾਵਟ ਵੱਲ ਲਿਜਾਂਦੀ ਹੈ, ਉਸ ਅੰਦਰ ਆਤਮਿਕ ਵਿਘਟਨ ਪੈਦਾ ਕਰਦੀ ਹੈ। ਮਨੁੱਖ ਮਾਇਆ ਦੇ ਤੰਗ ਦਾਇਰੇ ਵਿਚ ਸੁੰਗੜ ਕੇ ਰਹਿ ਜਾਂਦਾ ਹੈ। ਮਨੁੱਖ ਤੋਂ ਦੇਵਤਾ ਬਨਣ ਦੀ ਪ੍ਰਕ੍ਰਿਆ ਵਿਚ ਸੰਸਾਰਕ ਮੋਹ, ਹਉਮੈਂ, ਪ੍ਰਦਰਸ਼ਨੀ ਆਦਿ ਭਾਵਾਂ ਤੋਂ ਪਾਰਗਾਮੀ ਹੋਣਾ ਜ਼ਰੂਰੀ ਹੈ। ਮਨ ਤੇ ਸਰੀਰਕ ਇੰਦਰੀਆਂ ਨੂੰ ਕਾਬੂ ਕਰਕੇ ਉਸ ਹਸਤੀ ਨਾਲ ਇਕਸੁਰ ਹੋਣਾ ਜ਼ਰੂਰੀ ਹੈ ਤਾਂ ਹੀ ਆਤਮਿਕ ਵਸਲ ਦੀ ਪ੍ਰਾਪਤੀ ਸੰਭਵ ਹੈ।

ਮਨੁੱਖ ਦੀ ਦੋਹਰੀ ਪ੍ਰਕਿਰਤੀ ਅਰਥਾਤ ਮਾਦੇ ਅਤੇ ਆਤਮਾਂ ਦੇ ਸੁਮੇਲ ਕਾਰਣ ਉਹ ਹਮੇਸ਼ਾ ਤਣਾਓ ਦੀ ਅਵਸਥਾ ਵਿਚ ਰਹਿੰਦਾ ਹੈ। ਪਦਾਰਥਕ ਗੁਣਾਂ ਕਾਰਣ ਮਨੁੱਖ ਦੀ ਸੋਚ ਦਾ ਦਾਇਰਾ ਸਰੀਰਕ ਲੋੜਾਂ ਤੱਕ ਸੀਮਿਤ ਰਹਿੰਦਾ ਹੈ। ਆਤਮਿਕ ਗੁਣਾਂ ਕਾਰਣ ਉਹ ਸਰੀਰਕ ਸੀਮਾਂ ਤੋਂ ਉਚਿਆਂ ਉਡਣਾ ਚਾਹੁੰਦਾ ਹੈ। ਇਹੋ ਦੁਬਿਧਾ ਮਨੁੱਖ ਦੇ ਭਾਵੁਕ ਸੰਕਟ ਦਾ ਕਾਰਣ ਬਣ ਜਾਂਦੀ ਹੈ। ਅਜਿਹੇ ਮਨੁੱਖ ਦੀ ਤੁਲਨਾ ਉਸ ਇਸਤਰੀ ਨਾਲ ਕੀਤੀ ਜਾਂਦੀ ਹੈ, ਜੋ ਪਤੀ ਨੂੰ ਮਾਨਣ ਦਾ ਚਾਓ ਵੀ ਰੱਖਦੀ ਹੈ ਪਰ ਆਪਣੇ ਪੇਕੜਾ ਵੀ ਨਹੀਂ ਛੱਡ ਸਕਦੀ।

> ਆਸ ਪਿਆਸੀ ਸੇਜੈ ਆਵਾਂ
> ਆਗੈ ਸਹਿ ਭਾਵਾਂ ਕਿ ਨ ਭਾਵਾਂ।[35]

ਹਉਮੈਂ ਤੇ ਮਾਇਕ ਦ੍ਰਿਸ਼ਟੀ ਮਨੁੱਖ ਤੇ ਰੱਬ ਵਿਚਕਾਰ ਵਿਜੋਗ ਦੇ ਕਾਰਣ ਹਨ। ਇਹ ਵਿਜੋਗ ਦੀ ਅਵਸਥਾ ਸੰਜੋਗ ਵਿਚ ਤਬਦੀਲ ਹੋ ਸਕਦੀ ਹੈ ਜੇ ਮਨੁੱਖ ਆਪਣੇ ਆਪੇ ਦੀ ਸਹੀ ਪਛਾਣ ਕਰ ਸਕਣ ਦੇ ਯੋਗ ਹੋ ਜਾਵੇ। ਰੱਬ ਤੇ ਵਿਅਕਤੀ ਵਿਚਲੀ ਦੂਰੀ ਮਿਟ ਸਕਦੀ ਹੈ। ਮਨੁੱਖ ਵਿਜੋਗ ਦਾ ਦੁੱਖ ਸਹਿਣ ਤੋਂ ਬਚ ਸਕਦਾ ਹੈ ਕਿਉਂਕਿ ਰੱਬ ਵਾਸਤਵ ਵਿਚ ਕਿਧਰੇ ਬਾਹਰ

ਨਹੀਂ ਹਰ ਮਨੁੱਖ ਦੇ ਦਿਲ ਵਿਚ ਹੈ ਪਰ ਇਹ ਕੋਲ ਅਗਿਆਨੀ ਵਿਅਕਤੀ ਦੀ ਸਮਝ ਤੋਂ ਬਾਹਰ ਹੈ। ਸਹਿਜ ਦੀ ਅਵਸਥਾ ਰੱਬ ਦੇ ਹੁਕਮ ਪਛਾਨਣ ਦੀ ਅਵਸਥਾ ਹੈ। ਇਸ ਦਸ਼ਾ ਵਿਚ ਹਉਮੈ ਭਾਵ ਮਿਟ ਜਾਂਦਾ ਹੈ। ਮਾਇਕ ਹਸਤੀ, ਆਤਮਿਕ ਹਸਤੀ ਵਿਚ ਤਬਦੀਲ ਹੋ ਜਾਂਦੀ ਹੈ ਪਰ ਵਿਯੋਗ ਦੀ ਅਵਸਥਾ ਮਨੁੱਖ ਲਈ ਇਕ ਸੰਕਟ ਬਣ ਕੇ ਰਹਿ ਜਾਂਦੀ ਹੈ ਕਿਉਂਕਿ ਮਨੁਖ ਸਦੀਵਕ ਮੇਲ ਤੋਂ ਵਾਂਝਾ ਨਹੀਂ ਹੋ ਸਕਦਾ।

'ਬੰਧਨ' ਸ਼ਬਦ ਮਾਨਸਿਕ ਦਸ਼ਾ ਦਾ ਸੂਚਕ ਹੈ। ਬੰਧਨ ਯੁਕਤ ਅਵਸਥਾ ਚੇਤਨਾ ਰਹਿਤ ਅਵਸਥਾ ਹੈ। ਇਸ ਦਾ ਤੇਜ ਅਧਾਰ ਮਨੁੱਖ ਦਾ ਸੰਕਟ ਹੈ। ਮਨ ਦੀ ਚੋਣ ਨਾਲ ਇਛਾਵਾਂ ਪੈਦਾ ਹੁੰਦੀਆਂ ਹਨ। ਮਨੁੱਖ ਹੌਲੀ ਹੌਲੀ ਇਨ੍ਹਾਂ ਇਛਾਵਾਂ ਦਾ ਗੁਲਾਮ ਬਣ ਜਾਂਦਾ ਹੈ। ਇਹ ਇਛਾਵਾਂ ਮਨੁਖ ਲਈ ਬੰਧਨ ਬਣ ਜਾਂਦੀਆਂ ਹਨ। ਇਸ ਲਈ ਮਨ ਦੀ ਜਿੱਤ ਦੁਆਰਾ ਹੀ ਬੰਧਨ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਮਨੁੱਖ ਆਪਣੀ ਨਾਸ਼ਵਾਨ ਪ੍ਰਕਿਰਤੀ ਨੂੰ ਭੁੱਲਕੇ ਸੰਸਾਰਕ ਬੰਧਨਾਂ ਵਿਚ ਫਸਿਆ ਰਹਿੰਦਾ ਹੈ। ਇਹ ਬੰਧਨ ਮਨੁੱਖ ਨੂੰ ਮਾਨਸਿਕ ਤੌਰ ਤੇ ਬੇਚੈਨ ਕਰੀ ਰਖਦੇ ਹਨ। ਮਾਇਆ ਦੇ ਭੋਗਾਂ ਵਿਚ ਗ੍ਰਸਿਆਇਆ ਮਨੁੱਖ ਹੰਕਾਰ ਦੇ ਬੰਧਨ 'ਚ ਫਸ ਕੇ ਦੂਜਿਆਂ ਨੂੰ ਬੰਨ੍ਹਣ ਦੇ ਰਾਹਵੇ ਚੱਲਦਾ ਹੈ। ਜਿਵੇਂ:

> ਓਹ ਬੇਲਾ ਕਛੁ ਚੀਤਿ ਨ ਆਵੈ
> ਬਿਨਸਿ ਜਾਇ ਤਾਹੂ ਲਪਟਾਵੈ।ਰਹਾਉ।।
> ਆਸਾ ਬੰਧੀ ਮੂਰਖ ਦੇਹ
> ਕਾਮ ਕ੍ਰੋਧ ਲਪਟਿਓ ਅਸਨੇਹ
> ਹਉ ਪੰਡਿਤੁ ਹਉ ਚਤੁਰੁ ਸਿਆਣਾ
> ਕਰਣੈਹਾਰੁ ਨ ਬੁਝੈ ਬਿਗਾਨਾ।[36]

ਇਹ ਬੰਧਨ ਮਨੁੱਖ ਨੂੰ ਵਿਜੋਗ ਤੋਂ ਸਹਿਜ ਵੱਲ ਵਧਣ ਨਹੀਂ ਦਿੰਦੇ। ਕਿਧਰੇ ਇਹ ਬੰਧਨ ਸਦੀਵਕ ਮੇਲ ਦਾ ਹੈ, ਕਿਧਰੇ ਵਿਅਕਤੀਗਤ ਜੀਵਨ ਦਾ, ਕਿਤੇ ਸਮਾਜਿਕ ਸੰਬੰਧਾਂ ਦਾ ਹੈ, ਕਿਤੇ ਧਾਰਮਿਕ ਭਾਵਨਾ ਦਾ ਤੇ ਕਿਤੇ ਰਾਜਨੀਤਕ ਸੱਤਾ ਦਾ ਹੈ। ਇਨ੍ਹਾਂ ਸਾਰੇ ਬੰਧਨਾਂ ਦਾ ਮੂਲ ਅਧਾਰ ਮਾਇਆ ਦਾ ਬੰਧਨ ਹੈ। ਮਾਇਆ ਮਨੁੱਖ ਨੂੰ ਉਸ ਦੇ ਮੂਲ ਨਾਲੋਂ ਤੋੜ ਕੇ ਇਨ੍ਹਾਂ ਬੰਧਨਾਂ ਵਿਚ ਜਕੜ ਦੇਂਦੀ

ਹੈ। ਮਨੁੱਖ ਇਨ੍ਹਾਂ ਬੰਧਨਾਂ ਤੋਂ ਸੁਚੇਤ ਤਾਂ ਹੁੰਦਾ ਹੈ ਪਰ ਇਨ੍ਹਾਂ ਦੀ ਕੈਦ ਤੋਂ ਮੁਕਤ ਹੋਣਾ ਉਸ ਲਈ ਸੰਭਵ ਨਹੀਂ ਹੁੰਦਾ। ਜਗਤ ਦੀ ਅਸਾਰਤਾ ਤੇ ਥੋੜ੍ਹਚਿਰਤਾ ਨੂੰ ਜਾਣਦਿਆਂ ਹੋਇਆਂ ਵੀ ਜਿਉਂਦੇ ਜੀਅ ਮਨੁੱਖ ਇਨ੍ਹਾਂ ਭੌਤਿਕ ਸੁੱਖਾਂ ਦੇ ਮੋਹ ਤੋਂ ਮੁਕਤ ਨਹੀਂ ਹੋ ਸਕਦਾ। ਗ੍ਰਿਹਸਤੀ ਜੀਵਨ ਬਿਤਾਉਂਦਿਆਂ ਹੋਇਆਂ ਗ੍ਰਿਹਸਤੀ ਜੀਵਨ ਦੇ ਮੋਹ ਤੋਂ ਕਿਸ ਤਰ੍ਹਾਂ ਨਿਰਲਿਪਤ ਰਹੇ, ਸਮਾਜਿਕ ਸੰਬੰਧਾਂ ਦੇ ਬੰਧਨਾਂ ਤੋਂ ਕਿਵੇਂ ਮੁਕਤ ਰਹੇ, ਧਾਰਮਿਕ ਸੁਰਤਾਂ ਦਾ ਕਿਸ ਤਰ੍ਹਾਂ ਗੁਲਾਮ ਨਾ ਹੋਵੇ। ਇਹ ਸਾਰੇ ਬੰਧਨ ਮਨੁੱਖ ਲਈ ਸੰਕਟ ਬਣ ਜਾਂਦੇ ਹਨ। ਇਹ ਸੰਕਟ ਧਾਰਮਿਕ, ਇਤਿਹਾਸਕ, ਰਾਜਨੀਤਕ ਕਿਸੇ ਵੀ ਕਿਸਮ ਦਾ ਹੋ ਸਕਦਾ ਹੈ।

ਧਾਰਮਿਕ ਮੱਤ ਅਨੁਸਾਰ ਇਹ ਸੰਸਾਰਕ ਪਸਾਰਾ ਕੂੜ ਹੈ ਤੇ ਕੂੜ ਹੀ ਮਨੁੱਖ ਨੂੰ ਸਜ਼ਾ ਵੀ ਮਿਲੇਗੀ। ਪਰ ਇਸ ਦੇ ਬਾਵਜੂਦ ਵੀ ਮਨੁੱਖ ਪਲ ਪਲ ਕੂੜ ਬੋਲਦਾ ਹੈ। ਕੁਕਰਮ ਕਰਦਾ ਤੇ ਕੂੜ ਨੂੰ ਹੀ ਆਪਣੇ ਜੀਵਨ ਦਾ ਆਧਾਰ ਬਣਾਉਂਦਾ ਹੈ। ਅਜਿਹਾ ਜੀਵਨ ਮਨੁੱਖ ਨੂੰ ਮਾਨਸਿਕ ਤੌਰ ਤੇ ਬੇਚੈਨ ਕਰ ਦਿੰਦਾ ਹੈ। ਮਨੁੱਖ ਸੱਚ ਦੀ ਪ੍ਰਾਪਤੀ ਤਾਂ ਚਾਹੁੰਦਾ ਹੈ ਪਰ ਚੂੰਕਿ ਕੂੜ ਦੇ ਮਾਰਗ ਤੇ ਚੱਲ ਕੇ ਉਹ ਵਧੇਰੇ ਦੁਨਿਆਵੀ ਸੁੱਖਾਂ ਦੀ ਪ੍ਰਾਪਤੀ ਕਰ ਸਕਦਾ ਹੈ ਇਸ ਲਈ ਵਰਤਮਾਨ ਨੂੰ ਸੁਖਦਾਈ ਬਣਾਉਣ ਵਾਸਤੇ ਉਹ ਕੂੜ ਤੋਂ ਗੁਰੇਜ਼ ਨਹੀਂ ਕਰਦਾ। ਪਰ ਇਹ ਮਾਇਕ ਪ੍ਰਾਪਤੀਆਂ ਉਸ ਨੂੰ ਥੋੜ੍ਹਚਿਰਾ ਸੁੱਖ ਹੀ ਪ੍ਰਦਾਨ ਕਰਦੀਆਂ ਹਨ। ਇਹ ਸਾਰੀ ਪਰਸਥਿਤੀ ਮਨੁੱਖ ਲਈ ਦੁੱਖ ਪੈਦਾ ਕਰਦੀ ਹੈ। ਗੁਰਬਾਣੀ ਅਨੁਸਾਰ ਜਦੋਂ ਜੀਵਨ ਦਾ ਆਧਾਰ ਸਬਰ ਸੰਤੋਖ ਹੋਵੇ ਤਾਂ ਅਜਿਹੀ ਜੀਵਨ ਜਾਚ ਵਿਅਕਤੀ ਦੇ ਵਿਅਕਤਿਤਵ ਨੂੰ ਹਉਮੈ ਅਥਵਾ ਨਿੱਜੀ ਚੇਤਨਤਾ ਦੇ ਬੰਧਨ ਤੋਂ ਆਜ਼ਾਦ ਕਰਕੇ ਅਸੀਮਤ ਹੋਂਦ ਨਾਲ ਮੇਲਦੀ ਹੈ।[37] ਇਹ ਨਿੱਜੀ ਚੇਤਨਤਾ ਸੱਤ ਨਾਲ ਏਕਤਾ ਪ੍ਰਾਪਤ ਕਰਦੀ ਹੈ।

ਮਨੁੱਖ ਦੀ ਪ੍ਰਮੁੱਖ ਸਮੱਸਿਆ ਉਸਦੇ ਸਮੁੱਚੇ ਵਿਅਕਤਿਤਵ ਦੇ ਏਕੀਕਰਣ ਦੀ ਵੀ ਹੈ। ਮਨੁੱਖੀ ਵਿਅਕਤਿਤਵ ਦੀ ਰਾਹ ਘਾਟੀ ਅਜੀਬ ਹੈ। ਮਨੋਵਿਗਿਆਨ ਨੇ ਮਨੁੱਖ ਦੇ ਵਿਅਕਤਿਤਵ ਨੂੰ ਅਚੇਤ ਮਨ ਤੇ ਸੁਚੇਤ ਮਨ ਦਾ ਜੋੜ ਦੱਸਿਆ ਹੈ। ਮਨੁੱਖ ਨੂੰ ਸਿਰਫ਼ ਚੇਤਨ ਪ੍ਰਾਣੀ ਕਹਿ ਕੇ ਚੇਤੰਨਤਾ ਨਾਲ ਸੰਬੰਧਿਤ ਕਰਨਾ ਬੜੀ ਪੁਰਾਣੀ ਜਿਹੀ ਗਲ ਹੋ ਗਈ ਹੈ। ਮਨੁੱਖ ਦੀ ਹਸਤੀ ਵਿੱਚ ਉਹ ਸਭ ਕੁਝ ਸ਼ਾਮਲ ਹੈ ਜੋ ਉਸ ਕੋਲੋਂ ਤੇ ਹੋਰਨਾਂ ਕੋਲੋਂ ਜਾਣਿਆ ਨਹੀਂ ਜਾਂਦਾ।[38] ਵਿਅਕਤੀਕਰਣ ਦੀ ਪ੍ਰਕ੍ਰਿਆ ਦਾ ਸੰਬੰਧ ਆਪੇ ਦੀ ਸਮੁੱਚਤਾ ਨਾਲ ਹੈ ਜਾਂ ਅਚੇਤ ਅਤੇ ਸੁਚੇਤ ਮਨ ਦੇ ਭਰਪੂਰ ਸੰਤੁਲਨ ਤੋਂ ਹੈ। ਵਿਅਕਤੀ ਦੇ ਅਚੇਤ ਮਨ ਦਾ ਹਨੇਰਾ, ਉਸ ਦੀ ਸੰਪੂਰਨਤਾ ਵਿਚ ਰੁਕਾਵਟ ਹੈ। ਮਨੁੱਖ ਦੀ ਇਕਸੁਰਤਾ ਨੂੰ ਭੰਗ ਕਰਨ ਵਾਲੀਆਂ ਸੰਸਾਰਕ ਵਸਤਾਂ ਹੀ ਹਨ,

ਜਿਨ੍ਹਾਂ ਦੇ ਮੋਹ ਵਿਚ ਗਲਤਾਨ ਹੋ ਕੇ ਵਿਅਕਤੀ ਆਪਣੇ ਜੀਵਨ ਮਨੋਰਥ ਨੂੰ ਭੁਲ ਕੇ ਗਿਰਾਵਟ ਵਾਲੀ ਦਸ਼ਾ ਕਬੂਲ ਕਰਦਾ ਹੈ। ਮਨੁੱਖ ਦੇ ਮਨ ਨੂੰ ਹਰ ਵੇਲੇ ਭਟਕਣਾ ਲੱਗੀ ਰਹਿੰਦੀ ਹੈ। ਅਧਿਆਤਮਕ ਸਿਧਾਂਤ ਅਨੁਸਾਰ ਵਿਅਕਤੀ ਤਾਂ ਹੀ ਸੁਤੰਤਰ ਹੋ ਸਕਦਾ ਹੈ ਜੇਕਰ ਉਹ ਆਪਣੇ ਮਨ ਨੂੰ ਸੰਸਾਰਕ ਵਸਤਾਂ ਦੇ ਮੋਹ ਤੋਂ ਨਿਰਲਿਪਤ ਕਰ ਲਵੇ। ਕਿਉਂਕਿ ਇਹ ਮੋਹ ਹੀ ਮਨੁੱਖੀ ਸੰਕਟ ਦਾ ਮੂਲ ਕਾਰਣ ਹੈ। ਸਿੱਟੇ ਵਜੋਂ ਵਿਅਕਤਿਤਵ ਦੇ ਸੰਗਠਨ ਦੀ ਬਜਾਇ ਵਿਘਟਨ ਦੀ ਪ੍ਰਕ੍ਰਿਆ ਵਾਪਰਦੀ ਹੈ।

ਗੁਰਬਾਣੀ ਮਨੁੱਖ ਦੇ ਸਾਹਮਣੇ ਉਸ ਦੇ ਵਿਅਕਤਿਤਵ ਦੀਆਂ ਦੋ ਤਸਵੀਰਾਂ ਪ੍ਰਸਤੁਤ ਕਰਦੀ ਹੈ। ਇਕ ਉਸ ਦਾ ਵਿਕਰਾਲ ਰੂਪ ਹੈ ਤੇ ਦੂਜਾ ਉਸ ਦਾ ਦੇਵਤਾ ਸਰੂਪ ਹੈ। ਵਿਕਰਾਲ ਰੂਪ ਮਾਇਕ ਮੋਹ ਵਿਚ ਫਸੇ ਮਨੁੱਖ ਜਾਂ ਪਤਿਤ ਵਿਅਕਤੀ ਦਾ ਹੈ। ਮਨੁੱਖ ਦੇ ਪਰਿਵਰਤਨ ਦੀ ਦਿਸ਼ਾ ਨੂੰ ਸੇਧ ਦਿਤਾ ਗਿਆ ਹੈ ਇਹ ਦਿਸ਼ਾ ਹੈ ਮਾਣਸ ਤੋਂ ਦੇਵਤਾ ਬਣਨ ਦੀ। ਮਾਇਕ ਰੁਚੀਆਂ ਮਨੁੱਖ ਨੂੰ ਕੇਵਲ ਮਾਦੀ ਰੁਚੀਆਂ ਤੱਕ ਮਹਿਦੂਦ ਕਰ ਦਿੰਦੀਆਂ ਹਨ। ਇੰਦ੍ਰੀਆਂ ਦਾ ਗੁਲਾਮ ਮਾਨਵ ਕੁਰਾਹੇ ਪੈ ਜਾਂਦਾ ਹੈ। ਅਜਿਹੇ ਮਾਨਵ ਦਾ ਗੁਰਬਾਣੀ ਵਿਚ ਬਾਰ ਬਾਰ ਜ਼ਿਕਰ ਕੀਤਾ ਗਿਆ ਹੈ ਜੋ ਕਾਮਾਦਿਕ ਵਿਰਤੀਆਂ ਦਾ ਗੁਲਾਮ, ਨੇਕੀ ਤੋਂ ਦੂਰ, ਨਿੰਦਕ, ਕਾਮੀ ਤੇ ਕ੍ਰੋਧੀ ਹੈ। ਦਰਅਸਲ ਮਨੁੱਖ ਆਪਣੀ ਮੂਲ ਪ੍ਰਕਿਰਤੀ ਵਜੋਂ ਆਤਮਾ ਤੇ ਮਾਦੇ ਦਾ ਸੰਜੋਗ ਹੈ। ਆਤਮਾ ਮਨੁੱਖ ਨੂੰ ਉਚੇਰੀ ਜੀਵਨ ਜਾਚ ਅਪਨਾਉਣ ਲਈ ਪ੍ਰੇਰਦੀ ਹੈ, ਮਾਦਾ ਉਸ ਨੂੰ ਮਾਇਕ ਚੀਜ਼ਾਂ ਵਿਚ ਗਲਤਾਨ ਰੱਖਦਾ ਹੈ। ਮਨੁੱਖ ਦੁਬਿਧਾ ਦਾ ਸ਼ਿਕਾਰ ਹੋ ਕੇ ਸਾਰੀ ਉਮਰ ਵਿਅਰਥ ਗੁਆ ਦਿੰਦਾ ਹੈ। ਉਹ ਫੈਸਲਾ ਹੀ ਨਹੀਂ ਕਰ ਸਕਦਾ ਕਿ ਉਸ ਨੇ ਕਿਹੜਾ ਜੀਵਨ ਮਾਰਗ ਅਪਨਾਉਣਾ ਹੈ।[39] ਇਸੇ ਕਰਕੇ ਦੁਨੀਆਂ ਤੋਂ ਜਾਣ ਵੇਲੇ ਉਸ ਦੀ ਦਸ਼ਾ 'ਜੂਆਰੀ' ਅਥਵਾ ਦੁਚਿੱਤੀਵਾਲੀ ਹੁੰਦੀ ਹੈ।

ਹਰੀ ਵੇਲਾ ਜੂਆਰੀ, ਹੋਆ ਝੂਠੀ ਬਾਜਿ।[40]

ਮਾਇਕ ਸਰਗਰਮੀਆਂ ਅਧੀਨ ਮਨੁੱਖ ਬਨਾਵਟੀ ਕੀਮਤਾਂ ਨੂੰ ਆਪਣੀ ਜ਼ਿੰਦਗੀ ਦਾ ਆਧਾਰ ਬਣਾਉਂਦਾ ਹੈ ਜੋ ਹਉਮੈ ਦਾ ਹੀ ਰੂਪ ਹਨ। ਉਹ ਖ਼ੁਸ਼ੀ ਨੂੰ ਕੇਵਲ ਨਿੱਜ ਤੱਕ ਸੀਮਿਤ ਕਰਕੇ ਸੰਸਾਰਕ ਸੁੱਖ ਦੀ ਪ੍ਰਾਪਤੀ ਕਰਨ ਵਿਚ ਰੁੱਝਿਆ ਰਹਿੰਦਾ ਹੈ। ਇਹ ਮਨੁੱਖ ਦਾ ਵਿਕ੍ਰਿਤ ਰੂਪ ਹੈ। ਮਨੁੱਖ ਪਰਮ ਸੱਚ ਨੂੰ ਭੁਲ ਜਾਂਦਾ ਹੈ। ਇਸ ਚੇਤਨਾਹੀਣ ਅਵਸਥਾ ਵਿਚ ਮਨੁੱਖ ਪਾਸ਼ਵਿਕ ਪੱਧਰ

ਦੀ ਜ਼ਿੰਦਗੀ ਜਾਪਦਾ ਹੈ ਕਿਉਂਕਿ ਉਸ ਦੀ ਸੋਚ ਸਿਰਫ਼ ਕਾਇਆ ਤੱਕ ਸੀਮਤ ਹੋ ਕੇ, ਆਪਣੀ ਦਿੱਵਤਾ ਪੂਰੀ ਮੱਧਮ ਹੋ ਜਾਂਦੀ ਹੈ।

ਕਪੜਿ ਭੋਗ ਲਪਟਾਇਆ, ਸੁਇਨਾ ਰੁਪਾ ਖਾਕੁ
ਹੈਵਰ ਗੈਵਰ ਬਹੁਰੰਗੇ ਕੀਏ ਰਥ ਅਥਾਕ।[41]

ਮਨੁੱਖ ਦੀਆਂ ਅਜਿਹੀਆਂ ਵਿਕ੍ਰਿਤ ਕੀਮਤਾਂ ਮਾਨਵਤਾ ਦੀਆਂ ਦੁਸ਼ਮਣ ਹਨ। ਜਿਥੇ ਮਨੁੱਖ ਦੀ ਦੁਬਿਧਾ, ਉਸ ਦੀ ਹੈਂਵਾਦੀ ਪ੍ਰਵਿਰਤੀ, ਵਿਕਰਾਲ ਰੂਪ, ਮਨੁੱਖ ਦੇ ਵਿਘਟਨ ਲਈ ਜ਼ਿੰਮੇਵਾਰ ਹਨ ਉਥੇ ਮਨੁੱਖ ਦੀ ਆਪਣੀ ਹੋਂਦ ਸੰਬੰਧੀ ਜਾਗ੍ਰਿਤੀ ਵੀ ਉਸ ਲਈ ਇਕ ਵੰਗਾਰ ਹੈ। ਮਨੁੱਖੀ ਜੀਵਨ ਦੀ ਖਿਣਭੰਗਰਤਾ ਉਸ ਦੀ ਸੀਮਿਤ ਹੋਂਦ ਨੂੰ ਪ੍ਰਗਟ ਕਰਦੀ ਹੈ ਜੋ ਕਿ ਮਨੁੱਖ ਦੀ ਚਿੰਤਾ ਦਾ ਸਭ ਤੋਂ ਵੱਡਾ ਕਾਰਣ ਹੈ। ਮੌਤ ਦਾ ਸਾਹਿਆ ਮਨੁੱਖ ਵਿੱਚ ਦੁਖਤਾ ਦਾ ਭਾਵ ਪੈਦਾ ਕਰਦਾ ਹੈ। ਇਸੇ ਪ੍ਰਸੰਗ ਵਿਚ ਗੁਰਮਤਿ ਵਿਚ ਮਨੁੱਖ ਦੀ ਹੋਂਦ ਦੇ ਸੰਕਟ ਤੇ ਵਿਸ਼ੇਸ਼ ਚਰਚਾ ਹੋਈ ਹੈ। ਸਿੱਖ ਧਰਮ ਅਨੁਸਾਰ ਇਹ ਸੰਕਟ ਸਚੇ-ਸਰੂਪ ਦੀ ਸੋਝੀ ਦੀ ਅਣਹੋਂਦ ਦਾ ਸੰਕਟ ਹੈ। ਵਿਸ਼ੇਸ਼ ਤੌਰ ਤੇ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਵਿਅਕਤੀ ਦੀ ਹੋਂਦ ਦੀ ਦੁਬਿਧਾ ਅਵਸਥਾ ਦਾ ਵਰਣਨ ਸਪਸ਼ਟ ਰੂਪ ਵਿਚ ਵਿਖਾਈ ਦਿੰਦਾ ਹੈ। ਜਿਵੇਂ

ਪ੍ਰਾਨੀ ਕਉਨੁ ਉਪਾਉ ਕਰੈ
ਜਾ ਤੇ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸ ਹਰੈ
ਕਉਨੁ ਕਰਮ ਬਿਦਿਆ ਕਹੁ ਕੈਸੀ ਧਰਮੁ ਕਉਨੁ ਫੁਨਿ ਕਰਈ
ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ।[42]

ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ
ਬਾਰੂ ਭੀਤਿ ਬਨਾਈ ਰਚਿ ਪਚਿ ਰਹਤੁ ਨਹੀ ਦਿਨ ਚਾਰਿ।[43]

ਮਨੁੱਖ ਲਈ ਇਹ ਬੜੀ ਵੱਡੀ ਸਮੱਸਿਆ ਹੈ ਕਿ ਉਹ ਇਸ ਸੰਸਾਰ ਪ੍ਰਤੀ ਕੀ ਦ੍ਰਿਸ਼ਟੀਕੋਣ ਅਪਣਾਵੇ। ਮਨੁੱਖ ਇਸ ਜਗਤ ਦੀ ਅਸਥਿਰਤਾ ਤੇ ਖਿਣਭੰਗਰਤਾ ਨੂੰ ਜਾਣਦਿਆਂ ਵੀ ਸੰਸਾਰਕ ਮੋਹ

ਵਿਚ ਫਸਿਆ ਰਹਿੰਦਾ ਹੈ। ਪਰਿਵਾਰਕ ਰਿਸ਼ਤਿਆਂ ਨਾਤਿਆਂ ਦੀ ਅਸਥਿਰਤਾ ਨੂੰ ਭੁੱਲ ਕੇ ਆਪਣੇ ਆਪ ਨੂੰ ਸੰਸਾਰਕ ਮੋਹ ਤੱਕ ਸੀਮਿਤ ਕਰ ਲੈਂਦਾ ਹੈ। ਜਦੋਂ ਕਿ ਮਨੁੱਖ ਨੂੰ ਬਾਰ ਬਾਰ ਚੇਤਾਵਨੀ ਦਿੱਤੀ ਗਈ ਹੈ ਕਿ ਸੰਸਾਰਕ ਸੁਖ, ਭੌਤਿਕ ਵਸਤਾਂ ਦਾ ਮੋਹ, ਰਿਸ਼ਤੇ ਨਾਤੇ ਸਭ ਖਿਣਭੰਗਰੀ ਹਨ। ਸੰਸਾਰਕ ਸੁੱਖਾਂ ਦੀ ਨੀਂਹ ਸੁਆਰਥ ਹੈ। ਵਿਪਤਾ ਵਿਚ ਸਭ ਸਾਕ ਸੰਬੰਧੀ ਸਾਥ ਛਡ ਜਾਂਦੇ ਹਨ।

ਸਭ ਕਿਛੁ ਜੀਵਤ ਕੋ ਬਿਵਹਾਰ
ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ
ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ
ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਤ ਨਿਕਾਰਿ।[44]

ਸੰਸਾਰਕ ਵਸਤਾਂ ਦੀ ਅਸਥਿਰਤਾ, ਜ਼ਿੰਦਗੀ ਦੀ ਬੇਯਕੀਨਤਾ ਦੇ ਕਾਰਣ ਮਨੁੱਖ ਲਈ ਸੰਕਟ ਦਾ ਕਾਰਣ ਬਣਦੇ ਹਨ। ਮਨੁੱਖ ਆਪਣੇ ਜੀਵਨ ਦੀ ਖਿਣਭੰਗਰਤਾ; ਇਸ ਦੀ ਸੁਰੱਖਿਅਤਾ ਤੇ ਕਾਇਮੀ ਦੇ ਪ੍ਰਸ਼ਨ ਨਾਲ ਹਮੇਸ਼ਾ ਜੁੜਿਆ ਰਿਹਾ ਹੈ। ਜਾਂਕਿ ਮਨੁੱਖੀ ਅਸਤਿਤਵ ਦੇ ਸੰਕਟ ਦਾ ਮੁੱਖ ਆਧਾਰ ਮਨੁੱਖ ਦੀ ਖਿਣਭੰਗਰੀ ਪ੍ਰਕਿਰਤੀ ਹੈ। ਮੋਹ ਅਨੇਕਾਂ ਰੂਪਾਂ ਵਿਚ ਮਨੁੱਖ ਨੂੰ ਭਰਮਾਉਂਦਾ ਰਹਿੰਦਾ ਹੈ। ਇਸ ਦੇ ਨਾਲ ਹੀ ਰਿਸ਼ਤਿਆਂ ਦੀ ਸਵਾਰਥਪੂਰਨਤਾ ਮਨੁੱਖ ਦੇ ਸੰਕਟ ਵਿਚ ਹੋਰ ਵੀ ਵਾਧਾ ਕਰਦੀ ਹੈ। ਦੁਨਿਆਵੀ ਰਿਸ਼ਤਿਆਂ ਦਾ ਆਧਾਰ ਝੂਠ ਤੇ ਸੁਆਰਥ ਹੈ। ਗਰਜ਼ ਪੂਰੀ ਹੋਣ ਤੇ ਸਭ ਰਿਸ਼ਤੇ ਖਿਸਕ ਜਾਂਦੇ ਹਨ। ਇਹ ਸੰਸਾਰਕ ਸੰਬੰਧ ਮਾਇਆ ਦੇ ਸੰਬੰਧ ਹਨ ਜੋ ਮੁਸੀਬਤ ਪੈਣ ਤੇ ਛਾਈਂ ਮਾਈਂ ਹੋ ਜਾਂਦੇ ਹਨ।

ਜੇ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ
ਤੇ ਸਭਿ ਅਪਨੈ ਸੁਆਇ ਮਿਲਾਸਾ
ਜਿਤੁ ਦਿਨਿ ਉਨ੍ਹ ਕਾ ਸੁਆਉ ਹੋਇ ਨ ਆਵੈ
ਤਿਤੁ ਦਿਨਿ ਨੇੜੈ ਕੋਨ ਢੁਕਾਸਾ।[45]

ਇਨ੍ਹਾਂ ਰਿਸ਼ਤਿਆਂ ਦੀ ਅਸਥਿਰਤਾ ਮਨੁੱਖ ਦੇ ਮਨ ਵਿਚ ਮਾਨਸਿਕ ਤਣਾਓ ਪੈਦਾ ਕਰਦੀ ਹੈ। ਮਨੁੱਖ ਆਪਣੇ ਆਪ ਨਾਲੋਂ ਟੁੱਟ ਜਾਂਦਾ ਹੈ। ਉਸ ਨੂੰ ਸਾਰਾ ਜੱਗ ਬੇਗਾਨਾ ਲੱਗਦਾ ਹੈ।

ਮਨ ਪਰਦੇਸੀ ਜੇ ਥੀਐ ਸਭ ਦੇਸ ਪਰਾਇਆ।

ਮਨੁੱਖ ਅਵਾਸਤਵਿਕਤਾ ਵਿਚ ਗਲਤਾਨ ਹੈ। ਉਹ ਧਨ ਦੌਲਤ, ਇਸਤਰੀ, ਚੀਜ਼ਾਂ ਦੇ ਮੋਹ ਵਿਚ ਖਚਿਤ ਹੋ ਜਾਂਦਾ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਇਹ ਸਾਰੇ ਜਿਨਸਾਂ ਦੀ ਪ੍ਰਕਿਰਤੀ, ਵੈਸ਼ੁਕਿਤੀ ਹੈ। ਇਨ੍ਹਾਂ ਦੀ ਪ੍ਰਾਪਤੀ ਕਰ ਲੈਣਾ ਜੀਵਨ ਦੀ ਅੰਤਿਮ ਸਿੱਧੀ ਨਹੀਂ। ਦਰਅਸਲ ਮਨੁੱਖ ਇਨ੍ਹਾਂ ਦੇ ਮੋਹ ਵਿਚ ਗਲਤਾਨ ਹੋ ਕੇ ਨਿਰਪੇਖ ਸੱਚ ਨੂੰ ਭੁੱਲ ਕੇ ਸਾਪੇਖ ਸੱਚ ਦਾ ਧਾਰਨੀ ਬਣ ਜਾਂਦਾ ਹੈ। ਮਾਇਆ ਗ੍ਰਸਤ ਮਨੁੱਖ ਨਿਰਪੇਖ ਤੇ ਸਾਪੇਖ ਸੱਚ ਦੀ ਭਿੰਨਤਾ ਦੀ ਪਛਾਣ ਹੈ; ਨਿਰਪੇਖ ਸੱਚ ਇਕ ਸਦੀਵੀ ਹਕੀਕਤ ਹੈ, ਅਸਲੀ ਹੋਂਦ ਹੈ, ਜੋ ਹਰੇਕ ਵਸਤੂ ਨੂੰ ਅਰਥ ਪ੍ਰਦਾਨ ਕਰਦੀ ਹੈ। ਇਹ ਰੱਬ ਹੈ ਜੋ ਸਰਬਸ਼ਕਤੀਮਾਨ ਹੈ, ਸਰਬਗਿਆਤਾ, ਸਰਬਵਿਆਪਕ ਸਭ ਤੋਂ ਉਚੇਰਾ ਤੇ ਸਭ ਤੋਂ ਦਿਆਲੂ ਹੈ, ਪ੍ਰਕਿਰਤੀ ਦੀਆਂ ਸਾਰੀਆਂ ਸ਼ਕਤਾਂ ਉਸ ਦੀ ਸਿਰਜਣਾ ਹਨ ਪਰ ਉਹ ਰੱਬ ਦੀ ਹੋਂਦ ਤੇ ਚੇਤਨ ਦੀ ਛਾਇਆ ਵਾਂਗ ਦਿਖਾਈਦੀ ਹਨ। ਮਨੁੱਖ ਦਾ ਸਮੁੱਚਾ ਜੀਵਨ ਅਵਾਸਤਵਿਕਤਾ ਦੇ ਵੱਸ ਪਿਆ ਹੈ।[46]

ਕੁੱਲ ਮਿਲਾ ਕੇ ਮਨੁੱਖ ਦੇ ਤਣਾਓ ਦਾ ਮੂਲ ਆਧਾਰ ਸੰਕਟ ਦੀ ਸਥਿਤੀ ਹੀ ਹੈ। ਕਦੀ ਤਾਂ ਇਹ ਸੰਕਟ ਵਿਪਤਾ ਦੇ ਰੂਪ ਵਿਚ ਪੇਸ਼ ਹੁੰਦਾ ਹੈ, ਕਦੀ ਮੌਤ ਦੇ ਡਰ ਦੇ ਰੂਪ ਵਿਚ, ਕਦੀ ਮਨੁੱਖ ਦੇ ਅੰਤਰਵਿਅਕਤਕ ਸੰਤਾਪ ਦੇ ਰੂਪ ਵਿਚ ਜਾਂ ਫੇਰ ਮਨੁੱਖ ਦੀ ਇਕੱਲਤਾ ਦੇ ਰੂਪ ਵਿਚ; ਮਨੁੱਖ ਅਜਿਹਾਂ ਤਰ੍ਹਾਂ ਦੇ ਦੌਰਾਨਾਂ ਵਿਚ ਘਿਰਿਆ ਸੰਕਟ ਗ੍ਰਸਤ ਰਹਿੰਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਸਲੋਕ ਸ਼ੇਖ਼ ਫ਼ਰੀਦ ਕੇ, ਆਦਿ ਗ੍ਰੰਥ, ਪੰਨਾ 1381
2. Ernst Cassirer, An Essay on Man, p. 10
3. Ibid, p. 11
4. 'Contradiction is very element of Human Existence.' Ibid.
5. ਡਾ. ਜਸਬੀਰ ਸਿੰਘ, ਬਾਣੀ ਸੰਸਾਰ, ਪੰਨਾ 16
6. ਡਾ. ਅਤਰ ਸਿੰਘ, "ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਵਸਤੂ-ਚਿਤਰਣ", ਗੁਰੂ ਤੇਗ ਬਹਾਦਰ ਜੀਵਨ ਸਮਾਂ ਅਤੇ ਰਚਨਾ (ਸੰਪਾ. ਡਾ. ਸੁਰਿੰਦਰ ਸਿੰਘ ਕੋਹਲੀ), ਪੰਨਾ 198
7. Paul Tillich, Theology of Culture, p. 117
8. Ibid, p. 121
9. Ibid, p. 118-19
10. ਡਾ. ਇੰਦਰਜੀਤ ਸਿੰਘ ਵਾਸੂ, "ਗੁਰਮਤ ਤੇ ਸੂਫ਼ੀ ਪੰਜਾਬੀ ਕਾਵਿ ਵਿਚ ਮਨੁੱਖ ਦਾ ਸੰਕਲਪ - ਇਕ ਤੁਲਨਾਤਮਿਕ ਅਧਿਐਨ" (ਪੀ.ਐਚ.ਡੀ.), ਪੰਜਾਬ ਯੂਨੀਵਰਸਿਟੀ ਨੂੰ ਪ੍ਰਸਤੁਤ ਸ਼ੋਧ-ਪ੍ਰਬੰਧ, 1985, ਪੰਨਾ 96 ਦੇ ਹਵਾਲੇ ਅਨੁਸਾਰ
11. ਡਾ. ਜਸਬੀਰ ਸਿੰਘ, ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ, ਪੰਨਾ 126
12. P.T. Raju, "Comparisions and Reflections", The Concept of Man, p. 343
13. ਪ੍ਰਭਾਤੀ ਮਹਲਾ 1, ਆਦਿ ਗ੍ਰੰਥ, ਪੰਨਾ 1330
14. Seyyed Hossein Nasr, Sufi Essays, p. 27
15. ਸਲੋਕ ਸ਼ੇਖ਼ ਫ਼ਰੀਦ ਕੇ, ਆਦਿ ਗ੍ਰੰਥ, ਪੰਨਾ 1379

16. W.H. Mcleod, Guru Nanak and the Sikh Religion, p. 182

17. ਸਰਦੂਲ ਸਿੰਘ ਕਵੀਸ਼ਰ, ਸਿਖ ਧਰਮ ਦਰਸ਼ਨ, ਪੰਨਾ 230 ਦੇ ਹਵਾਲੇ ਅਨੁਸਾਰ

18. ਉਹੀ, ਪੰਨਾ 242

19. W.H. Mcleod, op.cit., p. 183

20. ਡਾ. ਅਤਰ ਸਿੰਘ, ਸਮਦਰਸ਼ਨ, ਪੰਨਾ 97-98

21. ਸਰਦੂਲ ਸਿੰਘ ਕਵੀਸ਼ਰ, ਸਿੱਖ ਧਰਮ ਦਰਸ਼ਨ (ਸੰਪਾ. ਡਾ. ਵਜ਼ੀਰ ਸਿੰਘ), ਪੰਨਾ 230 ਦੇ ਹਵਾਲੇ ਅਨੁਸਾਰ

22. ਭਾਈ ਜੋਧ ਸਿੰਘ, ਗੁਰਮਤਿ ਨਿਰਣਯ, ਪੰਨਾ 38

23. ਡਾ. ਅਤਰ ਸਿੰਘ, ਦ੍ਰਿਸ਼ਟੀਕੋਣ, ਪੰਨਾ 184

24. ਉਹੀ, ਪੰਨਾ 187

25. ਆਸਾ ਦੀ ਵਾਰ ਮਹਲਾ 1, ਆਦਿ ਗ੍ਰੰਥ, ਪੰਨਾ 468

26. ਡਾ. ਅਤਰ ਸਿੰਘ, ਸਾਹਿਤ ਸੰਵੇਦਨਾ, ਪੰਨਾ 29-30

27. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1428

28. ਬਿਲਾਵਲ ਮਹਲਾ 9, ਆਦਿ ਗ੍ਰੰਥ, ਪੰਨਾ 830

29. ਧਨਾਸਰੀ ਮਹਲਾ 9, ਆਦਿ ਗ੍ਰੰਥ, ਪੰਨਾ 685

30. ਸਲੋਕ ਵਾਰਾਂ ਤੇ ਵਧੀਕ ਮਹਲਾ 1, ਆਦਿ ਗ੍ਰੰਥ, ਪੰਨਾ 1410

31. ਆਸਾ ਦੀ ਵਾਰ ਮਹਲਾ 1, ਆਦਿ ਗ੍ਰੰਥ, ਪੰਨਾ 471-72

32. Dr. Attar Singh, "Guru Nanak's Vision of Religious Humanism", Studies in Sikhism and Comparative Religion, Vol. I, Oct. 1982, Guru Nanak Foundation, New Delhi, pp. 21-22

33. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1427

34. ਆਸਾ ਮਹਲਾ 1, ਆਦਿ ਗ੍ਰੰਥ, ਪੰਨਾ 355

35. ਉਹੀ, ਪੰਨਾ 357

36. ਗਉੜੀ ਗੁਆਰੇਰੀ ਮਹਲਾ 5, ਆਦਿ ਗ੍ਰੰਥ, ਪੰਨਾ 178

37. Sohan Singh, Asa Di War, The Ballad of God and Man by Guru Nanak - A Commentary, p. 61

38. C.G. Jung, Psychology and Religion, p. 81

39. ਸੁਰਜੀਤ ਹਾਂਸ, ਪਰੰਪਰਾ ਅਤੇ ਪਰਗਤੀਵਾਦ, ਪੰਨਾ 23

40. ਸਿਰੀ ਰਾਗ ਮਹਲਾ 1, ਆਦਿ ਗ੍ਰੰਥ, ਪੰਨਾ 23

41. ਉਹੀ, ਪੰਨਾ 42

42. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 632

43. ਉਹੀ, ਪੰਨਾ 633

44. ਦੇਵਗੰਧਾਰੀ ਮਹਲਾ 9, ਆਦਿ ਗ੍ਰੰਥ, ਪੰਨਾ 536

45. ਗੋਂਡ ਮਹਲਾ 4, ਆਦਿ ਗ੍ਰੰਥ, ਪੰਨਾ 860

46. Fauja Singh Gurbachan Singh Talib, "Vision Achievement and Impact", Guru Tegh Bahadur Martyr and Teacher, p. 105

## ਅਧਿਆਇ ਦੂਜਾ :

### ਗੁਰੂ ਤੇਗ਼ ਬਹਾਦਰ ਅਤੇ ਮਾਨਵੀ ਸੰਕਟ

(ਜੀਵਨ, ਇਤਿਹਾਸ ਤੇ ਮਾਨਵਤਾ ਦਾ ਮੇਲ ਬਿੰਦੂ)

## ਗੁਰੂ ਤੇਗ਼ ਬਹਾਦਰ ਅਤੇ ਮਾਨਵੀ ਅਧਿਕਾਰ

(ਜੀਵਨ ਇਤਿਹਾਸ ਤੇ ਮਾਨਵਤਾ ਦਾ ਮੇਲ ਬਿੰਦੂ)

ਗੁਰੂ ਤੇਗ਼ ਬਹਾਦਰ ਦੀ ਇਤਿਹਾਸਕ ਸ਼ਹੀਦੀ ਦਾ ਮਹੱਤਵ ਇਸ ਗੱਲ ਤੋਂ ਸਿੱਧ ਹੁੰਦਾ ਹੈ ਕਿ ਉਨ੍ਹਾਂ ਮਾਨਵਤਾ ਦੀ ਆਜ਼ਾਦੀ ਦੀ ਰੱਖਿਆ ਖ਼ਾਤਰ ਔਰੰਗਜ਼ੇਬ ਵਰਗੇ ਕਠੋਰ ਹਿੰਦ ਬਾਦਸ਼ਾਹ ਦੀ ਵਿਰੋਧਤਾ ਇਉਂ ਕੀਤੀ, ਜਦ ਕਿ ਮੁਗ਼ਲ ਹਕੂਮਤ ਆਪਣੇ ਪੂਰੇ ਜ਼ੋਰ ਤੇ ਸੀ। ਸਧਾਰਣ ਮਨੁੱਖ ਰਾਜਸੀ ਜਬਰ ਦਾ ਸ਼ਿਕਾਰ ਸੀ। ਅਜਿਹੀ ਰਾਜਨੀਤਿਕ ਸਥਿਤੀ ਵਿਚ ਗੁਰੂ ਤੇਗ਼ ਬਹਾਦਰ ਦਾ ਔਰੰਗਜ਼ੇਬ ਦੀ ਧਾਰਮਿਕ ਨੀਤੀ ਦਾ ਖੁੱਲ੍ਹ ਕੇ ਖੰਡਨ ਕਰਨਾ, ਇਸਲਾਮ ਕਬੂਲਣ ਦੀ ਬਜਾਇ ਆਪਣਾ ਸਿਰ ਭੇਟ ਕਰਨਾ, ਇਕ ਯੁੱਗ ਪਲਟਾਊ ਘਟਨਾ ਸੀ। ਸਿੱਖ ਕੌਮ ਦੀ ਤਾਕਤ ਨੂੰ ਕਮਜ਼ੋਰ ਕਰਨ ਲਈ ਔਰੰਗਜ਼ੇਬ ਨੇ ਕਈ ਢੰਗ ਵਰਤੇ। ਗੁਰੂ ਹਰਿਕ੍ਰਿਸ਼ਨ ਤੋਂ ਉਪਰੰਤ, ਸਿੱਖਾਂ ਦੀ ਗੁਰਿਆਈ ਸਵੀਕਾਰ ਕਰਨੀ, ਔਰੰਗਜ਼ੇਬ ਦੀ ਇੱਛਾ ਦੇ ਖ਼ਿਲਾਫ਼ ਜਾਣ ਵਾਲੀ ਗੱਲ ਸੀ। ਗੁਰੂ ਤੇਗ਼ ਬਹਾਦਰ ਇਸ ਗੱਲ ਤੋਂ ਚੰਗੀ ਤਰ੍ਹਾਂ ਸੁਚੇਤ ਸਨ। ਅਜਿਹੀਆਂ ਪਰਸਥਿਤੀਆਂ ਵਿਚ ਗੁਰਿਆਈ ਦਾ ਪਦ ਧਾਰਨ ਕਰਨਾ ਬੜੇ ਵੱਡੇ ਹੌਸਲੇ ਦਾ ਕੰਮ ਸੀ। ਗੁਰੂ ਤੇਗ਼ ਬਹਾਦਰ ਨੇ ਗੁਰਗੱਦੀ ਸਵੀਕਾਰ ਕਰਕੇ ਇਹ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ।

> ਗੁਰੂ ਤੇਗ਼ ਬਹਾਦਰ ਨੂੰ ਇਹ ਗੱਲ ਪ੍ਰਤੱਖ ਨਜ਼ਰ ਆਉਂਦੀ ਸੀ ਕਿ ਮੁਗ਼ਲ ਸਾਮਰਾਜ ਦੀ ਸਿੱਖ ਪੰਥ ਵਿਚ ਦਿਲਚਸਪੀ ਹੈ। ਔਰੰਗਜ਼ੇਬ ਦੀ ਖ਼ਾਹਿਸ਼ ਸੀ ਕਿ ਪੰਥ ਉਹਦੀ ਸਰਕਾਰ ਨਾਲ ਰਲਾਇਆ ਜਾਵੇ ਜਾਂ ਕਮਜ਼ੋਰ ਇੰਨਾ ਕੀਤਾ ਜਾਵੇ ਕਿ ਮਾੜੇ ਤੋਂ ਮਾੜੇ ਰਾਹੀਂ ਬੇਲਗਾਮ ਆਵਾਜ਼ ਉਹਦੀ ਨੀਤੀ ਦੇ ਖ਼ਿਲਾਫ਼ ਨਾ ਉੱਠੇ ...। ਗੁਰੂ ਤੇਗ਼ ਬਹਾਦਰ ਦਾ ਸਮਕਾਲ ਦੀ ਸਰਕਾਰ ਵਿਚ ਗੁਰਗੱਦੀ ਸਵੀਕਾਰ ਕਰਨਾ ਹੀ ਔਰੰਗਜ਼ੇਬ ਨੂੰ ਵੰਗਾਰ ਸੀ ਕਿਉਂਕਿ ਉਹ ਗੁਰੂ ਹਰਿਗੋਬਿੰਦ ਦੇ ਸਿਧਾਂਤ ਨੂੰ ਪਿਤਾਪੁਰਖੀ ਕਬੂਲ ਕਰਦੇ ਨਜ਼ਰ ਆਉਂਦੇ ਸਨ। ਹਕੀਕੀ ਧੁੰਦਲੀ ਕਸਰ ਉਨ੍ਹਾਂ ਦੀ ਵਿਦਵਤਾ ਨੇ ਪੂਰੀ ਕਰ ਦਿੱਤੀ ਜਿਹੜੀ ਉਨ੍ਹਾਂ ਦੇ ਗੱਦੀ ਸੰਭਾਲਣ ਤੋਂ ਕੁਝ ਮਹੀਨਿਆਂ ਬਾਅਦ ਹੀ ਪੈਦੀ ਸੀ ਅਤੇ ਰਾਜਾ ਰਾਮ

> ਸਿੱਖ ਦਰਬਾਰ ਦੇ ਵਿਚ ਪੈਰ ਨਾਲ ਗੱਲ ਕਰ੍ਹਾਂ ਦਰ੍ਹਾਂ ਹੋਈ ਸੀ ... ਜੇ ਸਿੱਖ ਪੰਥ ਨੇ ਆਪਣਾ ਸੁਤੰਤਰ ਚਰਿੱਤਰ ਕਾਇਮ ਰੱਖਣਾ ਸੀ ਅਤੇ ਆਪਣੀ ਹੋਂਦ ਸਰਕਾਰ ਲਈ ਨਹੀਂ ਸਗੋਂ ਧਰਮ ਲਈ ਰੱਖਣੀ ਸੀ ਤਾਂ ਇਸ ਵੰਗਾਰ ਦਾ ਮਤਲਬ ਸੁਖੱਲੀ ਹੀ ਹੋ ਸਕਦਾ ਸੀ ਕਿਉਂਕਿ ਉਸ ਸਮੇਂ ਪੰਥ ਕੋਲ ਇਸ ਤੋਂ ਵੱਧ ਲੜਾਈ ਦੇ ਸਾਧਨ ਨਹੀਂ ਸਨ ਅਤੇ ਇਸ ਤੋਂ ਘੱਟ ਕਿਸੇ ਚੀਜ਼ ਦੀ ਕੁਰਬਾਨੀ ਨਾਂ ਤਾਂ ਔਰੰਗਜ਼ੇਬ ਨੂੰ ਮਨਜ਼ੂਰ ਸੀ ਤੇ ਨਾਂ ਹੀ ਸਿੱਖਾਂ ਦੇ ਤੱਤਰੂਪੀ ਪ੍ਰਤੀਕਰਮ (elemental reaction) ਨੂੰ ਬਦਲ ਸਕਣ ਵਾਲੀ ਹੋਣੀ ਸੀ।[1]

ਗੁਰੂ ਤੇਗ਼ ਬਹਾਦਰ ਨੇ ਆਪਣੇ ਪ੍ਰਚਾਰ ਦੁਆਰਾ ਜਨਸਾਧਾਰਣ ਨੂੰ ਵੱਡੀ ਤੋਂ ਵੱਡੀ ਔਕੜ ਦਾ ਟਾਕਰਾ ਕਰਨ ਲਈ ਮਾਨਸਕ ਬਲ ਪ੍ਰਦਾਨ ਕੀਤਾ। ਇਹ ਗੱਲ ਔਰੰਗਜ਼ੇਬ ਦੀ ਧਾਰਮਕ ਨੀਤੀ ਵਿਰੁੱਧ ਇਕ ਅਮੋਘ ਰੋਸ ਸੀ। ਔਰੰਗਜ਼ੇਬ ਵਲੋਂ ਮਾਸੂਮ ਪਰਜਾ ਉਤੇ ਕੀਤੇ ਜਾ ਰਹੇ ਜ਼ੁਲਮ ਨੂੰ ਗੁਰੂ ਤੇਗ਼ ਬਹਾਦਰ ਨੇ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ। ਗੁਰੂ ਤੇਗ਼ ਬਹਾਦਰ ਦੇ ਵਧਦੇ ਹੋਏ ਅਸਰ ਰਸੂਖ਼ ਨੂੰ ਦੇਖ ਕੇ ਔਰੰਗਜ਼ੇਬ ਨੇ ਇਹ ਅੰਦਾਜ਼ਾ ਲਾਇਆ ਕਿ ਸਧਾਰਨ ਜਨਤਾ ਵਿਚ ਕਿਸੇ ਵੀ ਸਮੇਂ ਬਗ਼ਾਵਤ ਦੀ ਭਾਵਨਾ ਪੈਦਾ ਹੋ ਸਕਦੀ ਹੈ। ਔਰੰਗਜ਼ੇਬ ਸਾਰੇ ਹਿੰਦੁਸਤਾਨ ਨੂੰ ਇਕ ਧਰਮ ਇਸਲਾਮ ਦਾ ਪੈਰੋਕਾਰ ਬਣਾਉਣਾ ਚਾਹੁੰਦਾ ਸੀ ਪਰ ਗੁਰੂ ਤੇਗ਼ ਬਹਾਦਰ ਮਾਨਵਵਾਦ ਦਾ ਪ੍ਰਚਾਰ ਕਰਕੇ ਉਸ ਲਈ ਰੁਕਾਵਟ ਬਣ ਰਹੇ ਸਨ। ਔਰੰਗਜ਼ੇਬ ਨੇ ਹਿੰਦੂਆਂ ਨੂੰ ਜਬਰੀ ਮੁਸਲਮਾਨ ਬਣਾਉਣ ਦੇ ਫੁਰਮਾਨ ਜਾਰੀ ਕਰ ਦਿੱਤੇ। ਆਪਣੇ ਇਸ ਟੀਚੇ ਵਿਚ ਕਾਮਯਾਬ ਹੋਣ ਲਈ ਉਸਨੇ ਹਿੰਦੂਆਂ ਨੂੰ ਉਚੇ ਅਹੁਦੇ ਦੇਣੇ ਬੰਦ ਕਰ ਦਿੱਤੇ ਤਾਂਕਿ ਹਿੰਦੂ ਡਰਦੇ ਹੋਏ ਇਸਲਾਮ ਕਬੂਲ ਕਰ ਲੈਣ। ਹਿੰਦੂਆਂ ਦੀਆਂ ਵਿਦਿਅਕ ਸਰਗਰਮੀਆਂ ਤੇ ਧਾਰਮਕ ਰੀਤੀਆਂ ਬੰਦ ਕਰ ਦਿੱਤੀਆਂ ਗਈਆਂ। ਪਰ ਔਰੰਗਜ਼ੇਬ ਆਪਣੇ ਇਸ ਮਨੋਰਥ ਵਿਚ ਪੂਰਾ ਸਫ਼ਲ ਨਾ ਹੋਇਆ ਕਿਉਂਕਿ ਧਰਮ ਬਦਲੀ ਦੀ ਰਫ਼ਤਾਰ ਉਨੀ ਤੇਜ਼ ਨਹੀਂ ਸੀ ਜਿੰਨੀ ਉਹ ਚਾਹੁੰਦਾ ਸੀ। ਉਸਨੇ ਜਬਰਦਸਤੀ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਦੇ ਆਦੇਸ਼ ਦੇ ਦਿੱਤੇ। ਸਭ ਤੋਂ ਪਹਿਲਾਂ ਕਸ਼ਮੀਰ ਦੇ ਹਿੰਦੂਆਂ ਲਈ ਧਰਮਬਦਲੀ ਦਾ ਫੁਰਮਾਨ ਜਾਰੀ ਕੀਤਾ ਗਿਆ। ਡਾ. ਫੌਜਾ ਸਿੰਘ ਅਨੁਸਾਰ ਕਸ਼ਮੀਰ ਤੋਂ ਸ਼ੁਰੂਆਤ ਹੋਣ ਦੇ ਦੋ ਕਾਰਨ ਸਨ, "ਪਹਿਲਾ ਇਹ ਕਿ ਕਸ਼ਮੀਰੀ ਪੰਡਿਤ ਵਿਦਵਾਨ ਸਮਝੇ ਜਾਂਦੇ ਸਨ ਇਸ ਲਈ ਇਹ ਖ਼ਿਆਲ ਕੀਤਾ ਗਇਆ (ਗਿਆ) ਕਿ ਜੇ ਉਹ

ਇਸਲਾਮ ਕਬੂਲ ਕਰ ਲੈਣ ਤਾਂ ਹਿੰਦੁਸਤਾਨ ਦੇ ਵਸਨੀਕ ਛੇਤੀ ਉਨ੍ਹਾਂ ਦੇ ਮਗਰ ਲੱਗ ਕੇ ਮੁਸਲਮਾਨ ਬਣ ਜਾਣਗੇ। ਦੂਜਾ ਪਿਸ਼ੌਰ ਅਤੇ ਕਾਬਲ ਦੀ ਮੁਸਲਮਾਨ ਕੌਮਾਂ ਵਾਲੇ ਦੇਸ਼ ਨੇੜੇ ਸਨ। ਜੇ ਕਸ਼ਮੀਰੀ ਧਰਮਅਰਥੀ ਜੈਸੀ ਕੋਈ ਮੁਕਾਬਲਾ ਕਰਨਗੇ ਤਾਂ ਮੁਸਲਮਾਨ ਜਹਾਦ ਦਾ ਨਾਅਰਾ ਲਾ ਕੇ ਉਨ੍ਹਾਂ ਦਾ ਨਾਸ਼ ਕਰ ਦੇਣਗੇ।"[2]

ਔਰੰਗਜ਼ੇਬ ਪੰਜਾਬ ਵਿਚ ਸਿੱਖੀ ਦੇ ਪ੍ਰਚਾਰ ਨੂੰ ਮੁਗਲ ਹਕੂਮਤ ਵਿਰੁੱਧ ਇਕ ਖਤਰਾ ਸਮਝਦਾ ਸੀ। ਜਹਾਂਗੀਰ ਦਾ ਗੁਰੂ ਅਰਜਨ ਦੇਵ[3] ਨੂੰ ਸ਼ਹੀਦ ਕਰਨ ਦਾ ਹੁਕਮ ਦੇਣ ਦਾ ਮੰਤਵ ਇਸ ਤੂਫਾਨ ਬਾਰਨ ਨੂੰ ਖਤਮ ਕਰਨ ਦਾ ਸੀ। ਇਸ ਦਾ ਨਤੀਜਾ ਬਿਲਕੁਲ ਆਸ ਵਿਰੁੱਧ ਨਿਕਲਿਆ। ਛੇਵੇਂ ਗੁਰੂ ਹਰਿਗੋਬਿੰਦ ਨੇ ਧਰਮ ਦੀ ਰਾਖੀ ਲਈ ਸਿੱਖਾਂ ਨੂੰ ਹਥਿਆਰਬੰਦ ਕਰ ਦਿੱਤਾ। ਸਿੱਖ ਕੌਮ ਦੇ ਹੌਸਲੇ ਬੁਲੰਦ ਹੋ ਗਏ। ਸਿੱਖਾਂ ਵਿਚ ਇਹ ਜੁਰਅਤ ਪੈਦਾ ਹੋ ਗਈ ਕਿ ਉਹ ਨਾ ਕੇਵਲ ਮੁਗਲ ਫੌਜਾਂ ਦਾ ਮੁਕਾਬਲਾ ਹੀ ਕਰ ਸਕਦੇ ਸਨ ਬਲਕਿ ਉਨ੍ਹਾਂ ਨੂੰ ਕਰਾਰੀ ਹਾਰ ਵੀ ਦੇ ਸਕਦੇ ਸਨ। ਗੁਰੂ ਨਾਨਕ ਤੋਂ ਮਗਰੋਂ ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਆਪ ਸਤਲੁਜੋਂ ਪਾਰ ਨਹੀਂ ਸਨ ਗਏ, ਭਾਵੇਂ ਉਨ੍ਹਾਂ ਦੇ ਮਸੰਦਾਂ ਰਾਹੀਂ ਸਿੱਖੀ ਲੱਗਭੱਗ ਸਾਰੇ ਉਤਰੀ ਭਾਰਤ ਵਿਚ ਫੈਲ ਚੁੱਕੀ ਸੀ। ਗੁਰੂ ਨਾਨਕ ਤੋਂ ਪਿੱਛੋਂ ਕੇਵਲ ਨੌਵੇਂ ਗੁਰੂ ਤੇਗ਼ ਬਹਾਦਰ ਹੀ ਸਨ ਜੋ ਪੰਜਾਬ ਤੋਂ ਬਾਹਰ ਗਏ ਤੇ ਬਨਾਰਸ, ਪਟਨਾ ਤੇ ਢਾਕੇ ਆਦਿ ਥਾਵਾਂ ਵਿਚ ਪ੍ਰਚਾਰ ਕਰ ਕੇ ਸਿੱਖ ਸੰਗਤਾਂ ਕਾਇਮ ਕੀਤੀਆਂ। ਔਰੰਗਜ਼ੇਬ ਲਈ ਇਹ ਸਭ ਕੁੱਝ ਸਹਿਣਾ ਬੜਾ ਅਸਹਿ ਸੀ। ਅਜਿਹੀਆਂ ਨਾਜ਼ੁਕ ਪਰਸਥਿਤੀਆਂ ਵਿਚ ਗੁਰੂ ਤੇਗ਼ ਬਹਾਦਰ ਆਪਣਾ ਫ਼ਰਜ਼ ਸਮਝਦੇ ਸਨ ਕਿ ਜ਼ੁਲਮ ਗ੍ਰਸਤ ਲੋਕਾਂ ਦੇ ਹਿਰਦੇ ਵਿਚ ਆਪਣੇ ਵਿਸ਼ਵਾਸਾਂ ਲਈ ਕੁਰਬਾਨੀ ਦੀ ਭਾਵਨਾ ਪੈਦਾ ਹੋਵੇ। ਇਸੇ ਫ਼ਰਜ਼ ਦੀ ਭਾਵਨਾ ਤਹਿਤ ਗੁਰੂ ਤੇਗ਼ ਬਹਾਦਰ ਨੇ ਆਪਣਾ ਸੀਸ ਦੇ ਕੇ ਲੱਖਾਂ ਮਜ਼ਲੂਮ ਜਿੰਦਾਂ ਨੂੰ ਬਚਾਇਆ। ਔਰੰਗਜ਼ੇਬ ਆਪਣੇ ਇਰਾਦੇ ਵਿਚ ਕਾਮਯਾਬ ਨਾ ਹੋ ਸਕਿਆ। ਹਿੰਦੁਸਤਾਨ ਇਸਲਾਮੀ ਦੇਸ਼ ਹੋਣ ਤੋਂ ਬਚ ਗਿਆ। ਪ੍ਰੋ. ਪੂਰਨ ਸਿੰਘ ਦਾ ਇਹ ਕਹਿਣਾ ਬਿਲਕੁਲ ਠੀਕ ਹੈ, "ਜੇ ਔਰੰਗਜ਼ੇਬ ਆਪਣੇ ਮਨੋਰਥ ਵਿਚ ਸਫਲ ਹੋ ਜਾਂਦਾ ਤਾਂ ਮੁਸਲਮਾਨਾਂ ਦੀ ਇਹ ਇਕ ਸਭ ਤੋਂ ਵੱਡੀ ਇਤਿਹਾਸਕ ਪ੍ਰਾਪਤੀ ਹੋਣੀ ਸੀ ਤੇ ਔਰੰਗਜ਼ੇਬ ਦਾ ਨਾਂ ਬਹੁਤ ਮਹਾਨ ਵਿਅਕਤੀਆਂ ਵਿਚੋਂ ਇਕ ਹੋਣਾ ਸੀ, ਪਰ ਉਹ ਅਸਫਲ ਰਹਿਆ।"[4]

ਗੁਰੂ ਤੇਗ਼ ਬਹਾਦਰ ਦੀ ਕੁਰਬਾਨੀ ਆਪਣੇ ਨਿੱਜ ਦੇ ਸੁਆਰਥ ਲਈ ਨਹੀਂ ਸੀ। ਇਹ ਸ਼ਹਾਦਤ ਕਿਸੇ ਧਰਮ ਦੇ ਵਿਰੁੱਧ ਨਹੀਂ ਸੀ। ਇਹ ਜ਼ਾਲਮ ਵਰਗ ਵਲੋਂ, ਮਾਸੂਮ ਪਰਜਾ

ਉਹ ਕੀਤੇ ਜਾ ਰਹੇ ਜ਼ੁਲਮ ਵਿਰੁੱਧ ਇਕ ਬਗ਼ਾਵਤ ਸੀ। ਇਸ ਸ਼ਹਾਦਤ ਨੇ ਲੋਕਾਂ ਵਿਚ ਇਕ ਨਵੀਂ ਰੂਹ ਭਰ ਦਿੱਤੀ। ਉਹ ਜ਼ੁਲਮ ਦਾ ਟਾਕਰਾ ਕਰਨ ਲਈ ਤਿਆਰ ਹੋ ਕੇ ਮੈਦਾਨ ਵਿਚ ਕੁੱਦ ਪਏ। ਇਸ ਸ਼ਹੀਦੀ ਦਾ ਨਤੀਜਾ ਔਰੰਗਜ਼ੇਬ ਦੀ ਆਸ ਦੇ ਬਿਲਕੁਲ ਉਲਟ ਨਿਕਲਿਆ। ਸ਼ਹੀਦੀ ਨੇ ਖ਼ਾਲਸੇ ਨੂੰ ਜਨਮ ਦਿੱਤਾ।

> ਸਾਧਨ ਹੇਤ ਇਤੀ ਜਿਨਿ ਕਰੀ
> ਸੀਸ ਦੀਆ ਪਰ ਸੀ ਨਾ ਉਚਰੀ
> ਧਰਮ ਹੇਤ ਸਾਕਾ ਜਿਨਿ ਕੀਆ
> ਸੀਸ ਦੀਆ ਪਰ ਸਿਰਰੁ ਨ ਦੀਆ
> ਨਾਟਕ ਚੇਟਕ ਕੀਏ ਕੁਕਾਜਾ
> ਪ੍ਰਭ ਲੋਗਨ ਕਹ ਆਵਤ ਲਾਜਾ
> ਠੀਕਰਿ ਫੋਰ ਦਿਲੀਸ ਸਿਰ ਪ੍ਰਭ ਪੁਰ ਕੀਆ ਪਿਯਾਨ
> ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ।[5]

ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ ਸਦੀਵ ਕਾਲ ਤੱਕ ਜ਼ਮੀਰ ਦੀ ਆਜ਼ਾਦੀ ਦੇ ਆਦਰਸ਼ ਲਈ ਦਿੱਤੀ ਮਹਾਨ ਕੁਰਬਾਨੀ ਦੀ ਪ੍ਰਤੀਕ ਹੈ।

> ਗੁਰੂ ਤੇਗ਼ ਬਹਾਦਰ ਦੇ ਕ੍ਰਿਤਵ ਦੀ ਸਾਰੀ ਮਹੱਤਤਾ ਇਸੇ ਤੱਥ ਵਿੱਚ ਹੈ ਕਿ ਗੁਰੂ, ਇਤਿਹਾਸਕ ਅਰਥਾਂ ਵਿਚ ਉਨ੍ਹਾਂ ਨੇ ਸਿੱਖ ਇਤਿਹਾਸ ਦੇ ਗੌਰਵੀ ਧਾਰੇ ਨੂੰ ਸੁਰਜੀਤ ਕੀਤਾ। ਉਹ ਆਪਣੇ ਪਿਤਾ ਅਤੇ ਪੋਤਰ ਵਿਚਕਾਰ ਨੈਤਿਕ ਅਤੇ ਇਤਿਹਾਸਕ ਕੜੀ ਬਣ ਗਏ। ... ਸਿੱਖ ਪੰਥ ਨੂੰ ਨਵਾਂ ਹੌਸਲਾ ਦਿੱਤਾ ਅਤੇ ਇਸ ਨੂੰ ਇਸ ਯੋਗ ਬਣਾਇਆ ਕਿ ਹਕੂਮਤ ਦੀ ਧੱਕੇਸ਼ਾਹੀ ਵਿਰੁੱਧ ਜ਼ਮੀਰ ਦੀਆਂ ਮੰਗਾਂ ਦੀ ਰੱਖਿਆ ਕਰ ਸਕੇ। ਅਠਾਰਵੀਂ ਸਦੀ ਦੀ ਸਿੱਖਾਂ ਦੀ ਰਾਜਸੀ ਆਜ਼ਾਦੀ ਉਸ ਜ਼ਮੀਰ ਦੀ ਆਜ਼ਾਦੀ ਦਾ ਤਰਕਸੰਗਤ ਅਤੇ ਇਤਿਹਾਸਕ ਵਿਕਾਸ ਸੀ ਜਿਸ ਦੀ ਗੁਰੂ ਤੇਗ਼ਬਹਾਦਰ ਨੇ ਰੱਖਿਆ ਕੀਤੀ ਅਤੇ ਜਿਸ ਨੂੰ ਗੁਰੂ ਗੋਬਿੰਦ ਸਿੰਘ ਨੇ ਯਕੀਨੀ ਬਣਾਇਆ।[6]

**ਗੁਰੂ ਤੇਗ਼ ਬਹਾਦਰ ਅਤੇ ਮਾਨਵੀ ਸੰਕਟ (ਬਾਣੀ ਦੇ ਪ੍ਰਸੰਗ ਵਿਚ)।**

ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਮਨੁੱਖ ਦੀ ਸੰਕਟਮਈ ਦਸ਼ਾ ਦਾ ਵਰਣਨ ਬਾਰ ਬਾਰ ਕੀਤਾ ਗਿਆ ਹੈ। ਇਸੇ ਕਾਰਨ ਕਈ ਵੇਰ ਪਲਾਇਨਵਾਦੀ ਰੁਚੀ ਦਾ ਭੁਲੇਖਾ ਵੀ ਲੱਗਦਾ ਹੈ ਪਰ ਇਸ ਬਾਣੀ ਦਾ ਪ੍ਰਭਾਵ ਅਧਿਆਤਮਵਾਦੀ ਰੁਚੀ ਜਗਾਉਂਦਾ ਬਿਲਕੁਲ ਨਹੀਂ ਕਿਉਂਕਿ ਇਸ ਬਾਣੀ ਦਾ ਉਦੇਸ਼ ਜ਼ਿੰਦਗੀ ਦੀਆਂ ਚਿੰਤਾਵਾਂ ਤੋਂ ਘਬਰਾ ਕੇ ਨਿਰਾਸ਼ਾਵਾਦੀ ਕਰ ਦੇਣਾ ਕਦਾਚਿਤ ਨਹੀਂ। ਬਾਣੀ ਵਿਚਲੇ ਸੰਕਟ ਦਾ ਪ੍ਰਸੰਗ ਮਨੁੱਖ ਦੀ ਵਿਵਸ਼ਤਾ, ਮੌਤ ਦੇ ਡਰ, ਮਾਨਸਿਕ ਭਟਕਣਾਂ, ਬੇਚੈਨੀ ਦੀ ਅਵਸਥਾ ਆਦਿ ਨਾਲ ਸੰਬੰਧਿਤ ਹੈ। ਭਾਵੇਂ ਇਸ ਸੰਕਟ ਦਾ ਪ੍ਰਗਟਾ ਗੁਰੂ ਤੇਗ਼ਬਹਾਦਰ ਨੇ ਨਿੱਜ ਆਤਮ ਸੰਸਾਰ ਦੀ ਵਿਥੀ ਦੁਆਰਾ ਕੀਤਾ ਹੈ ਪਰ ਇਹ ਸੰਕਟ ਗੁਰੂ ਤੇਗ਼ਬਹਾਦਰ ਦਾ ਨਿੱਜੀ ਸੰਕਟ ਨਹੀਂ ਸਗੋਂ ਸਰਬ-ਸਾਧਾਰਣ ਮਨੁੱਖ ਦਾ ਹਰ ਸਮੇਂ ਵਿਚ ਵਾਪਰ ਰਿਹਾ ਸੰਕਟ ਹੈ। ਇਸ ਸੰਕਟ ਤੋਂ ਨਵਿਰਤ ਹੋਣ ਦਾ ਮਾਰਗ ਵੀ ਇਸ ਬਾਣੀ ਵਿਚ ਦਰਸਾਇਆ ਗਿਆ ਹੈ।

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ।[7]

ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ
ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ।[8]

ਇਹ ਸਾਧਾਰਣ ਮਨੁੱਖ ਦੇ ਬੰਧਨ ਅਤੇ ਵਿਵਸ਼ਤਾ ਦਾ ਸੰਕਟ ਹੈ। ਇਹ ਕਹਿਣਾ ਬਿਲਕੁਲ ਉਚਿਤ ਨਹੀਂ ਹੋਵੇਗਾ ਕਿ ਮੁਗ਼ਲ ਹਕੂਮਤ ਦੀ ਕੈਦ ਤੇ ਉਥੋਂ ਦੀ ਵਿਵਸ਼ਤਾ ਗੁਰੂ ਤੇਗ਼ ਬਹਾਦਰ ਲਈ ਸੰਕਟ ਦਾ ਕਾਰਣ ਸੀ ਕਿਉਂਕਿ ਇਨ੍ਹਾਂ ਸਲੋਕਾਂ ਤੋਂ ਬਾਅਦ ਅਜਿਹੇ ਸਲੋਕਾਂ ਦਾ ਵਰਣਨ ਵੀ ਮਿਲਦਾ ਹੈ ਜਿਨ੍ਹਾਂ ਵਿਚ ਸੰਕਟ ਦੇ ਖ਼ਤਮ ਹੋ ਜਾਣ ਦਾ ਵਰਣਨ ਹੈ।

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ
ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮਹੀ ਹੋਤ ਸਹਾਇ।[9]

ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ
ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ।[10]

ਬਾਣੀ ਵਿਚਲਾ ਸੰਕਟ ਦਾ ਪ੍ਰਸੰਗ ਮਨੁੱਖ ਦੀ ਨੈਤਿਕ ਪਤਨ ਦੀ ਦਸ਼ਾ ਨਾਲ ਸੰਬੰਧਿਤ ਹੈ। ਇਸ ਬਾਣੀ ਵਿਚ ਭਾਵੇਂ ਤਤਕਾਲੀ ਸਮਾਜਿਕ, ਰਾਜਨੀਤਕ, ਧਾਰਮਿਕ ਦਸ਼ਾ ਦੇ ਸਿੱਧੇ ਸਪਸ਼ਟ ਹਵਾਲੇ ਨਹੀਂ ਮਿਲਦੇ ਫੇਰ ਵੀ ਉਸ ਸਮੇਂ ਦੀਆਂ ਮੁੱਖ ਪਰਵਿਰਤੀਆਂ, ਰੁਚੀਆਂ ਤੇ ਮੁੱਲਾਂ ਦੇ ਵਾਸਤਵਿਕ ਚਿੱਤਰ ਜ਼ਰੂਰ ਨਜ਼ਰ ਆਏ ਹਨ ਕਿਉਂਕਿ ਗੁਰੂ ਤੇਗ਼ ਬਹਾਦਰ ਆਪਣੇ ਸਮੇਂ ਦੀ ਸਮਾਜਿਕ-ਧਾਰਮਿਕ ਦਸ਼ਾ ਤੋਂ ਅਭਿੱਜ ਨਹੀਂ ਸਨ। ਉਸ ਸਮੇਂ ਪੈਸਾ ਮਨੁੱਖ ਦੀ ਮੁੱਖ ਪ੍ਰੇਰਕ ਸ਼ਕਤੀ ਬਣ ਚੁੱਕਿਆ ਸੀ। ਲੋਭੀ ਮਨੁੱਖ ਨਿੱਜੀ ਹਿੱਤਾਂ ਦੀ ਪੂਰਤੀ ਲਈ ਦਸਾਂ ਦਿਸ਼ਾਵਾਂ ਵਿਚ ਭਟਕਦਾ ਫਿਰਦਾ ਸੀ। ਮਨੁੱਖੀ ਰਿਸ਼ਤਿਆਂ ਦਾ ਸੰਬੰਧ ਕੇਵਲ ਪੈਸੇ ਤੇ ਆਧਾਰਿਤ ਸੀ। ਜਿਨ੍ਹਾਂ ਹਾਲਾਤ ਵਿੱਚ ਮਨੁੱਖ ਕਿਵੇਂ ਨਿਰਭੈ ਹੋ ਸਕਦਾ ਸੀ। ਇਹ ਸਥਿਤੀ ਹਮੇਸ਼ਾ ਉਸ ਸੰਕੀਰਨਤਾ ਦੀ ਸੂਚਕ ਹੁੰਦੀ ਹੈ ਜਦੋਂ ਮਾਨਵੀ ਮੁੱਲਾਂ ਦਾ ਪਤਨ ਹੋ ਜਾਂਦਾ ਹੈ, ਨੈਤਿਕ ਕੀਮਤਾਂ ਤਿੜਕ ਜਾਂਦੀਆਂ ਹਨ। ਇਸ ਅਵਸਥਾ ਵਿਚ ਮਨੁੱਖ, ਮਾਨਵੀ ਵਿਰਾਸਤ ਤੋਂ ਟੁੱਟਾ ਹੋ ਕੇ ਬਿਖਰਾਵਟ ਦੀ ਦਸ਼ਾ ਵਿਚ ਵਿਚਰਦਾ ਹੈ। ਅਜਿਹਾ ਮਨੁੱਖ ਕੇਵਲ ਨਿੱਜੀ ਸੁਆਰਥ ਦੀ ਪੂਰਤੀ ਲਈ ਜਿਊਂਦਾ ਹੈ। ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਮਨੁੱਖ ਦੇ ਇਸ ਨੈਤਿਕ ਸੰਕਟ ਦਾ ਜ਼ਿਕਰ ਬਾਰ ਬਾਰ ਹੋਇਆ ਹੈ। ਮਨੁੱਖ ਚਿੰਤਨਗ੍ਰਸਤ ਦਸ਼ਾ ਵਿਚ ਵਿਖਾਈ ਦਿੰਦਾ ਹੈ।ਗੁਰੂ ਤੇਗ਼ ਬਹਾਦਰ ਨੇ ਕਦੀ ਸਾਧੂਆਂ ਨੂੰ, ਕਦੀ ਮਾਂ ਨੂੰ ਤੇ ਕਦੀ ਆਪਣੇ ਆਪ ਨੂੰ ਸੰਬੋਧਨ ਕਰ ਕੇ ਇਸ ਸੰਕਟ ਦੇ ਵੱਖ ਵੱਖ ਪਸਾਰਾਂ ਦਾ ਵਿਸਤ੍ਰਿਤ ਜ਼ਿਕਰ ਕੀਤਾ ਹੈ। ਉਂਝ ਵੀ ਏਥੇ ਬਾਣੀ ਵਿਚ ਤਤਕਾਲੀ ਵਿਆਪਕ ਸਮਾਜਿਕ ਦਸ਼ਾ ਦਾ ਚਿਤ੍ਰਨ ਪ੍ਰਤੱਖ ਮਿਲਦਾ ਹੈ। ਇਸ ਦਸ਼ਾ ਨੂੰ ਗੁਰੂ ਤੇਗ਼ ਬਹਾਦਰ ਨੇ ਆਪਣੇ ਸਮੇਂ ਦੇ ਸਮਾਜ ਦਾ ਮਹਾਂਸੰਕਟ ਕਿਹਾ ਹੈ।

ਗੁਰੂ ਜੀ ਨੇ ਮਨੁੱਖ ਦਾ ਸੰਕਟ ਪਛਾਣ ਕੇ ਉਸ ਨੂੰ ਬਚਣ ਦੀ ਜਾਚ ਵੀ ਦਿੱਤੀ ਹੈ। ਨਾਮ ਦੁਆਰਾ ਇਸ ਦੂਰ ਕਰਨ ਦਾ ਭਰੋਸਾ ਵੀ ਦਿਵਾਇਆ ਹੈ। ਮਹਿੰਦਰ ਕੌਰ ਗਿੱਲ ਅਨੁਸਾਰ, "ਏਥੇ ਗੁਰੂ ਮਨੁੱਖ ਨੂੰ ਉਸ ਦੇ ਵਾਸਤਵਿਕ ਵਾਤਾਵਰਣ ਵਿਚ ਵਿਚਰਣ ਲਈ ਆਪਣੇ ਨਾਲ ਲੈ ਲੈਂਦੇ ਹਨ। ਮਨੁੱਖ ਆਪਣੀਆਂ ਕਮਜ਼ੋਰੀਆਂ, ਗੁਨਾਹਾਂ ਦਾ ਅਹਿਸਾਸ ਕਰਦਾ ਕਰਦਾ ਪਰਮਾਤਮਾ ਵੱਲ ਮੂੰਹ ਕਰਨ ਲਈ ਮਜਬੂਰ ਹੋ ਜਾਂਦਾ ਹੈ ...। ਸੰਸਾਰਕੀ ਬੇਮੁੱਖਤਾ ਤੇ ਨਾਸ਼ਮਾਨਤਾ ਸੰਕਲਪਨਾ ਨਾ ਰਹਿ ਕੇ ਜਗਤ ਅਤੇ ਜੀਵਨ ਵਿੱਚ ਵਾਪਰਨ ਵਾਲੀ ਇੱਕ ਮੂਲ ਕਿਰਿਆ ਬਣ ਕੇ ਸਾਹਮਣੇ ਆਉਂਦੀ ਹੈ ਤੇ ਜੀਵ ਇਸ ਦਾ ਬੜਾ ਮਾਰਮਿਕ ਅਹਿਸਾਸ ਕਰਦਾ ਹੈ।"[11]

ਗੁਰੂ ਤੇਗ਼ ਬਹਾਦਰ ਦੀ ਸਾਰੀ ਬਾਣੀ ਵਿਚ ਜਿਥੇ ਮਨੁੱਖ ਆਪਣੇ ਸਾਕ ਸੰਬੰਧੀਆਂ ਤੇ ਦੋਸਤਾਂ ਮਿੱਤਰਾਂ ਦੀ ਬੇਵਫ਼ਾਈ ਤੋਂ ਪ੍ਰੇਸ਼ਾਨ ਹੈ, ਕਦੀ ਸੰਸਾਰਕ ਵਸਤਾਂ ਦੀ ਅਸਥਿਰਤਾ ਕਾਰਨ

ਦੁਖੀ ਹੁੰਦਾ ਹੈ। ਕਦੀ ਉਸਨੂੰ ਆਪਣੇ ਬਚਪਨ ਤੇ ਜੁਆਨੀ ਅਜਾਈਂ ਬੀਤ ਜਾਣ ਦਾ ਪਛਤਾਵਾ ਹੈ ਤੇ ਕਦੀ ਮਾਨਸਿਕ ਦੁਬਿਧਾ ਨਾਲ ਗ੍ਰਸਤ ਹੋ ਗਿਆ ਹੈ। ਇਸ ਸੰਕਟ ਦੇ ਪ੍ਰਮੁੱਖ ਤੌਰ ਤੇ ਤਿੰਨ ਆਧਾਰ ਹਨ।

(ੳ) ਉਹ ਪਦਾਰਥ ਮਨੁੱਖ ਲਈ ਸੰਕਟ ਦਾ ਕਾਰਣ ਬਣਦੇ ਹਨ ਜੋ ਇੰਦ੍ਰੀਆਂ ਦਾ ਵਿਸ਼ਾ ਹਨ ਅਤੇ ਆਪਣੇ ਰੂਪ, ਰਸ, ਸ਼ਬਦ, ਸਪਰਸ਼ ਤੇ ਗੰਧ ਨਾਲ ਜੀਵ ਨੂੰ ਮੋਹਦੇ ਹਨ।

(ਅ) ਉਨ੍ਹਾਂ ਨਿਕਟੀ ਸਾਕ ਸੰਬੰਧੀਆਂ ਤੋਂ ਵੀ ਮਨੁੱਖ ਦੁਖੀ ਹੁੰਦਾ ਹੈ ਜੋ ਉਸ ਨੂੰ ਮੋਹ ਜਾਲ ਵਿਚ ਜਕੜੀ ਬੈਠੇ ਹਨ। ਮੋਹ ਮਾਇਆ ਵਿਚ ਗ੍ਰਸਤ ਹੋਇਆ ਮਨੁੱਖ ਸਥਿਰਤਾ ਤੇ ਪਰਿਵਰਤਨਸ਼ੀਲਤਾ ਵਿਚਕਾਰ ਨਿਖੇੜਾ ਨਹੀਂ ਕਰ ਸਕਦਾ। ਜਿਵੇਂ ਕਿ ਦੁਨਿਆਵੀ ਸੰਬੰਧਾਂ ਦਾ ਵਿਯੋਗ ਉਸ ਲਈ ਸੰਕਟ ਬਣ ਜਾਂਦਾ ਹੈ।

(ੲ) ਅਪੂਰਤੀ ਕਰਮਕਾਂਡ, ਤੀਰਥ, ਬਰਤ, ਸੰਨਿਆਸ ਆਦਿ ਵੀ ਸੰਕਟ ਦੇ ਪ੍ਰਮੁੱਖ ਕਾਰਣ ਹਨ। ਇਹ ਅਡੰਬਰਪੂਰਨ ਕਰਮਕਾਂਡ ਮਨੁੱਖ ਅੰਦਰ ਹਉਮੈਂ ਪੈਦਾ ਕਰਦਾ ਹੈ ਤੇ ਮੁਕਤੀ ਦੇਣ ਦੀ ਬਜਾਇ ਬੰਧਨ ਰੂਪ ਬਣ ਕੇ ਠੋਕਰਦਾ ਹੈ।[12]

ਦੁਨਿਆਵੀ ਭੋਗਾਂ ਵਿਚ ਗਲਤਾਨ ਮਨੁੱਖ ਇੰਦ੍ਰੀਗਤ ਵਸਤਾਂ ਨੂੰ ਸਦੀਵੀ ਸਮਝ ਕੇ ਉਨ੍ਹਾਂ ਨਾਲ ਮੋਹ ਪਾਉਂਦਾ ਹੈ, ਅੰਤ ਉਨ੍ਹਾਂ ਦੇ ਵਿਨਸ ਜਾਣ ਤੇ ਸ਼ੋਕ ਗ੍ਰਸਤ ਹੋ ਜਾਂਦਾ ਹੈ। ਕਾਮਾਦਿਕ ਬਿਰਤੀਆਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਸੰਕਟ ਦਾ ਕਾਰਣ ਜ਼ਰੂਰ ਹਨ ਪਰ ਇਨ੍ਹਾਂ ਬਿਰਤੀਆਂ ਨੂੰ ਸਥਾਈ ਸਮਝ ਕੇ ਇਨ੍ਹਾਂ ਤੋਂ ਮੁਕਤ ਹੋਣ ਦੀ ਕੋਸ਼ਿਸ਼ ਨਾ ਕਰਨਾ, ਇਹ ਵਾਸਤਵ ਵਿਚ ਮਨੁੱਖ ਦੀ ਉਸ ਤੋਂ ਵਧੇਰੇ ਸੰਕਟਮਈ ਸਥਿਤੀ ਹੈ।

ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ
ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ।[13]

ਝੂਠੇ ਤਨ ਨੂੰ ਸੱਚ ਮੰਨ ਲੈਣਾ ਹੀ ਮਨੁੱਖ ਦਾ ਸੰਕਟ ਹੈ। ਮਨੁੱਖ ਮਾਇਆ ਦੇ ਨਸ਼ੇ ਵਿਚ ਗ਼ਲਤਾਨ ਹੋਇਆ ਰਹਿੰਦਾ ਹੈ। ਹਰੀ ਨਾਮ ਦੀ ਯਾਦ ਤੋਂ ਵਿਛੁੜਿਆ ਮਨੁੱਖ ਕੂੜ ਤੇ ਫ਼ਰੇਬ ਨਾਲ ਦੁਨੀਆਂ ਨੂੰ ਲੁੱਟ ਕੇ ਆਪਣਾ ਢਿੱਡ ਭਰਦਾ ਹੈ। ਉਸਦੇ ਜੀਵਨ ਦੀ ਮੁਖ ਪ੍ਰਵਿਰਤੀ ਦਿਖਾਵਾ ਬਣ ਜਾਂਦੀ ਹੈ। ਉਹ ਆਪਣੇ ਮੂਲ ਆਪੇ ਤੋਂ ਟੁੱਟ ਕੇ ਵਿਸ਼ੇ ਵਿਕਾਰਾਂ ਵਿਚ ਗ੍ਰਸਤ ਹੋ ਜਾਂਦਾ ਹੈ। ਲਾਲਚ ਵੱਸ ਉਹ ਜਿਹੜੇ ਵੀ ਕੰਮ ਕਰਦਾ ਹੈ, ਉਹ ਉਸ ਨੂੰ ਹੋਰ ਤ੍ਰਿਸ਼ਨਾ ਬੰਧਨਾਂ ਵਿਚ ਜਕੜ ਦੇਂਦੇ ਹਨ। ਉਹ ਸੰਸਾਰ ਦੇ ਉਨ੍ਹਾਂ ਰਿਸ਼ਤਿਆਂ ਨੂੰ ਸਦੀਵੀ ਸਮਝ ਲੈਂਦਾ ਹੈ ਜਿਹੜੇ ਖਿਣਭੰਗਰੀ ਪ੍ਰਵਿਰਤੀ ਵਾਲੇ ਹਨ। ਦਰਅਸਲ ਮਨੁੱਖ ਹਉਮੈਂ ਦੁਆਰਾ ਜਾਗੀ ਹੋਈ ਚੇਤਨਾ ਦਾ ਗ਼ੁਲਾਮ ਬਣ ਜਾਂਦਾ ਹੈ, ਸਿੱਟੇ ਵਜੋਂ ਦੈਵੀ ਹਕੀਕਤ ਤੋਂ ਬੇਮੁਖ ਹੋ ਕੇ ਸੰਕਟਗ੍ਰਸਤ ਹੋ ਜਾਂਦਾ ਹੈ। ਬੰਧਨਕਾਰੀ ਹਉਮੈ ਦੀ ਪ੍ਰਕਿਰਤੀ ਉਸ ਨੂੰ ਦੈਵਿਕ ਸ੍ਰੋਤ ਤੋਂ ਵਿਛੁੰਨਾ ਕਰ ਦੇਂਦੀ ਹੈ। ਨਿਕਟਵਰਤੀ ਸਾਕ-ਸੰਬੰਧੀਆਂ ਦੀ ਖ਼ੁਦਗਰਜ਼ੀ ਕਾਰਣ ਬਾਣੀ ਵਿਚਲਾ ਮਨੁੱਖ ਨਿਰਾਸ਼ ਨਜ਼ਰ ਆਇਆ ਹੈ। ਜਿਨ੍ਹਾਂ ਸੰਬੰਧਾਂ ਤੇ ਉਹ ਮਾਣ ਕਰਦਾ ਹੈ, ਲੋੜ ਪੈਣ ਤੇ ਸਭ ਝੂਠੇ ਸਿੱਧ ਹੁੰਦੇ ਹਨ:

ਸਭ ਕਿਛੁ ਜੀਵਤ ਕੋ ਬਿਵਹਾਰ
ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ
ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ
ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਤ ਨਿਕਾਰਿ।[14]

ਦੋਸਤ-ਮਿੱਤਰਾਂ ਦੀ ਪ੍ਰੀਤ ਵੀ ਸੁਆਰਥ ਭਰਪੂਰ ਹੈ:

ਪ੍ਰੀਤਮ ਜਾਨਿ ਲੇਹੁ ਮਨ ਮਾਹੀ
ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ
ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ।[15]

ਅਜਿਹੇ ਧਰਮ-ਕਰਮ ਮਨੁੱਖ ਲਈ ਬੰਧਨ ਬਣ ਜਾਂਦੇ ਹਨ। ਬੰਧਨ, ਸੰਕਟ ਦਾ ਹੀ ਦੂਜਾ ਰੂਪ ਹੈ।

ਜਾ ਮੈ ਭਜਨੁ ਰਾਮ ਕੋ ਨਾਹੀ
ਤਿਹ ਨਰ ਜਨਮੁ ਅਕਾਰਥੁ ਖੋਇਆ ਯਹ ਰਾਖਹੁ ਮਨ ਮਾਹੀ
ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ
ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ
ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ
ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ।[16]

ਮਨੁੱਖ ਦੀ ਮੂਲ ਸਮੱਸਿਆ ਆਪਣੀ ਹਕੀਕਤ ਪ੍ਰਤੀ ਅਗਿਆਨਤਾ ਹੈ ਉਹ ਮਨ ਨੂੰ ਵਿਕ੍ਰਿਤ ਵਿਚਰੀਆਂ ਨਾਲ ਅਨੁਰੂਪ ਸਮਝਦਾ ਹੈ। ਹਉਮੈ ਕਾਰਨ ਮਨੁੱਖ ਸਥਿਰ ਤੇ ਅਸਥਿਰ ਵਿਚ ਅੰਤਰ ਕਰਨ ਤੋਂ ਅਸਮਰੱਥ ਰਹਿੰਦਾ ਹੈ। ਦੁਨਿਆਵੀ ਇੰਦ੍ਰੀਗਤ ਵਸਤਾਂ, ਸਾਕ ਸੰਬੰਧ ਮਨੁੱਖ ਲਈ ਬੰਧਨ ਬਣ ਜਾਂਦੇ ਹਨ, ਧਰਮ-ਕਰਮ ਸਭ ਝੂਠੇ ਸਿੱਧ ਹੁੰਦੇ ਹਨ, ਸਿੱਟੇ ਵਜੋਂ ਮਨੁੱਖ ਨੈਤਿਕ ਸੰਕਟ ਵਿਚ ਘਿਰ ਜਾਂਦਾ ਹੈ। ਮਨੁੱਖ ਦੇ ਇਸ ਨੈਤਿਕ ਸੰਕਟ ਦਾ ਕਾਰਨ ਉਸ ਦਾ ਅਗਿਆਨੀ ਹੋਣਾ ਹੈ। ਮਾਇਆ-ਗ੍ਰਸਤ ਜੀਵ ਸੰਸਾਰਕ ਭੋਗਾਂ ਵਿਚ ਲਿਪਤ ਹੋਣ ਕਾਰਨ ਬੰਧਨ ਵਿਚ ਫਸਦਾ ਹੈ। ਉਹ ਮਨੁੱਖ ਦੀ ਅਸਲ ਹਕੀਕਤ, ਦੈਵੀ ਪ੍ਰਕਿਰਤੀ ਦੀ ਪਛਾਣ ਤੋਂ ਅਣਜਾਣ ਰਹਿੰਦਾ ਹੈ। ਮਨੁੱਖ ਵਿੱਚ ਕੇਵਲ ਬਦੀ ਦੀ ਸੰਭਾਵਨਾ ਮੌਜੂਦ ਨਹੀਂ, ਬਲਕਿ ਉਹ ਦੈਵੀ ਗਿਆਨ ਦੀ ਸੂਝ ਵੀ ਰੱਖਦਾ ਹੈ ਪਰ ਇਸ ਸੂਝ ਤੋਂ ਉਸੇ ਤਰ੍ਹਾਂ ਅਣਜਾਣ ਰਹਿੰਦਾ ਹੈ ਜਿਵੇਂ ਹਿਰਨ ਆਪਣੀ ਨਾਭੀ ਵਿਚ ਮੌਜੂਦ ਕਸਤੂਰੀ ਤੋਂ ਅਣਜਾਣ ਰਹਿੰਦਾ ਹੈ। ਮਾਇਆ, ਵਿਸ਼ੈ ਭੋਗ ਤੇ ਅਗਿਆਨ ਇਹ ਸਭ ਜੀਵ ਦੇ ਬੰਧਨ ਦੇ ਕਾਰਨ ਹਨ। ਕਿਉਂਕਿ ਇਹ ਗ੍ਰਸਿਆ ਜੀਵ ਆਪਣੇ ਆਪੇ ਦੀ ਖੋਜ ਵੱਲ ਰੁਚਿਤ ਨਹੀਂ ਹੁੰਦਾ। ਗੀਤਾ ਵਿਚ ਵੀ ਮਨੁੱਖ ਦੇ ਬੰਧਨ ਦਾ ਪ੍ਰਮੁੱਖ ਕਾਰਨ, ਮਾਇਆ ਜਾਂ ਅਗਿਆਨ ਦੀ ਸੰਗਿਆ ਕਿਹਾ ਹੈ।

ਗੁਰੂ ਤੇਗ਼ ਬਹਾਦਰ ਦੀ ਬਾਣੀ ਅਨੁਸਾਰ ਮਨੁੱਖ ਦੀ ਬੰਧਨਯੁਕਤ ਅਵਸਥਾ ਦਾ ਜ਼ਿੰਮੇਵਾਰ ਖ਼ੁਦ, ਮਨੁੱਖ ਆਪ ਹੈ। ਬਾਣੀ ਵਿਚ ਕਈ ਥਾਈਂ ਇਸ ਤੱਥ ਦੀ ਪੁਸ਼ਟੀ ਹੋਈ ਹੈ। ਜਿਵੇਂ, 'ਇਹ ਬਿਧਿ ਆਪ ਬੰਧਾਵੈ', 'ਬਿਰਥਾ ਆਪ ਬੰਧਾਇਓ' ਤੇ 'ਤਿਹ ਤਿਹ ਆਪ ਬੰਧਾਇਓ' ਆਦਿ। ਇਸ ਝੂਠੇ ਸਮੋਹ ਨੂੰ ਸੱਚ ਮੰਨ ਲੈਣਾ ਹੀ ਮਨੁੱਖ ਦੀ ਸਭ ਤੋਂ ਵੱਡੀ ਅਗਿਆਨਤਾ ਹੈ, ਜੋ ਕਿ ਉਸਦੇ ਬੰਧਨ ਦਾ ਪ੍ਰਮੁੱਖ ਕਾਰਨ ਹੈ।[17]

ਗੁਰੂ ਤੇਗ਼ ਬਹਾਦਰ ਬਾਣੀ ਦੀ ਮੂਲ ਸੁਰ, ਕਿਸੀ ਦਾਰਸ਼ਨਿਕ ਜਾਂ ਨੈਤਿਕ ਵਿਚਾਰਧਾਰਾ ਦਾ ਪ੍ਰਗਟਾਵਾ ਨਹੀਂ ਸਗੋਂ ਮਨੁੱਖ ਦੇ ਭਾਵੁਕ, ਅਸਤਿਤਵਕ, ਮਾਨਸਿਕ, ਨੈਤਿਕ ਸੰਕਟਾਂ ਦਾ ਬਿਆਨ ਹੈ।

ਬਲ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ।

ਮਾਨਸਿਕ ਤੇ ਆਤਮਿਕ ਤੌਰ ਤੇ ਖੰਡਿਤ ਹੋਇਆ ਸੰਤ੍ਰਸਤ ਮਨੁੱਖ, ਸੰਕਟ ਵਿਚ ਘਿਰ ਗਿਆ ਹੈ। ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਤੇ ਤ੍ਰਸਤ ਮਨੁੱਖ ਦਾ ਚਿਤਰ ਕੇਵਲ ਇਕ ਵਰਗ ਦੇ ਵਿਅਕਤੀ ਦੇ ਸੰਕਟਾਂ ਤੱਕ ਸੀਮਿਤ ਨਹੀਂ ਸਗੋਂ ਇਹ ਸਰਬ-ਸਾਧਾਰਣ ਮਨੁੱਖ ਦਾ ਸੰਕਟ ਹੈ। ਮਨੁੱਖ ਦੀ ਬਦਹਾਲ ਦਸ਼ਾ ਕੇਵਲ ਇਕ ਮਾਨਸਿਕ ਸਮੱਸਿਆ ਹੈ ਜੋ ਉਸਦੇ ਪ੍ਰਕਿਰਤੀ ਨਾਲੋਂ ਜਾਂ ਆਪਣੇ ਮੂਲ ਆਪੇ ਨਾਲੋਂ ਟੁੱਟਣ ਕਾਰਣ ਪੈਦਾ ਹੋਈ ਹੈ। ਉਸ ਦਾ ਸੰਕਟ ਆਤਮਿਕ ਵਿਵੇਕ ਦਾ ਸੰਕਟ ਹੈ।[18]

ਇਹ ਕਹਿਣਾ ਬੇਜਾ ਨਹੀਂ ਹੋਵੇਗਾ ਕਿ ਗੁਰੂ ਤੇਗ਼ ਬਹਾਦਰ ਆਪਣੇ ਸਮੇਂ ਦੀ ਸਮਾਜਿਕ ਹਾਲਤ ਤੋਂ ਵਾਕਫ਼ ਸਨ। ਉਨ੍ਹਾਂ ਦੀ ਬਾਣੀ ਵਿਚੋਂ ਉਸ ਸਮੇਂ ਦੇ ਧਾਰਮਿਕ ਪੁਰਸ਼ਾਂ ਦਾ ਵੀ ਸਪਸ਼ਟ ਵਰਣਨ ਮਿਲਦਾ ਹੈ ਜਿਨ੍ਹਾਂ ਦਾ ਜੀਵਨ ਆਧਾਰ ਵਿਖਾਵਾ ਤੇ ਪਾਖੰਡ ਸੀ। ਉਹ ਹਉਮੈ ਦਾ ਸ਼ਿਕਾਰ ਸਨ, ਧਨ ਦੇ ਲਾਲਚ ਵਿਚ ਕੁੱਤੇ ਵਾਂਗ ਦਰ ਦਰ ਭਟਕਦੇ, ਹਰ ਇਕ ਦੀ ਖ਼ੁਸ਼ਾਮਦ ਕਰਦੇ ਫਿਰਦੇ ਸਨ। ਸਰਕਾਰੀ ਅਧਿਕਾਰੀ ਤੇ ਕਰਮਚਾਰੀਆਂ ਲਈ ਨਿਜੀ ਸੁਆਰਥਾਂ ਦੀ ਪੂਰਤੀ ਤੋਂ ਸਿਵਾਏ, ਮਨੁੱਖੀ-ਜੀਵਨ ਦਾ ਹੋਰ ਕੋਈ ਉਦੇਸ਼ ਨਹੀਂ ਸੀ।

ਲੋਭ ਗ੍ਰਸਿਓ ਦਸਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ
ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ
ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ।[19]

ਰਾਮ ਭਜਨ ਕੀ ਗਤਿ ਨਹੀ ਜਾਨੀ ਮਾਇਆ ਹਾਥ ਬਿਕਾਨਾ
ਉਰਝਿ ਰਹਿਓ ਬਿਖਿਅਨ ਸੰਗਿ ਬਉਰਾ ਨਾਮੁ ਰਤਨੁ ਬਿਸਰਾਨਾ।[20]

ਇਸ ਦਸ਼ਾ ਵਿਚ ਮਨੁੱਖ ਆਪਣੇ ਮੂਲ ਆਪੇ ਤੋਂ ਵਿਛੁੰਨਿਆ ਜਾਂਦਾ ਹੈ ਤੇ ਹਰ ਸਮੇਂ ਭ੍ਰਮ ਦੇ ਬੰਧਨ ਵਿਚ ਫਸਿਆ ਰਹਿੰਦਾ ਹੈ। ਉਹ ਉਸ ਮਾਨਸਿਕ ਤੇ ਆਤਮਿਕ ਬਲ ਤੋਂ ਹੀਣਾ ਹੋ ਜਾਂਦਾ ਹੈ, ਜਿਹੜਾ ਬਲ ਤਪ ਤੇ ਵਿਚਾਰ ਦੀ ਸਾਧਨਾ ਵਿਚੋਂ ਪੈਦਾ ਹੁੰਦਾ ਹੈ। ਗੁਰੂ ਤੇਗ਼ ਬਹਾਦਰ ਦਾ ਬਲ ਦਾ ਸੰਕਲਪ, ਸਰੀਰੀ ਬਲ ਜਾਂ ਬਾਹੂਬਲ ਦਾ ਬਿਲਕੁਲ ਨਹੀਂ ਹੈ। ਦੁਨਿਆਵੀ ਬਲ, ਜਿਹੜਾ ਥੋੜ੍ਹਚਿਰਾ ਹੈ, ਜੋ ਹੰਕਾਰ ਪੈਦਾ ਕਰਦਾ ਹੈ ਤੇ ਮਨੁੱਖ ਦੀ ਬੁੱਧੀ ਨੂੰ ਟਿਕਾਣੇ ਨਹੀਂ ਰਹਿਣ ਦਿੰਦਾ, ਉਸ ਬਲ ਦੀ ਤਾਂ ਗੁਰੂ ਸਾਹਿਬ ਨੇ ਬਾਰ ਬਾਰ ਨਿੰਦਾ ਕੀਤੀ ਹੈ। ਦੁਨਿਆਵੀ ਬਲ ਤਾਂ ਮਨੁੱਖ ਲਈ ਬੰਧਨ ਬਣ ਕੇ ਰਹਿ ਜਾਂਦਾ ਹੈ।

ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ
ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ।[21]

ਮਨ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ
ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮੁ।[22]

ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ
ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ।[23]

ਨਿਸਿਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ
ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ।[24]

ਬਾਹੂ ਬਲ ਦਾ ਹੰਕਾਰ ਕਰਨ ਵਾਲੇ ਮਨੁੱਖ ਨੂੰ ਗੁਰੂ ਤੇਗ਼ ਬਹਾਦਰ ਨੇ ਇਉਂ ਸੁਚੇਤ ਕੀਤਾ ਹੈ।

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ।[25]

ਸਰੀਰਕ ਖ਼ੂਬਸੂਰਤੀ ਤੇ ਮਾਣ ਕਰਨਾ ਵੀ ਵਿਅਰਥ ਹੈ।

ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ
ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤਿ।[26]

ਮਨੁੱਖ ਇਕੱਲਤਾ ਦੇ ਸੰਤਾਪ ਕਾਰਨ ਸੰਕਟਗ੍ਰਸਤ ਹੁੰਦਾ ਹੈ। ਦੁਨਿਆਵੀ ਮੋਹ ਦੇ ਬਿਖਰ ਜਾਣ ਤੇ ਸੋਗ ਮਨਾਉਂਦਾ ਹੈ। ਗੁਰੂ ਤੇਗ਼ ਬਹਾਦਰ ਨੇ ਇਨ੍ਹਾਂ ਵਿਸੰਗਤੀਆਂ ਦੀ ਅਸਲੀਅਤ ਬਿਆਨ ਕੇ ਮਨੁੱਖ ਨੂੰ ਨਿਰਲਿਪਤ ਰਹਿਣ ਦੀ ਪ੍ਰੇਰਣਾ ਦਿੱਤੀ ਹੈ।

ਨਿਜ ਕਰਿ ਦੇਖਿਓ ਜਗਤ ਮੈ ਕੋ ਕਾਹੂ ਕੋ ਨਾਹਿ
ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖੋ ਮਨ ਮਾਹਿ।[27]

ਜਗਤ ਮੈ ਝੂਠੀ ਦੇਖੀ ਪ੍ਰੀਤਿ
ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ
ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ
ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ।[28]

ਅਖੌਤੀ ਗਿਆਨੀ ਮਨੁੱਖ ਦੀ ਹਾਲਤ ਦਾ ਵੀ ਗੁਰੂ ਤੇਗ਼ ਬਹਾਦਰ ਨੇ ਵਰਣਨ ਕੀਤਾ ਹੈ।

ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ
ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ।[29]

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ
ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ।[30]

ਜਦੋਂ ਅਸੀਂ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਮਨੁੱਖ ਦੇ ਸੰਕਟ ਦਾ ਜ਼ਿਕਰ ਕਰਦੇ ਹਾਂ ਤਾਂ ਅਸੀਂ ਇਹ ਨਹੀਂ ਕਹਾਂਗੇ ਕਿ ਨੌਵੇਂ ਗੁਰੂ ਨੇ ਸਰੀਰਕ ਦੁਖ, ਸੋਮ-ਸਾਧਨਾਂ ਦੀ ਥੁੜ੍ਹ ਜਾਂ ਅਖੌਤੀ ਗਿਆਨ ਦੇ ਸੰਕਟ ਦਾ ਵਰਣਨ ਕੀਤਾ ਹੈ, ਜਾਂ ਫੇਰ ਇਸ ਸੰਸਾਰ ਦੀ ਅਸਾਰਤਾ ਜਾਂ ਛਿਣਭੰਗੁਰਤਾ ਨੂੰ ਬਿਆਨਦਿਆਂ ਹੋਇਆਂ ਮਨੁੱਖ ਨੂੰ ਹਮੇਸ਼ਾ ਮੌਤ ਵਰਗੇ ਸੰਕਟ ਦੀ ਹੋਂਦ ਜਾਣ ਕਰਵਾਈ ਹੈ। ਇਸ ਬਾਣੀ ਵਿਚਲਾ ਸੰਕਟ ਮਨੁੱਖ ਦੇ ਅਨੇਕਾਂ ਪ੍ਰਕਾਰ ਦੇ ਬੰਧਨ ਜਾਂ ਭੈ ਹਨ, ਜਿਨ੍ਹਾਂ ਵਿਚ ਇਕ ਤੋਂ ਮੌਤ ਦਾ ਭੈ ਪ੍ਰਮੁੱਖ ਹੈ। ਜਿਵੇਂ:

ਪ੍ਰਾਣੀ ਕਉਨੁ ਉਪਾਉ ਕਰੈ
ਜਾ ਤੇ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸ ਹਰੈ।[31]

ਮਹਾ ਪਤਿਤ ਮੁਗਧ ਲੋਭੀ ਫੁਨਿ ਕਰਤ ਪਾਪ ਅਬ ਤਾਹਾ
ਭੈ ਮਰਬੇ ਕੋ ਬਿਸਰਤ ਨਾਹਿਨ ਤਿਹ ਚਿੰਤਾ ਤਨੁ ਜਾਰਾ।[32]

ਜਨਮ ਜਨਮ ਭਰਮਤ ਫਿਰਿਓ ਮਿਟਿਓ ਨ ਜਮ ਕੋ ਤ੍ਰਾਸੁ
ਕਹੁ ਨਾਨਕ ਹਰਿ ਭਜੁ ਮਨਾ ਨਿਰਭੈ ਪਾਵਹਿ ਬਾਸੁ।[33]

ਮੌਤ ਦੇ ਭੈ ਦਾ ਵਰਨਣ ਕਰਕੇ ਮਨੁੱਖ ਨੂੰ ਡਰਾਉਣ ਦਾ ਯਤਨ ਨਹੀਂ ਕੀਤਾ ਗਿਆ ਸਗੋਂ ਹਰੀ ਸਿਮਰਨ ਦਾ ਉਪਦੇਸ਼ ਦੇ ਕੇ ਆਤਮਿਕ ਬਲ ਦੀ ਪ੍ਰਾਪਤੀ ਨਾਲ ਮੌਤ ਦੇ ਭੈ ਤੋਂ ਮੁਕਤ ਹੋਣ ਦਾ ਮਾਰਗ ਦਰਸਾਇਆ ਗਿਆ ਹੈ। ਗੁਰੂ ਜੀ ਦੀ ਇਹ ਸਮੱਸਿਆ ਕੇਵਲ ਅਧਿਆਤਮਕ ਨਹੀਂ ਸਗੋਂ ਸਮਾਜਕ ਵੀ ਹੈ। ਗੁਰੂ ਤੇਗ ਬਹਾਦਰ ਅਨੁਸਾਰ ਭੈ ਜਾਂ ਤ੍ਰਾਸ ਦਾ ਤੇ ਰਾਮ ਜਾਂ ਗੋਬਿੰਦ ਦਾ ਟਿਕਾਣਾ ਮਨ ਹੀ ਹੈ।

ਜਮ ਕੋ ਤ੍ਰਾਸ ਭਇਓ ਉਰ ਅੰਤਰਿ ਸਰਨਿ ਗਹੀ ਕਿਰਪਾ ਨਿਧਿ ਤੇਰੀ॥

... ... ...
... ... ...

ਕੀਏ ਉਪਾਵ ਮੁਕਤਿ ਕੇ ਕਾਰਨਿ ਦਹਦਿਸਿ ਕਉ ਉਠਿ ਧਾਇਆ
ਘਟ ਹੀ ਭੀਤਰਿ ਬਸੈ ਨਿਰੰਜਨੁ ਤਾ ਕੋ ਮਰਮੁ ਨ ਪਾਇਆ।[34]

ਸ੍ਵੈ ਦੀ ਪਛਾਣ ਨਾਲ ਹੀ ਮਨੁੱਖ ਨੂੰ ਆਪਣੇ ਆਪੇ ਦੀ ਸੋਝੀ ਹੋ ਸਕਦੀ ਹੈ ਤਾਂ ਹੀ ਉਹ ਸੰਕਟ ਤੋਂ ਮੁਕਤ ਹੋ ਸਕਦਾ ਹੈ।

ਬਾਹਰਿ ਭੀਤਰਿ ਏਕੋ ਜਾਨਹੁ
ਇਹੁ ਗੁਰ ਗਿਆਨੁ ਬਤਾਈ
ਜਨ ਨਾਨਕ ਬਿਨੁ ਆਪਾ ਚੀਨੈ
ਮਿਟੈ ਨ ਭ੍ਰਮ ਕੀ ਕਾਈ।[35]

ਭ੍ਰਮ ਦੀ ਕਾਈ ਦੂਰ ਹੋਣ ਨਾਲ ਹੀ ਮਨੁੱਖ ਲੋਭ, ਮੋਹ, ਮਮਤਾ ਤੇ ਹੰਕਾਰ ਤੋਂ ਛੁਟਕਾਰਾ ਪ੍ਰਾਪਤ ਕਰ ਸਕਦਾ ਹੈ। ਇਸ ਲਈ ਮਨ ਦਾ ਅਡੋਲ ਤੇ ਸਹਿਜ ਅਵਸਥਾ ਵਿਚ ਹੋਣਾ ਜ਼ਰੂਰੀ ਹੈ।

ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ
ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ।[36]

ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ।[37]

ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ।[38]

ਉਪਰੋਕਤ ਸਾਰੀਆਂ ਅਵਸਥਾਵਾਂ ਖੁਸ਼ੀ-ਗ਼ਮੀ, ਸੁਖ-ਦੁਖ, ਉਸਤਤਿ-ਨਿੰਦਿਆ ਵਿਚ ਮਨੁੱਖੀ ਮਨ ਦੀ ਸੰਤੁਲਿਤ ਅਵਸਥਾ ਦਾ ਹੋਣਾ ਹੀ ਵੈਰਾਗ ਭਾਵਨਾ ਦਾ ਲਖਾਇਕ ਹੈ। ਅਜਿਹੀ ਸੰਤੁਲਿਤ ਅਵਸਥਾ ਵਿਚ ਜੋ ਮਾਨਸਿਕ ਤੇ ਆਤਮਿਕ ਮਨੋਬਲ ਪੈਦਾ ਹੋਵੇਗਾ, ਉਹ ਮਨੁੱਖ ਨੂੰ ਬੰਧਨਯੁਕਤ ਅਵਸਥਾ ਤੋਂ ਨਿਜਾਤ ਦੁਆਏਗਾ, ਕਿਉਂਕਿ ਬੰਧਨ ਹਮੇਸ਼ਾ ਧਨ ਦੀ ਅਣਹੋਂਦ ਵਿਚ ਹੀ ਹੋਵੇਗਾ। ਅਸਲ ਵਿਚ ਧਨ ਤੇ ਬੰਧਨ ਦਾ ਰਿਸ਼ਤਾ ਦਵੰਦਾਤਮਕ ਹੈ ਕਿਉਂਕਿ ਬੰਧਨ ਦੀ ਅਣਹੋਂਦ ਧਨ ਹੈ। ਸ੍ਰੀ ਜੇ. ਕ੍ਰਿਸ਼ਨਾਮੂਰਤੀ ਤੇ ਤੇ ਧਨ ਦੇ ਇਸ ਦਵੰਦ ਦੀ ਵਿਆਖਿਆ ਕਰਦਾ ਲਿਖਦਾ ਹੈ।

> ਜੀਵਨ ਦੀਆਂ ਕੌੜੀਆਂ ਸਮੱਸਿਆਵਾਂ ਵਿਚੋਂ ਇਕ ਸਮੱਸਿਆ ਡਰ ਵੀ ਹੈ – ਅਜਿਹੇ ਭ੍ਰਿਸ਼ਟ ਕਿਸਮ ਦੇ ਸਮਾਜ ਵਿਚ ਰਹਿੰਦਿਆਂ ਜਿਸ ਵਿਚ ਵਿਦਿਆ ਵੀ ਮੁਕਾਬਲੇ ਦੀ ਭਾਵਨਾ ਹੀ ਉਤੇਜਿਤ ਕਰਦੀ ਹੈ ਤੇ ਡਰ ਨੂੰ ਵਧਾਉਂਦੀ ਹੈ, ਅਸੀਂ ਕਿਸੇ ਨਾ ਕਿਸੇ ਤਰ੍ਹਾਂ ਦੇ ਡਰ ਦੇ ਭੈੜੇ ਰੋਗ ਲਗੇ ਹੀ ਰਹਿੰਦੇ ਹਾਂ ਤੇ ਇਹ ਡਰ ਇੰਨਾ ਵਿਸ਼ਾਲ ਬਣ ਗਿਆ ਹੈ ਜੋ ਜਿੰਦ ਸਾਡੀ ਸਰੂਪ ਨੂੰ ਤੋੜਦਾ ਮੋੜਦਾ ਤੇ ਖੂੰਢਾ ਕਰਦਾ ਹੈ।[39]

"ਮੁਕਤੀ ਕਾਰਜ ਤੇ ਕਰੀ ਦਾ ਨਾਂ ਹੈ। ਸਮੂੰਹਾ ਕਾਰਜ ਕਰੀ ਹੈ ਤੇ ਸਮੂੰਹਾ ਕਾਰਜ ਮੁਕਤੀ। ਸਭ ਇਛਾਵਾਂ ਮੁਕਤੀ ਹਨ। ਸਭ ਭਾਵੁਕਤਾ ਮੁਕਤੀ ਹੈ। ਸਭ ਚਿੰਤਨ ਮੁਕਤੀ ਹੈ। ਜੀਣਾ ਮੁਕਤੀ ਹੈ। ਜੀਵਨ ਮੁਕਤੀ ਹੈ ਪਰ ਜੇ ਇਸ ਮੁਕਤੀ ਦਾ ਵਹਿਣ ਨਿਰਬੰਧ, ਬੇਰੁਕਾਵਟ, ਬਿਨਾਂ ਕਿਸੇ ਟਕਰਾਓ ਦੇ ਹੋਵੇ ਤਾਂ ਇਹ ਮੁਕਤੀ ਅਕਾਲ ਤੇ ਅਨੰਤ ਹੁੰਦੀ ਹੈ। ਜਦੋਂ ਕੋਈ ਰੁਕਾਵਟ ਨਹੀਂ ਹੁੰਦੀ ਤਾਂ ਇਹ ਮੁਕਤੀ ਅਸੀਮ ਹੁੰਦੀ ਹੈ। ਇਹ ਰੁਕਾਵਟ ਹੀ ਹੈ ਜੋ ਮੁਕਤੀ ਨੂੰ ਸੀਮਤ ਕਰਦੀ ਹੈ ... ਤੇ ਜਦੋਂ ਤੱਕ ਸਾਰੇ ਪਰਸਪਰ ਸੰਬੰਧਾਂ ਵਿਚਕਾਰ - ਪਤੀ-ਪਤਨੀ, ਮਨੁੱਖ-ਮਨੁੱਖ, ਕੌਮ-ਕੌਮ ਤੇ ਦੇਸ਼-ਦੇਸ਼ ਵਿਚਕਾਰ, ਇਕ ਤੇ ਦੂਜੀ ਵਿਚਾਰਧਾਰਾ ਵਿਚਕਾਰ ਕੋਈ ਰੁਕਾਵਟ ਹੈ, ਅੰਦਰਲੀ ਜਾਂ ਬਾਹਰਲੀ, ਕੋਈ ਸੂਖਮ ਤੋਂ ਸੂਖਮ ਟੱਕਰ ਹੈ, ਓਦੋਂ ਤੱਕ ਮੁਕਤੀ ਖੀਣ ਹੁੰਦੀ ਹੈ।"[40]

ਬਲ ਤੇ ਬੰਧਨ ਦਾ ਇਹ ਦਵੰਦ ਮਨੁੱਖ ਦੀ ਜ਼ਿੰਦਗੀ ਵਿਚ ਹਮੇਸ਼ਾ ਮੌਜੂਦ ਰਹਿੰਦਾ ਹੈ, ਪਰ ਮਨੁੱਖ ਇਸ ਤੋਂ ਸੁਚੇਤ ਕੇਵਲ ਉਦੋਂ ਹੁੰਦਾ ਹੈ ਜਦੋਂ ਇਨ੍ਹਾਂ ਵਿਰੋਧਾਂ ਦਾ ਸੰਤੁਲਨ ਵਿਗੜ ਕੇ ਕੋਈ ਸਮਾਜਿਕ ਜਾਂ ਮਾਨਸਿਕ ਸੰਕਟ ਪੈਦਾ ਹੋ ਜਾਂਦਾ ਹੈ। ਇਸ ਸੰਕਟ ਤੋਂ ਨਵਿਰਤ ਹੋਣ ਦਾ ਮਾਰਗ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਸੁਝਾਇਆ ਗਿਆ ਹੈ। ਬਾਣੀ ਤੋਂ ਇਹ ਸੰਕੇਤ ਮਿਲਦਾ ਹੈ ਕਿ ਇਹ ਕਾਰਜ ਚਿੰਤਨ ਤੇ ਭਾਵ ਦੀ ਪੱਧਰ ਤੇ ਸਿਰੇ ਚੜ੍ਹ ਸਕਦਾ ਹੈ, ਪਰ ਜੇ ਗੁਰੂ ਤੇਗ਼ ਬਹਾਦਰ ਦੇ ਆਪਣੇ ਜੀਵਨ ਨੂੰ ਦੇਖੀਏ ਤਾਂ ਉਨ੍ਹਾਂ ਦੀ ਸ਼ਹੀਦੀ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਅਮਲ ਰਾਹੀਂ ਉਨ੍ਹਾਂ ਨੇ ਮਨੁੱਖ ਦੀ ਬਲਵਾਨ ਤੇ ਨਿਰਭੈ ਆਤਮਾ ਨੂੰ ਪ੍ਰਤੱਖ ਕਰ ਦਿਖਾਇਆ ਹੈ। ਗੁਰੂ ਤੇਗ਼ ਬਹਾਦਰ ਦੀ ਬਾਣੀ ਮਨੁੱਖ ਨੂੰ ਇਕ ਅਜਿਹੇ ਮਾਨਸਿਕ ਅਮਲ ਲਈ ਪ੍ਰੇਰਦੀ ਹੈ ਜਿਹੜੀ ਮਨੁੱਖ ਨੂੰ ਆਤਮਿਕ, ਭਾਵੁਕ, ਮਾਨਸਿਕ ਹਰ ਤਰ੍ਹਾਂ ਦੇ ਸੰਕਟ ਤੋਂ ਮੁਕਤ ਕਰਦੀ ਹੈ। ਆਤਮਿਕ ਬਲ ਤੋਂ ਖੀਣ ਅਵਸਥਾ ਸੰਕਟਮਈ ਅਵਸਥਾ ਹੈ। ਇਸ ਸੰਕਟ ਦੇ ਪਿੱਛੇ ਅਨੇਕਾਂ ਪਾਸਾਰ ਹਨ। ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚਲਾ ਮਾਨਵ, ਕਿਧਰੇ ਮਾਇਆ ਦੇ ਨਸ਼ੇ ਵਿਚ ਲਿਪਤ, ਮਾਨਸਿਕ ਸੁਖਾਂ ਤੋਂ ਵਿਹੂਣਾ ਭਟਕਣਾਂ ਵਿਚ ਗ੍ਰਸਿਆ ਹੋਇਆ ਹੈ, ਕਿਧਰੇ ਮੌਤ ਦੇ ਡਰ ਤੋਂ ਭੈਭੀਤ ਨਜ਼ਰ ਆਉਂਦਾ ਹੈ, ਕਦੀ ਇਸ ਨੂੰ ਦੁਨਿਆਵੀ ਸੰਗ ਦੇ ਵਿਯੋਗ ਦਾ ਸੰਤਾਪ ਦੁਖੀ ਕਰਦਾ ਹੈ ਤੇ ਕਿਤੇ ਝੂਠੇ ਰਿਸ਼ਤਿਆਂ ਦੇ ਟੁੱਟ ਜਾਣ ਦਾ ਖ਼ਤਰਾ ਹੈ। ਇਹ ਸਾਰੇ ਹੀ ਮਨੁੱਖ ਲਈ ਸੰਕਟ ਦਾ ਕਾਰਣ ਬਣੇ ਹਨ।

ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ
ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ।[41]

ਦੁਨਿਆਵੀ ਵਿਸ਼ਿਆਂ ਦੀ ਆਲੋਚਨਾ ਬਿਆਨ ਕੇ ਮਨੁੱਖ ਨੂੰ ਚੇਤਾਵਨੀ ਦਿੱਤੀ ਗਈ ਹੈ। ਇਨ੍ਹਾਂ ਦੀ ਅਸਾਰਤਾ ਤੋਂ ਨਾਵਾਕਿਫ਼ ਹੋਣ ਕਰਕੇ ਮਨੁੱਖ ਹਮੇਸ਼ਾ ਮਾਨਸਿਕ ਸੰਕਟ ਹੰਢਾਉਂਦਾ ਹੈ।[42]

ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ 'ਮਾਇਆ' ਸ਼ਬਦ ਦੀ ਵਰਤੋਂ ਬਹੁਤ ਵਾਰੀ ਕੀਤੀ ਗਈ ਹੈ। ਜਿਵੇਂ:

ਮਾਇਆ ਕੋ ਮਦੁ ਕਹਾ ਕਰਤੁ ਹੈ ਸੰਗਿ ਨ ਕਾਹੂ ਜਾਈ
ਨਾਨਕ ਕਹਤੁ ਚੇਤਿ ਚਿੰਤਾਮਨਿ ਹੋਇ ਹੈ ਅੰਤਿ ਸਹਾਈ।[43]

ਜਿਨਿਚਿਤੁ ਮਾਇਆ ਕਾਰਨੇ ਪ੍ਰਭੂ ਭੋਲ ਗੋਤ।[44]

ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ।[45]

ਸਪਸ਼ਟ ਹੈ ਮਾਇਆ ਮਨੁੱਖ ਨੂੰ ਬੰਧਨ ਵਿਚ ਜਕੜਦੀ ਹੈ। ਮਾਇਆ ਤੋਂ ਭਾਵ ਅਵਿਦਿਆ ਜਾਂ ਅਗਿਆਨ ਤੋਂ ਹੈ। ਮਨੁੱਖ ਦੇ ਸੰਦਰਭ ਵਿਚ ਮਾਇਆ ਤੇ ਗਿਆਨ ਦੇ ਵਿਰੋਧ ਨੂੰ ਗੁਰੂ ਤੇਗ਼ ਬਹਾਦਰ ਨੇ ਇਉਂ ਸਪਸ਼ਟ ਕੀਤਾ ਹੈ।

ਮਨ ਮਾਇਆ ਮਹਿ ਉਰਝਿ ਰਹਿਓ ਹੈ ਬੂਝੈ ਨਹ ਕਛੁ ਗਿਆਨਾ
ਕਉਨੁ ਨਾਮੁ ਜਗੁ ਜਾ ਕੈ ਸਿਮਰੈ ਪਾਵੈ ਪਦੁ ਨਿਰਬਾਨਾ।[46]

ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ।[47]

ਇਸ ਲਈ ਮਾਇਆ, ਅਗਿਆਨਤਾ ਤੇ ਭਰਮ ਦਾ ਪ੍ਰਤੀਕ ਹੈ। ਮਾਇਆ ਦੇ ਪ੍ਰਭਾਵ ਕਾਰਣ ਜੀਵ ਹਰੀ ਸਿਮਰਨ ਨਹੀਂ ਕਰਦਾ। ਕੇਵਲ ਸਿਮਰਨ ਹੀ ਮਨੁੱਖ ਨੂੰ ਮਾਇਆ ਦੇ ਬੰਧਨ ਤੋਂ ਮੁਕਤ ਕਰਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਘਣਾ ਦੁਖੀਆ ਹੋਇਆਂ ਵੀ ਮਨੁੱਖ ਇਸ ਬੰਧਨ ਵਿਚੋਂ ਨਿਕਲਣ ਲਈ ਯਤਨ ਨਹੀਂ ਕਰਦਾ। ਮਨੁੱਖ ਨੂੰ ਬਾਰ ਬਾਰ ਸਮਝਾਇਆ ਗਿਆ ਹੈ।

ਮਨ ਰੇ ਕਉਨੁ ਕੁਮਤਿ ਤੈ ਲੀਨੀ
ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ।।ਰਹਾਉ।।
ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ
ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ।[48]

ਮਨੁੱਖ ਸਾਰੀ ਉਮਰ ਮਾਇਕ ਵਸਤਾਂ ਦੀ ਇਕੱਠਤਾਂ ਵਿਚ ਲੱਗਾ ਰਹਿੰਦਾ ਹੈ। ਉਸਦੀ ਇਹ ਕੋਸ਼ਿਸ਼ ਬਿਅਰਥ ਸਾਬਤ ਹੁੰਦੀ ਹੈ ਕਿਉਂਕਿ ਅੰਤ ਵੇਲੇ ਇਹ ਮਾਇਆ ਏਥੇ ਹੀ ਰਹਿ ਜਾਂਦੀ ਹੈ। ਮਨੁੱਖ ਇਸ ਨੂੰ ਨਾਲ ਨਹੀਂ ਲਿਜਾ ਸਕਦਾ। ਗੁਰੂ ਤੇਗ਼ ਬਹਾਦਰ ਦੀ ਬਾਣੀ ਇਸ ਗੱਲ ਦੀ ਅਨੁਸਾਰੀ ਹੈ ਕਿ ਇਸ ਸੰਕਟ ਦਾ ਜ਼ਿੰਮੇਵਾਰ ਮਨੁੱਖ ਖ਼ੁਦ ਆਪ ਹੈ। ਜੀਵਨ ਦੀ ਅਸਾਰਤਾਂ ਤੇ ਬੇਯਕੀਨਤਾਂ ਨੂੰ ਜਾਣਦਿਆਂ ਹੋਇਆਂ ਵੀ ਇਸ ਨਾਲ ਚਿੰਬੜਿਆ ਰਹਿੰਦਾ ਹੈ। ਨਾ ਤਾਂ ਮਨੁੱਖ ਪਾਪ ਕਰਨ ਤੋਂ ਟਲਦਾ ਹੈ ਤੇ ਨਾ ਹੀ ਹਉਮੈ ਭਾਵ ਦਾ ਤਿਆਗ ਕਰਦਾ ਹੈ।

ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ
ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ।[49]

ਜਦੋਂ ਧਾਰਮਿਕ ਕਰਮ ਕਾਂਡ ਅੰਦਰਲੀ ਭਾਵ ਦੇ ਸੱਚ ਨਾਲੋਂ ਟੁੱਟ ਕੇ ਅਰਥ ਵਿਹੂਣਾ ਹੋ ਜਾਂਦਾ ਹੈ ਤਾਂ ਵੀ ਮਨੁੱਖ ਲਈ ਸੰਕਟ-ਮਈ ਸਥਿਤੀ ਪੈਦਾ ਹੋ ਜਾਂਦੀ ਹੈ। ਹਠ ਜੋਗ, ਤੀਰਥਾਂ ਦਾ ਭ੍ਰਮਣ, ਦਾਨ ਇਸ਼ਨਾਨ ਇਹ ਸਾਰੇ ਕਰਮਕਾਂਡ ਮਨੁੱਖ ਨੂੰ ਆਤਮਿਕ ਸੰਤੁਸ਼ਟੀ ਪ੍ਰਦਾਨ ਨਹੀਂ ਕਰਦੇ। ਇਸ ਲਈ ਮਨੁੱਖ ਅਕਾਰਣ ਦੁਬਿਧਾ ਵਿਚ ਫਸਿਆ ਰਹਿੰਦਾ ਹੈ। ਸੱਚੇ ਗੁਰੂ ਦੀ ਸ਼ਰਨ ਤੋਂ ਬਿਨਾਂ ਇਹ ਸਾਰੇ ਕਰਮਕਾਂਡ ਵਿਅਰਥ ਹਨ ਕਿਉਂਕਿ ਇਹ ਕੇਵਲ ਦਿਖਾਵਾਮਾਤਰ ਹੋਣ ਕਰਕੇ ਵਾਸਤਵਿਕ ਅਰਥਾਂ ਤੋਂ ਟੁੱਟੇ ਹੋਏ ਹਨ।

ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ
ਨਿਹਫਲ ਧਰਮ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ।[50]

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨ।[51]

ਮਨੁੱਖ ਸਮਾਜਿਕ ਬਿਰਤੀਆਂ ਦਾ ਗੁਲਾਮ ਬਣ ਕੇ ਰਹਿ ਗਿਆ ਹੈ। ਉਸ ਨੇ ਇਸ ਝੂਠੇ ਸਰੀਰ ਦੇ ਮੋਹ ਵਿਚ ਫਸ ਕੇ ਰੱਬੀ ਬਖਸ਼ੀ ਅਪਾਰ ਸ਼ਕਤੀ ਨੂੰ ਭੁਲਾ ਦਿੱਤਾ ਹੈ। ਆਪਣੇ ਬਾਹੂਬਲ ਤੇ ਸਰੀਰਕ ਸ਼ਕਤੀ ਦੇ ਗਰਬ ਸਦਕਾ ਸੰਸਾਰ ਦੀ ਨਾਸ਼ਮਾਨਤਾ ਨੂੰ ਭੁੱਲਕੇ ਝੂਠੀਆਂ ਕੀਮਤਾਂ ਦਾ ਧਾਰਨੀ ਬਣ ਗਿਆ ਹੈ।

ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ
ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ
ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ
ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ।[52]

ਮਾਇਆ ਦੇ ਮੋਹ, ਬਾਹੂ ਬਲ ਦਾ ਸ੍ਰਿੰਗਾਰ ਤੇ ਬੁੱਧੀ ਦਾ ਹੰਕਾਰ ਕਰਨ ਵਾਲੇ ਜੀਵ ਨੂੰ ਗੁਰੂ ਤੇਗ ਬਹਾਦਰ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਕਿਉਂਕਿ ਇਸ ਕਿਸਮ ਦਾ ਬਲ ਮਨੁੱਖ ਲਈ ਸੰਕਟ ਦਾ ਕਾਰਣ ਬਣਦਾ ਹੈ। ਜਿਵੇਂ।

ਗਰਬ ਕਰਤ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ
ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤ।[53]

ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ
ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ।[54]

ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ।[55]

ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ ਦੇਖਹੁ ਰਿਦੈ ਬਿਚਾਰਿ
ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਹੋਤ ਉਧਾਰ।[56]

ਜ਼ਿੰਦਗੀ ਦੀ ਨਾਸ਼ਮਾਨਤਾ ਬਾਰੇ ਵੀ ਗੁਰੂ ਤੇਗਬਹਾਦਰ ਨੇ ਬਾਰ ਬਾਰ ਸੰਕੇਤ ਕੀਤੇ ਹਨ।

ਜਾ ਜਗ ਮਹਿ ਕੋਊ ਰਹਨੁ ਨ ਪਾਵੈ ਇਕਿ ਆਵਹਿ ਇਕਿ ਜਾਹੀ।[57]

ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗ ਨ ਹੋਇਆ।[58]

ਸੰਸਾਰਕ ਰਿਸ਼ਤਿਆਂ, ਦੁਨਿਆਵੀ ਸੰਬੰਧਾਂ ਦੀ ਖੋਖਲਤਾ ਦੀ ਪੋਲ ਖੋਲ੍ਹਦਿਆਂ ਹੋਇਆਂ ਗੁਰੂ ਤੇਗ਼ ਬਹਾਦਰ ਨੇ ਕੁਟੰਬ ਜਾਂ ਰਿਸ਼ਤੇਦਾਰਾਂ, ਦੋਸਤਾਂ ਮਿੱਤਰਾਂ ਤੇ ਸਕੇ ਸੰਬੰਧੀਆਂ ਦੇ ਸਾਰੇ ਰਿਸ਼ਤਿਆਂ ਨੂੰ ਸੁਆਰਥ ਦੇ ਰਿਸ਼ਤੇ ਦਰਸਾਇਆ ਹੈ। ਸੰਸਾਰਕ ਸੁੱਖਾਂ ਨੂੰ ਭੋਗਣ ਵੇਲੇ ਇਹ ਸਬੂਰ ਸਾਥ ਦਿੰਦੇ ਹਨ ਪਰ ਮੁਸੀਬਤ ਵੇਲੇ ਇਨ੍ਹਾਂ ਵਿਚੋਂ ਕੋਈ ਵੀ ਸਹਾਈ ਨਹੀਂ ਹੁੰਦਾ। ਇਹ ਸਾਰਾ ਸੰਸਾਰਕ ਵਰਤਾਰਾ ਮਾਇਆ ਦਾ ਹੈ, ਸਾਰਾ ਆਡੰਬਰ ਮੂਲੋਂ ਹੀ ਨਾਸ਼ਵਾਨ ਹੈ।

ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ
ਸਦਾ ਰਹਤ ਸੰਗ ਲਾਗੀ
ਜਬ ਹੀ ਹੰਸ ਤਜੀ ਇਹ ਕਾਂਇਆ
ਪ੍ਰੇਤ ਪ੍ਰੇਤ ਕਰਿ ਭਾਗੀ।[59]

ਉਪਰੋਕਤ ਸਾਰੀ ਚਰਚਾ ਤੋਂ ਇਉਂ ਜਾਪਦਾ ਹੈ ਕਿ ਗੁਰੂ ਤੇਗ਼ ਬਹਾਦਰ ਨੇ ਸੰਸਾਰ ਦੀ ਨਾਸ਼ਮਾਨਤਾ, ਸਰੀਰ ਦੀ ਛਿਣਭੰਗਰਤਾ ਤੇ ਦੁਨਿਆਵੀ ਰਿਸ਼ਤਿਆਂ ਦੀ ਅਸਥਿਰਤਾ ਨੂੰ ਬਿਆਨ ਕੇ ਮਨੁੱਖ ਨੂੰ ਮੌਤ ਯਾਦ ਕਰਵਾਈ ਹੈ ਤੇ ਮੌਤ ਦੇ ਡਰ ਤੋਂ ਛੁਟਕਾਰਾ ਹਾਸਲ ਕਰਨ ਲਈ ਰੱਬ ਦੀ ਭਗਤੀ ਕਰਨ ਦੀ ਪ੍ਰੇਰਣਾ ਦਿੱਤੀ ਹੈ।

ਦਰਅਸਲ ਇਹ ਡਰ ਇਕੱਲਾ ਮੌਤ ਦਾ ਡਰ ਨਹੀਂ ਸਗੋਂ ਮਨੁੱਖ ਦੇ ਅਨੇਕਾਂ ਤਰ੍ਹਾਂ ਦੇ ਬੰਧਨ ਹੀ ਡਰ ਹਨ। ਜਿਨ੍ਹਾਂ ਵਿਚ ਇਕ ਪ੍ਰਮੁੱਖ ਬੰਧਨ ਜਾਂ ਡਰ, ਮੌਤ ਦਾ ਡਰ ਵੀ ਸ਼ਾਮਲ ਹੈ।[60]

ਪ੍ਰਾਨੀ ਕਉਨੁ ਉਪਾਉ ਕਰੈ
ਜਾ ਤੇ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸੁ ਹਰੈ।[61]

ਜਨਮ ਜਨਮ ਭਰਮਤ ਫਿਰਿਓ ਮਿਟਿਓ ਨ ਜਮ ਕੋ ਤ੍ਰਾਸੁ
ਕਹੁ ਨਾਨਕ ਹਰਿ ਭਜੁ ਮਨਾ ਨਿਰਭੈ ਪਾਵਹਿ ਬਾਸੁ।[62]

ਧਿਆਨਯੋਗ ਗੱਲ ਇਹ ਹੈ ਕਿ ਮੌਤ ਦੇ ਡਰ ਦਾ ਇਹ ਸੰਕਟ ਕੇਵਲ ਇਕ ਚੇਤੰਨ ਵਿਅਕਤੀ ਦਾ ਸੰਕਟ ਹੈ। ਸੰਕਟ ਤੋਂ ਮੁਕਤ ਹੋਣ ਲਈ ਸੰਕਟ ਦਾ ਗਿਆਨ ਹੋਣਾ ਜ਼ਰੂਰੀ ਹੈ। ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚਲੇ ਵਾਰ ਵਾਰ ਇਹ ਦਸਦੇ।

ਕੋਊ ਮਾਈ ਭੂਲਿਓ ਮਨੁ ਸਮਝਾਵੈ
ਬੇਦ ਪੁਰਾਨ ਸਾਧ ਮਗ ਸੁਨਿ ਕਰਿ ਨਿਮਖ ਨ ਹਰਿ ਗੁਨ ਗਾਵੈ

... ... ...

ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ।[63]

ਮਨ ਰੇ ਕਹਾ ਭਇਓ ਤੈ ਬਉਰਾ
ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ।[64]

ਬਿਰਥਾ ਕਹਉ ਕਉਨ ਸਿਉ ਮਨ ਕੀ
ਲੋਭਿ ਗ੍ਰਸਿਓ ਦਸਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ।[65]

ਇਸ ਗੱਲ ਦਾ ਸਾਫ਼ ਪ੍ਰਮਾਣ ਹਨ ਕਿ ਸੰਕਟਗ੍ਰਸਤ ਮਾਨਵ ਆਪਣੇ ਸੰਕਟ ਤੋਂ ਜਾਣੂੰ ਹੈ। ਪਰ ਚੇਤਨ ਦੇ ਲੋੜ ਵਿਚ ਵਿਚਰਿਆਂ ਹੋਇਆਂ ਭ੍ਰਮ ਦਾ ਸ਼ਿਕਾਰ ਉਹ ਆਪਣੀ ਬੰਧਨਮੁਕਤ ਅਵਸਥਾ ਤੋਂ ਸੁਚੇਤ ਹੈ। ਪਰ ਗੁਰੂ ਤੇਗ਼ ਬਹਾਦਰ ਨੇ ਅਜਿਹੇ ਮਨੁੱਖ ਨੂੰ ਕੇਵਲ ਗਿਆਨ ਕਰਾਉਣ ਦੀ ਕੋਸ਼ਿਸ਼ ਨਹੀਂ ਕੀਤੀ ਸਗੋਂ ਬਲ ਦੀ ਸਮਰਥਾ ਰਾਹੀਂ ਬੰਧਨਮੁਕਤ ਹੋਣ ਦਾ ਰਸਤਾ ਵਿਖਾਇਆ ਹੈ। ਅਜਿਹਾ ਮਨੁੱਖ ਬੰਧਨਮੁਕਤ ਹੋ ਕੇ ਨਿਰਭੈ ਪਦ ਨੂੰ ਪ੍ਰਾਪਤ ਕਰਦਾ ਹੈ ਤੇ ਦੂਜਿਆਂ ਨੂੰ ਵੀ ਇਸ ਪਦ ਦੇ ਜੋਗ ਬਣਾਉਂਦਾ ਹੈ।

ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ
ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ।[66]

ਜਗਤ ਤੇ ਮਨੁੱਖੀ ਜੀਵਨ ਦੋਹਾਂ ਦੀ ਮੂਲ ਸਚਾਈ ਨਾਸ਼ਮਾਨਤਾ ਤੇ ਪਰਿਵਰਤਨ ਹੈ। ਕੋਈ ਵਸਤੂ ਸੰਸਾਰ ਵਿਚ ਇਕ ਪਲ ਤੋਂ ਵੱਧ ਸਥਿਰਤਾ ਨਹੀਂ ਰੱਖਦੀ ਅਤੇ ਹਰ ਪਲ ਹਰ ਛਿਣ

ਚਲਿਤ ਹੈ। ਇਸ ਲਈ ਸਥਿਰਤਾ ਦਾ ਮੂਲੋਂ ਹੀ ਅਭਾਵ ਹੈ। ਸਥਿਰਤਾ ਕੇਵਲ ਪਰਮਾਤਮਾ ਤੇ ਉਸ ਦੇ ਨਾਮ ਵਿਚ ਹੈ। ਇਸ ਲਈ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਬਾਰ ਬਾਰ ਮਨੁੱਖ ਨੂੰ ਅਸਥਿਰ ਜਗਤ ਦੀਆਂ ਝੂਠੀਆਂ ਕਦਰਾਂ ਕੀਮਤਾਂ ਤਿਆਗ ਕੇ ਹਰੀ ਸਿਮਰਨ ਦੀ ਓਟ ਲੈਣ ਦੀ ਪ੍ਰੇਰਨਾ ਦਿੱਤੀ ਗਈ ਹੈ। ਪਰ ਮਨੁੱਖ ਦਾ ਸੰਕਟ ਇਹ ਹੈ ਕਿ ਲੋਭ ਅਤੇ ਮੋਹ-ਮਾਇਆ ਦੀ ਪਕੜ ਵਿਚ ਉਹ ਆਪਣੀ ਜੀਵਨ ਗਤੀ ਨੂੰ ਇਸ ਪ੍ਰਕਾਰ ਢਾਲ ਲੈਂਦਾ ਹੈ ਕਿ ਸੰਸਾਰਕ ਲਾਲਚ ਵਿੱਚ ਕੀਤੇ ਹੋਏ ਕਰਮ ਹੀ ਉਸ ਲਈ ਬੰਧਨ ਬਣ ਜਾਂਦੇ ਹਨ। ਉਹ ਸਾਰਾ ਜੀਵਨ ਬੇਸਮਝੀ ਵਿਚ ਹੀ ਗੁਆ ਦਿੰਦਾ ਹੈ।

ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚਲਾ ਇਹ ਮਨੁੱਖ ਵਾਸਤਵ ਵਿਚ ਉਸ ਸਮੇਂ ਦੀ ਮੱਧਵਰਗ ਦੀ ਮਾਨਸਿਕਤਾ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਮੁਗਲ ਦਰਬਾਰ ਦੇ ਲੋਭ ਵਿਚ ਫਸਿਆ ਹੋਇਆ, ਰੋੜੇ ਦੀ ਤਰ੍ਹਾਂ ਦਰ ਦਰ ਭਟਕਦਾ ਫਿਰਦਾ ਹੈ। ਸਾਰੀ ਬਾਣੀ ਵਿਚਲਾ ਸੰਕਟ ਉਸ ਸਮੇਂ ਦੇ ਮੱਧਵਰਗ ਦਾ ਸੰਕਟ ਹੈ ਜੋ ਨਿੱਜੀ ਹਿੱਤਾਂ ਦੀ ਪੂਰਤੀ ਖਾਤਿਰ, ਜਣੇ ਖਣੇ ਦੀ ਖੁਸ਼ਾਮਦ ਕਰਦਾ ਹੈ।

ਗੁਰੂ ਤੇਗ਼ ਬਹਾਦਰ ਦੀ ਸਾਰੀ ਬਾਣੀ ਵਿਚ ਭਿੰਨ ਭਿੰਨ ਪ੍ਰਸੰਗਾਂ ਵਿਚ ਪੇਸ਼ ਹੋਇਆ ਸੰਕਟ ਕਿਤੇ ਸੋਗ ਦੇ ਤੇ ਭੈ ਰੂਪ ਵਿਚ ਪੇਸ਼ ਹੋਇਆ ਹੈ। ਕਿਧਰੇ ਇਹ ਸੰਕਟ ਮਨੁੱਖ ਦੀ ਇਕੱਲਤਾ ਦਾ ਹੈ, ਕਿਧਰੇ ਮਾਨਸਿਕ ਦਵੰਦਾਂ ਦਾ ਹੈ ਤੇ ਜਾਂ ਫੇਰ ਮਾਨਸਿਕ ਦੁਬਿਧਾ ਦਾ ਸੰਕਟ ਹੈ।

> ਕਾਲ ਫਾਸ ਜਬ ਗਰ ਮਹਿ ਮੇਲੀ ਤਿਹ ਸੁਧਿ ਸਭ ਬਿਸਰਾਨੀ
> ਰਾਮਨਾਮ ਬਿਨੁ ਯਾ ਸੰਕਟ ਮਹਿ ਕੋ ਅਬ ਹੋਤ ਸਹਾਈ।[67]

> ਅਬ ਮੈ ਕਉਨੁ ਉਪਾਉ ਕਰਉ
> ਜਿਹ ਬਿਧਿ ਮਨ ਕੋ ਸੰਸਾ ਚੂਕੈ ਭਉਨਿਧਿ ਪਾਰਿ ਪਰਉ।[68]

ਸੁਖਾਂ ਤੇ ਦੁੱਖਾਂ ਵਿਚ ਘਿਰੇ ਮਾਨਵ ਨੂੰ ਬਾਹਰ ਨਿਕਲਣ ਦਾ ਰਸਤਾ ਨਹੀਂ ਮਿਲ ਰਿਹਾ। ਲੋਭ, ਮੋਹ-ਮਾਇਆ ਤੇ ਭੈ ਵਿਚ ਗ੍ਰਸਤ ਜੀਵ, ਮਾਨਵਤਾ ਦੇ ਪਦ ਨੂੰ ਗ੍ਰਹਿਣ ਨਹੀਂ ਕਰ ਸਕਦਾ। ਸਿੱਟੇ ਵਜੋਂ ਮਾਨਸਿਕ ਤੌਰ ਤੇ ਪ੍ਰੇਸ਼ਾਨ ਰਹਿੰਦਾ ਹੈ। ਹਰ ਸਮੇਂ 'ਮੌਤ ਦਾ ਭੈ ਉਸਨੂੰ ਘੇਰੀ ਰੱਖਦਾ ਹੈ।

ਮਨ ਕਹਾ ਬਿਸਾਰਿਓ ਰਾਮਨਾਮੁ
ਤਨੁ ਬਿਨਸੈ ਜਮ ਸਿਉ ਪਰੈ ਕਾਮੁ।[69]

ਮੌਤ ਦਾ ਡਰ ਉਸਨੂੰ ਬੇਚੈਨ ਕਰਦਾ ਹੈ।

ਹਰਿ ਜੂ ਰਾਖਿ ਲੇਹੁ ਪਤਿ ਮੇਰੀ
ਜਮ ਕੋ ਤ੍ਰਾਸ ਭਇਓ ਉਰ ਅੰਤਰਿ ਸਰਨਿ ਗਹੀ ਕਿਰਪਾ ਨਿਧਿ ਤੇਰੀ।
ਮਹਾ ਪਤਿਤ ਮੁਗਧ ਲੋਭੀ ਫੁਨਿ ਕਰਤ ਪਾਪ ਅਬ ਹਾਰਾ
ਭੈ ਮਰਬੇ ਕੋ ਬਿਸਰਤ ਨਾਹਿਨ ਤਿਹ ਚਿੰਤਾ ਤਨੁ ਜਾਰਾ।[70]

ਕਸ਼ਟ ਦੀ ਹਕੂਮਤ ਨੂੰ ਖ਼ਤਮ ਕਰਨ ਲਈ ਘੜੇ ਜਾਲ-ਜੰਜਾਲ, ਜਿੰਨੀ ਸੁਆਰਥਾਂ ਦੀ ਪੂਰਤੀ ਲਈ ਮਨੁੱਖ ਸਾਰੀ ਉਮਰ ਪਾਪ ਦੀ ਕਮਾਈ ਇਕੱਠੀ ਕਰਦਾ ਹੈ। ਅੰਤ ਜਦੋਂ ਮੌਤ ਦਾ ਵੇਲਾ ਨੇੜੇ ਆਉਂਦਾ ਹੈ, ਤਾਂ ਉਹ ਇਸ ਡਰ ਤੋਂ ਨਵਿਰਤ ਹੋਣ ਲਈ ਭਰਪੂਰ ਕੋਸ਼ਿਸ਼ ਕਰਦਾ ਹੈ। ਉਹ ਦਸਾਂ ਦਿਸ਼ਾਵਾਂ ਵਿਚ ਭੌਂਦਾ ਹੈ ਪਰ ਇਸ ਡਰ ਤੋਂ ਮੁਕਤ ਨਹੀਂ ਹੋ ਸਕਦਾ। ਕਿਉਂਕਿ ਉਸਨੇ ਸਾਰੀ ਉਮਰ ਕੁਕਰਮਾਂ ਵਿਚ ਗੁਜ਼ਾਰੀ ਹੁੰਦੀ ਹੈ, ਇਸ ਲਈ ਉਸ ਟਿਕਾਣੇ ਨੂੰ ਭਾਲਣ ਤੋਂ ਅਸਮਰੱਥ ਰਹਿੰਦਾ ਹੈ, ਜਿੱਥੇ ਇਸ ਸੰਕਟ ਤੋਂ ਮੁਕਤ ਹੋਇਆ ਜਾ ਸਕਦਾ ਹੈ। ਗੁਰੂ ਤੇਗ਼ਬਹਾਦਰ ਇਸ ਸਰੀਰ ਦੀ ਅਸਲੀਅਤ ਦੱਸਦੇ ਹਨ ਕਿ ਇਹ ਮਨੁੱਖੀ ਸਰੀਰ ਜੋ ਜੀਵਾਤਮਾ ਨੇ ਧਾਰਿਆ ਹੋਇਆ ਹੈ, ਇਸ ਨੇ ਵੀ ਅੰਤ ਵੇਲੇ ਜੀਵਾਤਮਾ ਦਾ ਸਾਥ ਨਹੀਂ ਦੇਣਾ। ਮਰਨ ਦੇ ਨਾਲ ਨਾਲ ਸਭ ਕੁੱਝ ਨਾਸ਼ ਹੋ ਜਾਂਦਾ ਹੈ।

ਜਾ ਜਗ ਮਹਿ ਕੋਊ ਰਹਨੁ ਨ ਪਾਵੈ ਇਕਿ ਆਵਹਿ ਇਕਿ ਜਾਹੀ
ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ ਕਾ ਸਿਉ ਨੇਹੁ ਲਗਾਹੀ
ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ।[71]

ਜਨ-ਸਾਧਾਰਣ ਲਈ ਇਹ ਅਵਸਥਾ ਬੜੀ ਸੰਕਟਮਈ ਹੈ ਕਿ ਜਦੋਂ ਸਭ ਕੁਝ ਬਿਨਸ ਜਾਂਦਾ ਹੈ ਤਾਂ ਆਖ਼ਿਰ ਫੇਰ ਜ਼ਿੰਦਗੀ ਜੀਊਣ ਦਾ ਪ੍ਰਯੋਜਨ ਕੀ ਹੈ? ਮਨੁੱਖ ਕਿਉਂ ਜਿਊਂਦਾ ਹੈ?

ਗੁਰੂ ਤੇਗ਼ ਬਹਾਦਰ ਦੀ ਫ਼ਿਲਾਸਫ਼ੀ ਵਿਚ ਕੋਈ ਸ਼ਕ ਹੀ ਰੁਕ ਨਹੀਂ ਕਿ ਦਿਸਣ ਵਾਲੇ ਜਾਂਦੇ ਜਗ ਸੰਬੰਧੀ ਜਾਲ ਛੋੜ ਜਾਂਦੇ ਹਨ। ਮਨੁੱਖ ਜਿਨ੍ਹਾਂ ਵਸਤਾਂ ਤੇ ਬਹੁਤੇ ਮਾਣ ਕਰਦਾ ਹੈ, ਇਨ੍ਹਾਂ ਵਿਚੋਂ ਕੋਈ ਵੀ ਤੋੜ ਵੇਲੇ ਸਾਥ ਨਹੀਂ ਦਿੰਦੀ।

ਧਨ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ
ਇਨ ਮੈ ਕਛੁ ਸੰਗੀ ਨਹੀਂ ਨਾਨਕ ਸਾਚੀ ਜਾਨਿ।[72]

ਇਨ੍ਹਾਂ ਦਾ ਮੋਹ ਮਨੁੱਖ ਲਈ ਬੰਧਨ ਬਣ ਜਾਂਦਾ ਹੈ। ਇਨ੍ਹਾਂ ਦਾ ਕਰਮ ਕਰਨ ਵਾਲਿਆਂ ਨੂੰ ਗੁਰੂ ਤੇਗ਼ ਬਹਾਦਰ ਨੇ ਸਮਝਾਇਆ ਹੈ ਕਿ ਵਾਸਤਵ ਵਿਚ ਮਨੁੱਖ ਇਕੱਲਾ ਹੈ। ਨਾਸ਼ਮਾਨ ਜਗਤ ਦੀਆਂ ਕਦਰਾਂ-ਕੀਮਤਾਂ ਅਸਥਾਈ ਹਨ। ਪਰ ਮਨੁੱਖ ਦੀ ਸਮੱਸਿਆ ਇਹ ਹੈ ਕਿ ਉਹ ਇਸ ਅਸਲੀਅਤ ਨੂੰ ਜਾਣਦਿਆਂ ਹੋਇਆਂ ਵੀ, ਅਸਥਿਰ ਕੀਮਤਾਂ ਨੂੰ ਹੀ ਆਧਾਰ ਬਣਾ ਕੇ ਜ਼ਿੰਦਗੀ ਜਿਊਂਦਾ ਹੈ। ਕੁਝ ਵੀ ਹੋਵੇ ਗੁਰੂ ਤੇਗ਼ਬਹਾਦਰ ਦੀ ਸਾਰੀ ਬਾਣੀ ਦਾ ਮੂਲ ਆਧਾਰ ਇਹੋ ਸੰਕਟ ਸਥਿਤੀ ਹੈ। ਡਾ. ਅਤਰ ਸਿੰਘ ਦੇ ਵਿਚਾਰ ਇਸ ਤੱਥ ਦੀ ਪੁਸ਼ਟੀ ਕਰਦੇ ਹਨ।

> ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਤੇ ਖ਼ਾਸ ਤੌਰ ਤੇ ਉਨ੍ਹਾਂ ਦੇ ਸ਼ਹੀਦੀ ਦੇ ਪਿਛੋਕੜ ਨੂੰ ਜੇ ਹੋਰ ਵੇਖੀਏ ਤਾਂ ਇਸ ਸੰਕਟ ਸਥਿਤੀ ਦੀ ਇਤਿਹਾਸਕ ਸੰਦਰਭ ਵਿਚ ਵੀ ਵਿਆਖਿਆ ਹੋ ਸਕਦੀ ਹੈ। ਗੁਰੂ ਤੇਗ਼ਬਹਾਦਰ ਜੀ ਦਾ ਤਿਆਗਮਈ ਜੀਵਨ, ਆਪ ਦੀ ਅਲੌਕਿਕ ਸ਼ਹੀਦੀ ਤੇ ਆਪ ਦੀ ਵੈਰਾਗਮਈ ਬਾਣੀ ਇਕੋ ਇਕ ਪਾਰਗਾਮੀ ਪ੍ਰਯੋਜਨ ਨਾਲ ਬੱਝੇ ਹੋਏ ਹਨ। ਬੰਧਨ ਭਾਵੇਂ ਉਹ ਮੋਹ ਮਾਇਆ ਦਾ ਹੈ, ਭਾਵੇਂ ਕੁਹਿਸਤ ਕੁਟੰਬ ਦਾ, ਭਾਵੇਂ ਭਰਮ ਦਾ ਉਸ ਤੋਂ ਮੁਕਤ ਹੋਣਾ। ਇਸ ਪਾਰਗਾਮੀ ਪ੍ਰਯੋਜਨ ਦੀ ਚੇਤਨਾ ਉਸ ਮੋਹ ਸੰਕਟ ਦੀ ਚੇਤਨਾ ਦਾ ਹੀ ਇਕ ਪਾਸਾਰ ਹੈ ਜਿਸ ਨੇ ਗੁਰੂ ਸਾਹਿਬ ਦੇ ਸਮਕਾਲੀ ਭਾਰਤ ਨੂੰ ਗ੍ਰਸ ਲਿਆ ਸੀ। ਮਨੁੱਖੀ ਸਥਿਤੀ ਵਿਚ ਸੰਕਟ ਦੀ ਨਿਸ਼ਾਨੀ ਹੀ ਇਹ ਹੁੰਦੀ ਹੈ ਕਿ ਇਸ ਵਿਚ ਦੋ ਤੱਥਾਂ ਵਿਚੋਂ ਇਕ ਦੀ ਸਿੱਧੀ ਚੋਣ ਦੀ ਅਨਿਵਾਰਤਾ ਦੀ ਹੀ ਗੁੰਜਾਇਸ਼ ਰਹਿ ਜਾਂਦੀ ਹੈ। ਮਨੁੱਖਤਾ ਦੇ ਬੁਨਿਆਦੀ ਪ੍ਰਸ਼ਨ ਇਕ ਨਵੀਂ ਤੀਖਣਤਾ ਤੇ ਗੰਭੀਰਤਾ ਨਾਲ ਮਨੁੱਖ ਦੇ

> ਏਸੁ ਕੂਏ ਪਏ ਤੇ ਬਾਹਰੀ ਜਾਂਦੀਆਂ ਕੈਲਾਂ ਪਿਛਵਾੜੇ ਵਿਚ ਰਹਿ ਜਾਂਦੀਆਂ ਹਨ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਇਹ ਭੇਦ ਬੰਧਨ ਤੇ ਮੁਕਤੀ ਵਿਚਾਰੇ ਹੈ। ਬੰਧਨਯੁਕਤ ਜੀਵਨ ਪਸ਼ੂ ਜੀਵਨ ਹੈ ਜਦੋਂਕਿ ਬੰਧਨਮੁਕਤ ਜੀਵਨ ਵਿਦਵਾਂ ਦੀ ਪ੍ਰਾਪਤੀ ਹੈ।[73]

ਬੰਧਨਯੁਕਤ ਜੀਵਨ ਵਿਚ ਦੁੱਖ ਤੇ ਸੰਕਟ ਹੈ।

> ਜਾਗ ਗਹਿ ਹੈ ਕੁਮਤਿ ਲਾਗਿਓ ਜਨਮੁ ਅਕਾਰਥੁ ਖੋਇਓ
> ਕਹਿ ਪਰਦੇਸ ਕੁਰਦ ਕਿਸ ਧੋਇਓ ਪਸੁ ਕੀ ਨਿਆਈ ਸੋਇਓ।[74]
>
> ਲੋਭਿ ਗ੍ਰਸਿਓ ਦਸਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ
> ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ
> ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ।[75]

ਦਰਅਸਲ ਮਨੁੱਖ ਸਾਰੀ ਉਮਰ ਇਸ ਗੱਲ ਤੋਂ ਜਾਣੂੰ ਹੀ ਨਹੀਂ ਹੁੰਦਾ ਕਿ ਉਸਦੀ ਜ਼ਿੰਦਗੀ ਦਾ ਮਨੋਰਥ ਕੀ ਹੈ? ਸਿੱਟੇ ਵਜੋਂ ਮਾਨਸਿਕ ਪੀੜਾਂ ਨਾਲ ਗ੍ਰਸਤ ਰਹਿੰਦਾ ਹੈ। ਪਦਾਰਥਕ ਵਸਤਾਂ ਦੀ [illegible] ਪ੍ਰਾਪਤੀ ਮਨੁੱਖ ਨੂੰ ਜਕੜੀ ਰੱਖਦੀ ਹੈ। ਗੁਰੂ ਤੇਗ਼ਬਹਾਦਰ ਨੇ ਜਗਤ ਦੀ ਅਸਥਿਰਤਾ ਨੂੰ ਬਿਆਨ ਕੇ ਮਨੁੱਖ ਨੂੰ ਮੌਤ ਦੇ ਡਰ ਦੇ ਸੰਕਟ ਤੋਂ ਨਵਿਰਤ ਹੋਣ ਲਈ ਪ੍ਰੇਰਿਤ ਕੀਤਾ ਹੈ।

> ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ
> ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ।[76]

ਧਨ ਭੁੱਖੀ ਲਾਲਚੀ ਮਨੁੱਖ ਇਸ ਜਿਸਮ ਦੀ ਖ਼ੂਬਸੂਰਤੀ ਤੇ ਮਾਣ ਕਰਦਾ ਹੈ, ਜਿਸਨੇ ਪਲਾਂ ਵਿਚ ਨਸ਼ਟ ਹੋ ਜਾਣਾ ਹੈ। ਸੰਸਾਰਕ ਪਦਾਰਥਾਂ ਦਾ ਗੁਮਾਨ ਕਰਦਾ ਹੈ, ਫੇਰ ਇਨ੍ਹਾਂ ਦੀ ਨਸ਼ਵਰਤਾ ਨੂੰ ਵੇਖ ਕੇ ਦੁਖੀ ਹੁੰਦਾ ਹੈ। ਇਸ ਤਰ੍ਹਾਂ ਸਾਰੀ ਉਮਰ ਕੂੜੀ ਮਾਇਆ ਦੇ ਬੰਧਨ ਵਿਚ ਫਸਿਆ ਸੰਕਟ ਵਿਚ ਘਿਰਿਆ ਰਹਿੰਦਾ ਹੈ। ਇਹ ਸਾਰੀਆਂ ਹਾਲਤਾਂ ਬੰਧਨਯੁਕਤ ਮਾਨਵ

ਦੀਆਂ ਸੂਚਕ ਹਨ। ਸੰਕਟ ਵਿਚ ਘਿਰੇ ਮਾਨਵ ਦੀ ਦਸ਼ਾ ਬੇਬਸੀ ਵਾਲੀ ਹੈ, ਚਾਹੇ ਇਹ ਸੰਕਟ ਮੌਤ ਦੇ ਡਰ ਦਾ ਹੈ ਜਾਂ ਮਨੁੱਖੀ ਮਨ ਦੀ ਤਣਾਵਾਂ ਦਾ! ਮੌਤ ਦੇ ਡਰ ਵਿਚ ਘਿਰੇ ਮਾਨਵ ਨੂੰ ਕੁਝ ਵੀ ਸਮਝ ਨਹੀਂ ਆ ਰਿਹਾ:

ਬਿਰਧਿ ਭਇਓ ਸੂਝੈ ਨਹੀਂ ਕਾਲੁ ਪਹੂਚਿਓ ਆਨਿ
ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨ।[77]

ਪਰ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਮਨੁੱਖ ਦਾ ਸੰਕਟ ਕੇਵਲ ਮੌਤ ਦੇ ਡਰ ਨਾਲ ਸੰਬੰਧਿਤ ਨਹੀਂ, ਸਗੋਂ ਮਨੁੱਖ ਦੇ ਅਨੇਕਾਂ ਪ੍ਰਕਾਰ ਦੇ ਭਾਵੁਕ, ਆਤਮਿਕ, ਮਾਨਸਿਕ ਤੇ ਨੈਤਿਕ ਸੰਕਟਾਂ ਦਾ ਜ਼ਿਕਰ ਹੈ। ਤ੍ਰਿਸ਼ਨਤ ਮਨੁੱਖ ਅੰਦਰੂਨੀ ਕਾਮਨਾਵਾਂ ਕਾਰਣ ਕੇਵਲ ਅੰਦਰੋਂ ਹੀ ਤਿੜਕਿਆ ਹੋਇਆ ਨਹੀਂ ਸਗੋਂ ਇਕੱਲਤਾ ਦੇ ਸੰਤਾਪ ਤੇ ਵਿਗੋਚੇ ਹੋਣ ਦੀ ਭਾਵਨਾ ਨਾਲ ਵੀ ਕੁਸਿਆ ਹੋਇਆ ਨਜ਼ਰ ਆਉਂਦਾ ਹੈ।

ਡਾ. ਜੋਗਾ ਸਿੰਘ ਅਨੁਸਾਰ ਮਨੁੱਖ ਦੇ ਦੁੱਖਾਂ ਦੀ ਨਵਿਰਤੀ, ਚਿੰਤਨ ਭਾਵ ਤੇ ਅਮਲ ਕਿਸੇ ਵੀ ਪੱਧਰ ਤੇ ਦੂਰ ਹੋ ਸਕਦੀ ਹੈ।[78] "ਗੁਰੂ ਸਾਹਿਬ ਦਾ ਉਪਦੇਸ਼ ਇਹ ਹੈ ਕਿ ਇਹ ਕਾਰਜ ਕੇਵਲ ਚਿੰਤਨ ਤੇ ਭਾਵ ਦੀ ਪੱਧਰ ਉਤੇ ਸਿਰੇ ਚੜ੍ਹ ਸਕਦਾ ਹੈ, ਪਰ ਉਨ੍ਹਾਂ ਦੇ ਜੀਵਨ ਤੋਂ ਪਤਾ ਲੱਗਦਾ ਹੈ ਕਿ ਮਾਨਸਿਕ ਦੁੱਖ ਤੋਂ ਪੂਰੀ ਤਰ੍ਹਾਂ ਮੁਕਤ ਹੋਣ ਲਈ ਅਮਲ ਹੀ ਅੰਤਿਮ ਸਾਧਨ ਹੈ। ਗੁਰੂ ਤੇਗ਼ ਬਹਾਦਰ ਜੀ ਨੇ ਸੰਤੁਲਨ, ਸਮਾਨਤਾ, ਸਹਿਜ ਦੀ ਅਤੇ ਦੁਖ ਸੁਖ ਨੂੰ ਸਮਕਰ ਜਾਣਨ ਦੀ ਕੇਵਲ ਸਿੱਖਿਆ ਹੀ ਨਹੀਂ ਦਿੱਤੀ, ਸਗੋਂ ਆਪਣੀ ਮਹਾਨ ਕੁਰਬਾਨੀ ਦੇ ਅਮਲ ਦੁਆਰਾ ਮਨੁੱਖ ਦੀ ਅਡੋਲ, ਬਲਵਾਨ ਤੇ ਨਿਰਭੈ ਆਤਮਾ ਨੂੰ ਵੀ ਪ੍ਰਤੱਖ ਕਰ ਵਿਖਾਇਆ ਹੈ। ਉਨ੍ਹਾਂ ਦੀ ਬਾਣੀ ਸਰੋਤੇ ਪਾਠਕ ਨੂੰ ਵੀ ਅਜਿਹੇ ਮਾਨਸਕ ਅਮਲ ਲਈ ਪ੍ਰੇਰਦੀ ਹੈ ਜਿਹੜਾ ਉਸਨੂੰ ਚਿੰਤਾਮੁਕਤ ਕਰੇ ਤੇ ਬਲਵਾਨ ਬਣਾਵੇ।"[79]

## ਹਵਾਲੇ ਅਤੇ ਟਿੱਪਣੀਆਂ

1. ਗੁਰਜੀਤ ਕੌਰ, "ਗੁਰੂ ਤੇਗ਼ ਬਹਾਦਰ ਦੀ ਬਾਣੀ ਦਾ ਇਤਿਹਾਸਕ ਮੁੱਲ", ਗੁਰੂ ਤੇਗ਼ ਬਹਾਦਰ ਜੀਵਨ ਤੇ ਸਿਧਾਂਤ, (ਸੰਪਾ.) ਮੋਹਨਜੀਤ ਸਿੰਘ, ਪੰਨਾ 75 ਦੇ ਹਵਾਲੇ ਅਨੁਸਾਰ
2. Fauja Singh and Gurbachan Singh Talib, Guru Teg Bahadur: Martyr and Teacher, p. 102
3. ਭਾਈ ਜੋਧ ਸਿੰਘ, "ਗੁਰੂ ਤੇਗ਼ ਬਹਾਦਰ ਜੀ ਦੀਆਂ ਸਮਕਾਲੀ ਪਰਸਥਿਤੀਆਂ", ਗੁਰੂ ਤੇਗ਼ ਬਹਾਦਰ ਜੀਵਨ ਸਮਾਂ ਅਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਨਾ 7 ਦੇ ਹਵਾਲੇ ਅਨੁਸਾਰ
4. Puran Singh, The Ten Masters, p. 91
5. ਡਾ. ਜੇ.ਐਸ. ਗਰੇਵਾਲ, 'ਗੁਰੂ ਤੇਗ਼ ਬਹਾਦਰ ਸ਼ਹੀਦੀ ਦਾ ਪਿਛੋਕੜ', ਗੁਰੂ ਤੇਗ਼ਬਹਾਦਰ ਚਿੰਤਨ ਕਲਾ ਤੇ ਬਾਣੀ, ਪੰਨਾ 14 ਦੇ ਹਵਾਲੇ ਅਨੁਸਾਰ
6. ਉਹੀ, ਪੰਨਾ 14-15
7. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1429
8. ਉਹੀ
9. ਉਹੀ
10. ਉਹੀ
11. ਮਹਿੰਦਰ ਕੌਰ ਗਿੱਲ, ਗੁਰੂ ਤੇਗ਼ ਬਹਾਦਰ ਬਾਣੀ-ਅਧਿਐਨ, ਪੰਨਾ 86
12. ਡਾ. ਤਾਰਨ ਸਿੰਘ, 'ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਵੈਰਾਗ', ਪਰਖ, (ਗੁਰੂ ਤੇਗ਼ਬਹਾਦਰ ਸ਼ਤਾਬਦੀ ਅੰਕ), ਸੰਪਾ. ਸੁਰਿੰਦਰ ਸਿੰਘ ਕੋਹਲੀ, ਪੰਨਾ 72
13. ਗਉੜੀ ਮਹਲਾ 9, ਆਦਿ ਗ੍ਰੰਥ, ਪੰਨਾ 219
14. ਦੇਵਗੰਧਾਰੀ ਮਹਲਾ 9, ਆਦਿ ਗ੍ਰੰਥ, ਪੰਨਾ 536

15. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 634

16. ਬਿਲਾਵਲੁ ਮਹਲਾ 9, ਆਦਿ ਗ੍ਰੰਥ, ਪੰਨਾ 831

17. ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ।
ਸਾਰੰਗ ਮਹਲਾ 9, ਆਦਿ ਗ੍ਰੰਥ, ਪੰਨਾ 1231

18. ਡਾ. ਰੋਸ਼ਨ ਸਿੰਘ 'ਰੋਸ਼ਨ', 'ਬਲ ਛੁਟਕਿਓ ਬੰਧਨ ਪਰੇ', ਪਰਖ (ਗੁਰੂ ਤੇਗ਼ ਬਹਾਦਰ ਸਿਮਰਤੀ ਅੰਕ), ਪੰਨਾ 143-44

19. ਆਸਾ ਮਹਲਾ 9, ਆਦਿ ਗ੍ਰੰਥ, ਪੰਨਾ 411

20. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 633

21. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1427

22. ਉਹੀ

23. ਉਹੀ

24. ਉਹੀ

25. ਉਹੀ, ਪੰਨਾ 1428

26. ਉਹੀ

27. ਉਹੀ

28. ਦੇਵਗੰਧਾਰੀ ਮਹਲਾ 9, ਆਦਿ ਗ੍ਰੰਥ, ਪੰਨਾ 536

29. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1428

30. ਉਹੀ

31. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 632

32. ਜੈਤਸਰੀ ਮਹਲਾ 9, ਆਦਿ ਗ੍ਰੰਥ, ਪੰਨਾ 703

33. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1428

34. ਜੈਤਸਰੀ ਮਹਲਾ 9, ਆਦਿ ਗ੍ਰੰਥ, ਪੰਨਾ 703

35. ਧਨਾਸਰੀ ਮਹਲਾ 9, ਆਦਿ ਗ੍ਰੰਥ, ਪੰਨਾ 684

36. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1426

37. ਉਹੀ, ਪੰਨਾ 1427

38. ਉਹੀ

39. ਡਾ. ਕੇਸਰ ਸਿੰਘ 'ਕੇਸਰ', ਉਹੀ ਰਚਨਾ, ਪੰਨਾ 150 ਦੇ ਹਵਾਲੇ ਅਨੁਸਾਰ

40. ਉਹੀ

41. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1427

42. ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ।
ਉਹੀ

43. ਰਾਮਕਲੀ ਮਹਲਾ 9, ਆਦਿ ਗ੍ਰੰਥ, ਪੰਨਾ 902

44. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1427

45. ਉਹੀ

46. ਰਾਮਕਲੀ ਮਹਲਾ 9, ਆਦਿ ਗ੍ਰੰਥ, ਪੰਨਾ 902

47. ਬਸੰਤ ਮਹਲਾ 9, ਆਦਿ ਗ੍ਰੰਥ, ਪੰਨਾ 1186

48. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 632

49. ਤਿਲੰਗ ਮਹਲਾ 9, ਆਦਿ ਗ੍ਰੰਥ, ਪੰਨਾ 727

50. ਬਿਲਾਵਲੁ ਮਹਲਾ 9, ਆਦਿ ਗ੍ਰੰਥ, ਪੰਨਾ 831

51. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1428

52. ਗਉੜੀ ਮਹਲਾ 9, ਆਦਿ ਗ੍ਰੰਥ, ਪੰਨਾ 219

53. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1428

54. ਉਹੀ, ਪੰਨਾ 1429

55. ਉਹੀ, ਪੰਨਾ 1428

56. ਦੇਵਗੰਧਾਰੀ ਮਹਲਾ 9, <u>ਆਦਿ ਗ੍ਰੰਥ,</u> ਪੰਨਾ 536

57. ਸਾਰੰਗ ਮਹਲਾ 9, <u>ਆਦਿ ਗ੍ਰੰਥ,</u> ਪੰਨਾ 1231

58. ਤਿਲੰਗ ਮਹਲਾ 9, <u>ਆਦਿ ਗ੍ਰੰਥ,</u> ਪੰਨਾ 726

59. ਸੋਰਠਿ ਮਹਲਾ 9, <u>ਆਦਿ ਗ੍ਰੰਥ,</u> ਪੰਨਾ 634

60. ਡਾ. ਕੇਸਰ ਸਿੰਘ 'ਕੇਸਰ', ਉਹੀ ਰਚਨਾ, ਪੰਨਾ 147

61. ਸੋਰਠਿ ਮਹਲਾ 9, <u>ਆਦਿ ਗ੍ਰੰਥ,</u> ਪੰਨਾ 632

62. ਸਲੋਕ ਮਹਲਾ 9, <u>ਆਦਿ ਗ੍ਰੰਥ,</u> ਪੰਨਾ 1428

63. ਗਉੜੀ ਮਹਲਾ 9, <u>ਆਦਿ ਗ੍ਰੰਥ,</u> ਪੰਨਾ 220

64. ਉਹੀ

65. ਆਸਾ ਮਹਲਾ 9, <u>ਆਦਿ ਗ੍ਰੰਥ,</u> ਪੰਨਾ 411

66. ਸਲੋਕ ਮਹਲਾ 9, <u>ਆਦਿ ਗ੍ਰੰਥ,</u> ਪੰਨਾ 1427

67. ਮਾਰੂ ਮਹਲਾ 9, <u>ਆਦਿ ਗ੍ਰੰਥ,</u> ਪੰਨਾ 1008

68. ਧਨਾਸਰੀ ਮਹਲਾ 9, <u>ਆਦਿ ਗ੍ਰੰਥ,</u> ਪੰਨਾ 685

69. ਬਸੰਤ ਮਹਲਾ 9, <u>ਆਦਿ ਗ੍ਰੰਥ,</u> ਪੰਨਾ 1186

70. ਜੈਤਸਰੀ ਮਹਲਾ 9, <u>ਆਦਿ ਗ੍ਰੰਥ,</u> ਪੰਨਾ 703

71. ਸਾਰੰਗ ਮਹਲਾ 9, <u>ਆਦਿ ਗ੍ਰੰਥ,</u> ਪੰਨਾ 1231

72. ਸਲੋਕ ਮਹਲਾ 9, <u>ਆਦਿ ਗ੍ਰੰਥ,</u> ਪੰਨਾ 1426

73. ਭਗਤ ਸਿੰਘ, 'ਗੁਰੂ ਤੇਗ਼ਬਹਾਦਰ ਜੀ ਦੀ ਬਾਣੀ ਦੀ ਰਾਗ-ਬਣਤਰ', <u>ਗੁਰੂ ਤੇਗ਼ਬਹਾਦਰ ਜੀਵਨ ਸੋਮੇ ਤੇ ਰਚਨਾ</u>, ਪੰਨਾ 198

74. ਸੋਰਠਿ ਮਹਲਾ 9, <u>ਆਦਿ ਗ੍ਰੰਥ,</u> ਪੰਨਾ 633

75. ਆਸਾ ਮਹਲਾ 9, <u>ਆਦਿ ਗ੍ਰੰਥ,</u> ਪੰਨਾ 411

76. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1426

77. ਉਹੀ

78. ਡਾ. ਕੇਸਰ ਸਿੰਘ 'ਕੇਸਰ', ਪਰਖ (ਗੁਰੂ ਤੇਗ਼ ਬਹਾਦਰ ਸਿਮਰਤੀ ਗ੍ਰੰਥ), ਪੰਨਾ 150

79. ਉਹੀ

## ਅਧਿਆਇ ਤੀਜਾ:

# ਸਿੱਖ ਪਰਮ ਚੇਤਨਾ - ਕਾਵਿ ਪਰੰਪਰਾ ਅਤੇ ਮਾਨਵੀ ਸੰਕਟ - ਅਵਸਰ ਤੋਂ ਸੰਕਟ ਤੱਕ ਦੀ ਯਾਤਰਾ

## ਸਿੱਖ ਧਰਮ ਚੇਤਨਾ - ਕਾਵਿ ਪਰੰਪਰਾ ਅਤੇ ਮਾਨਵੀ ਸੰਕਟ
## - ਅਵਸਰ ਤੋਂ ਸੰਕਟ ਤੱਕ ਦੀ ਯਾਤਰਾ

ਧਰਮ ਪ੍ਰਤੀ ਹਰ ਮਨੁੱਖ ਦੀ ਨਿੱਜੀ ਰਾਇ ਕੁਝ ਵੀ ਹੋ ਸਕਦੀ ਹੈ ਪਰ ਇਸ ਤੱਥ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ ਕਿ ਮਨੁੱਖ ਦੇ ਇਤਿਹਾਸ ਵਿਚ ਧਰਮ ਇਕ ਬਹੁਤ ਹੀ ਬਲਵਾਨ ਤੱਤ ਰਿਹਾ ਹੈ। ਮਨੁੱਖ ਦੇ ਇਸ ਜਗਤ ਵਿਚ ਪ੍ਰਵੇਸ਼ ਕਰਦਿਆਂ ਹੀ ਕਈ ਤਰ੍ਹਾਂ ਦੇ ਧਾਰਮਕ ਅਕੀਦਿਆਂ ਤੇ ਵਿਸ਼ਵਾਸਾਂ ਨਾਲ ਉਸ ਦੀ ਸਾਂਝ ਸ਼ੁਰੂ ਹੋ ਜਾਂਦੀ ਹੈ, ਜੋ ਕਿ ਉਸਦੀ ਜੀਵਨ ਜਾਚ ਦਾ ਇਕ ਅਟੁੱਟ ਅੰਗ ਬਣ ਜਾਂਦੇ ਹਨ। ਧਰਮ ਮਨੁੱਖ ਦੇ ਜੀਵਨ ਵਿਚ ਵਾਪਰਨ ਵਾਲੇ ਅਨੁਭਵਾਂ ਵਿਚੋਂ ਇਕ ਅਜਿਹਾ ਅਨੁਭਵ ਹੈ ਜੋ ਉਸਦੇ ਸਾਰੇ ਜੀਵਨ ਨੂੰ ਸੇਧ ਦਿੰਦਾ ਹੈ, ਭਾਵੇਂ ਮਨੁੱਖ ਸੁਚੇਤ ਤੌਰ ਤੇ ਉਸ ਅਨੁਭਵ ਨੂੰ ਗ੍ਰਹਿਣ ਨਹੀਂ ਕਰ ਰਿਹਾ ਹੁੰਦਾ।

ਧਰਮ ਦਾ ਮੂਲ ਮਨੋਰਥ ਮਨੁੱਖ ਨੂੰ ਦੈਵੀ ਸੰਭਾਵਨਾ ਪ੍ਰਦਾਨ ਕਰਨਾ ਹੈ। ਇਹ ਦੈਵੀ ਸੰਭਾਵਨਾ ਮਨੁੱਖ ਅੰਦਰਲੀ ਪਸ਼ੂਬਿਰਤੀ ਦੇ ਦਮਨ ਨਾਲ ਸੰਬੰਧਿਤ ਹੈ। ਹਰ ਧਰਮ ਦਾ ਮੂਲ ਉਦੇਸ਼ ਇਕ ਵਿਸ਼ੇਸ਼ ਸੰਸਥਾ ਦੁਆਰਾ ਇਸ ਉਦੇਸ਼ ਦੀ ਪੂਰਤੀ ਕਰਨਾ ਹੁੰਦਾ ਹੈ। ਧਰਮ ਮਨੁੱਖ ਦੀ ਆਤਮਿਕ ਸ਼ੁੱਧਤਾ ਦਾ ਇਕ ਅਜਿਹਾ ਮਾਰਗ ਹੈ ਜੋ ਮਨੁੱਖ ਨੂੰ ਮਾਨਵਵਾਦੀ ਰਾਹ ਤੇ ਤੋਰਦਾ ਹੈ। ਡਾ. ਵਜ਼ੀਰ ਸਿੰਘ ਇਸ ਵਿਚਾਰ ਦੀ ਪ੍ਰੋੜਤਾ ਕਰਦੇ ਹਨ, "ਧਰਮ ਮਨੁੱਖੀ ਹਿਰਦੇ ਦੀਆਂ ਡੂੰਘਾਣਾਂ ਵਿਚ ਵਾਪਰਦਾ ਅਨੁਭਵ ਹੈ ਜੋ ਮਨੁੱਖ ਦੇ ਆਤਮਿਕ ਜੀਵਨ ਦਾ ਆਧਾਰ ਵੀ ਹੈ ਤੇ ਸਾਰ ਵੀ। ਇਸੇ ਨੂੰ ਮਨੁੱਖ ਦੀ ਸ਼ਰਧਾ ਵਿਸ਼ਵਾਸ਼ ਜਾਂ ਧਰਮ ਮੰਨਿਆ ਗਿਆ ਹੈ। ਇਸੇ ਅਨੁਭਵ ਨੂੰ ਪਾਲ ਟਿਲਿਕ ਨੇ 'ਆਪਾ ਅਤੀਤ' ਕਿਹਾ ਹੈ। ਵਿਅਕਤੀ ਜਦੋਂ ਆਪਣੇ ਸੀਮਿਤ ਆਪੇ ਤੋਂ ਉਪਰ ਉਠ ਕੇ ਅਸੀਮ ਅਨੰਤ ਹਸਤੀ ਦੇ ਅਨੁਭਵ ਵਿਚ ਵਿਚਰਦਾ ਹੈ ਤਾਂ ਉਹ ਆਪਾ ਅਤੀਤ ਹੋ ਜਾਂਦਾ ਹੈ। ਇਸ ਦਸ਼ਾ ਨੂੰ ਟਿਲਿਕ ਨੇ ਅੰਤਿਮ ਵਾਸਤਾ ਦੀ ਦਸ਼ਾ ਪ੍ਰਵਾਨ ਕੀਤਾ ਹੈ। ਜਿਸ ਵਿਚ ਮਨੁੱਖ ਨੂੰ ਆਪਣੀ ਹੋਂਦ ਦੇ ਅੰਤਿਮ ਆਧਾਰ ਤੇ ਅੰਤਿਮ ਉਦੇਸ਼ ਦੀ ਸੋਝੀ ਹੋ ਸਕਦੀ ਹੈ।[1]

ਜਦੋਂ ਤੋਂ ਵੀ ਮਨੁੱਖੀ ਜੀਵਨ ਦੇ ਇਤਿਹਾਸ ਦੇ ਪ੍ਰਮਾਣ ਮਿਲਦੇ ਹਨ, ਉਦੋਂ ਤੋਂ ਹੀ ਇਹ ਵੀ ਪਤਾ ਲੱਗਦਾ ਹੈ ਕਿ ਨਾ ਕੇਵਲ ਧਰਮ ਹੋਂਦ ਵਿਚ ਸੀ, ਸਗੋਂ ਮਨੁੱਖ ਧਰਮ ਦਾ ਗੁਲਾਮ ਸੀ

ਕਿਉਂਕਿ ਉਸ ਸਮੇਂ ਦੇ ਰਚੇ ਹੋਏ ਗ੍ਰੰਥਾਂ ਦਾ ਆਧਾਰ ਧਾਰਮਕ ਭਾਵਨਾ ਹੀ ਹੈ। ਸ਼ਾਇਦ ਇਸੇ ਲਈ ਹਡਸਨ ਕਹਿੰਦਾ ਹੈ ਕਿ ਸਾਡੀ ਦੁਨੀਆਂ ਦੇ ਸਾਰੇ ਉੱਤਮ ਸਾਹਿਤਕਾਰ ਦੀਆਂ ਜੜ੍ਹਾਂ ਧਾਰਮਕ ਭਾਵਨਾਵਾਂ ਵਿਚ ਹਨ।[2]

ਮਨੁੱਖ ਨੇ ਆਪਣੇ ਜੀਵਨ ਲਈ ਪ੍ਰਕਿਰਤੀ ਦੇ ਨਾਲ ਨਾਲ ਸੰਸਕ੍ਰਿਤੀ ਦੀ ਸਿਰਜਣਾ ਕੀਤੀ। ਭਾਸ਼ਾ, ਸਾਹਿਤ, ਵਿਗਿਆਨ ਤੇ ਧਰਮ ਇਸ ਸਾਂਸਕ੍ਰਿਤਕ ਜਗਤ ਦੇ ਪ੍ਰਤੀਕ ਰੂਪ ਹਨ, ਜਿਨ੍ਹਾਂ ਸਦਕਾ ਮਨੁੱਖ ਆਪਣੀ ਜ਼ਿੰਦਗੀ ਨੂੰ ਸਾਰਥਕ ਬਣਾਉਂਦਾ ਹੈ। ਡਾ. ਜਗਬੀਰ ਸਿੰਘ ਅਨੁਸਾਰ, "ਧਰਮ ਦੀ ਵਿਲੱਖਣਤਾ ਇਸ ਦੇ ਵਿਸ਼ੇਸ਼ ਭਾਂਤ ਦੇ ਪ੍ਰਤੀਕ ਵਿਧਾਨ ਅਪਣਾਉਣ ਵਿਚ ਹੈ। ਇਹ ਮਿੱਥ ਅਤੇ ਰਿਚੂਅਲ ਦੀ ਪੱਧਰ ਤੇ ਸਦਾਚਾਰ ਨੂੰ ਰੂਪਿਤ ਕਰਦਾ ਹੈ ਅਤੇ ਉਸ ਰੂਪਿਤ ਕੀਤੇ ਗਏ ਵਿਸ਼ੇਸ਼ ਭਾਂਤ ਦੇ ਗਿਆਨ ਦੀ ਰੋਸ਼ਨੀ ਵਿਚ ਉਸ ਨਾਲ ਭਾਵਨਾ ਅਤੇ ਵਿਵਹਾਰ ਦਾ ਵੱਖਰੀ ਭਾਂਤ ਦਾ ਰਿਸ਼ਤਾ ਕਾਇਮ ਕਰਦਾ ਹੈ। ਇਹ ਵੱਖਰੀ ਭਾਂਤ ਦਾ ਗਿਆਨ ਇਸ ਲਈ ਹੈ ਕਿਉਂਕਿ ਇਸ ਦਾ ਦਰਜਾ ਵਿਗਿਆਨ ਦੇ ਤੱਥ ਗਿਆਨ ਜਾਂ ਦਰਸ਼ਨ ਦੇ ਤਰਕ ਗਿਆਨ ਦਾ ਨਹੀਂ ਸਗੋਂ ਮੁੱਲ ਗਿਆਨ ਦਾ ਹੈ। ਪਾਲ ਟਿਲਿਕ ਨੇ ਧਰਮ ਨੂੰ ਮਨੁੱਖ ਦੀ ਪਰਮਚਿੰਤਾ (Ultimate Concern ਆਖ ਕੇ ਇਸੇ ਤੱਥ ਵੱਲ ਸੰਕੇਤ ਕੀਤਾ ਹੈ ... ਮਨੁੱਖ ਦਾ ਧਰਮ ਨਾਲ ਵਾਸਤਾ ਅਜਿਹਾ ਮੁੱਲ ਹੈ ਜੋ ਉਸਦੇ ਸੰਪੂਰਨ ਜੀਵਨ ਨੂੰ ਧਾਰਮਿਕ ਗਹਿਰਾਈ ਪ੍ਰਦਾਨ ਕਰਦਾ ਹੈ।"[3]

ਮਨੁੱਖ ਦੀ ਮੁਕਤੀ ਦਾ ਸੰਕਲਪ ਅਤੇ ਮੁਕਤੀ ਪ੍ਰਾਪਤੀ ਲਈ ਕਿਸ ਮਾਰਗ ਦੀ ਜ਼ਰੂਰਤ ਹੈ? ਇਹ ਮਹੱਤਵਪੂਰਣ ਪ੍ਰਸ਼ਨ ਵੀ ਧਰਮ ਨਾਲ ਹੀ ਸੰਬੰਧਿਤ ਹੈ। ਹਰ ਧਰਮ ਵਿਚ ਸਿੱਧੇ ਜਾਂ ਅਸਿੱਧੇ ਤੌਰ ਤੇ ਇਹ ਪ੍ਰਸ਼ਨ ਜ਼ਰੂਰ ਉਠਾਇਆ ਜਾਂਦਾ ਹੈ। ਧਰਮ ਹਮੇਸ਼ਾ ਹੀ ਸੰਕਟਮਈ ਅਵਸਥਾ ਵਿਚ ਮਨੁੱਖ ਨੂੰ ਸਹਾਰਾ ਦਿੰਦਾ ਹੈ। ਧਾਰਮਿਕ ਦ੍ਰਿਸ਼ਟੀ ਦੀ ਪ੍ਰਾਪਤੀ ਤੋਂ ਬਿਨਾਂ ਮਨੁੱਖ ਆਪਣੇ ਸੰਪੂਰਣ ਗੌਰਵ ਨੂੰ ਪ੍ਰਾਪਤ ਨਹੀਂ ਕਰ ਸਕਦਾ। ਸੁਚੇਤ ਤੌਰ ਤੇ ਭਾਵੇਂ ਉਹ ਕਿਸੇ ਸੰਸਥਾਈ ਧਰਮ ਦਾ ਮੈਂਬਰ ਹੋਵੇ ਜਾਂ ਨਾ। ਪਰ ਉਸ ਦਾ ਅਧਿਆਤਮਕ ਜੀਵਨ ਕਿਸੇ ਨਾ ਕਿਸੇ ਭਾਂਤ ਦੀ ਧਾਰਮਿਕ ਦ੍ਰਿਸ਼ਟੀ ਨੂੰ ਸੁਚੇਤ ਜਾਂ ਅਚੇਤ ਰੂਪ ਵਿਚ ਜ਼ਰੂਰ ਅਪਣਾਉਂਦਾ ਹੈ। ਇਸੇ ਕਾਰਣ ਹੀ ਪਾਲ ਟਿਲਿਕ ਦੇ ਸ਼ਬਦਾਂ ਵਿਚ ਅਸੀਂ ਧਰਮ ਸੰਜੀਦਗੀ ਨਾਲ ਧਰਮ ਨੂੰ ਰੱਦ ਨਹੀਂ ਕਰ ਸਕਦੇ। ਕਿਉਂਕਿ ਧਰਮ ਸੰਜੀਦਗੀ ਤਾਂ ਧਰਮ ਹੀ ਹੈ।[4]

ਧਰਮ ਇਕ ਅਜਿਹਾ ਵਿਸ਼ਾ ਹੈ ਜਿਸ ਬਾਰੇ ਹਰ ਵਿਦਵਾਨ ਦੀ ਪਰਿਭਾਸ਼ਾ ਦੇ ਟਾਕਰੇ ਤੇ ਇਕ ਹੋਰ ਪਰਿਭਾਸ਼ਾ ਮੌਜੂਦ ਹੈ। ਕਾਂਤ ਕਹਿੰਦਾ ਹੈ ਕਿ ਨੈਤਿਕ ਨਿਯਮਾਂ ਦੀ ਪਾਲਣਾ ਕਰਨਾ

ਹੀ ਧਰਮ ਹੈ। ਇਹ ਗੱਲ ਵੀ ਉਲੇਖਯੋਗ ਨਹੀਂ ਕਿ ਫਰਜ਼ ਇਸ ਲਈ ਨੈਤਿਕ ਨਹੀਂ ਬਣ ਜਾਂਦੇ ਕਿਉਂਕਿ ਉਨ੍ਹਾਂ ਦਾ ਆਧਾਰ ਦੈਵੀ ਹੁਕਮ ਹੈ ਬਲਕਿ ਇਸ ਦੇ ਉਲਟ ਉਸ ਦੀ ਮਾਨਤਾ ਇਹ ਹੈ ਕਿਉਂਕਿ ਸਾਨੂੰ ਇਨ੍ਹਾਂ ਫਰਜ਼ਾਂ ਦੀ ਚੇਤਨਾ ਅੰਤਰਆਤਮੇ ਤੋਂ ਹੁੰਦੀ ਹੈ ਇਸ ਲਈ ਇਹ ਫਰਜ਼ ਦੈਵੀ ਹੁਕਮ ਹਨ।[5]

ਫਿਸ਼ਤੇ, ਕਾਂਤ ਤੋਂ ਬਿਲਕੁਲ ਉਲਟ ਧਾਰਨਾ ਰੱਖਦਾ ਹੈ ਉਸ ਦਾ ਕਥਨ ਹੈ ਕਿ ਧਰਮ ਕਦੇ ਰਹਿਣੀ ਵਿਚ ਨਹੀਂ ਆ ਸਕਦਾ ਨਾ ਹੀ ਕਦੇ ਇਸ ਦਾ ਮਨੁੱਖਾ ਜੀਵਨ ਨੂੰ ਪ੍ਰਭਾਵਿਤ ਕਰਨਾ ਸੀ। ਕੇਵਲ ਨਿਰੋਲ ਨੈਤਿਕਤਾ ਹੀ ਜੀਵਨ ਲਈ ਕਾਫ਼ੀ ਹੈ ਅਤੇ ਕੇਵਲ ਵਿਸ਼ਿਸ਼ਟ ਸਮਾਜ ਹੀ ਧਰਮ ਨੂੰ ਨੈਤਿਕ ਅਮਲ ਲਈ ਪ੍ਰੇਰਨਾ ਦੇਣ ਤੋਂ ਇਨਕਾਰਦਾ ਹੈ। ਧਰਮ ਗਿਆਨ ਹੈ। ਧਰਮ ਮਨੁੱਖ ਨੂੰ ਆਪਣੇ ਆਪ ਦੀ ਅਸਲੀਅਤ ਬਾਰੇ ਸਪਸ਼ਟ ਸੋਝੀ ਦਿੰਦਾ ਹੈ, ਉੱਚਤਮ ਮਨੁੱਖੀ ਪ੍ਰਸ਼ਨਾਂ ਦੇ ਉੱਤਰ ਦਿੰਦਾ ਹੈ। ਇਸ ਤਰ੍ਹਾਂ ਸਾਨੂੰ ਆਪਣੇ ਆਪ ਨਾਲ ਇਕਸੁਰ ਕਰਦਾ ਹੈ।[6]

ਕੁਲ ਮਿਲਾ ਕੇ ਧਰਮ ਆਦਿ ਕਾਲ ਤੋਂ ਹੀ ਕਿਸੇ ਨਾ ਕਿਸੇ ਰੂਪ ਵਿਚ ਮਨੁੱਖ ਦੇ ਜੀਵਨ ਨੂੰ ਪ੍ਰਭਾਵਿਤ ਕਰਦਾ ਆ ਰਿਹਾ ਹੈ। ਧਰਮ ਪਾਸੋਂ ਮਨੁੱਖ ਨੇ ਅਧਿਆਤਮਕ ਸੇਧ ਪ੍ਰਾਪਤ ਕੀਤੀ ਹੈ, ਮੁਕਤੀ ਦਾ ਮਾਰਗ ਪਾਇਆ ਹੈ।

ਧਾਰਮਿਕ ਪ੍ਰਬੰਧ ਦੀ ਉਪਰੋਕਤ ਚਰਚਾ ਦੀ ਰੋਸ਼ਨੀ ਵਿਚ ਸਿੱਖ ਧਰਮ ਚੇਤਨਾ ਦਾ ਅਧਿਐਨ ਆਸਾਨ ਹੋ ਜਾਂਦਾ ਹੈ। ਅਸਾਂ ਵੇਖਣਾ ਹੈ ਕਿ ਸਿੱਖ ਧਰਮ ਵਿਚ ਪਰਾਲੌਕਿਕ ਦਾ ਸੰਕਲਪ ਕੀ ਹੈ? ਇਸ ਨਾਲ ਕਿਵੇਂ ਸੰਪਰਕ ਬਣਾਇਆ ਜਾ ਸਕਦੈ? ਮਨੁੱਖੀ ਜੀਵਨ ਦਾ ਪਰਮ ਆਦਰਸ਼, ਕੀ ਹੈ ਅਤੇ ਮਨੁੱਖ ਦਾ ਸੰਕਟ ਕੀ ਹੈ?

ਸਿੱਖ ਧਰਮ, ਹਿੰਦੂ ਧਰਮ ਦੇ ਅਵਤਾਰਵਾਦੀ ਵਿਚਾਰਧਾਰਾ ਤੇ ਜਾਤਪਾਤ ਦੀ ਪ੍ਰਣਾਲੀ ਵਿਰੁੱਧ ਕ੍ਰਾਂਤੀ ਵਜੋਂ ਹੋਂਦ ਵਿਚ ਆਇਆ। ਸਿੱਖ ਧਰਮ ਦਾ ਇਕੋ ਇਕ ਪ੍ਰਮੁੱਖ ਉਦੇਸ਼ ਮਨੁੱਖ ਦੀ ਦੈਵੀ ਗਿਆਨ ਦੀ ਪ੍ਰਾਪਤੀ ਨਾਲ ਸੰਬੰਧਿਤ ਹੈ ਜਿਸ ਵਿਚ ਮਨੁੱਖ ਨੂੰ ਕੇਵਲ ਇਕ ਪਰਮ ਹਸਤੀ ਨਾਲ ਜੁੜਨ ਦੀ ਪ੍ਰੇਰਨਾ ਹੈ ਜੋ ਸਮੇਂ ਤੇ ਸਥਾਨ ਦੀਆਂ ਸੀਮਾਵਾਂ ਤੋਂ ਪਾਰਗਾਮੀ ਹੈ। ਇਸੇ ਸੰਦਰਭ ਵਿਚ ਗੁਰੂ ਨਾਨਕ ਦਾ ਅਵਤਾਰਵਾਦ ਦਾ ਖੰਡਨ ਵਿਸ਼ੇਸ਼ ਸਾਰਥਕਤਾ ਗ੍ਰਹਿਣ ਕਰਦਾ ਹੈ। ਅਵਤਾਰਵਾਦੀ ਵਿਚਾਰਧਾਰਾ ਸੀਮਿਤ ਸੋਚ ਦੀ ਪ੍ਰਤੀਕ ਹੈ ਜਿਥੇ ਮਨੁੱਖ ਦੀ ਸਰਬ-ਸ੍ਰੇਸ਼ਟਤਾ ਨੂੰ ਉਚਿਤ ਨਹੀਂ ਦਿੱਤਾ ਜਾਂਦਾ। ਇਸੇ ਲਈ ਗੁਰੂ ਸਾਹਿਬਾਂ ਨੇ ਆਪਣੀ ਬਾਣੀ ਵਿਚ ਅਵਤਾਰਾਂ ਨੂੰ ਆਮ ਮਨੁੱਖੀ ਪੱਧਰ ਕਰਾਰ ਦਿੱਤਾ ਤਾਂ ਜੁ ਉਹ ਆਮ ਮਨੁੱਖ ਲਈ ਮੁੱਖ ਪ੍ਰੇਰਨਾ ਸ੍ਰੋਤ ਨਾ ਬਣੇ ਰਹਿਣ।

539863
PUNJABI UNIVERSITY LIBRARY

ਗੁਰੂ ਗੋਬਿੰਦ ਸਿੰਘ ਅਨੁਸਾਰ ਅਵਤਾਰ, ਮਨੁੱਖ ਨੂੰ ਰੱਬ ਨਾਲ ਜੋੜਨ ਵਿਚ ਅਸਫਲ ਰਹੇ ਕਿਉਂਕਿ ਉਨ੍ਹਾਂ ਨੇ ਮਨੁੱਖਾਂ ਨੂੰ ਰੱਬ ਨਾਲ ਜੋੜਨ ਦੀ ਬਜਾਇ ਆਪਣੇ ਆਪ ਨਾਲ ਜੋੜਿਆ। ਉਹ ਮਨੁੱਖ ਨੂੰ ਰੂਹਾਨੀ ਤੌਰ ਤੇ ਸੰਤੁਸ਼ਟ ਕਰਨ ਵਿਚ ਅਸਫਲ ਰਹੇ। ਗੁਰੂ ਗੋਬਿੰਦ ਸਿੰਘ ਅਵਤਾਰਾਂ ਦੀ ਆਪਣੀ ਪੂਜਾ ਨੂੰ ਮਨੁੱਖ ਦੀ ਸਵੈ-ਕੇਂਦਰੀਅਤਾ ਤੋਂ ਪੈਦਾ ਹੋਣ ਵਾਲੇ ਸੰਕਟ ਨਾਲ ਅਨੁਰੂਪ ਕਰਦੇ ਹਨ। ਇਹ ਸੰਕਟ ਆਪਣੇ ਰੂਪ ਦੁਆਰਾ ਅੰਤਰੀਵੀ ਤੌਰ ਤੇ ਹਾਵੀ ਹੋ ਕੇ ਉਸ ਨੂੰ ਨਸ਼ਟ ਕਰਨ ਦੇ ਫਲਸਰੂਪ ਉਤਪੰਨ ਹੁੰਦਾ ਹੈ।[7] ਬਚਿੱਤਰ ਨਾਟਕ ਵਿਚ ਮਨੁੱਖੀ ਧਰਮ ਦੇ ਇਤਿਹਾਸ ਦੇ ਸੰਕਟ ਦਾ ਬਿਆਨ ਗੁਰੂ ਗੋਬਿੰਦ ਸਿੰਘ ਇਸ ਤਰ੍ਹਾਂ ਕਰਦੇ ਹਨ।

ਜੋ ਪ੍ਰਭ ਸਾਖ ਨਮਿਤ ਠਹਿਰਾਏ॥ ਤੇ ਹਿਆਂ ਆਇ ਪ੍ਰਭੂ ਕਹਿਵਾਏ॥
ਤਾਂਕੀ ਬਾਤ ਬਿਸਰ ਜਾਤੀ ਭੀ॥ ਅਪਨੀ ਅਪਨੀ ਪਰਤ ਸੋਭ ਭੀ॥
ਪਰਮ ਪੁਰਖ ਕਿਨਹੂੰ ਨਹਿ ਪਾਯੋ॥ ਬੈਰ ਬਾਦ ਅਹੰਕਾਰ ਬਢਾਯੋ॥
ਪੇਡ ਪਾਤ ਆਪਨ ਤੇ ਜਲੈ॥ ਪ੍ਰਭੂ ਕੈ ਪੰਥ ਨ ਕੋਊ ਚਲੈ॥
ਧਰਮ ਕਰਮ ਕਿਨਹੂ ਨ ਪਛਾਨਾ॥ ਆਪ ਆਪ ਭੀਤਰਿ ਉਰਝਾਨਾ॥
ਤਬ ਤੇ ਫਿਰ ਰਾਜ ਬਨਾਏ॥ ਤਿਨ ਆਪਨ ਪੁਨ ਸਿਮ੍ਰਿਤ ਚਲਾਏ॥[8]

ਸਿੱਖ ਧਰਮ ਵਿਚ ਮਨੁੱਖ ਦੀ ਨਿੱਜੀ ਤੇ ਸਮਾਜਿਕ ਤਬਦੀਲੀ ਤੇ ਜ਼ੋਰ ਦਿੱਤਾ ਗਿਆ ਹੈ। ਮਨੁੱਖ ਲਈ ਜਿੰਨਾ ਜ਼ਰੂਰੀ ਨਿੱਜੀ ਤੌਰ ਤੇ ਮੁਕਤ ਹੋਣਾ ਹੈ ਉਨਾ ਹੀ ਜ਼ਰੂਰੀ ਹੋਰਨਾਂ ਨੂੰ ਵੀ ਹਰ ਤਰ੍ਹਾਂ ਦੇ ਬੰਧਨ ਤੋਂ ਮੁਕਤ ਕਰਨਾ ਹੈ। :-

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ।[9]

ਸਿੱਖ ਧਰਮ ਦੇ ਹੋਂਦ ਵਿਚ ਆਉਣ ਵੇਲੇ ਧਾਰਮਿਕ ਆਗੂ ਸਾਧਾਰਣ ਲੋਕਾਂ ਨੂੰ ਲੁੱਟ ਕੇ ਖਾ ਰਹੇ ਸਨ। ਉਨ੍ਹਾਂ ਦੀ ਕਥਨੀ ਤੇ ਕਰਨੀ ਵਿਚ ਬਿਲਕੁਲ ਵਿਰੋਧ ਸੀ। ਧਰਮ ਮਾਨਵਤਾ ਦੀ ਆਧਾਰਸ਼ਿਲਾ ਹੈ ਪਰੰਤੂ ਉਸ ਵਕਤ ਮਾਨਵਤਾ ਆਪਣੇ ਉੱਤਮ ਆਧਾਰ ਤੋਂ ਮਹਿਰੂਮ ਸੀ। ਧਾਰਮਿਕ ਅਧੋਗਤੀ ਦਾ ਸਮਾਂ ਸੀ। ਅਧਰਮ ਜਾਂ ਅਨੀਤੀ ਦਾ ਬੋਲਬਾਲਾ ਸੀ। ਮੁਸਲਮਾਨੀ ਹਮਲਾਵਰਾਂ ਦੀ ਪ੍ਰਬਲ ਇੱਛਾ ਕੇਵਲ ਇਸਲਾਮੀ ਰਾਜ ਵੇਖਣ ਦੀ ਸੀ ਜਿਸਨੇ ਪ੍ਰਤੱਖ ਰੂਪ ਵਿਚ ਜ਼ਿਆਦਤੀਆਂ ਦਾ ਰੂਪ ਧਾਰਿਆ। ਦੂਜੇ ਪਾਸੇ ਹਿੰਦੂ ਅਸਲ ਮਨੋਰਥ ਨੂੰ ਭੁੱਲ ਕੇ ਕਰਮਕਾਂਡ ਦੇ ਭਰਮ ਭੁਲੇਖਿਆਂ ਵਿਚ

ਫਸੇ ਹੋਏ ਸਨ। ਅਜਿਹਾ ਕਰਮਕਾਂਡ ਅਸਲੀ ਅਰਥਾਂ ਤੋਂ ਟੁੱਟ ਕੇ ਇਕ ਵਿਖਾਵਾ ਬਣ ਕੇ ਰਹਿ ਗਿਆ ਸੀ। ਦੋਵੇਂ ਧਰਮ ਹੀ ਬ੍ਰਾਹਮਣਵਾਦੀ ਰੂਪ ਧਾਰਨ ਕਰ ਚੁੱਕੇ ਸਨ। ਅਜਿਹੇ ਸਮੇਂ ਵਿਚ ਰਾਮਾਨੰਦ ਤੇ ਕਬੀਰ ਵਰਗੇ ਅਧਿਆਤਮਕ ਕਵੀ ਭੁੱਲੀ ਭਟਕੀ ਜਨਤਾ ਨੂੰ ਭਗਤੀ ਦਾ ਉਪਦੇਸ਼ ਦੇ ਰਹੇ ਸਨ। ਸਿੱਧ ਤੇ ਜੋਗੀ ਇਕ ਵਿਸ਼ੇਸ਼ ਕਿਸਮ ਦਾ ਭੇਖ ਧਾਰ ਕੇ ਲੋਕਾਂ ਨੂੰ ਤਿਆਗ ਦਾ ਉਪਦੇਸ਼ ਦਿੰਦੇ। ਜਾਤਪਾਤ ਜ਼ੋਰਾਂ ਤੇ ਸੀ। ਮਨੁੱਖ ਦਾ ਕੋਈ ਮੁੱਲ ਬਾਕੀ ਨਹੀਂ ਰਹਿ ਗਿਆ ਸੀ। ਧਰਮ ਦੇ ਨਾਂ ਤੇ ਲੋਕਾਂ ਨੂੰ ਠਗਿਆ ਜਾ ਰਿਹਾ ਸੀ। ਬ੍ਰਾਹਮਣ ਆਪਣੀ ਆਜੀਵਿਕਾ ਕਾਇਮ ਰੱਖਣ ਲਈ ਲੋਕਾਂ ਨੂੰ ਕੁਰਾਹੇ ਪਾ ਰਹੇ ਸਨ। ਲੋਕ ਰੱਬ ਦੀ ਭਾਲ ਲਈ ਗ੍ਰਿਹਸਤ ਛੱਡ ਕੇ ਜੰਗਲਾਂ ਵਿਚ ਤੁਰ ਪੈਂਦੇ, ਰੱਬ ਨੂੰ ਮਿਲਣ ਲਈ ਕਈ ਉਪਰਾਲੇ ਕਰਦੇ। ਚਿੱਲੇ ਕੱਟਦੇ, ਪੁੱਠੇ ਲਟਕਦੇ, ਪਰ ਪ੍ਰਾਪਤੀ ਫੇਰ ਵੀ ਨਾ ਹੁੰਦੀ ਕਿਉਂਕਿ ਲੋਕ ਹਉਮੈਂ ਦਾ ਸ਼ਿਕਾਰ ਸਨ, ਕਰਮਕਾਂਡਾਂ ਵਿਚ ਗਲਤਾਨ ਰਹਿੰਦੇ ਸਨ ਪਰ ਚੰਗੇ ਅਮਲ ਉਨ੍ਹਾਂ ਤੋਂ ਕੋਹਾਂ ਦੂਰ ਸਨ। ਗੁਰੂ ਨਾਨਕ ਨੇ ਅਜਿਹੇ ਪਾਖੰਡ ਦਾ ਪਾਜ ਉਘਾੜਿਆ ਤੇ ਉਨ੍ਹਾਂ ਨੂੰ ਤਾੜਨਾ ਕੀਤੀ।

ਅੰਦਰਹੁ ਝੂਠੇ ਪੈਜ ਬਾਹਰਿ
ਦੁਨੀਆ ਅੰਦਰਿ ਫੈਲੁ
ਅਠਸਠਿ ਤੀਰਥ ਜੇ ਨਾਵਹਿ
ਉਤਰੈ ਨਾਹੀ ਮੈਲੁ।[10]

ਸਪਸ਼ਟ ਹੈ ਕਿ ਗੁਰੂ ਨਾਨਕ ਰਚਿਤ ਕਾਵਿ ਉਸ ਵਕਤ ਦੇ ਭ੍ਰਿਸ਼ਟ ਵਾਤਾਵਰਣ ਪ੍ਰਤੀ ਰੋਸ ਵਜੋਂ ਉਤਪੰਨ ਹੋਇਆ ਹੈ ਤੇ ਇਸ ਤਰ੍ਹਾਂ ਸਿੱਖ ਧਰਮ ਨੂੰ ਗੁਰੂ ਤੋਂ ਹੀ ਇਕ ਪ੍ਰੋਟੈਸਟ ਲਹਿਰ ਦਾ ਸਰੂਪ ਮਿਲ ਜਾਂਦਾ ਹੈ। ਭਾਰਤੀ ਜਗਤ ਵਿਚ ਪੁਨਰ ਸੁਰਜੀਤੀ ਦੀ ਲਹਿਰ ਨੂੰ ਜਾਗ੍ਰਿਤ ਕਰਨ ਵਿਚ ਗੁਰੂ ਨਾਨਕ ਦੇਵ ਦੀ ਵਿਸ਼ੇਸ਼ ਦੇਣ ਬਾਰੇ ਕੋਈ ਦੋ ਰਾਵਾਂ ਨਹੀਂ। ਇੰਦੂ ਭੂਸ਼ਨ ਬੈਨਰਜੀ ਤੇ ਗੋਕਲ ਚੰਦ ਵਰਗੇ ਵਿਦਵਾਨ ਗੁਰੂ ਨਾਨਕ ਨੂੰ ਹਿੰਦੂ ਧਰਮ ਦਾ ਸੁਧਾਰਕ ਮੰਨਦੇ ਹਨ।[11]

ਗੁਰੂ ਸਾਹਿਬ ਦੀ ਸਭ ਤੋਂ ਪ੍ਰਮੁੱਖ ਸਮੱਸਿਆ ਉਸ ਸਮੇਂ ਦੇ ਮਨੁੱਖ ਨੂੰ ਉਸ ਦੀ ਅਸਲੀਅਤ ਦੀ ਪਛਾਣ ਕਰਾਉਣੀ ਸੀ। ਉਸ ਦੇ ਵਿਅਕਤਿਤਵ ਦੇ ਵਿਘਟਨ ਨੂੰ ਸੰਘਟਨ ਵਿਚ ਬਦਲਣਾ ਸੀ। ਸਿੱਖ ਧਰਮ ਦੇ ਪਹਿਲੇ ਗੁਰੂ, ਗੁਰੂ ਨਾਨਕ ਨੇ ਮਨੁੱਖੀ ਸ਼ਖ਼ਸੀਅਤ ਦੇ ਸੰਘਟਨ ਲਈ ਨਿਰਭੈ ਮਾਲਕ ਦਾ ਸੰਕਲਪ ਪੇਸ਼ ਕੀਤਾ ਅਤੇ ਨਿਰਭੈਤਾ ਨੂੰ ਮਨੁੱਖੀ ਸ਼ਖ਼ਸੀਅਤ ਦੇ ਵਿਕਾਸ ਦਾ ਸਭ ਤੋਂ

ਜ਼ਰੂਰੀ ਤੌਰ ਦੱਸਿਆ।[12] ਕਿਉਂਕਿ ਰਾਜਾ ਵਰਗ ਤੇ ਪੁਜਾਰੀ ਵਰਗ ਦੋਵੇਂ ਆਪਣੇ ਆਪ ਨੂੰ ਰੱਬ ਦੇ ਪ੍ਰਤੀਨਿਧ ਸਮਝਦੇ ਸਨ। ਆਮ ਮਨੁੱਖ ਦਾ ਸ਼ੋਸ਼ਣ ਹੋ ਰਿਹਾ ਸੀ। ਉਹ ਇਨ੍ਹਾਂ ਦੇ ਡਰ ਦਾ ਸ਼ਿਕਾਰ ਸੀ। ਮਨੁੱਖ ਦੇ ਇਸ ਡਰ ਨੂੰ ਦੂਰ ਕਰਨ ਲਈ ਗੁਰੂ ਨਾਨਕ ਨੇ ਪਰਮਹਸਤੀ ਨੂੰ ਸਭ ਤੋਂ ਸਰਵਉੱਚ ਸ਼ਕਤੀ ਦਰਸਾਇਆ ਜੋ ਖ਼ਾਲਕ ਪਾਲਕ ਤੇ ਸੰਘਾਰਕ ਹੈ, ਜੋ ਸਭ ਨੂੰ ਨਿਰਖਣ ਵਾਲਾ ਹੈ ਤੇ ਉਨ੍ਹਾਂ ਦੇ ਬੁਰੇ ਕੰਮਾਂ ਦੀ ਸਜ਼ਾ ਦਾ ਨਿਰਣਾ ਵੀ ਆਪ ਕਰਦਾ ਹੈ। ਰੱਬ ਦੇ ਇਸ ਸੰਕਲਪ ਨੇ ਰਾਜਸੀ ਤੇ ਧਾਰਮਿਕ ਸ਼ਕਤੀਆਂ ਨੂੰ ਬੁਰੀ ਤਰ੍ਹਾਂ ਆਹਤ ਕੀਤਾ। ਮਨੁੱਖ ਨੂੰ ਨਿਰਭੈ ਮਾਨਵ ਬਣਨ ਦੀ ਪ੍ਰੇਰਨਾ ਮਿਲੀ। ਇਸ ਤਰ੍ਹਾਂ ਗੁਰੂ ਨਾਨਕ ਨੇ ਮਨੁੱਖ ਨੂੰ ਇਕ ਅਜਿਹਾ ਆਤਮ ਵਿਸ਼ਵਾਸ ਪ੍ਰਦਾਨ ਕੀਤਾ ਜੋ ਸਮਾਜਕ ਇਨਕਲਾਬ ਦਾ ਮਾਧਿਅਮ ਬਣਿਆ।[13]

ਸਿੱਖ ਕਾਵਿ ਪਰੰਪਰਾ ਆਪਣੇ ਵਕਤ ਦੀਆਂ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਪਰਸਥਿਤੀਆਂ ਨੂੰ ਸਹੀ ਰੂਪ ਵਿਚ ਪ੍ਰਤੀਬਿੰਬਤ ਕਰਦੀ ਹੈ। ਗੁਰੂਆਂ ਦੀਆਂ ਕਾਵਿ ਰਚਨਾਵਾਂ ਤਤਕਾਲੀਨ ਸੰਕਟ ਦੀ ਸੂਖਮ ਤਸਵੀਰ ਪ੍ਰਸਤੁਤ ਕਰਦੀਆਂ ਹਨ। ਬਾਦਸ਼ਾਹਾਂ ਵਲੋਂ ਮਾਸੂਮ ਲੋਕਾਂ ਤੇ ਕੀਤੇ ਜਾ ਰਹੇ ਜ਼ੁਲਮ, ਧਰਮਾਂ ਦੇ ਨਾਂ ਤੇ ਚਲਾਏ ਜਾ ਰਹੇ ਪਾਖੰਡ, ਬ੍ਰਾਹਮਣ ਵਰਗ ਦੀ ਕਰੂਪਤਾ, ਕਾਜ਼ੀਆਂ ਵਲੋਂ ਕੀਤਾ ਜਾ ਰਿਹਾ ਬੇਇਨਸਾਫ਼, ਉਨ੍ਹਾਂ ਦੀਆਂ ਥੋਥੀਆਂ ਰੀਤੀਆਂ, ਬੁੱਤਪੂਜਾ ਤੇ ਬਹੁਦੇਵਵਾਦ ਦਾ ਖੰਡਨ, ਆਦਿ ਗੁਰੂਆਂ ਦੀ ਕਵਿਤਾ ਨੂੰ ਸਮਾਜਿਕ ਅਰਥਾਂ ਵਾਲੀ ਕਵਿਤਾ ਬਣਾਉਂਦਾ ਹੈ।

ਸਿੱਖ ਧਰਮ ਦੀ ਮਾਨਵਵਾਦੀ ਆਵਾਜ਼ ਨੇ ਇਸ ਸਮੇਂ ਲੋਕਾਂ ਨੂੰ ਮੋਹ ਰੋਗ ਤੋਂ ਜਾਗਰਿਤ ਕੀਤਾ। ਮਨੁੱਖ ਨੂੰ ਮਾਨਸ ਤੋਂ ਦੇਵਤਾ ਦੇ ਰੂਪ ਤੱਕ ਅਪੜਣ ਲਈ ਗੁਰੂ ਦੀ ਅਵੱਸ਼ਕਤਾ ਤੇ ਜ਼ੋਰ ਦਿੱਤਾ। ਗੁਰੂ ਕਵੀ ਨਾਨਕ ਨੇ ਲੋਕਾਂ ਦੇ ਦਿਲਾਂ ਵਿਚ ਸੁੱਤੀ ਹੋਈ ਗਿਆਨ ਸ਼ਕਤੀ ਨੂੰ ਟੁੰਬਿਆ। ਤਤਕਾਲੀ ਸਮਾਜ ਵਿਚ ਰੱਬ ਬਾਰੇ ਭਿੰਨ ਭਿੰਨ ਮੱਤ ਸਨ। ਇਸਲਾਮ ਪ੍ਰਮਾਤਮਾ ਦੀ ਤੌਹੀਦ ਵਿਚ ਵਿਸ਼ਵਾਸ ਰੱਖਦਾ ਸੀ ਪਰ ਨਾਲ ਹੀ ਹਜ਼ਰਤ ਮੁਹੰਮਦ ਸਾਹਿਬ ਨੂੰ ਉਸਦਾ ਰਸੂਲ ਮੰਨਦਾ ਸੀ। ਹਿੰਦੂ ਈਸ਼ਵਰ ਦੇ ਨਿਰਗੁਣ ਤੇ ਸਰਗੁਣ ਅਵਤਾਰ ਸਰੂਪ ਵਿਚ ਵਿਸ਼ਵਾਸ ਰੱਖਦੇ ਸਨ। ਨਾਥ ਜੋਗੀ ਆਦਿ ਨਾਥ ਨੂੰ ਸੰਸਾਰ ਦਾ ਮੁੱਢ ਦੱਸਦੇ ਸਨ। ਹਿੰਦੂਆਂ ਵਿਚ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਨੂੰ ਸ੍ਰਿਸ਼ਟੀ ਦੇ ਰਚੇਤਾ, ਪਾਲਕ ਤੇ ਸੰਘਾਰਕ ਮੰਨਿਆ ਜਾਂਦਾ ਸੀ। ਸਾਧਾਰਣ ਮਨੁੱਖ ਲਈ ਇਹ ਸਾਰੀ ਅਵਸਥਾ ਬੜਾ ਦੁਬਿਧਾਜਨਕ ਸੀ। ਰੱਬ ਦੇ ਸਰੂਪ ਬਾਰੇ ਭਿੰਨ ਭਿੰਨ ਵਿਚਾਰਾਂ ਨੇ ਉਸ ਸਮੇਂ ਦੀ ਲੋਕਾਈ ਨੂੰ ਭਿੰਨ ਭਿੰਨ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਨੇ ਪ੍ਰਮਾਤਮਾ ਦੇ ਸਰੂਪ ਦੀ ਇਸ ਤਰ੍ਹਾਂ ਵਿਆਖਿਆ ਕੀਤੀ ਕਿ ਸਾਰੀ ਮਾਨਵਤਾ

ਨੂੰ ਏਕੇ ਦੇ ਸੂਤਰ ਵਿਚ ਪਰੋਇਆ। ਉਸ ਨੇ ਕਿਹਾ ਪ੍ਰਮਾਤਮਾ ਇਕ ਹੈ, ਉਹ ਆਪ ਹੀ ਨਿਰਗੁਣ ਹੈ ਤੇ ਆਪ ਹੀ ਸਰਗੁਣ ਹੈ ਤੇ ਇਨ੍ਹਾਂ ਦੋਨਾਂ ਅਵਸਥਾਵਾਂ ਵਿਚ ਰੂਪ ਰੰਗ ਅਤੇ ਭੇਖ ਤੋਂ ਪਰ੍ਹੇ ਹੈ। ਉਹ ਹਮੇਸ਼ਾ ਤੋਂ ਹੋਂਦ ਵਿਚ ਹੈ ਤੇ ਹਮੇਸ਼ਾ ਰਹੇਗਾ। ਉਹ ਖੁਦ ਹੀ ਸ੍ਰਿਸ਼ਟੀ ਦਾ ਰਚੇਤਾ ਹੈ ਕਾਹਿ ਉਹ ਕੇਵਲ ਸੁਧ ਬ੍ਰਹਮ ਹੀ ਨਹੀਂ ਸਗੋਂ ਕਰਤਾਪੁਰਖ ਵੀ ਹੈ ਉਹ ਨਿਰਭੈ ਅਤੇ ਨਿਰਵੈਰ ਹੈ, ਸਮੇਂ ਦੀ ਪਕੜ ਤੋਂ ਪਰ੍ਹੇ ਹੈ, ਜੂਨ ਤੋਂ ਬਾਹਰ ਹੈ ਤੇ ਸਵੈ ਪ੍ਰਕਾਸ਼ਮਾਨ ਹੈ।

ਜਗਤ ਰਚਨਾ ਬਾਰੇ ਵੀ ਫ਼ਿਲਾਸਫ਼ੀ ਦੀ ਦ੍ਰਿਸ਼ਟੀ ਤੋਂ ਸਿੱਖ ਧਰਮ ਬਾਕੀ ਧਰਮਾਂ ਨਾਲੋਂ ਪ੍ਰਤੱਖ ਤੌਰ ਤੇ ਨਿਵੇਕਲੀ ਸੋਚ ਦਾ ਧਾਰਨੀ ਹੈ। ਵੇਦਾਂਤ ਵਿਚ ਸ੍ਰਿਸ਼ਟੀ ਰਚਨਾ ਨੂੰ ਮਾਇਆ ਕਿਹਾ ਗਿਆ ਹੈ। ਇਸ ਦ੍ਰਿਸ਼ਟੀਕੋਣ ਨੇ ਭਾਰਤੀ ਮਨੁੱਖ ਦਾ ਜਗਤ ਵਿਚੋਂ ਮਹੱਤਵ ਅਲੋਪ ਕਰ ਦਿੱਤਾ। ਇਹ ਇਕ ਨਿਖੇਧਾਤਮਿਕ ਦ੍ਰਿਸ਼ਟੀਕੋਣ ਹੈ। ਪਰ ਸਿੱਖ ਧਰਮ ਅਨੁਸਾਰ ਸ੍ਰਿਸ਼ਟੀ ਰੱਬ ਨੇ ਆਪ ਸਾਜੀ ਹੈ। ਰੱਬ ਦੀ ਰਚਨਾ ਮਾਇਆ ਨਹੀਂ ਹੋ ਸਕਦੀ। ਜਿਵੇਂ ਰੱਬ ਸੱਚ ਹੈ ਉਸੇ ਤਰ੍ਹਾਂ ਸ੍ਰਿਸ਼ਟੀ ਰਚਨਾ ਵਿਚ ਵੀ ਇਹ ਸਤਿ-ਤੱਤ ਵਿਆਪਕ ਹੈ।

ਸਚੇ ਤੇਰੇ ਖੰਡ ਸਚੇ ਬ੍ਰਹਮੰਡ॥ ਸਚੇ ਤੇਰੇ ਲੋਅ ਸਚੇ ਆਕਾਰ॥
ਸਚੇ ਤੇਰੇ ਕਰਣੇ ਸਰਬ ਬੀਚਾਰ॥ ਸਚਾ ਤੇਰਾ ਅਮਰੁ ਸਚਾ ਦੀਬਾਣੁ॥
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ॥ ਸਚਾ ਤੇਰਾ ਕਰਮੁ ਸਚਾ ਨੀਸਾਣੁ॥

... ... ...

ਸਚੀ ਤੇਰੀ ਸਿਫਤਿ ਸਚੀ ਸਾਲਾਹ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥[14]

ਸਿੱਖ ਧਰਮ ਵਿਚ ਜਗਤ ਸਤਿ ਦੀ ਵਡਿਆਈ ਦੀ ਚਰਚਾ ਵੀ ਭਾਰਤੀ ਧਰਮਾਂ ਨਾਲੋਂ ਵੱਖਰੀ ਵੀ ਹੈ ਤੇ ਮੌਲਿਕ ਵੀ। ਗੁਰਬਾਣੀ ਅਨੁਸਾਰ ਇਹ ਜਗਤ, ਕੋਈ ਠਗਣੀ ਨਹੀਂ ਕੋਈ ਧੋਖਾ ਨਹੀਂ, ਸਗੋਂ ਜੀਵਨ ਮੁਕਤੀ ਲਈ ਸਹਾਈ ਹੈ। ਰੱਬ ਨੂੰ ਸ੍ਰਿਸ਼ਟੀ ਉਤਪੰਨ ਕਰਨ ਲਈ ਕਿਸੇ ਬਾਹਰੀ ਸਹਾਇਤਾ ਦੀ ਜ਼ਰੂਰਤ ਨਹੀਂ ਸਗੋਂ ਮਾਇਆ, ਬ੍ਰਹਮਾ, ਵਿਸ਼ਨੂੰ, ਮਹੇਸ਼ ਅਤੇ ਬਾਕੀ ਸ੍ਰਿਸ਼ਟੀ ਉਸ ਨੇ ਖੁਦ ਹੀ ਪੈਦਾ ਕੀਤੀ ਹੈ। ਆਪ ਹੀ ਉਸਨੇ ਕੁਦਰਤ ਰਚੀ ਹੈ ਤੇ ਉਹ ਆਪ ਹੀ ਇਸ ਜਗਤ ਦੇ ਰੰਗ ਤਮਾਸ਼ੇ ਵੇਖ ਰਿਹਾ ਹੈ:

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥[15]

ਇਸ ਪ੍ਰਕਾਰ ਸਿੱਖ ਧਰਮ ਵਿਚ ਰੱਬ ਨੂੰ ਕਰਤਾ ਪੁਰਖ ਦੇ ਰੂਪ ਵਿਚ ਚਿਤਵਿਆ ਗਿਆ ਹੈ ਅਤੇ ਜਗਤ ਨੂੰ ਸੱਚ ਕਹਿ ਕੇ ਮਾਨਵੀ ਕੀਮਤਾਂ ਨੂੰ ਅਧਿਮੰਡਤ ਪ੍ਰਦਾਨ ਕੀਤੀ ਗਈ ਹੈ। ਸਿੱਖ ਧਰਮ ਜਨ ਸਾਧਾਰਨ ਦੇ ਦੁਖ ਸੁਖ ਨਾਲ ਸੰਬੰਧਿਤ ਹੈ। ਇਸ ਪ੍ਰਸੰਗ ਵਿਚ ਡਾ. ਰਣਜੀਤ ਸਿੰਘ ਵੀ ਇਸੇ ਵਿਚਾਰਧਾਰਾ ਦੇ ਸਮਰਥਕ ਹਨ।

> ਸਿੱਖ ਧਰਮ ਦੀ ਨੈਤਿਕਤਾ ਵਿੱਚ ਕੁਲ ਅਧਿਆਤਮਕ ਸਿੱਖਿਆ ਅਤੇ ਕੀਮਤਾਂ ਦੀ ਵਿਚਾਰ ਮਨੁੱਖ ਦੇ ਕਲਿਆਣ ਹਿੱਤ ਹੈ। ਵਿਅਕਤੀਗਤ ਰੂਪ ਵਿੱਚ ਮਨੁੱਖ ਦਾ ਸਦਾਚਾਰਕ ਵਿਕਾਸ 'ਸਚਿਆਰ' ਦੇ ਆਦਰਸ਼ ਵੱਲ ਪ੍ਰਗਤੀ ਹੈ। ਇਹ ਉਸਦੇ ਵਿਸ਼ਵਾਸ ਪ੍ਰਤੀ ਅਤੇ ਆਚਰਨ ਵਿੱਚ ਸੱਚ ਦੀਆਂ ਅੰਤਰੀਵੀ ਕੀਮਤਾਂ ਦੀ ਕਮਾਈ ਹੈ। ਸਮਾਜਕ ਪੱਖ ਤੋਂ ਇਹ ਨੈਤਿਕਤਾ ਮਾਨਸ ਦੀ ਇੱਕ ਜਾਤ ਅਤੇ ਸਾਂਝੀਵਾਲ ਮਨੁੱਖੀ ਭਾਈਚਾਰੇ ਦਾ ਸੁਨੇਹਾ ਦਿੰਦੀ ਹੈ। ਸਰਬੱਤ ਦੇ ਭਲੇ ਦਾ ਸਮਾਜਿਕ ਆਦਰਸ਼ ਸਿਖ ਮਤ ਦੀ ਮਾਨਵਵਾਦੀ ਭਾਵਨਾ ਦਾ ਪ੍ਰਤੀਕ ਹੈ। ਸਮੁੱਚੇ ਰੂਪ ਵਿਚ ਸਿੱਖ ਨੈਤਿਕਤਾ ਬੇਸ਼ੱਕ ਈਸ਼੍ਵਰਵਾਦ ਤੇ ਆਧਾਰਿਤ ਹੈ ਅਤੇ ਵਿਸ਼ੇਸ਼ ਅਤਮਿਕ ਅਨੁਭਵ ਦਾ ਸਾਧਨ ਹੈ, ਪਰ ਇਸਦੀ ਸਦਗੁਣ ਸੂਚੀ ਅਤੇ ਸਦਾਚਾਰਕ ਜੀਵਨ ਜਾਚ ਵਿੱਚ, ਨਿਰੋਲ ਨੈਤਿਕ ਦ੍ਰਿਸ਼ਟੀਕੋਣ ਤੋਂ ਮਨੁੱਖ ਦੇ ਨਿੱਜੀ ਤੇ ਸਰਬ-ਸਾਂਝੇ ਕਲਿਆਣ ਦੀ ਸਮਰਥਾ ਮੌਜੂਦ ਹੈ।[16]

ਸ੍ਰਿਸ਼ਟੀ ਰਚਨਾ ਕਰਨ ਤੋਂ ਉਪਰੰਤ ਪ੍ਰਭੂ ਨੇ ਉਸ ਵਿਚ ਵਸਣ ਵਾਲੇ ਜੀਵਾਂ ਦੀ ਉਤਪਤੀ ਕੀਤੀ ਅਤੇ ਉਨ੍ਹਾਂ ਨੂੰ ਕਰਮ ਕਮਾਉਣ ਦੀ ਨਿੱਜੀ ਸੁਤੰਤਰਤਾ ਦੇ ਕੇ ਧਰਮਾਂ ਦੀ ਨਿਗਰਾਨੀ ਅਧੀਨ ਕਰ ਦਿੱਤਾ।

> ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ।।
> ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ।।
> ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ।।
> ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ।।

ਕਿਸਿ ਨਾਵੈ ਪਰਚੁ ਪਛਾਣਿਆ।।[17]

ਡਾ. ਜਸਬੀਰ ਸਿੰਘ ਇਸ ਸ੍ਰਿਸ਼ਟੀ ਨੂੰ ਮਨੁੱਖ ਲਈ ਅਰਥਵਾਨ ਕਾਰਜ-ਭੂਮੀ ਕਹਿੰਦੇ ਹਨ:

> ਮਾਨਵ ਜੀਵਨ ਕਾਰਜ ਕਰਨ ਲਈ ਸੁਤੰਤਰ ਹੈ। ਪਰ ਉਹ ਆਪਣੇ ਚੰਗੇ ਮੰਦੇ ਕਰਮਾਂ ਲਈ ਜਵਾਬਦੇਹ ਵੀ ਹੈ। ਗੁਰੂ ਨਾਨਕ ਦੇ ਧਰਮ ਚਿੰਤਨ ਦਾ ਇਕ ਖਾਸ ਪਹਿਲੂ ਹੈ। ਇਥੇ ਮਾਨਵ ਸੁਤੰਤਰਤਾ ਦੀ ਸੀਮਾਂ ਨੂੰ ਪਛਾਣਿਆ ਗਿਆ ਹੈ ਅਤੇ ਨਾਲ ਹੀ ਅਧਿਆਤਮਕ ਇਨਸਾਫ਼ ਦੇ ਮਹੱਤਵ ਨੂੰ ਵੀ ਸਾਕਾਰ ਕੀਤਾ ਗਿਆ ਹੈ। 'ਸੱਚ' ਅਤੇ 'ਕੂੜਿਆਰ' ਦੇ ਸੰਕਲਪਾਂ ਰਾਹੀਂ ਇਸ ਪਉੜੀ ਵਿੱਚ ਮਨੁੱਖ ਦੀ ਜੀਵਨ ਜਾਚਨਾ ਦੇ ਦੂਸਰੇ ਪਾਸਾਰ ਵੱਲ ਸੰਕੇਤ ਕੀਤਾ ਗਿਆ ਹੈ। ਸ੍ਰਿਸ਼ਟੀ ਰਚਨਾ ਬ੍ਰਹਮ ਦੇ ਸੰਦਰਭ ਵਿੱਚ ਤਾਂ ਇਕ ਖੇਲ ਹੈ ਪਰ ਮਾਨਵ ਸੰਦਰਭ ਵਿੱਚ ਇਹ ਅਰਥਵਾਨ ਕਾਰਜਭੂਮੀ ਹੈ। ਮਾਨਵ ਲਈ ਇਹ ਖੇਡ ਨਹੀਂ ਸਗੋਂ ਸੰਜੀਦਾ ਹੋਂਦ ਹੈ। ਇਥੇ ਕੀਤੇ ਗਏ ਕੰਮਾਂ ਅਥਵਾ ਜੀਵਨ ਵਿਧੀ ਨੂੰ ਬ੍ਰਹਮ ਦੇ ਨਿਰਣਾਇਕ 'ਧਰਮ' ਦੀ ਕਸਵੱਟੀ ਵਿਚ ਪਰਖਿਆ ਜਾਵੇਗਾ। ਸੱਚੇ ਨੂੰ ਦਰਬਾਰ ਵਿੱਚ ਥਾਂ ਮਿਲੇਗੀ ਤਾਂ ਕੂੜਿਆਰ ਨੂੰ ਦੋਜ਼ਖ਼ ਵਿੱਚ ਧਕਿਆ ਜਾਵੇਗਾ। ਸੰਕਲਪੀ ਪੱਧਰ ਤੇ ਇਹ ਮਾਨਵ ਲਈ ਚੋਣ ਅਤੇ ਨਿਰਣੈ ਦੀ ਲੋੜ ਨੂੰ ਦ੍ਰਿੜ ਕਰਦੀ ਹੈ।[18]

ਕੂੜ ਅਤੇ ਸੱਚ ਵਿਚੋਂ ਸੱਚ ਦੇ ਰਾਹ ਉੱਤੇ ਚੱਲਣ ਦੀ ਚੋਣ ਕਰਨੀ ਮਾਨਵੀ ਹੈ। ਪਰ ਮਾਇਆਗ੍ਰਸਤ ਮਨੁੱਖ ਦਾ ਸੰਕਟ ਇਹ ਹੈ ਕਿ ਉਹ ਕੁਕਰਮ ਕਰਦਾ ਹੈ ਤੇ ਆਪਣੇ ਜੀਵਨ ਨੂੰ ਵਿਅਰਥ ਗੁਆ ਦਿੰਦਾ ਹੈ। ਮਨੁੱਖੀ ਜਾਮੇ ਵਿਚ ਹੁੰਦਿਆਂ ਹੋਇਆਂ ਵੀ ਉਹ ਪਾਸ਼ਵਿਕ ਪੱਧਰ ਦੀ ਜ਼ਿੰਦਗੀ ਜੀਉਂਦਾ ਹੈ। ਸਮਾਜਿਕ ਵਿਰਤੀਆਂ ਸੰਕਟ ਦਾ ਕਾਰਣ ਹਨ ਪਰ ਉਸ ਤੋਂ ਵੀ ਵਧੇਰੇ ਗੰਭੀਰ ਸੰਕਟ ਇਹ ਹੈ ਕਿ ਮਨੁੱਖ ਹਮੇਸ਼ਾ ਲਈ ਇਨ੍ਹਾਂ ਵਿਰਤੀਆਂ ਨਾਲ ਸਾਂਝ ਪਾ ਲੈਂਦਾ ਹੈ। ਜਿਵੇਂ:

> ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ
> ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ।

ਅਵੇ ਕਰਣੀ ਕੀਰਤਿ ਵਾਰੀਐ ਘਰਿ ਦੇਖਾ ਗਰਿ ਸਮਝਾਇਆ।
ਧਾਉ ਨ ਦੇਵੀ ਪਉਣੀਏ ਗੁਰਿ ਗੁਣੀਐ ਕਿਆ ਗੁਆਇਆ
ਮਨਿ ਕੀ ਜਨਮੁ ਗਵਾਇਆ।[19]

ਗੁਰਮਤਿ ਪਰੰਪਰਾ ਨੇ ਸਾਹਿਤ ਵਿਚ ਨਿਰਲਿਪਤ ਰਹਿਣ ਦਾ ਉਪਦੇਸ਼ ਦੇ ਕੇ ਮਨੁੱਖ ਦਾ ਸਭ ਤੋਂ ਵੱਡਾ ਧਰਮ ਦੂਜੇ ਮਨੁੱਖਾਂ ਦੇ ਦੁਖ ਦੂਰ ਕਰਨਾ ਦੱਸਿਆ। ਉਚ ਨੀਚ, ਜਾਤਪਾਤ, ਅਮੀਰ ਗਰੀਬ, ਗੈਰ ਮਾਨਵਵਾਦੀ ਭਾਵਨਾਵਾਂ ਨੂੰ ਖ਼ਤਮ ਕਰਕੇ ਮਾਨਵਵਾਦੀ ਰਾਹਾਂ ਦੀ ਸੇਧ ਦਰਸਾਈ। ਡਾ. ਹਰਿਭਜਨ ਸਿੰਘ 'ਅਧਿਐਨ ਤੇ ਅਧਿਆਪਨ' ਵਿਚ ਇਸ ਕਾਵਿ ਸੰਸਾਰ ਦੀ ਵਡਿਆਈ ਬਾਰੇ ਲਿਖਦੇ ਹਨ, "ਇਸ ਕਾਵਿ-ਸੰਸਾਰ ਦੀ ਮਨੁੱਖ-ਦੋਸਤੀ ਇਸ ਗੱਲ ਵਿਚ ਨਹੀਂ ਕਿ ਉਸਨੇ ਕਿਤੇ ਨੀਵੀਆਂ ਜਾਤਾਂ, ਕਿਤੇ ਇਸਤਰੀ ਦੇ ਹੱਕ ਵਿਚ ਕੁਝ ਤੁਕਾਂ ਕਹੀਆਂ ਹਨ। ਜ਼ਾਲਮ ਰਾਜਿਆਂ, ਰਿਸ਼ਵਤੀ ਕਾਜ਼ੀਆਂ ਅਤੇ ਪਾਖੰਡੀ ਪੰਡਤਾਂ ਦੀ ਭਰਤ ਸਨਾਂ ਤੱਕ ਹੀ ਗੁਰੂ ਨਾਨਕ ਦੀ ਪ੍ਰਗਤੀਸ਼ੀਲਤਾ ਸੀਮਿਤ ਨਹੀਂ ਪੱਛਮੀ ਵਿਆਖਿਆ ਦਾ ਇਹ ਤਰੀਕਾ ਬਹੁਤ ਸਥੂਲ ਹੈ ਅਤੇ ਅਧੂਰਾ ਵੀ। ਨਾਨਕ ਬਾਣੀ ਦਾ ਮੂਲ ਪ੍ਰਭਾਵ ਉਸ ਸਮੁੱਚ ਕਾਰਨ ਹੈ ਜਿਸ ਵਿਚ ਵਿਰੋਧੀ ਤੱਤਾਂ ਨੂੰ ਇਕ ਸਮਤੋਲ ਵਿਚ ਟਿਕਾ ਦਿੱਤਾ ਗਿਆ ਹੈ। ਚਿੰਤ ਸੂਤਰੀ ਦੇ ਦੋ ਤਰੀਕੇ ਹਨ ਇਕ ਮੁਆਨਿਅਤਾ ਦਾ ਦੂਸਰਾ ਸ਼ਮੂਲੀਅਤ ਦਾ। ਪਹਿਲਾ ਤਰੀਕਾ ਜ਼ਿੰਦਗੀ ਨੂੰ ਸੰਕੋਚਦਾ ਹੈ ਤੇ ਦੂਸਰਾ ਉਸਨੂੰ ਵਿਸਤਾਰਦਾ ਹੈ। ਸੋਭ ਅਤੇ ਕਾਵਿ ਦੀ ਇਸ ਵਿਧੀ ਨਾਲ ਪਵਿੱਤਰ ਅਤੇ ਸੁੰਦਰ ਦਾ ਜਨਮ ਹੁੰਦਾ ਹੈ।"[20] ਅੱਗੇ ਚਲ ਕੇ ਉਹ ਫਿਰ ਲਿਖਦਾ ਹੈ, "ਨਾਨਕ ਕਵੀ (ਗੁਰੂ ਨਾਨਕ) ਜਿਨ੍ਹਾਂ ਨੂੰ ਪਸੰਦ ਨਹੀਂ ਕਰਦਾ ਉਨ੍ਹਾਂ ਨੂੰ ਵੀ ਆਪਣੇ ਸੰਸਾਰ ਵਿਚ ਸ਼ਾਮਲ ਹੋਣ ਦੀ ਦਾਅਵਤ ਦਿੰਦਾ ਹੈ। ਅਜਿਹਾ ਕਵੀ ਜ਼ਿੰਦਗੀ ਦੇ ਕਿਸੇ ਇਕ ਪੱਖ ਲਈ ਉਸਬ ਰੁਚੀ ਪੈਦਾ ਨਹੀਂ ਕਰਦਾ, ਸਮੁੱਚੀ ਤੇ ਸੰਪੂਰਨ ਜ਼ਿੰਦਗੀ ਲਈ ਸਨੇਹ ਉਪਜਾਉਂਦਾ ਹੈ।"[21]

ਸਿੱਖ ਧਰਮ ਕੇਵਲ ਅਧਿਆਤਮਕ ਚਿੰਤਨ ਤੱਕ ਹੀ ਸੀਮਿਤ ਨਹੀਂ, ਸਗੋਂ ਇਕ ਪ੍ਰਮੁੱਖ ਕ੍ਰਾਂਤੀਕਾਰੀ ਧਾਰਾ ਦਾ ਪ੍ਰਤੀਕ ਹੈ। ਗੁਰਮਤਿ ਕਾਵਿ ਪਰੰਪਰਾ ਨੇ ਸਮਾਜਿਕ ਤੇ ਧਾਰਮਿਕ ਖੇਤਰ ਵਿਚ ਆ ਚੁੱਕੀ ਗਿਰਾਵਟ ਦੀ ਵਿਰੋਧੀ ਕੀਤੀ ਤੇ ਮਨੁੱਖ ਨੂੰ ਮਾਨਵਵਾਦੀ ਰਾਹਾਂ ਦੀ ਸੋਝੀ ਕਰਵਾਈ। ਇਸ ਪਰੰਪਰਾ ਦੀ ਮਹੱਤਤਾ ਇਸ ਗੱਲ ਵਿਚ ਹੈ ਕਿ ਇਹ ਸਰਬ ਸਮਿਆਂ ਲਈ ਸਾਰਥਕ ਹੈ।

ਹਰ ਧਰਮ ਦੀਆਂ ਕੁਝ ਬੁਨਿਆਦੀ ਮਾਨਤਾਂ ਹੁੰਦੀਆਂ ਹਨ। ਜੇਬ ਨਾਲ ਮਨੁੱਖ ਦੀ ਏਕਤਾ ਦਾ ਪ੍ਰਸ਼ਨ ਹਰ ਧਰਮ ਦੀ ਮੂਲ ਸਮੱਸਿਆ ਹੈ। ਇਸ ਸਮੱਸਿਆ ਨਾਲ ਮਨੁੱਖ ਦਾ ਸੀਮਿਤ ਹੋਣ ਦੀ ਚਿੰਤਾ, ਉਸਦੀ ਆਪਣੇ ਆਪੇ ਤੋਂ ਵਿਛੁੜੇ ਹੋਣ ਦੀ ਸਮੱਸਿਆ ਅਥਵਾ ਅਸਤਿਤਵੀ ਸੰਕਟ ਦੀਆਂ ਸਮੱਸਿਆਵਾਂ ਸੰਬੰਧਿਤ ਹਨ। ਮਨੁੱਖੀ ਵਿਅਕਤਿਤਵ ਦੇ ਵਿਘਟਨ ਤੇ ਸੰਘਟਨ ਦੀ ਸਮੱਸਿਆ ਵੀ ਇਸੇ ਪ੍ਰਸੰਗ ਦੇ ਅੰਤਰਗਤ ਆਉਂਦੀ ਹੈ। ਹਰ ਧਰਮ ਦਾ ਇਹੋ ਮੰਤਵ ਹੁੰਦਾ ਹੈ ਕਿ ਸਭੇ ਪ੍ਰਕਾਰ ਦੁਆਰਾ ਮਨੁੱਖੀ ਸੰਘਟਨ ਦੀ ਸਮੱਸਿਆ ਨੂੰ ਹੱਲ ਕੀਤਾ ਜਾਵੇ ਤੇ ਹਰ ਸੰਭਵ ਕੋਸ਼ਿਸ਼ ਦੁਆਰਾ ਮਨੁੱਖ ਨੂੰ ਸੰਪੂਰਨਤਾ ਦੇ ਪਦ ਤੱਕ ਪੁਚਾਉਣ ਲਈ ਭਰਪੂਰ ਯਤਨ ਕੀਤੇ ਜਾਣ। ਅਜਿਹੇ ਯਤਨ ਮਨੁੱਖੀ ਵਿਅਕਤਿਤਵ ਦੇ ਪਰਿਵਰਤਨ ਵਿਚ ਸਹਾਈ ਸਿੱਧ ਹੁੰਦੇ ਹਨ ਤੇ ਇਸ ਤਰ੍ਹਾਂ ਹਰ ਧਰਮ ਦਾ ਕੇਂਦਰ ਮਨੁੱਖੀ ਨਵ-ਸਿਰਜਣਾ ਬਣ ਜਾਂਦਾ ਹੈ।

ਸਿੱਖ ਧਰਮ ਵਿਚ ਮਨੁੱਖ ਦੇ ਅਸਤਿਤਵ ਸੰਬੰਧੀ ਸੰਕਟ ਦਾ ਕਾਰਣ 'ਮੈਂ' ਦੀ ਭਾਵਨਾ ਨੂੰ ਮੰਨਿਆ ਗਿਆ ਹੈ। ਦੁਬਿਧਾ ਅਤੇ ਹਉਮੈ ਸਦਕਾ ਮਨੁੱਖ ਆਪਣੀ ਸ਼ਕਤੀ ਦਾ ਦਾਅਵਾ ਕਰਦਾ ਹੈ ਅਤੇ ਪਰਮਸ਼ਕਤੀ ਦੀ ਹਕੀਕਤ ਨੂੰ ਪਛਾਨਣ ਤੋਂ ਮੁਨਕਰ ਹੋ ਜਾਂਦਾ ਹੈ। ਇਸ ਦਸ਼ਾ ਵਿਚ ਮਨੁੱਖ ਹਰੇਕ ਕਿਰਿਆ ਦੇ ਅਸਲ ਕਰਤਾ ਨੂੰ ਭੁੱਲ ਜਾਂਦਾ ਹੈ।

ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ
ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ।[22]

ਦੁਬਿਧਾ ਅਤੇ ਹਉਮੈਂ ਦੋਵੇਂ ਭਾਵਨਾਵਾਂ ਵਿਅਕਤੀ ਦੇ ਮਾਨਸਿਕ ਤਨਾਓ ਦੀਆਂ ਨਿਸ਼ਾਨੀਆਂ ਹਨ। ਹਉਮੈਂ ਦਾ ਭਾਵ ਵਿਅਕਤੀ ਵਿਚ ਵੱਖਰੀ ਹੋਂਦ ਦਾ ਅਹਿਸਾਸ ਪੈਦਾ ਕਰਦਾ ਹੈ। ਇਸ ਅਹਿਸਾਸ ਸਦਕਾ ਮਨੁੱਖ ਅਗਿਆਨਤਾ ਦੇ ਹਨੇਰੇ ਵਿਚ ਫਸ ਕੇ ਹਕੀਕਤ ਨੂੰ ਪਛਾਨਣ ਤੋਂ ਬੇਮੁੱਖ ਹੋ ਜਾਂਦਾ ਹੈ। ਗੁਰਮਤਿ ਪਰੰਪਰਾ ਮਨੁੱਖ ਸਾਹਵੇਂ ਉਸ ਦੇ ਵਿਅਕਤਿੱਤਵ ਦੇ ਦੋ ਰੂਪ ਪੇਸ਼ ਕਰਦੀ ਹੈ ਇਕ ਉਸ ਦਾ ਪਤਿਤ ਰੂਪ ਹੈ ਦੂਜਾ ਉਸ ਦਾ ਦੈਵਤਾ ਸਰੂਪ ਹੈ। ਪਤਿਤ ਮਾਨਵ ਦਾ ਸਰੂਪ ਮਾਇਕ ਖਿੱਚਾਂ ਵਿਚ ਗਲਤਾਨ ਵਿਅਕਤੀ ਦਾ ਹੈ ਤੇ ਦੂਜਾ ਸਰੂਪ ਉਚੇਰੇ ਮਾਨਵ ਦਾ ਹੈ। ਗੁਰਬਾਣੀ ਮਨੁੱਖ ਨੂੰ ਪਦਾਰਥਕ ਸੋਚ ਤੋਂ ਉਚਿਆਂ ਉਠਾ ਕੇ ਆਦਰਸ਼ਕ ਜੀਵਨ ਜੀਣ ਲਈ ਪ੍ਰੇਰਦੀ ਹੈ ਕਿਉਂਕਿ ਮਾਇਕ ਸਰਗਰਮੀਆਂ ਅਧੀਨ ਮਨੁੱਖ ਕੇਵਲ ਮਾਦਾ ਹਸਤੀ ਤੱਕ ਹੀ ਸੀਮਿਤ ਹੋ ਕੇ ਰਹਿ ਜਾਂਦਾ ਹੈ ਉਸਦੀ ਸੋਚ ਦਾ ਦਾਇਰਾ ਪਰਿਵਾਰ, ਦੁਨਿਆਵੀ ਰਿਸ਼ਤੇ ਨਾਤੇ ਤੇ ਭੌਤਿਕ ਵਸਤਾਂ ਦੀ ਇਕੱਤਰਤਾ

ਤੱਕ ਮਹਿਦੂਦ ਹੋ ਜਾਂਦਾ ਹੈ। ਦੁਨਿਆਵੀ ਸੁੱਖਾਂ ਦੀ ਪ੍ਰਾਪਤੀ ਲਈ ਉਹ ਪਾਪ ਦੀ ਕਮਾਈ ਇਕੱਠੀ ਕਰਦਾ ਰਹਿੰਦਾ ਹੈ ਤੇ ਸਾਰੀ ਉਮਰ ਇਹ ਫੈਸਲਾ ਹੀ ਨਹੀਂ ਕਰ ਸਕਦਾ ਕਿ ਉਸਨੇ ਦੁਨਿਆਵੀ ਤਰੀਕੇ ਨਾਲ ਜ਼ਿੰਦਗੀ ਜੀਊਣੀ ਹੈ ਜਾਂ ਅਧਿਆਤਮਿਕ ਪੱਧਰ ਦੀ ਜੀਵਨ ਜਾਚ ਅਪਨਾਉਣੀ ਹੈ। ਇਸੇ ਲਈ ਅੰਤ ਵੇਲੇ ਉਸ ਦੀ ਅਸਲਕ ਕਮਾਈ ਅਕਾਰਥ ਹੋਈ ਜਾਪਦੀ ਹੁੰਦੀ ਹੈ।

ਹੰਢੀ ਕੀਆ ਕੁਮਤੀ ਹੋਵਾਂ ਖ੍ਰੀਟੀ ਖਾਹਿ।[23]

ਹਉਮੈ ਦਾ ਭਾਵ ਜਿਥੇ ਪ੍ਰਭੂ ਪ੍ਰਾਪਤੀ ਵਿਚ ਇਕ ਵੱਡੀ ਰੋਕ ਹੈ ਉਥੇ ਇਸ ਦਾ ਗੁਰੂ ਦੀ ਕਿਰਪਾ ਨਾਲ ਸਾਧਿਆ ਹੋਇਆ ਉਦਾਤ ਰੂਪ ਪ੍ਰਭੂ ਪ੍ਰਾਪਤੀ ਵਿਚ ਸਹਾਇਕ ਬਣਦਾ ਹੈ ਕਿਉਂਕਿ ਇਸ ਤਰ੍ਹਾਂ ਹਉਮੈ ਦੀ ਭਾਵਨਾ ਸਤਿਵਾਦੀ ਸਰੂਪ ਧਾਰਨ ਕਰਕੇ ਬੰਧਨਕਾਰੀ ਵਸਤੂ ਵਾਲੀ ਨਹੀਂ ਰਹਿੰਦੀ।

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ
ਕਿਰਪਾ ਕਰੇ ਜੇ ਆਪਣੀ ਤਾਂ ਗੁਰ ਕਾ ਸਬਦ ਕਮਾਹਿ
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ।[24]

ਮਨੁੱਖ ਦੇ ਜੀਵਨ ਵਿਚ ਪਰਿਵਰਤਨ ਲਿਆਉਣ ਲਈ ਗੁਰਬਾਣੀ ਦਾ ਵਿਸ਼ੇਸ਼ ਯੋਗਦਾਨ ਹੈ। ਦੈਵੀ ਚੇਤਨਾ ਵਾਲੀ ਪਰਮਸਤੀ ਦੇ ਗੁਣਾਂ ਦਾ ਬਾਰ ਬਾਰ ਜ਼ਿਕਰ ਕੀਤਾ ਗਿਆ ਹੈ ਜਿਸ ਦਾ ਸੰਬੰਧ ਵਿਅਕਤੀ ਨਾਲ ਸਭ ਤੋਂ ਉਚੇਰਾ ਹੈ। ਅਸਲ ਵਿਚ ਧਰਮ ਉਸ ਭੇਦ ਨੂੰ ਖੋਜਦਾ ਹੈ ਜੋ ਮਨੁੱਖ ਵਿਚ ਸਭ ਤੋਂ ਉਚੇਰਾ ਤੇ ਡੂੰਘਾ ਹੈ ਤੇ ਇਸ ਅਮਲ ਵਿਚ ਉਸ ਭੇਦ ਦਾ ਵੀ ਦਰਸ਼ਨ ਹੋ ਜਾਂਦਾ ਹੈ ਜੋ ਮਨੁੱਖ ਦੀ ਪ੍ਰਕਿਰਤੀ ਤੋਂ ਪਾਰਗਾਮੀ ਹੈ।[25] ਹਉਮੈ ਦੀ ਭਾਵਨਾ ਤੋਂ ਮੁਕਤ ਹੋ ਕੇ ਸਿੱਖ ਪਰੰਪਰਾ ਦਾ ਅਧਿਆਤਮਕ ਮੁਕਤੀ ਦੇ ਭਾਵ ਨੂੰ ਨਿੱਜ ਤੱਕ ਹੀ ਸੀਮਿਤ ਨਹੀਂ ਕਰਦਾ ਸਗੋਂ ਚੇਤਨਾ ਨੂੰ ਵੀ ਇਸ ਰਾਹ ਤੇ ਚਲਣ ਦੀ ਸਿੱਖਿਆ ਦਿੰਦਾ ਹੈ। ਇਸ ਤਰ੍ਹਾਂ ਸਿੱਖ ਧਰਮ ਆਪਣੀ ਇਸ ਵਿਸ਼ਾਲਤਾ ਕਾਰਨ ਉਚੇਰਾ ਰੂਪ ਧਾਰਦਾ ਹੈ, ਕਿਉਂਕਿ ਇਹ ਰਹੱਸਵਾਦ ਪਰਮਾਤਮਾ ਵਿਚ ਮਨੁੱਖ ਦੀ ਹਸਤੀ ਦੇ ਵਿਨਾਸ਼ ਤੇ ਜ਼ੋਰ ਨਹੀਂ ਦਿੰਦਾ ਸਗੋਂ ਇਸ ਵਿਚ ਮਨੁੱਖ ਦੇ ਅੰਦਰ ਰੱਬ ਦੇ

ਜਾਗਰੂਕ ਹੋਣ ਤੇ ਜ਼ੋਰ ਹੈ। ਇਸ ਰਹੱਸਵਾਦ ਵਿਚ ਮੁਕਤੀ ਸ਼ਬਦ ਵੀ ਵਿਲੱਖਣ ਅਰਥਾਂ ਦਾ ਧਾਰਨੀ ਹੈ। ਮੁਕਤੀ ਤੋਂ ਭਾਵ ਰੱਬ ਵਿਚ ਆਪਣੀ ਹੋਂਦ ਦਾ ਖ਼ਾਤਮਾ ਕਰਨਾ ਨਹੀਂ ਸਗੋਂ ਅਮਲੀ ਤੌਰ ਤੇ ਸੁਆਰਥਰਹਿਤ ਹੋ ਕੇ ਦੁਨਿਆਂ ਦੀ ਸੇਵਾ ਦੇ ਉਦੇਸ਼ ਨਾਲ ਸੰਸਾਰ ਵੱਲ ਪਰਤਣਾ ਹੈ।

ਮਨੁੱਖ ਦੀ ਚੇਤਨਾਹੀਣ ਅਵਸਥਾ ਅਰਥਾਤ ਅਗਿਆਨੀ ਹੋਣਾ ਉਸ ਦਾ ਮੁੱਖ ਸੰਕਟ ਹੈ। ਅਗਿਆਨਤਾ ਵੱਸ ਉਹ ਵਿਨਸ਼ਵਰੀ ਵਸਤਾਂ ਨੂੰ ਸਦੀਵੀ ਸਮਝ ਕੇ ਉਨ੍ਹਾਂ ਦੇ ਮੋਹ ਵਿਚ ਖਚਿਤ ਹੋ ਜਾਂਦਾ ਹੈ ਪਰ ਮਨੁੱਖ ਕੇਵਲ ਮਾਦੀ ਅੰਸ਼ਾਂ ਤੱਕ ਹੀ ਸੀਮਿਤ ਨਹੀਂ। ਗੁਰਬਾਣੀ ਵਿਚ ਮਨੁੱਖ ਨੂੰ ਈਸ਼ਵਰੀ ਅੰਸ਼ ਪ੍ਰਗਟ ਕੀਤਾ ਗਿਆ ਹੈ। ਕਹਿਣ ਤੋਂ ਭਾਵ ਕਿ ਮਨੁੱਖ ਪਰਮਹਸਤੀ ਨਾਲ ਇਕ ਰੂਪ ਹੋ ਕੇ ਆਪਣੇ ਵਿਚ ਪਰਿਵਰਤਨ ਲਿਆ ਸਕਦਾ ਹੈ। ਕਿਉਂਕਿ ਮਨੁੱਖ ਈਸ਼ਵਰੀ ਅੰਸ਼ ਹੋਣ ਕਰਕੇ ਆਪਣੇ ਮੂਲ ਸੋਮੇ ਦੀਆਂ ਵਿਸ਼ੇਸ਼ਤਾਵਾਂ ਦਾ ਧਾਰਨੀ ਹੈ। ਇਸ ਲਈ ਮਨੁੱਖੀ ਪਰਿਵਰਤਨ ਦਾ ਹੋਣਾ ਜ਼ਰੂਰੀ ਹੈ। ਪਰਿਵਰਤਨ ਦੀ ਦਸ਼ਾ ਵਿਚ ਹੀ ਮਨੁੱਖ ਅਗਿਆਨਤਾ ਦੇ ਚੱਕਰ ਤੋਂ ਬਾਹਰ ਆ ਕੇ ਆਪਣੇ ਮੂਲ ਨੂੰ ਪਛਾਣਨ ਦੇ ਯੋਗ ਹੋ ਸਕੇਗਾ।

ਗੁਰਮਤ ਕਾਵਿ ਪਰੰਪਰਾ ਵਿਚ ਮਨੁੱਖ ਦੀ ਹੋਂਦ ਦੇ ਸੰਕਟ ਤੇ ਵਿਸ਼ੇਸ਼ ਚਰਚਾ ਹੋਈ ਹੈ। ਸਿੱਖ ਧਰਮ ਅਨੁਸਾਰ ਇਹ ਸੰਕਟ ਸਵੈ-ਸਰੂਪ ਦੀ ਖੋਜ ਦੀ ਅਣਹੋਂਦ ਦਾ ਸੰਕਟ ਹੈ। ਖ਼ਾਸ ਕਰਕੇ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਵਿਅਕਤੀ ਦੀ ਹੋਂਦ ਦੀ ਦੁਖਿਤ ਅਵਸਥਾ ਦਾ ਵਰਣਨ ਸਪਸ਼ਟ ਰੂਪ ਵਿਚ ਦਿਖਾਈ ਦਿੰਦਾ ਹੈ।

ਪ੍ਰਾਨੀ ਕਉਨੁ ਉਪਾਉ ਕਰੈ
ਜਾ ਤੇ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸ ਹਰੈ
ਕਉਨੁ ਕਰਮ ਬਿਦਿਆ ਕਹੁ ਕੈਸੀ ਧਰਮੁ ਕਉਨੁ ਫੁਨਿ ਕਰਈ
ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ।[26]

ਇਸ ਜਗਤ ਦੀ ਅਸਾਰਤਾ ਤੇ ਖਿਣਭੰਗਰਤਾ ਨੂੰ ਜਾਣਦਿਆਂ ਹੋਇਆਂ ਵੀ ਮਨੁੱਖ ਇਸ ਸੰਸਾਰਕ ਮੋਹ ਵਿਚ ਫਸਿਆ ਰਹਿੰਦਾ ਹੈ। ਸਾਰੀ ਗੁਰਬਾਣੀ ਮਨੁੱਖ ਨੂੰ ਬਾਰ ਬਾਰ ਸੁਚੇਤ ਕਰਦੀ ਹੈ ਕਿ ਸੰਸਾਰਕ ਸੁੱਖ, ਭੌਤਿਕ ਵਸਤਾਂ ਦਾ ਮੋਹ, ਰਿਸ਼ਤੇ ਨਾਤੇ ਸਭ ਵਿਨਸ਼ਵਰੀ ਹਨ।

ਸਭ ਕਿਛੁ ਜੀਵਤ ਕੋ ਬਿਵਹਾਰ

ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ
ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ
ਆਧ ਘਰੀ ਕੋਊ ਨਹਿ ਰਾਖੈ ਘਰਿ ਤੇ ਦੇਤ ਨਿਕਾਰਿ।[27]

ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ
ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ।[28]

ਜਗਤ ਦੀ ਨਿਸ਼ੰਕਤਾ ਦਾ ਇਹ ਅਹਿਸਾਸ, ਯਾਨਿ ਸੀਮਿਤ ਹੋਣ ਦੀ ਚਿੰਤਾ, ਮਨੁੱਖ ਨੂੰ ਪਰਾਲੌਕਿਕ ਦੀ ਖੋਜ ਲਈ ਵਿਆਕੁਲ ਕਰਦੀ ਹੈ। ਸਮੁੱਚਾ ਮਨੁੱਖਾ ਜੀਵਨ ਬਚਪਨ, ਬਾਲ, ਜੁਆਨੀ ਅਤੇ ਬਿਰਧ ਅਵਸਥਾ ਵਿਚੋਂ ਲੰਘਦਾ ਹੋਇਆ ਅੰਤ ਵਿਨਸ ਜਾਂਦਾ ਹੈ। ਗੁਰਬਾਣੀ ਵਿਚ ਮਨੁੱਖ ਦੀ ਹਰੇਕ ਅਵਸਥਾ ਦੇ ਇਸ ਤ੍ਰਾਸਦ ਪੱਖ ਦਾ ਬੜਾ ਵਧੀਆ ਵਰਣਨ ਮਿਲਦਾ ਹੈ।

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਬਾਲਕ ਬੁਧਿ ਅਚੇਤੁ।
ਖੀਰੁ ਪੀਐ ਖੇਲਾਈਐ ਵਣਜਾਰਿਆ ਮਿਤ੍ਰਾ
ਮਾਤਾ ਪਿਤਾ ਸੁਤ ਹੇਤੁ।
ਮਾਤ ਪਿਤਾ ਸੁਤ ਨੇਹੁ ਘਨੇਰਾ
ਮਾਇਆ ਮੋਹੁ ਸਬਾਈ
ਸੰਜੋਗੀ ਆਇਆ ਕਿਰਤੁ ਕਮਾਇਆ
ਕਰਣੀ ਕਾਰ ਕਰਾਈ।[29]

ਰਾਤ ਦਾ ਪਹਿਲਾ ਪਹਿਰ ਯਾਨਿ ਮਨੁੱਖੀ ਜੀਵਨ ਦੇ ਪਹਿਲੇ ਪੜਾਉ ਦਾ ਲਖਾਇਕ ਹੈ। ਮਨੁੱਖ ਅਚੇਤ ਅਵਸਥਾ ਵਿਚ ਹੀ ਅਨੇਕਾਂ ਤਰ੍ਹਾਂ ਦੇ ਬੰਧਨਾਂ ਵਿਚ ਘਿਰ ਜਾਂਦਾ ਹੈ। ਮਾਤਾ ਪਿਤਾ ਨਾਲ ਮੋਹ ਉਸ ਦੇ ਸੰਸਾਰਕ ਮੋਹ ਦਾ ਆਰੰਭ ਹੈ। ਹਰ ਮੋਹ ਮਨੁੱਖ ਲਈ ਬੰਧਨ ਤੇ ਹਰ ਬੰਧਨ ਰੋਗ ਸੰਕਟ ਸਿੱਧ ਹੁੰਦਾ ਹੈ। ਇਸ ਤੋਂ ਅਗਲੀ ਅਵਸਥਾ ਯਾਨਿ ਜਵਾਨੀ ਵਿਚ ਮਨੁੱਖ ਤ੍ਰਿਸ਼ਨਾ ਅਤੇ ਹਉਮੈ ਦਾ ਗ਼ੁਲਾਮ ਬਣ ਜਾਂਦਾ ਹੈ ਅਤੇ ਪਰਮਾਰਥ ਤੋਂ ਅਵੇਸਲਾ ਹੀ ਰਹਿੰਦਾ ਹੈ। ਹਉਮੈ ਅਤੇ ਤ੍ਰਿਸ਼ਨਾ ਹੀ ਦੇ

ਅਜਿਹੀਆਂ ਘਾਤਕ ਰੁਚੀਆਂ ਹਨ ਜੋ ਸਿੱਖ ਧਰਮ ਅਨੁਸਾਰ ਮਨੁੱਖ ਦੀ ਅਧਿਆਤਮਕ ਗਿਰਾਵਟ ਦਾ ਮੂਲ ਕਾਰਨ ਹਨ। ਯਾਨਿ ਮਨੁੱਖ ਦੀਆਂ ਆਪਣੀਆਂ ਹੀ ਵਿਕਾਰੀ ਰੁਚੀਆਂ ਉਸ ਦੇ ਅਧਿਆਤਮਕ ਸੰਕਟ ਦੀਆਂ ਜ਼ਿੰਮੇਵਾਰ ਬਣਦੀਆਂ ਹਨ।

ਲੋਭ ਦੇ ਨਾਲ ਨਾਲ ਘਟ ਰਹੀ ਸਰੀਰਕ ਸ਼ਕਤੀ ਮਨੁੱਖ ਲਈ ਚਿੰਤਾ ਅਤੇ ਕਲੇਸ਼ ਪੈਦਾ ਕਰਦੀ ਹੈ। ਸੰਚਿਤ ਕੀਤਾ ਹੋਇਆ ਧਨ ਉਸ ਨੂੰ ਪਰਾਇਆ ਹੋ ਗਿਆ ਪ੍ਰਤੀਤ ਹੁੰਦਾ ਹੈ। ਸੰਸਾਰ ਦੀ ਅਸਾਰਤਾ ਤੇ ਮੌਤ ਦੀ ਅਟੱਲਤਾ ਗੁਰਮਤਿ ਕਾਵਿ ਪਰੰਪਰਾ ਦੇ ਧਾਰਮਿਕ ਅਨੁਭਵ ਵਿਚ ਮੁੱਖ ਅਰਥ ਰੱਖਦੀ ਹੈ। ਜੋ ਥੋੜ੍ਹਚਿਰਾ ਤੇ ਅਸਥਿਰ ਹੈ, ਉਸ ਨਾਲ ਨੇਹੁ ਲਾਉਣ ਦੀ ਕੋਈ ਸਾਰਥਕਤਾ ਨਹੀਂ।

ਜੋ ਦੀਸੈ ਸੋ ਚਾਲਸੀ
ਕਿਸ ਕਉ ਮੀਤੁ ਕਰੇਉ।[30]

ਪਰ ਮਨੁੱਖ ਮਾਇਆ ਦੇ ਪ੍ਰਭਾਵ ਅਧੀਨ ਅਨੇਕਾਂ ਕੁਕਰਮ ਕਰਦਾ ਹੈ। ਆਪਣੇ ਜੀਵਨ ਮਨੋਰਥ ਨੂੰ ਭੁੱਲ ਕੇ ਵਿਸ਼ੇ ਵਿਕਾਰਾਂ ਵਿਚ ਗਲਤਾਨ ਹੋ ਜਾਂਦਾ ਹੈ। ਪਰਾਏ ਧਨ ਤੇ ਪਰਾਈ ਇਸਤਰੀ ਦੇ ਮੋਹ ਵਿਚ ਫਸ ਕੇ ਇਸ ਜਨਮ ਨੂੰ ਵਿਅਰਥ ਗੁਆ ਦਿੰਦਾ ਹੈ।

ਪਰ ਧਨ ਪਰ ਦਾਰਾ ਸਿਉ ਰਚਿਓ
ਬਿਰਥਾ ਜਨਮੁ ਸਿਰਾਇ।[31]

ਲਾਲਚ ਵੱਸ ਕੀਤੇ ਕੰਮ ਮਨੁੱਖ ਨੂ ਬੰਧਨ ਵਿਚ ਫਸਾਉਂਦੇ ਹਨ।

ਭੂਲਿਓ ਮਨੁ ਮਾਇਆ ਉਰਝਾਇਓ
ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ।[32]

ਮਨੁੱਖੀ ਅਸਤਿੱਤਵ ਦੀ ਇਹ ਬੜੀ ਵੱਡੀ ਸਮੱਸਿਆ ਹੈ ਕਿ ਆਪਣੇ ਸਾਹਮਣੇ ਹਰ ਪਲ ਹੁੰਦੀਆਂ ਮੌਤਾਂ ਨੂੰ ਵੇਖਣ ਦੇ ਬਾਵਜੂਦ ਵੀ ਆਪਣੀ ਦੇਹ ਨੂੰ ਸਥਿਰ ਸਮਝਦਾ ਹੈ।

ਮਨੁੱਖ ਦੀ ਇਸ ਡਾਵਾਂਡੋਲ ਅਵਸਥਾ ਵਿਚੋਂ ਨਿਕਲਣ ਲਈ ਸਿੱਖ ਧਰਮ ਮੁਕਤੀ ਦਾ ਮਾਰਗ ਸੁਝਾਉਂਦਾ ਹੈ। ਮੁਕਤੀ ਤੋਂ ਭਾਵ ਇਨ੍ਹਾਂ ਸਾਰੇ ਬੰਧਨਾਂ ਤੋਂ ਪਾਰਗਾਮੀ ਹੋਣਾ ਹੈ ਤਾਂ ਜੋ ਮਨੁੱਖ ਵਿਭਿੰਨਤਾ ਦੀ ਦਸ਼ਾ ਵਿਚੋਂ ਬਾਹਰ ਨਿਕਲ ਕੇ ਨਿਰਭੈ ਪਦ ਨੂੰ ਪ੍ਰਾਪਤ ਕਰ ਸਕੇ। ਸਿੱਖ ਧਰਮ ਚੇਤਨਾ ਮਨੁੱਖ ਦੇ ਆਤਮਿਕ ਪਰਿਵਰਤਨ ਲਈ ਉਸ ਦੇ ਸਾਹਮਣੇ ਸੰਘਰਸ਼ ਦਾ ਮਾਰਗ ਪ੍ਰਸਤੁਤ ਕਰਦੀ ਹੈ। ਇਸ ਸੰਘਰਸ਼ ਦੀ ਯਾਤਰਾ ਬਾਹਰੀ ਭੇਖ ਤੋਂ ਅੰਤਰਮੁਖੀ ਵਸਤ ਨੂੰ ਪਛਾਨਣ ਤੱਕ ਹੈ। ਬਾਹਰਮੁਖੀ ਇੰਦ੍ਰਿਆਂ ਦੀ ਪਹੁੰਚ ਕੇਵਲ ਮਾਇਕ ਜਗਤ ਤੱਕ ਹੈ ਜਿਸ ਅਧੀਨ ਵਿਅਕਤੀ ਕਾਮੁਕ ਬਿਰਤੀਆਂ ਦਾ ਗੁਲਾਮ ਬਣ ਕੇ ਰਹਿ ਜਾਂਦਾ ਹੈ। ਨੈਤਿਕ ਗਿਰਾਵਟ ਹੀ ਵਿਅਕਤੀ ਨੂੰ ਆਪਣੀ ਮੂਲ ਪ੍ਰਕਿਰਤੀ ਤੋਂ ਤੋੜਦੀ ਹੈ। ਇਸ ਸੰਦਰਭ ਵਿਚ ਨੈਤਿਕ ਕੀਮਤਾਂ ਦੀ ਚੇਤਨਾ ਹੀ ਮਨੁੱਖ ਨੂੰ ਅਮਨੁੱਖ ਤੋਂ ਨਿਖੇੜਨ ਵਾਲਾ ਬੀਜ ਹੈ। ਇਸ ਚੇਤਨਤਾ ਤੋਂ ਹੀ ਜ਼ਿੰਮੇਵਾਰੀ ਦੀ ਚੇਤਨਤਾ ਆਉਂਦੀ ਹੈ। ਇਸ ਲਈ ਵਿਅਕਤੀ ਦੇ ਪਰਿਵਰਤਨ ਦਾ ਆਧਾਰ ਉਸ ਦੇ ਚੰਗੇ ਅਮਲ ਤੇ ਨੈਤਿਕਤਾ ਪ੍ਰਤੀ ਜਾਗਰੂਕ ਹੋਣਾ ਹੈ। ਸਿੱਖ ਧਰਮ ਵਿਅਕਤੀ ਨੂੰ ਆਪਣੀ ਮੂਲ ਪ੍ਰਕਿਰਤੀ ਅਨੁਸਾਰ ਵਿਚਾਰਸ਼ੀਲ ਜੀਵਨ ਜੀਣ ਲਈ ਪ੍ਰੇਰਦਾ ਹੈ। ਪ੍ਰਭੂ ਪ੍ਰਾਪਤੀ ਦਾ ਅਨੁਭਵ ਸੰਪੂਰਨਤਾ ਦੇ ਸੰਕਲਪ ਨਾਲ ਜੁੜਿਆ ਹੋਇਆ ਹੈ। ਇਸ ਅਨੁਭਵ ਦੀ ਪ੍ਰਾਪਤੀ ਲਈ ਮਨੁੱਖ ਨੂੰ ਆਪਣੀ ਸੀਮਿਤ ਚੇਤਨਾ ਨੂੰ ਵਿਸ਼ਾਲ ਕਰਨਾ ਜ਼ਰੂਰੀ ਹੈ। ਇਸ ਲਈ ਪਾਰਗਾਮੀ ਦ੍ਰਿਸ਼ਟੀ ਹੀ ਮਨੁੱਖ ਨੂੰ ਉਸਦੀ ਸਹੀ ਪ੍ਰਕਿਰਤੀ ਦਾ ਅਹਿਸਾਸ ਕਰਵਾ ਸਕਦੀ ਹੈ। ਗੁਰੂ ਤੇਗ਼ ਬਹਾਦਰ ਅਨੁਸਾਰ ਹਰ ਘਟ ਵਿਚ ਵਿਆਪਕ ਹੋਣ ਦੇ ਬਾਵਜੂਦ ਵੀ ਉਹ ਪਾਰਗਾਮੀ ਹੈ।

ਕਾਹੇ ਰੇ ਬਨ ਖੋਜਨ ਜਾਈ
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ।[33]

ਮਨੁੱਖ ਦੀ ਇਕ ਤੀਬਰ ਇੱਛਾ ਸਦੀਵੀ ਹੋਣ ਨਾਲ ਸੰਬੰਧਿਤ ਹੈ। ਮਨੁੱਖੀ ਸਭਿਆਚਾਰ ਉਸ ਦੀ ਇਸ ਇੱਛਾ ਦਾ ਹੀ ਪ੍ਰਗਟਾ ਹੈ। ਨਿੱਤ ਨਵੀਆਂ ਕਾਢਾਂ ਤੇ ਨਵੇਂ ਰਾਹਾਂ ਦਾ ਨਿਰਮਾਣ ਉਸ ਦੀ ਸਦੀਵਤਾ ਨੂੰ ਸਥਿਰ ਕਰਦੇ ਹਨ। ਪਰ ਮਨੁੱਖੀ ਸਰੀਰ ਦੀ ਵਿਨਾਸ਼ਸ਼ੀਲਤਾ ਉਸਦੀ ਅਸਥਿਰਤਾ ਦਾ ਪ੍ਰਗਟਾਵਾ ਹੈ। ਮਨੁੱਖ ਦੀ ਰਚਨਾਤਮਕਤਾ ਉਸ ਤੇ ਹਾਵੀ ਹੋ ਕੇ ਉਸ ਨੂੰ ਅਮਰ ਹੋਣ ਦਾ ਭ੍ਰਮ ਪ੍ਰਦਾਨ ਕਰਦੀ ਹੈ। ਇਸ ਤਰ੍ਹਾਂ ਮਨੁੱਖ ਦੀ ਜੀਵਨ ਯਾਤਰਾ ਕਾਲਕ ਸੀਮਾਵਾਂ ਤੋਂ ਸੁਤੰਤਰ ਹੋਣ ਨਾਲ ਸੰਬੰਧਿਤ ਹੈ। ਉਹ ਸਮੇਂ ਵਿਚ ਗੁਜ਼ਰਦਾ ਹੋਇਆ ਸਦੀਵਤਾ ਵੱਲ ਗਤੀਸ਼ੀਲ ਹੁੰਦਾ ਹੈ ਤੇ ਉਸ ਦੀ ਯਾਤਰਾ ਸਦੀਵਤਾ ਤੋਂ ਕਾਲ ਰਾਹੀਂ ਸਦੀਵਤਾ ਵੱਲ ਹੁੰਦੀ ਹੈ।[34]

ਪਾਰਗਾਮੀ ਦ੍ਰਿਸ਼ਟੀਕੋਣ ਧਰਮ ਦੇ ਵਾਸਤਵਿਕ ਅਰਥਾਂ ਨਾਲ ਸੰਬੰਧਿਤ ਹੈ। ਇਸ ਸਦੀ ਦੇ ਇਕ ਉਘੇ ਲੇਖਕ ਕ੍ਰਿਸਚੀਅਨ ਪਾਲ ਟਿਲਿਕ ਅਨੁਸਾਰ ਧਰਮ ਬੁਨਿਆਦੀ ਤੌਰ ਤੇ ਉਸ ਵੇਗ ਨਾਲ ਸੰਬੰਧਿਤ ਹੈ ਜੋ ਸਾਡਾ ਅੰਤਿਮ ਸਰੋਕਾਰ ਹੈ। ਇਸੇ ਅੰਤਿਮ ਸਰੋਕਾਰ ਦਾ ਨਾਂ ਰੱਬ ਹੈ।[35]

ਇਸ ਨਾਲ ਇਕਮਿਕਤਾ ਪ੍ਰਾਪਤ ਕਰਨ ਲਈ ਆਧਾਰਲੇ ਪਰੰਪਰਕ ਕ੍ਰਿਆਵਾਦੀ ਕਰਮਕਾਂਡ ਤੋਂ ਅੰਦਰੂਨੀ ਸੋਚ ਵੱਲ ਜਾਣ ਦੀ ਲੋੜ ਹੁੰਦੀ ਹੈ। ਜਦੋਂ ਬਾਹਰੀ ਕਰਮਕਾਂਡ ਭਾਵਹੀਣ ਹੋ ਜਾਂਦਾ ਹੈ ਤਾਂ ਮਨੁੱਖ ਮਾਨਸਿਕ ਤੌਰ ਤੇ ਸੰਕਟਗ੍ਰਸਤ ਹੋ ਜਾਂਦਾ ਹੈ। ਅਜਿਹਾ ਧਰਮ ਬੇਅਰਥਾ ਤੇ ਨਿਰਾਰਥਕ ਬਣ ਜਾਂਦਾ ਹੈ। ਸਿੱਖ ਧਰਮ ਨੇ ਪੁਰੋਹਤਵਾਦੀ ਕਰਮਕਾਂਡ ਨੂੰ ਮੁੱਢ ਤੋਂ ਇਨਕਾਰ ਕਰ ਦਿੱਤਾ। ਗੁਰੂ ਨਾਨਕ ਧਰਮ ਦੀਆਂ ਬਾਹਰਮੁਖੀ ਬੇਅਰਥੀਆਂ ਕਿਰਿਆਵਾਂ ਨੂੰ ਨਿਰਾਰਥਕ ਸਮਝਦੇ ਹਨ।

ਪੜਿ ਪੁਸਤਕ ਸੰਧਿਆ ਬਾਦੰ।। ਸਿਲ ਪੂਜਸਿ ਬਗੁਲ ਸਮਾਧੰ
ਮੁਖਿ ਝੂਠ ਬਿਭੂਖਣ ਸਾਰੰ।। ਤ੍ਰੈਪਾਲ ਤਿਹਾਲ ਬਿਚਾਰੰ
ਗਲਿ ਮਾਲਾ ਤਿਲਕੁ ਲਿਲਾਟੰ।। ਦੁਇ ਧੋਤੀ ਬਸਤ੍ਰ ਕਪਾਟੰ
ਜੇ ਜਾਣਸਿ ਬ੍ਰਹਮੰ ਕਰਮੰ।। ਸਭ ਫੋਕਟ ਨਿਸਚਉ ਕਰਮੰ
ਕਹੁ ਨਾਨਕ ਨਿਹਚਉ ਧਿਆਵੈ।। ਵਿਣੁ ਸਤਿਗੁਰ ਵਾਟ ਨ ਪਾਵੈ।[36]

ਪਾਰਗਾਮੀ ਦ੍ਰਿਸ਼ਟੀਕੋਣ ਮਨੁੱਖ ਨੂੰ ਸੀਮਿਤਤਾ ਤੋਂ ਅਸੀਮਤਾ ਵੱਲ ਲਿਜਾਂਦਾ ਹੈ। ਇਸੇ ਪ੍ਰਕ੍ਰਿਆ ਵਿੱਚ ਮਨੁੱਖ ਦੁਬਿਧਾ ਤੋਂ ਮੁਕਤ ਹੋ ਕੇ ਦੈਵੀ ਹੋਂਦ ਦੇ ਅਹਿਸਾਸ ਨੂੰ ਅਨੁਭਵ ਕਰਦਾ ਹੈ। ਅਜਿਹੀ ਅਵਸਥਾ ਵਿਚ ਸੰਕਟ ਉਪਜਾਉਣ ਵਾਲੇ ਕਾਰਕ ਕਾਮ, ਮੋਹ, ਹਉਮੈ ਤੇ ਤ੍ਰਿਸ਼ਨਾ ਦਾ ਵਿਨਾਸ਼ ਹੋ ਜਾਂਦਾ ਹੈ।

ਗੁਰਮਤਿ ਵਿਚਾਰਧਾਰਾ ਇਸ ਮੱਤ ਦੀ ਧਾਰਨੀ ਹੈ ਕਿ ਮਨੁੱਖ ਤੇ ਰੱਬ ਬਿਲਕੁਲ ਨੇੜੇ ਨੇੜੇ ਹਨ, ਵਿਚਕਾਰ ਇਕ ਕੰਧ ਅਗਿਆਨਤਾ ਦੀ ਹੈ। ਇਕ ਤਾਂ ਵੱਡੀ ਸਮੱਸਿਆ ਜੀਵ ਦਾ ਅਗਿਆਨੀ ਹੋਣਾ ਹੈ। ਦੂਜਾ ਅਗਿਆਨੀ ਹੁੰਦਿਆਂ ਹੋਇਆਂ ਆਪਣੇ ਆਪ ਨੂੰ ਗਿਆਨਵਾਨ ਸਮਝਣਾ ਉਸ ਦਾ ਹੋਰ ਵੱਡਾ ਸੰਕਟ ਹੈ। ਜਦੋਂ ਮਨੁੱਖ ਨੂੰ ਆਪਣੀ ਅਗਿਆਨਤਾ ਦਾ ਅਹਿਸਾਸ ਹੋ ਗਿਆ, ਉਸੇ ਵੇਲੇ ਸੰਕਟ ਦਾ ਨਿਵਾਰਣ ਸ਼ੁਰੂ ਹੋ ਜਾਂਦਾ ਹੈ।

ਗੁਰਬਾਣੀ ਵਿਚ ਉਚੀ ਤੇ ਨੀਵੀਂ ਪੱਧਰ ਦੇ ਜੀਵਨ ਦਾ ਜ਼ਿਕਰ ਥਾਂ ਥਾਂ ਕੀਤਾ ਗਿਆ ਹੈ। ਨੀਵੀਂ ਪੱਧਰ ਦਾ ਮਾਰਗ ਜੜਤਾ ਤੇ ਉਦਾਸੀਨਤਾ ਦਾ ਮਾਰਗ ਹੈ ਜਦ ਕਿ ਦੂਜਾ ਮਾਰਗ ਚੇਤਨਾ ਤੇ ਕਿਰਿਆਸ਼ੀਲਤਾ ਦਾ ਮਾਰਗ ਹੈ। ਪਹਿਲੀ ਸਥਿਤੀ ਵਿਅਕਤੀਗਤ ਸਥਿਤੀ ਹੈ ਤੇ ਦੂਜੀ ਪਾਰਗਾਮੀ ਸੰਭਾਵਨਾ ਦੀ ਹੈ।

ਹੁਣ ਸਿਆ ਕੇ ਇਉਂ ਕਿਹਾ ਜਾ ਸਕਦਾ ਹੈ ਕਿ ਪਾਰਗਾਮੀ ਦ੍ਰਿਸ਼ਟੀਕੋਣ ਹੀ ਵਿਅਕਤੀ ਦੀ ਕਠੋਰਤਾ, ਵਿਹਾਰਕ ਤੇ ਚੇਤਨਾ ਰਹਿਤ ਸਥਿਤੀ ਨੂੰ ਤੋੜ ਕੇ ਉਸਨੂੰ ਨਿਰੰਤਰ ਗਤੀਸ਼ੀਲ ਪ੍ਰਕਿਰਤੀ ਪ੍ਰਦਾਨ ਕਰਕੇ ਅਨੰਤਤਾ ਦੇ ਰੌਸ਼ਨ ਮਾਰਗ ਤੇ ਪਾ ਸਕਦਾ ਹੈ। ਜੋ ਸਿੱਖ ਧਰਮ ਅਨੁਸਾਰ ਜੀਵਨ ਦਾ ਅੰਤਿਮ ਮਨੋਰਥ ਹੈ, ਜਿਥੇ ਕਿਸੇ ਕਿਸਮ ਦੀ ਕੋਈ ਦੁਬਿਧਾ ਨਹੀਂ ਰਹਿੰਦੀ। ਮਨੁੱਖ ਹਰ ਸੰਕਟ ਤੋਂ ਮੁਕਤ ਹੋ ਕੇ ਅਨੰਤ ਅਨੰਦ ਦੀ ਅਵਸਥਾ ਵਿਚ ਸਮਾ ਜਾਂਦਾ ਹੈ।

ਮੁਕਤੀ ਦਾ ਸੰਕਲਪ ਬੁਨਿਆਦੀ ਤੌਰ ਤੇ ਮਨੁੱਖ ਦੇ ਸੰਕਲਪ ਨਾਲ ਜੁੜਿਆ ਹੋਇਆ ਹੈ। ਗੁਰਮਤ ਕਾਵਿ ਵਿਚ ਗੁਰਮੁਖ ਅਤੇ ਮਨਮੁਖਿ ਦੋ ਪ੍ਰਕਾਰ ਦੇ ਮਨੁੱਖਾਂ ਦੀ ਰੂਪ ਰੇਖਾ ਉਲੀਕਦੀ ਹੈ। ਮਨਮੁਖਿ ਵਿਅਕਤੀ ਸਾਧਾਰਣ ਮੂਲ ਪਰਵਿਰਤੀਆਂ ਦੀ ਜਕੜ ਵਿਚ ਕੈਦ ਹੋ ਕੇ ਪਾਸ਼ਵਿਕ ਪੱਧਰ ਦੀ ਜ਼ਿੰਦਗੀ ਜੀਉਂਦਾ ਹੈ, ਜੋ ਗੁਰੂ ਨਾਨਕ ਅਨੁਸਾਰ ਅਧਿਆਤਮਕ, ਨੈਤਿਕ ਪਤਨ ਦੀ ਦਸ਼ਾ ਦੀ ਸੂਚਕ ਹੈ। ਜਿਹੜਾ ਮਨੁੱਖ ਅਧਿਆਤਮਕ ਤੌਰ ਤੇ ਜਾਗ੍ਰਿਤ ਹੈ ਤੇ ਮਾਨਵੀ ਸੰਭਾਵਨਾ ਦੇ ਮਾਰਗ ਤੇ ਤੁਰਦਾ ਹੈ, ਉਹ ਗੁਰਮੁਖ ਹੈ। ਮਨੁੱਖ ਵਿਚ ਗੁਰਮੁਖਿ ਜਾਂ ਮਨਮੁਖਿ ਬਣਨ ਦੀਆਂ ਸਮਾਨ ਸੰਭਾਵਨਾਵਾਂ ਛੁਪੀਆਂ ਹੋਈਆਂ ਹਨ। ਮਨਮੁਖ ਵਿਅਕਤੀ ਸੰਕੀਰਣ ਸੋਚ ਤੇ ਖੁਦਗਰਜ਼ ਭਾਵਨਾ ਤਹਿਤ ਜ਼ਿੰਦਗੀ ਜੀਉਂਦਾ ਹੈ। ਮਾਨਸਿਕ ਸ਼ਾਂਤੀ ਤੋਂ ਵਿਹੂਣਾ ਉਸਦਾ ਜੀਵਨ ਉਸ ਲਈ ਬੋਝਲ ਬਣ ਜਾਂਦਾ ਹੈ।

> ਮਨਮੁਖ ਵਿਣੁ ਨਾਵੈ ਕੂੜਿਆਰ
> ਫਿਰਹਿ ਬੇਤਾਲਿਆ
> ਪਸੂ ਮਾਣਸ ਚੰਮਿ ਪਲੇਟੇ
> ਅੰਦਰਹੁ ਕਾਲਿਆ।[37]

ਗੁਰੂ ਦੀ ਅਧਿਆਤਮਕ ਅਗਵਾਈ ਸਦਕਾ ਹੀ ਮਨੁੱਖ ਇਸ ਮਾਨਸਿਕ ਭਟਕਣਾਂ ਤੋਂ ਛੁਟਕਾਰਾ ਪਾ ਸਕਦਾ ਹੈ। ਗੁਰਬਾਣੀ ਵਿਚ ਮਨੁੱਖ ਨੂੰ ਦੋ ਰਾਹ ਸੁਝਾਏ ਗਏ ਹਨ। ਇਕ ਰਾਹ

ਬੰਧਨਕਾਰਮਈ ਪਾਸ਼ਵਿਕ ਰੌਂਅ ਵੱਲ ਜਾਂਦਾ ਹੈ, ਦੂਜਾ ਰਾਹ ਪ੍ਰਕਾਸ਼ਮਈ ਦੈਵੀ ਪਾਸਾਰ ਵੱਲ ਸੰਕੇਤ ਕਰਦਾ ਹੈ। ਦੋ ਮੁੱਖੀ ਪ੍ਰਕਿਰਤੀ ਵਾਲੇ ਇਸ ਮਾਨਵ ਸੰਕਲਪ ਵਿਚ ਮੁਕਤੀ ਦਾ ਰੂਪ ਸਹਿਜੇ ਹੀ ਨਿਰਧਾਰਿਤ ਕੀਤਾ ਜਾ ਸਕਦਾ ਹੈ। ਡਾ. ਜਗਬੀਰ ਅਨੁਸਾਰ, "ਮੁਕਤੀ ਸ਼ਬਦ ਦੇ ਅਰਥ ਵਿਸਤ੍ਰਾਂ ਦਾ ਸੁਝਾਉ ਦਿੱਤਾ ਹੈ। ਨਾਂਹਵਾਚਕ ਦ੍ਰਿਸ਼ਟੀ ਤੋਂ ਇਹ ਕਿਸੇ ਪ੍ਰਕਾਰ ਦੇ ਬੰਧਨ ਤੋਂ ਛੁਟਕਾਰੇ ਦੀ ਅਵਸਥਾ ਦਾ ਸੂਚਕ ਹੈ। ਪਰ ਨਿਸ਼ਚੇਵਾਚਕ ਦ੍ਰਿਸ਼ਟੀ ਤੋਂ ਮੁਕਤੀ ਇਕ ਖ਼ਾਸ ਕਿਸਮ ਦੀ ਮਨੋਸਥਿਤੀ ਦੀ ਲਖਾਇਕ ਵੀ ਹੈ। ਵਾਸਤਵ ਵਿਚ ਇਹ ਦੋਵੇਂ ਅਰਥ ਇਕ ਦੂਜੇ ਦੇ ਪੂਰਕ ਹਨ ਅਤੇ ਮੁਕਤੀ ਦੇ ਕਲਿਆਣਕ ਚਰਿਤ੍ਰ ਵੱਲ ਸੰਕੇਤ ਕਰਦੇ ਹਨ। ਬੰਧਨ ਦੀ ਚੇਤਨਾ ਮੁਕਤੀ ਲਈ ਤਾਂਘ ਉਪਜਾਂਦੀ ਹੈ ਅਤੇ ਬੰਧਨਕਾਰੀ ਸ਼ਕਤੀਆਂ ਤੋਂ ਛੁਟਕਾਰਾ ਹਾਸਲ ਕਰਕੇ ਮਨੁੱਖ ਆਪਣੇ ਜੀਵਨ ਦੀ ਸਰਬ ਉੱਚ ਆਦਰਸ਼ ਸਥਿਤੀ ਦੀ ਪ੍ਰਾਪਤੀ ਕਰ ਲੈਂਦਾ ਹੈ ਜੋ ਬੰਧਨ ਤੋਂ ਰਹਿਤ ਪਰ ਆਪਣਾ ਨਿਸ਼ਚੇਮਈ ਚਰਿਤਰ ਰੱਖਣ ਵਾਲੀ ਅਵਸਥਾ ਹੈ।[38]

ਬੰਧਨ ਕੀ ਹੈ ? ਸਿੱਖ ਧਰਮ ਅਨੁਸਾਰ ਦ੍ਰਿਸ਼ਟੀ ਦਾ ਸਾਰਾ ਲੌਕਿਕ ਪਸਾਰਾ ਹੀ ਬੰਧਨ ਹੈ:

ਬੰਧਨ ਮਾਤ ਪਿਤਾ ਸੰਸਾਰਿ
ਬੰਧਨ ਸੁਤ ਕੰਨਿਆ ਅਰੁ ਨਾਰਿ
ਬੰਧਨ ਕਰਮ ਧਰਮ ਹਉ ਕੀਆ
ਬੰਧਨ ਪੁਤੁ ਕਲਤੁ ਮਨਿ ਬੀਆ।[39]

ਇਸ ਬੰਧਨ ਦਾ ਕਾਰਣ ਮਨੁੱਖ ਦੀ ਸੰਸਾਰਕ ਬਿਰਤੀ ਹੈ। ਹਉਮੈ ਵੱਸ ਮਨੁੱਖ ਸੰਕੀਰਣ ਸੋਚ ਦੇ ਦਾਇਰੇ ਵਿਚ ਗੁਲਾਮ ਹੋ ਕੇ ਰਹਿ ਜਾਂਦਾ ਹੈ। ਗੁਰੂ ਨਾਨਕ ਨੇ ਭਾਰਤੀ ਪਰੰਪਰਾ ਅਨੁਸਾਰ ਜਨਮ ਮਰਨ ਦੇ ਚੱਕਰ ਨੂੰ ਵੀ ਬੰਧਨ ਆਖਿਆ ਹੈ। ਧਰਮ ਸ਼ਾਸਤਰੀ ਸ਼ਬਦਾਵਲੀ ਵਿਚ ਬੰਧਨ ਦੀ ਅਵਸਥਾ ਮਨੁੱਖੀ ਆਤਮਾ ਦੇ ਆਪਣੇ ਮੂਲ ਸੋਮੇ ਤੋਂ ਵਿਛੜੇ ਹੋਣ ਦੀ ਅਵਸਥਾ ਹੈ। ਮੁਕਤੀ ਆਤਮਾ ਅਤੇ ਪਰਮਾਤਮਾ ਦੇ ਸੰਜੋਗ ਦੀ ਅਵਸਥਾ ਹੈ:

ਜੋਤੀ ਜੋਤਿ ਮਿਲਾਈਐ
ਸੁਰਤੀ ਸੁਰਤਿ ਸੰਜੋਗੁ
ਹਿੰਸਾ ਹਉਮੈ ਗਤੁ ਗਏ

ਨਾਹੀ ਸਹਸਾ ਸੋਗੁ।[40]

"ਪਰ ਅਸਲ ਮਸਲਾ ਇਸ ਅੰਦਰੀ ਅਵਸਥਾ ਦੀ ਪ੍ਰਤੀਕਾਤਮਕ ਸਾਰਥਕਤਾ ਨੂੰ ਸਮਝਣ ਦਾ ਹੈ। ਧਰਮ ਸ਼ਾਸਤਰੀ ਸ਼ਬਦਾਵਲੀ ਕਿਸੇ ਬਾਹਰਮੁਖ ਤੱਥ ਵੱਲ ਸੰਕੇਤ ਨਹੀਂ ਕਰਦੀ ਸਗੋਂ ਇਹ ਪ੍ਰਤੀਕ ਵਿਧੀ ਰਾਹੀਂ ਕਿਸੇ ਅਨੁਭਵ ਸੱਚ ਵੱਲ ਸੰਕੇਤ ਕਰਦੀ ਹੈ ਜਿਸ ਦੀ ਹੋਂਦ ਕੇਵਲ ਮਨੁੱਖ ਦੇ ਮੂਲ ਜਗਤ ਵਿਚ ਹੁੰਦੀ ਹੈ।"[41] ਯਾਨਿ ਆਤਮਾ ਦਾ ਪਰਮਾਤਮਾ ਨਾਲ ਸੰਜੋਗ ਮਨੁੱਖ ਦੀ ਤੀਬਰ ਅਧਿਆਤਮਕ ਪ੍ਰਾਪਤੀ ਦਾ ਪ੍ਰਤੀਕ ਹੈ।

ਆਪਣੇ ਮੈਂ ਦੀ ਪਛਾਣ ਆਪਣੇ ਆਪ ਤੋਂ ਉਚੇਰਾ ਉਠਣਾ ਹੈ। ਜਿਸ ਆਪੇ ਨੂੰ ਮਾਰਨ ਦੀ ਗੱਲ ਗੁਰਬਾਣੀ ਵਿਚ ਕੀਤੀ ਗਈ ਹੈ ਉਸ ਤੋਂ ਭਾਵ ਮਨੁੱਖ ਦੀ ਹਉਮੈਂ ਹੈ, ਯਾਨਿ ਲੌਕਿਕ ਸੰਸਾਰ ਵਿਚ ਵਿਚਰਦਾ ਉਸਦਾ ਵਿਵਹਾਰਕ ਆਪਾ ਹੈ ਅਤੇ ਜਿਸ ਆਪੇ ਨੂੰ ਸਿੱਧ ਕਰਨ ਦਾ ਸੰਕੇਤ ਬਾਣੀ ਵਿਚ ਮਿਲਦਾ ਹੈ, ਉਹ ਆਪਾ ਮਨੁੱਖ ਵਿਚਲਾ ਸੂਖਮ ਅੰਸ਼ ਹੈ। ਮੁਕਤੀ ਇਕ ਅਜਿਹਾ ਆਦਰਸ਼ ਹੈ ਜੋ ਰੋਜ਼ਾਨਾ ਜੀਵਨ ਦੇ ਬੰਧਨ ਤੋਂ ਨਿਰਪੇਖ ਸੁਤੰਤਰਤਾ ਪ੍ਰਾਪਤ ਕਰਨ ਦਾ ਯਤਨ ਹੈ। ਜੀਵਨ ਵਿਚ ਧਾਰਨ ਕੀਤੀ ਗਈ ਇਹ ਤਾਂਘ ਮਨੁੱਖ ਨੂੰ ਵਿਸ਼ੇਸ਼ ਭਾਂਤ ਦੀ ਮਨੋਸਥਿਤੀ ਪ੍ਰਦਾਨ ਕਰਦੀ ਹੈ ਜੋ ਸੰਪੂਰਨ ਮਨੁੱਖੀ ਸ਼ਖ਼ਸੀਅਤ ਦਾ ਅਧਿਆਤਮਕ ਨੈਤਿਕ ਰੂਪਾਂਤਰਣ ਕਰਨ ਵਿਚ ਸਮਰੱਥ ਹੈ। ਅਜਿਹਾ ਵਿਅਕਤੀ ਜਾਗਰਿਤ ਅਵਸਥਾ ਵਿਚ ਜੀਊਂਦਾ ਹੈ। ਅਜਿਹੇ ਮਨੁੱਖ ਜਿਨ੍ਹਾਂ ਦੀ ਸੋਚ ਦਾ ਦਾਇਰਾ ਕੇਵਲ ਲੌਕਿਕ ਪਸਾਰੇ ਤੱਕ ਮਹਿਦੂਦ ਰਹਿੰਦਾ ਹੈ, ਉਹ ਅਣ-ਜਾਗਰਿਤ ਅਵਸਥਾ ਵਿਚ ਵਿਚਰਦੇ ਹਨ। ਗੁਰਮੁਖ ਵਿਅਕਤੀ ਦੁਨਿਆਵੀ ਪ੍ਰਪੰਚ ਵਿਚ ਨਹੀਂ ਗੁਆਚਦਾ। ਉਹ ਹਮੇਸ਼ਾ ਪਰਾਲੌਕਿਕ ਤੱਤ ਨਾਲ ਰਿਸ਼ਤਾ ਸਥਾਪਤ ਕਰਦਾ ਹੈ। ਗੁਰਮਤ ਕਾਵਿ ਪਰੰਪਰਾ ਅਨੁਸਾਰ ਸੱਚ ਨੂੰ ਆਪਣੇ ਜੀਵਨ ਦਾ ਆਧਾਰ ਬਣਾਉਣ ਵਾਲਾ ਵਿਅਕਤੀ ਸਚਿਆਰ ਹੈ ਜਦ ਕਿ ਨੈਤਿਕ, ਅਧਿਆਤਮਕ ਪਤਨ ਦੀ ਅਵਸਥਾ ਵੱਲ ਖਿਸਕਦਾ ਵਿਅਕਤੀ ਕੂੜਿਆਰ ਹੈ। ਮੁਕਤ ਵਿਅਕਤੀ ਆਪਣੀ ਦ੍ਰਿਸ਼ਟੀ ਨੂੰ ਲੌਕਿਕ ਅਤੇ ਸੀਮਿਤ ਪਾਸਾਰ ਨਾਲੋਂ ਤੋੜ ਕੇ ਬ੍ਰਹਿਮੰਡ ਦੇ ਵਿਰਾਟ ਖੇਤਰ ਤੱਕ ਫੈਲਾ ਦਿੰਦਾ ਹੈ, ਇਸੇ ਕਾਰਨ ਉਹ ਸੰਸਾਰਕ ਦੁੱਖਾਂ ਤੋਂ ਵਿਆਕੁਲ ਨਹੀਂ ਹੁੰਦਾ।

ਸਿੱਖ ਧਰਮ ਵਿਚ ਨਵੇਂ ਮਾਨਵ ਦੀ ਸਿਰਜਣਾ ਦੀ ਸਮੱਸਿਆਨੂੰ ਉਸ ਵੇਲੇ ਦੀ ਰਾਜਨੀਤਕ ਸਮਾਜਿਕ ਤੇ ਧਾਰਮਿਕ ਹਾਲਾਤ ਦੇ ਪਿਛੋਕੜ ਵਿਚ ਸਮਝਿਆ ਜਾ ਸਕਦਾ ਹੈ। ਵਕਤ ਦੀ ਮੁਗ਼ਲ ਹਕੂਮਤ ਨੇ ਮਾਸੂਮ ਲੋਕਾਂ ਉਤੇ ਜ਼ੁਲਮ ਕਰਕੇ ਮਨੁੱਖੀ ਸੰਗਠਨ ਨੂੰ ਛਿੰਨ ਭਿੰਨ ਕਰ ਦਿੱਤਾ। ਇਸ

ਮਾਹੌਲ ਵਿਚ ਮਨੁੱਖ ਆਪਣੇ ਆਪ ਨਾਲੋਂ ਟੁੱਟ ਗਿਆ, ਮਨੁੱਖੀ ਚਰਿੱਤਰ ਦਾ ਪਤਨ ਹੋ ਗਿਆ। ਸਿੱਖ ਧਰਮ ਦੀ ਸਭ ਤੋਂ ਵੱਡੀ ਸਮੱਸਿਆ ਉਸ ਵੇਲੇ ਦੇ ਮਨੁੱਖ ਨੂੰ ਉਸ ਦੀ ਵਾਸਤਵਿਕਤਾ ਪ੍ਰਦਾਨ ਕਰਨਾ ਸੀ ਅਤੇ ਮਨੁੱਖੀ ਸ਼ਖ਼ਸੀਅਤ ਵਿਚ ਆਏ ਵਿਘਟਨ ਨੂੰ ਸੰਗਠਨ ਵਿਚ ਬਦਲਣਾ ਸੀ। ਉਸ ਵੇਲੇ ਦੇ ਪਰੰਪਰਾਵਾਦੀ ਕਵੀਆਂ ਨੇ ਹਾਲਾਤ ਦਾ ਟਾਕਰਾ ਕਰਨ ਦੀ ਬਜਾਇ ਪ੍ਰਲੋਕਮੁਖਤਾ ਨੂੰ ਜੀਵਨ ਦਾ ਅੰਤਿਮ ਮਨੋਰਥ ਦੱਸਿਆ ਪਰ ਗੁਰੂ ਕਾਵਿ ਪਰੰਪਰਾ ਨੇ ਸੰਸਾਰਕਤਾ ਤੇ ਰੂਹਾਨੀਅਤ ਦਾ ਸੰਜੋਗ ਕੀਤਾ ਤੇ ਉਸ ਵੇਲੇ ਦੇ ਮਹਾਨ ਅਧਿਆਤਮਵਾਦੀਆਂ ਦੀ ਤਰ੍ਹਾਂ ਜੀਵਨ ਦੀ ਵਿਅਰਥਤਾ ਤੇ ਜ਼ੋਰ ਨਹੀਂ ਦਿੱਤਾ।[42]

ਉਸ ਵੇਲੇ ਦਾ ਮਨੁੱਖ ਰਾਜਸੀ ਜਬਰ ਦਾ ਸ਼ਿਕਾਰ ਸੀ। ਰਾਜਾ ਆਪਣੇ ਆਪ ਨੂੰ ਸਭ ਤੋਂ ਉੱਤਮ ਹਸਤੀ ਮੰਨਦਾ ਸੀ ਪਰ ਗੁਰੂ ਨਾਨਕ ਨੇ ਵਕਤ ਦੀ ਹਕੂਮਤ ਅੱਗੇ ਸਿਰ ਨਹੀਂ ਝੁਕਾਇਆ ਉਸ ਨੇ ਰੱਬ ਦੀ ਸਰਬਸ਼ਕਤੀਮਾਨਤਾ ਦਾ ਉਪਦੇਸ਼ ਦਿੱਤਾ। ਗੁਰੂ ਨਾਨਕ ਦੀ ਇਸ ਕਿਸਮ ਦੀ ਵਿਚਾਰਧਾਰਾ ਸਮਾਜਿਕ ਇਨਕਲਾਬ ਦਾ ਸਾਧਨ ਬਣੀ। ਹਾਕਮ ਸ਼੍ਰੇਣੀ ਵਲੋਂ ਮਾਸੂਮ ਜਨਤਾ ਉਤੇ ਕੀਤੇ ਜਾ ਰਹੇ ਜਬਰ ਵਜੋਂ ਜੋ ਸੰਕਟ ਪੈਦਾ ਹੋ ਗਿਆ ਸੀ, ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਉਸ ਦਾ ਥਾਂ ਥਾਂ ਵਰਣਨ ਕੀਤਾ ਹੈ। ਵਿਸ਼ਵਾਸਹੀਣ ਪਰਜਾ ਦਾ, ਹਾਕਮਾਂ ਦੀ ਲੁੱਟ ਦਾ ਸ਼ਿਕਾਰ ਹੋਣਾ ਸਭ ਤੋਂ ਵੱਡਾ ਸੰਕਟ ਸੀ ਜਿਸ ਦਾ ਸਿੱਖ ਕਾਵਿ ਪਰੰਪਰਾ ਬੜੇ ਤਿੱਖੇ ਸੁਰ ਵਿਚ ਜ਼ਿਕਰ ਕਰਦੀ ਹੈ।

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ।[43]

ਰਾਜਸੀ ਜਬਰ ਨੂੰ ਦੂਰ ਕਰਨ ਦਾ ਦੂਜਾ ਢੰਗ ਗੁਰੂ ਨਾਨਕ ਨੇ ਇਹ ਵਰਤਿਆ ਕਿ ਉਸ ਨੇ ਆਪਣੇ ਕਾਵਿ ਵਿਚ ਬਾਦਸ਼ਾਹਾਂ ਨੂੰ ਗੈਰਮਨੁੱਖੀ ਕਰਤੱਵਾਂ ਵਿਚ ਜੁੜੇ ਦਿਖਾਇਆ। ਇਸ ਤਰ੍ਹਾਂ ਉਨ੍ਹਾਂ ਨੂੰ ਆਮ ਮਨੁੱਖ ਤੋਂ ਵੀ ਘਟੀਆ ਕਰਾਰ ਦਿੱਤਾ।[44]

ਮੁਸਲਮਾਨ ਹਮਲਾਵਰਾਂ ਦੇ ਵਾਰ ਵਾਰ ਹਮਲਿਆਂ ਨਾਲ ਦੇਸ਼ ਦੀ ਆਰਥਿਕ ਵਿਵਸਥਾ ਬਿਲਕੁਲ ਖੋਖਲੀ ਹੋ ਗਈ ਸੀ। ਸਮਾਜ ਦੇ ਇਸ ਸੰਕਟ ਦਾ ਮੂਲ ਕਾਰਣ ਸਮਕਾਲੀਨ ਰਾਜਨੀਤੀ ਹੀ ਤਾਂ ਸੀ। ਉਸ ਵੇਲੇ ਦੀ ਹਕੂਮਤ, ਮੁਗ਼ਲੀ ਹਕੂਮਤ ਸੀ ਤੇ ਉਹ ਬਹੁਤ ਕਰਕੇ ਇਸਲਾਮੀ ਸ਼ਰ੍ਹਾ ਦੇ ਅਨੁਸਾਰ ਸ਼ਾਸਨ ਪ੍ਰਬੰਧ ਕਰ ਰਹੀ ਸੀ। ਜਾਗੀਰਦਾਰੀ ਪੂਰੇ ਜ਼ੋਰਾਂ ਤੇ ਸੀ। ਹਰ ਜਾਗੀਰਦਾਰ

ਆਪਣੀ ਵਿਲਾਸਤਾ ਦੀ ਪੂਰਤੀ ਲਈ ਪ੍ਰਯਤਨਸ਼ੀਲ ਸੀ। ਭਾਰਤ ਦੇ ਮੁਸਲਮਾਨ ਸ਼ਾਸਕ ਸਾਰਾ ਜ਼ੋਰ ਇਸਲਾਮ ਦੇ ਪ੍ਰਚਾਰ ਉੱਤੇ ਲਾ ਰਹੇ ਸਨ। ਅਜਿਹੇ ਸਮੇਂ ਵਿਚ ਜਾਗੀਰਦਾਰਾਂ ਤੇ ਹਾਕਮਾਂ ਨੂੰ ਕਾਜ਼ੀ, ਸ਼ੇਖ਼, ਬ੍ਰਾਹਮਣ, ਚੌਧਰੀਏ, ਮਾਣ ਸਨਮਾਣੇ ਰਹਿਆਂ ਸਿਰਫ਼ ਗੁਰੂ ਨਾਨਕ ਦੀ ਹੀ ਖੁਸ਼ਬਤ ਸੀ। ਕਾਜ਼ੀ ਤੇ ਮੁਲਾਣੇ ਰਿਸ਼ਵਤ ਲੈ ਕੇ ਫ਼ੈਸਲੇ ਕਰਦੇ ਸਨ। ਭਾਈ ਗੁਰਦਾਸ ਨੇ ਆਪਣੀ ਪਹਿਲੀ ਵਾਰ ਵਿਚ ਉਨ੍ਹਾਂ ਦੇ ਕਿਰਦਾਰ ਨੂੰ ਇਉਂ ਉਘਾੜਿਆ ਹੈ:

ਕਾਜ਼ੀ ਹੋਏ ਰਿਸ਼ਵਤੀ
ਵੱਢੀ ਲੈ ਕੇ ਹੱਕ ਗਵਾਇਨ

ਗੁਰੂ ਨਾਨਕ ਨੇ ਪ੍ਰਚਲਿਤ ਰੀਤਾਂ ਦੇ ਖੋਖਲੇਪਨ ਨੂੰ ਉਘਾੜਦਿਆਂ ਹੋਇਆਂ ਕਿਹਾ ਕਿ ਮਨੁੱਖ ਦਾ ਲਹੂ ਚੂਸਣ ਵਾਲੇ ਮੁਸਲਮਾਨ ਸ਼ਾਸਕ ਨਮਾਜ਼ ਪੜ੍ਹ ਵੀ ਲੈਣ ਤਾਂ ਕਿਸ ਕੰਮ?

ਮਾਣਸ ਖਾਣੇ ਕਰਹਿ ਨਿਵਾਜ॥
ਛੁਰੀ ਵਗਾਇਨਿ ਤਿਨ ਗਲਿ ਤਾਗ॥[45]

ਹਰ ਪਾਸੇ ਅਧਰਮ ਤੇ ਜਬਰ ਦਾ ਬੋਲਬਾਲਾ ਸੀ। ਦੇਸ਼ ਭਰ ਵਿਚ ਭ੍ਰਿਸ਼ਟਾਚਾਰੀ ਤੇ ਰਿਸ਼ਵਤਖੋਰੀ ਫੈਲੀ ਹੋਈ ਸੀ। ਇਕ ਪਾਸੇ ਅਮੀਰ ਵਰਗ, ਰਾਜੇ ਤੇ ਸ਼ਾਸਕ ਵਿਲਾਸਤਾ ਦੇ ਨਸ਼ੇ ਵਿਚ ਗੜੂੰਦ ਸਨ ਤੇ ਦੂਜੇ ਪਾਸੇ ਆਮ ਮਨੁੱਖ ਦੀ ਹਾਲਤ ਬੜੀ ਤਰਸਯੋਗ ਸੀ। ਅਜਿਹੀ ਨਿਘਰ ਰਹੀ ਅਵਸਥਾ ਵਿਚ ਗੁਰੂ ਨਾਨਕ ਨੇ ਇਕ ਸੱਚੇ ਦੇਸ਼ ਹਿਤੈਸ਼ੀ ਵਾਂਗ ਸਮਕਾਲੀਨ ਰਾਜਨੀਤਕ ਤੇ ਆਰਥਿਕ ਵਿਵਸਥਾ ਤੇ ਮਨੁੱਖ ਨੂੰ ਚੇਤੰਨ ਕੀਤਾ। ਹਿੰਦੂ ਲੋਕਾਂ ਕੋਲੋਂ ਵਪਾਰ ਖੁੱਸ ਗਏ ਸਨ। ਉਹ ਪੇਟ ਭਰਨ ਵਾਸਤੇ ਕਈ ਤਰ੍ਹਾਂ ਦੇ ਪਖੰਡ ਰਚ ਕੇ ਧਨ ਕਮਾ ਰਹੇ ਸਨ। ਦਰਅਸਲ ਉਸ ਸਮੇਂ ਸਾਮੰਤਸ਼ਾਹੀ, ਜਾਗੀਰਦਾਰੀ ਤੇ ਧਾਰਮਿਕ ਆਡੰਬਰ ਆਪਣੀ ਪੂਰੀ ਕਰੂਪਤਾ ਵਿਚ ਵਿਚਰ ਰਿਹਾ ਸੀ। ਸਿੱਖ ਧਰਮ ਨੇ ਅਜਿਹੀ ਗ਼ੈਰਮਾਨਵਵਾਦੀ ਕੀਮਤਾਂ ਦੀ ਕਠੋਰ ਸ਼ਬਦਾਂ ਵਿਚ ਨਿਖੇਧੀ ਕੀਤੀ:

ਖਾਇਨਿ ਬੈਠੇ ਨਵਹਿ ਕੂੜੁ॥
ਪੈਰ ਫਸਾਇਨਿ ਬੇਗਹਿ ਜਿਉ॥
ਉਠਿ ਉਠਿ ਜਾਵਾ ਜਾਵੈ ਪਾਇ॥

ਵੇਖੈ ਲੋਕੁ ਹਸੈ ਘਰਿ ਜਾਇ।।
ਰੋਟੀਆ ਕਾਰਣਿ ਪੂਰਹਿ ਤਾਲ।।[46]

ਮਾਸੂਮ ਲੋਕ ਕਰਾਮਾਤਾਂ ਦੇ ਜਾਲ ਵਿਚ ਜਕੜੇ ਪਏ ਸਨ। ਦੂਜੇ ਪਾਸੇ ਨਾਥ ਜੋਗੀ ਆਪਣੀ ਰੋਜ਼ੀ ਦੀ ਪ੍ਰਾਪਤੀ ਲੋਕਾਂ ਵਿਚ ਬੈਠ ਬੈਠ ਭੇਸ ਧਾਰਦੇ ਤੇ ਉਨ੍ਹਾਂ ਨੂੰ ਕਰਾਮਾਤਾਂ ਵਿਖਾ ਕੇ ਹੋਰ ਅੰਧਕਾਰ ਵਿਚ ਲਿਜਾ ਰਹੇ ਸਨ। ਹਰ ਪਾਸੇ ਕੂੜ ਦੀ ਪ੍ਰਧਾਨਤਾ ਸੀ। ਉਸ ਵੇਲੇ ਦੇ ਮਨੁੱਖ ਦੀ ਸਭ ਤੋਂ ਵੱਡੀ ਲੋੜ ਸੱਚ ਦੀ ਪਛਾਣ ਕਰਨੀ ਸੀ। ਗੁਰੂ ਨਾਨਕ ਨੇ ਥੋੜ੍ਹੇ ਜਿਹੇ ਸ਼ਬਦਾਂ ਵਿਚ ਕਿੰਨਾ ਵੱਡਾ ਸੱਚ ਉਲੀਕਿਆ ਹੈ।

ਕੂੜਿ ਰਾਸਿ ਕੂੜਾ ਵਪਾਰੁ
ਕੂੜੁ ਬੋਲਿ ਕਰਹਿ ਆਹਾਰੁ
ਸਰਮ ਧਰਮਕਾਡੇਰਾ ਦੂਰਿ
ਨਾਨਕ ਕੂੜੁ ਰਹਿਆ ਭਰਪੂਰਿ
ਮਥੈ ਟਿਕਾ ਤੇੜਿ ਧੋਤੀ ਕਖਾਈ
ਹਥ ਛੁਰੀ ਜਗਤ ਕਾਸਾਈ।[47]

ਸਮਕਾਲੀ ਸਮਾਜ ਧਾਰਮਿਕ ਅਕੀਦਿਆਂ ਦੇ ਆਧਾਰ ਤੇ ਅਨੇਕ ਜਾਤੀਆਂ ਅਤੇ ਉਪ-ਜਾਤੀਆਂ ਵਿਚ ਵੰਡਿਆ ਹੋਇਆ ਸੀ। ਸਮਾਜ ਦੇ ਆਗੂਆਂ ਲਈ ਇਹ ਬੜੀ ਪ੍ਰਸੰਨਤਾ ਦੀ ਗੱਲ ਸੀ, ਕਿਉਂਕਿ ਉਨ੍ਹਾਂ ਦੀ ਇਹੋ ਇਕ ਪ੍ਰਬਲ ਇੱਛਾ ਹੁੰਦੀ ਸੀ ਕਿ ਭਿੰਨ ਭਿੰਨ ਵਰਗ ਕਦੀ ਵੀ ਇਕ ਜੁਟ ਨਾ ਹੋ ਸਕਣ। ਕਿਸੇ ਵੀ ਸਮਾਜ ਵਿਚ ਭਿੰਨ ਭਿੰਨ ਵ੍ਰਿਤੀਆਂ ਦੇ ਲੋਕ ਜਦੋਂ ਕੂੜ ਹੋ ਜਾਣ ਤਾਂ ਹਰ ਵਿਅਕਤੀ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਸੰਘਰਸ਼ ਕਰਦਾ ਹੈ। ਜਿਸ ਵਿਚੋਂ ਖੁਦ ਬਖੁਦ ਨਫ਼ਰਤ ਉਪਜਦੀ ਹੈ। ਸਮਾਜ ਦੀ ਇਹ ਸਥਿਤੀ ਹੈ ਵਿਰੋਧੀ ਧੜਿਆਂ ਨੂੰ ਜਨਮ ਦੇ ਰਹੀ ਸੀ। ਇਕ ਪਾਸੇ ਉਹ ਵਰਗ ਸੀ ਜਿਸ ਨੂੰ ਇਸ ਨਫ਼ਰਤ ਨੇ ਇੰਨੇ ਘੋਰ ਹਨੇਰੇ ਵਿਚ ਸੁੱਟ ਦਿੱਤਾ ਸੀ ਕਿ ਜਿਨ੍ਹਾਂ ਦੀ ਸੋਚ ਪਦਾਰਥਵਾਦ ਦੇ ਸੰਕੀਰਣ ਦਾਇਰੇ ਵਿਚ ਜਕੜ ਕੇ ਰਹਿ ਗਈ ਸੀ। ਦੂਜੇ ਪਾਸੇ ਉਹ ਵਰਗ ਸੀ ਜਿਹੜੇ ਇਸ ਵੈਰਵਰੋਧੀ ਹਾਲਾਤ ਤੋਂ ਇੰਨੇ ਉਪਰਾਮ ਹੋ ਗਏ ਸਨ ਕਿ ਉਨ੍ਹਾਂ ਨੇ ਸਮਾਜ ਤੋਂ ਕਿਨਾਰਾਕਸ਼ੀ ਕਰ ਲੈਣ ਦੀ ਬਿਹਤਰ ਸਮਝ

ਗਿਆ ਸੀ। ਸਭਿਆਚਾਰਕ ਬੇਚੈਨੀ ਤੇ ਰਾਜਸੀ ਉਥਲ ਪੁਥਲ ਕਾਰਣ ਇਖ਼ਲਾਕੀ ਦਸ਼ਾ ਵੀ ਨਿਘਰਦੀ ਜਾ ਰਹੀ ਸੀ। ਕਰਮ ਸਿਧਾਂਤ ਸੰਨਿਆਸ ਉਤੇ ਜ਼ੋਰ ਦਿੱਤਾ ਸੀ ਜਿਸ ਨੇ ਸਾਰੀ ਕੌਮ ਵਿਚ ਪਲਾਇਨਵਾਦੀ ਰੁਚੀ ਤੇ ਨਿਰਾਸ਼ਾਵਾਦ ਪੈਦਾ ਕਰ ਦਿੱਤਾ ਸੀ। ਹਿੰਦੂ ਦਰਸ਼ਨ ਦੀ ਪਲਾਇਨਵਾਦੀ ਤੇ ਅਹਿੰਸਾਵਾਦੀ ਫ਼ਿਲਾਸਫ਼ੀ ਨੇ ਹਮਲਾਵਰਾਂ ਨੂੰ ਹੋਰ ਜ਼ੁਲਮ ਤੇ ਅਤਿਆਚਾਰ ਕਰਨ ਲਈ ਹੋਰ ਉਕਸਾਇਆ। ਸੰਕਟ ਦੇ ਇਸ ਦੌਰ ਵਿਚ ਕਿਸੇ ਅਜਿਹੇ ਆਗੂ ਦੀ ਲੋੜ ਸੀ ਜਿਹੜਾ ਸਮਾਜ ਨੂੰ ਇਸ ਨਿਰਾਸ਼ਾਜਨਕ ਸਥਿਤੀ ਤੋਂ ਨਿਜਾਤ ਦਿਵਾਉਂਦਾ। ਕਿਉਂਕਿ ਅਜਿਹੀਆਂ ਹੀ ਰੁਚੀਆਂ ਭਾਰੂ ਹੋ ਕੇ ਦੇਸ਼ ਤੇ ਕੌਮ ਲਈ ਹੋਰ ਵਧੇਰੇ ਸੰਕਟ ਪੈਦਾ ਕਰ ਰਹੀਆਂ ਸਨ। ਮਨੁੱਖ ਆਤਮਿਕ ਮੰਡਲ ਤੋਂ ਬਿਲਕੁਲ ਹੀਣਾ ਹੋ ਗਿਆ ਸੀ। ਸਿੱਖ ਧਰਮ ਦਾ ਮੋਢੀ ਗੁਰੂ ਨਾਨਕ ਭਗਤੀ ਲਹਿਰ ਦੇ ਉਨ੍ਹਾਂ ਥੋੜ੍ਹੇ ਜਿਹੇ ਕਵੀਆਂ ਵਿਚੋਂ ਇਕ ਸੀ ਜਿਸ ਨੇ ਅਧਿਆਤਮਕ ਸਾਧਨਾ ਵਿਚ ਲੀਨ ਰਹਿੰਦਿਆਂ ਹੋਇਆਂ ਵੀ ਲੌਕਿਕ ਜੀਵਨ ਤੋਂ ਪਲਾਇਨਵਾਦੀ ਰੁਚੀ ਦੀ ਖੁੱਲ ਕੇ ਵਿਰੋਧਤਾ ਕੀਤੀ। ਸਮਾਜ ਵਿਚ ਫੈਲੇ ਹੋਏ ਕਰਮਕਾਂਡਵਾਦੀ ਕੰਮਾਂ ਦੀ ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਭਰਪੂਰ ਆਲੋਚਨਾ ਕੀਤੀ। ਪੁਰੋਹਿਤ ਵਰਗ ਦੀ ਸਵਾਰਥਤਾ, ਦੇਵੀ ਦੇਵਤਿਆਂ, ਪੀਰਾਂ ਫ਼ਕੀਰਾਂ ਤੇ ਮੜ੍ਹੀ ਮਸਾਣਾਂ ਦੀ ਅੰਧਾਧੁੰਦ ਪੂਜਾ ਦੀ ਡੱਟ ਕੇ ਵਿਰੋਧਤਾ ਕੀਤੀ। ਅਜਿਹੇ ਪਖੰਡਵਾਦੀ ਕਰਮਕਾਂਡਾਂ ਕਰਕੇ ਮਨੁੱਖੀ ਸ਼ਖ਼ਸੀਅਤ ਦਾ ਪਤਨ ਹੋ ਗਿਆ ਸੀ। ਲੋਕ ਹੀਣ ਭਾਵਨਾ ਦਾ ਸ਼ਿਕਾਰ ਹੋ ਚੁੱਕੇ ਸਨ। ਸਿੱਖ ਧਰਮ ਦਾ ਮੁੱਖ ਉਦੇਸ਼ ਸਮਕਾਲੀ ਸਮਾਜ ਵਿਚ ਅਜਿਹੀ ਕਰਾਂਤੀ ਲਿਆਉਣਾ ਸੀ ਜਿਸ ਸਦਕਾ ਲੋਕਾਂ ਦਾ ਅਲੋਪ ਹੋ ਚੁੱਕਾ ਸਵੈਮਾਣ ਮੁੜ ਜਾਗ ਪਵੇ।

ਅਜਿਹੇ ਸਮਾਜ ਵਿਚ ਜਾਤਪਾਤ ਦੇ ਆਧਾਰ ਤੇ ਬ੍ਰਾਹਮਣ ਵਰਗ ਕੁਲਮੁਖ਼ਤਿਆਰ ਬਣ ਬੈਠਾ। ਬ੍ਰਾਹਮਣ ਦਾ ਪੁੱਤਰ ਬ੍ਰਾਹਮਣ ਹੀ ਰਹਿਣ ਲੱਗਾ। ਜਾਤਪਾਤ ਦੀ ਇਸ ਵੰਡ ਕਾਰਣ ਸ਼ੂਦਰ ਦੀ ਦਸ਼ਾ ਅਤਿ ਤਰਸਯੋਗ ਸੀ। ਇਕ ਤਾਂ ਵਿਦੇਸ਼ੀ ਹਮਲੇ ਤੇ ਦੂਜਾ ਇਨ੍ਹਾਂ ਫੋਕੇ ਕਰਮਕਾਂਡਾਂ ਕਾਰਣ ਮਨੁੱਖ ਬੜੇ ਸੰਕਟ ਦੇ ਦੌਰ ਵਿਚੋਂ ਗੁਜ਼ਰ ਰਿਹਾ ਸੀ। ਇਨ੍ਹਾਂ ਜਾਤਪਾਤ ਦੇ ਵਖੇਵਿਆਂ ਵਜੋਂ ਮਨੁੱਖ ਦੀ ਪਛਾਣ ਮਨੁੱਖ ਹੋਣ ਦੇ ਨਾਤੇ ਨਹੀਂ ਸਗੋਂ ਹਿੰਦੂ, ਮੁਸਲਮਾਨ ਜਾਂ ਬ੍ਰਾਹਮਣ ਹੋਣ ਦੇ ਨਾਤੇ ਕੀਤੀ ਜਾਂਦੀ ਸੀ। ਗੁਰਮਤਿ ਪਰੰਪਰਾ ਨੇ ਇਸ ਵਰਣ ਵਿਧਾਨ ਦਾ ਖੰਡਨ ਕੀਤਾ। ਸਿੱਖ ਧਰਮ ਅਨੁਸਾਰ ਇਸ ਜਗਤ ਦੀ ਰਚਨਾ ਇਕੋ ਹੀ ਜੋਤ ਤੋਂ ਹੋਈ ਹੈ। ਜਿਵੇਂ ਘੁਮਿਆਰ ਇਕੋ ਹੀ ਮਿੱਟੀ ਤੋਂ ਵੱਖ ਵੱਖ ਕਿਸਮ ਦੇ ਭਾਂਡੇ ਘੜਦਾ ਹੈ ਤਿਵੇਂ ਹੀ ਇਸ ਸ੍ਰਿਸ਼ਟੀ ਦੇ ਸਾਰੇ ਜੀਵ ਇਕੋ ਹੀ ਮਿੱਟੀ ਦੀ ਉਪਜ ਹਨ।

ਚਾਰੇ ਵਰਨ ਆਖੈ ਸਭੁ ਕੋਈ
ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ
ਮਾਟੀ ਏਕ ਸਗਲ ਸੰਸਾਰਾ
ਬਹੁਤ ਬਿਧਿ ਭਾਂਡੇ ਘੜੈ ਕੁਮ੍ਹਾਰਾ।[48]

ਜਦੋਂ ਸਭ ਜੀਵ ਬਰਾਬਰ ਹਨ ਤਾਂ ਫੇਰ ਉਚੀ ਜਾਤ ਦਾ ਹੰਕਾਰ ਕਿਉਂ? ਗੁਰੂਆਂ ਨੇ ਜਾਤ ਪਾਤ ਦਾ ਖੰਡਨ ਬੜੇ ਸਪਸ਼ਟ ਸ਼ਬਦਾਂ ਵਿਚ ਕੀਤਾ।

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ
ਇਸ ਗਰਬ ਤੇ ਚਲਹਿ ਬਹੁਤੁ ਵਿਕਾਰਾ।[49]

ਉਨ੍ਹਾਂ ਵਡਿਆਈ ਦਾ ਆਧਾਰ ਮਨੁੱਖ ਦੇ ਚੰਗੇ ਕਰਮਾਂ ਨੂੰ ਮੰਨਿਆ ਨਾ ਕਿ ਉਸਦੀ ਜਾਤ ਨੂੰ।

ਖਤ੍ਰੀ ਸੋ ਜੁ ਕਰਮਾ ਕਾ ਸੂਰੁ
ਪੁੰਨ ਦਾਨ ਕਾ ਕਰੈ ਸਰੀਰੁ
ਖੇਤੁ ਪਛਾਣੈ ਬੀਜੈ ਦਾਨੁ
ਸੋ ਖਤ੍ਰੀ ਦਰਗਹ ਪਰਵਾਣੁ।[50]

ਸਾਮਰਾਜੀ ਹਕੂਮਤ ਵੇਲੇ ਜਿਵੇਂ ਹਿੰਦੁਸਤਾਨੀ ਰਾਜੇ ਆਪਣੇ ਲੋਕਾਂ ਦੇ ਦੁਖ ਦੂਰ ਕਰਨ ਦੀ ਬਜਾਇ ਅੰਗਰੇਜ਼ੀ ਹਕੂਮਤ ਦੇ ਪਿੱਠੂ ਬਣੇ ਹੋਏ ਸਨ ਤਿਵੇਂ ਹੀ ਅੰਗਰੇਜ਼ਾਂ ਦੀ ਹਕੂਮਤ ਤੋਂ ਪਹਿਲਾਂ ਹਿੰਦੂ, ਪੰਡਤ, ਮੁਗਲ ਸਾਮਰਾਜ ਦੇ ਖੁਸ਼ਾਮਦੀ ਬਣੇ ਹੋਏ ਸਨ। ਸਾਧਾਰਨ ਜਨਤਾ ਨੂੰ ਧਾਰਮਿਕ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਕਿਉਂਕਿ ਧਾਰਮਿਕ ਆਗੂਆਂ ਦਾ ਕਿਰਦਾਰ ਤਾਂ ਇਹੋ ਜਿਹਾ ਸੀ।

ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ
ਅੰਤਰਿ ਪੂਜਾ ਪੜਹਿ ਕਤੇਬਾਂ ਸੰਜਮੁ ਤੁਰਕਾ ਭਾਈ।[51]

ਗੁਰਮਤਿ ਕਾਵਿ ਪਰੰਪਰਾ ਨੇ ਪ੍ਰਚਲਤ ਧਾਰਮਿਕ ਪਰੰਪਰਾ ਦਾ ਬੜੇ ਤਿੱਖੇ ਸੁਰ ਵਿਚ ਵਿਰੋਧ ਕੀਤਾ। ਵੱਖ ਵੱਖ ਧਰਮਾਂ ਵਿਚ ਆਈਆਂ ਕੁਰੀਤੀਆਂ ਦੀ ਸਪਸ਼ਟ ਆਲੋਚਨਾ ਕੀਤੀ। ਅਜਿਹੇ ਸਮੇਂ ਵਿਚ ਸਮਾਜ ਦੀ ਨਵ-ਸਿਰਜਣਾ ਲਈ ਸਾਧਾਰਣ ਮਨੁੱਖ ਦਾ ਆਤਮਿਕ ਵਿਕਾਸ ਬੜਾ ਜ਼ਰੂਰੀ ਸੀ ਪਰ ਉਸ ਸਮੇਂ ਆਤਮਿਕ ਵਿਕਾਸ ਦੇ ਵਿਪਰੀਤ ਕਰਮਕਾਂਡਾਂ ਨੇ ਧਰਮ ਦੀ ਥਾਂ ਲੈ ਲਈ ਸੀ, "ਬ੍ਰਾਹਮਣ ਸ਼੍ਰੇਣੀ ਨੇ ਆਪਣੀ ਚੜ੍ਹਿਆਈ ਜਾਂ ਸੁਆਰਥ ਸਿੱਧੀ ਲਈ ਲੋਕਾਂ ਨੂੰ ਕਰਮਾਂ ਧਰਮਾਂ ਦੇ ਚੱਕਰ ਵਿਚ ਏਨਾ ਉਲਝਾਇਆ ਹੋਇਆ ਸੀ ਕਿ ਉਨ੍ਹਾਂ ਦਾ ਵਿਅਕਤਿਤਵ ਸਹੀ ਦਿਸ਼ਾ ਵੱਲ ਵਿਕਸਿਤ ਨਹੀਂ ਸੀ ਹੋ ਰਿਹਾ। ਕਰਮਕਾਂਡ ਨੇ ਹੀ ਧਰਮ ਦੀ ਥਾਂ ਲੈ ਲਈ ਸੀ। ਉਨ੍ਹਾਂ ਨੂੰ ਇਹ ਵਿਸ਼ਵਾਸ ਦੁਆਇਆ ਜਾਂਦਾ ਸੀ ਕਿ ਉਹ ਕਰਮਕਾਂਡ ਨਾਲ ਦੇਵਤਿਆਂ ਨੂੰ ਪ੍ਰਸੰਨ ਕਰਕੇ ਉਨ੍ਹਾਂ ਪਾਸੋਂ ਮਨ-ਇੱਛਿਤ ਫਲ ਪ੍ਰਾਪਤ ਕਰ ਸਕਦੇ ਹਨ।"[52]

ਲੋਕੀ ਸਮੇਂ ਦੀ ਗੁਲਾਮੀ ਕਾਰਣ ਆਪਣੀ ਮਾਨਸਿਕ ਤੌਰ ਤੇ ਵੀ ਗੁਲਾਮ ਹੋ ਚੁੱਕੇ ਸਨ। ਉਨ੍ਹਾਂ ਦੇ ਹਰ ਕਾਰਜ ਇਥੋਂ ਤੱਕ ਕਿ ਖਾਣ-ਪੀਣ, ਪਹਿਨਣ ਵਿਚੋਂ ਵੀ ਉਨ੍ਹਾਂ ਦੀ ਹੀਣ ਭਾਵਨਾ ਸਪਸ਼ਟ ਨਜ਼ਰ ਆਉਂਦੀ ਸੀ। ਉਹ ਹਰ ਕੰਮ ਹਾਕਮ ਵਰਗ ਦੀ ਖ਼ੁਸ਼ੀ ਹਾਸਲ ਕਰਨ ਲਈ ਕਰਦੇ ਸਨ। ਗੁਰੂ ਨਾਨਕ ਦੇ ਆਗਮਨ ਸਮੇਂ ਸਾਧਾਰਣ ਹਿੰਦੂ ਧਰਮ ਦਾ ਵਿਹਾਰ ਕੇਵਲ ਪਹਿਨਣ-ਪੱਚਰਣ, ਪੂਜਾ-ਪਾਠ, ਤੀਰਥ-ਯਾਤਰਾ, ਮਾਲਾ-ਤਿਲਕ ਆਦਿ ਬਾਹਰਲੇ ਆਡੰਬਰ ਪ੍ਰਧਾਨ ਕਰਮਕਾਂਡ ਤੱਕ ਸੀਮਿਤ ਹੋ ਕੇ ਰਹਿ ਗਿਆ ਸੀ। ਗੁਰੂ ਨਾਨਕ ਦੀ ਬਾਣੀ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਉਸਨੇ ਇਸ ਥੋਥੇ ਕਰਮਕਾਂਡ ਦੀ ਨਿੰਦਾ ਕੀਤੀ।

ਫੋਕਲੇ ਪਾਖੰਡਾ, ਨਾਮਿ ਹਰਿਕੈ ਜਾਇ ਤਰਣਾ।[53]

ਹਰੀ ਰਾਮ ਗੁਪਤਾ ਦਾ ਇਹ ਕਹਿਣਾ ਬਿਲਕੁਲ ਠੀਕ ਹੈ ਕਿ, "ਉਸ ਸਮੇਂ ਰਾਜਨੀਤਕ ਦਸ਼ਾ ਮਾੜੀ ਹੋਣ ਦੇ ਨਾਲ ਨਾਲ ਆਰਥਕ ਦਸ਼ਾ ਵੀ ਮਾੜੀ ਸੀ। ਲੋਧੀਆਂ ਦੇ ਰਾਜ ਵੇਲੇ ਪ੍ਰਬੰਧ ਕੋਈ ਚੰਗਾ ਨਹੀਂ ਸੀ। ਦੇਸ਼ ਛੋਟੇ ਛੋਟੇ ਹਿੱਸਿਆਂ ਵਿਚ ਵੰਡਿਆ ਹੋਣ ਕਰਕੇ ਆਪਸੀ ਝਗੜੇ ਅਤੇ ਬਾਹਰਲੇ ਹਮਲੇ ਅਕਸਰ ਹੁੰਦੇ ਰਹਿੰਦੇ ਸਨ। ਜਿਸ ਕਰਕੇ ਦੇਸ਼ ਵਿਚ ਪ੍ਰਗਤੀ ਤਾਂ ਕੀ ਹੋਣੀ ਸੀ ਸਗੋਂ ਉਹ ਗਿਰਾਵਟ ਵੱਲ ਜਾ ਰਿਹਾ ਸੀ। ਬਾਬਰ ਦੇ ਹਮਲੇ ਨੇ ਨਾ ਕੇਵਲ ਵੱਡੀਆਂ ਵੱਡੀਆਂ ਜਾਇਦਾਦਾਂ ਵਾਲਿਆਂ ਨੂੰ ਫ਼ਕੀਰ ਬਣਾ ਦਿੱਤਾ ਸੀ ਸਗੋਂ ਦੇਸ਼ ਦੇ ਵਪਾਰ ਤੇ ਕੌਮੀ ਆਮਦਨ ਦੀਆਂ ਨੀਹਾਂ ਵੀ ਹਿਲਾ ਦਿੱਤੀਆਂ ਸਨ।[54]

ਕਿਸੇ ਆਦਰਸ਼ਕ ਸਮਾਜ ਵਿੱਚ ਲੋਕਾਂ ਨੂੰ ਮਿਲਣ ਵਾਲੇ ਆਰਥਿਕ ਅਧਿਕਾਰਾਂ ਦੇ ਬਾਰੇ ਸਿੱਖ ਧਰਮ ਨੇ ਸਪਸ਼ਟ ਵਰਣਨ ਕਿਧਰੇ ਨਹੀਂ ਕੀਤਾ ਪਰ ਇਸ ਗੱਲ ਤੇ ਜ਼ਰੂਰ ਜ਼ੋਰ ਦਿੱਤਾ ਹੈ ਕਿ ਨਾਜਾਇਜ਼ ਢੰਗ ਖਾਣ ਵਾਲੇ ਵਿਅਕਤੀ ਮੁਆਫ਼ ਕਰਨ ਯੋਗ ਨਹੀਂ। ਇਸ ਸੰਦਰਭ ਵਿਚ ਹਰ ਵਿਅਕਤੀ ਦੇ ਜਾਇਜ਼ ਅਧਿਕਾਰ ਨੂੰ ਇਸ ਢੰਗ ਨਾਲ ਮਾਨਤਾ ਦਿੱਤੀ ਕਿ ਦੂਜਿਆਂ ਦੇ ਹੱਕਾਂ ਤੇ ਡਾਕਾ ਮਾਰਨ ਵਾਲਿਆਂ ਨੂੰ ਇਸ ਅਣਮਨੁੱਖੀ ਕਿਰਿਆ ਤੋਂ ਦੂਰ ਰੱਖਣ ਲਈ ਆਪਣੇ ਧਰਮ ਦੀਆਂ ਸਭ ਤੋਂ ਵੱਡੀਆਂ ਕਸਮਾਂ ਦਿੱਤੀਆਂ।

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ
ਗੁਰੁ ਪੀਰ ਹਾਮਾ ਤਾਂ ਭਰੇ ਜਾਂ ਮੁਰਦਾਰੁ ਨ ਖਾਇ।[55]

ਪਰੰਤੂ ਰਾਜਨੀਤਿਕ ਮੁਕਤੀ ਦੀ ਸਹਾਇਤਾ ਤੋਂ ਬਿਨਾਂ ਸਿੱਧੇ ਤੌਰ ਤੇ ਸਮੁੱਚੀ ਆਰਥਿਕ ਵਿਵਸਥਾ ਵਿਚ ਕੋਈ ਮਹਾਨ ਤਬਦੀਲੀ ਲਿਆਉਣਾ ਉਸ ਵੇਲੇ ਦੇ ਸਮਾਜਿਕ ਪ੍ਰਬੰਧ ਵਿਚ ਉਨ੍ਹਾਂ ਲਈ ਸੰਭਵ ਨਹੀਂ ਸੀ। ਕੇਵਲ ਚੰਗੀ ਭਾਵਨਾ ਦਾ ਪ੍ਰਚਾਰ ਸਕੇ। ਇਸ ਖੇਤਰ ਵਿਚ ਸਭ ਤੋਂ ਵੱਡਾ ਕੰਮ ਗੁਰੂ ਨਾਨਕ ਨੇ ਇਹ ਕੀਤਾ ਕਿ ਆਪਣੇ ਆਪ ਨੂੰ ਹਰ ਥਾਂ, ਚਾਰ ਵਰਨ ਅੰਤਲੇ ਦਰਜੇ ਦਾ ਗਰੀਬ ਕਹਿ ਕੇ ਸਭ ਜਾਤੀਆਂ ਤੇ ਉਪਜਾਤੀਆਂ ਦੇ ਗਰੀਬ ਲੋਕਾਂ ਵਿਚੋਂ ਹੀਣ ਭਾਵਨਾ ਅਤੇ ਘਟੀਆ ਪਣੇ ਦੇ ਅਹਿਸਾਸ ਨੂੰ ਕਾਫ਼ੀ ਹੱਦ ਤੱਕ ਖ਼ਤਮ ਕਰ ਦਿੱਤਾ।

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ।
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆਂ ਸਿਉ ਕਿਆ ਰੀਸ
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ।[56]

ਇਸ ਤਰ੍ਹਾਂ ਗੁਰਮਤਿ ਕਾਵਿ ਪਰੰਪਰਾ ਨੇ ਸ਼ੋਸ਼ਿਤ ਲੋਕਾਂ ਵਿਚ ਸਵੈਮਾਣ ਦੀ ਭਾਵਨਾ ਉਪਜਾ ਕੇ ਉਨ੍ਹਾਂ ਨੂੰ ਇਕ ਸਾਂਝੀ ਜਥੇਬੰਦੀ ਵਿਚ ਰਹਿਣ ਦੀ ਪ੍ਰੇਰਨਾ ਦਿੱਤੀ। ਸਿਖ ਗੁਰੂਆਂ ਦੇ

ਫੈਲੀ, ਚਿੰਤਾ ਦਾ ਮੁੱਖ ਕਾਰਣ, ਸਦਾਚਾਰਕ ਪੱਧਰ ਵਿਚ ਮਨੁੱਖ ਦੀ ਗਿਰਾਵਟ ਸੀ। ਵਿਅਕਤੀਗਤ ਸਦਾਚਾਰਕ ਗਿਰਾਵਟ, ਸਮੂਹਕ ਪੱਧਰ ਉਤੇ ਭ੍ਰਿਸ਼ਟਾਚਾਰ ਤੇ ਦੁਰਾਚਾਰ ਨੂੰ ਜਨਮ ਦੇਂਦੀ ਹੈ। ਉਸ ਸਮੇ ਲੋਕਾਂ ਦੀ 'ਸੁਰਤਿ' ਵਿਚ ਨਾ ਆਜ਼ਾਦੀ ਸੀ ਤੇ ਨਾ ਹੀ ਉਨ੍ਹਾਂ ਦੀ ਮਤਿ ਵਿਚ ਕੁਰਬਾਨੀ ਦਾ ਮਾਦਾ ਸੀ। ਸਦਾਚਾਰ ਦੀ ਭਾਵਨਾ ਤੋਂ ਸੱਖਣੇ ਉਸ ਸਮੇਂ ਜਾਤੀ ਅਤੇ ਜਮਾਤੀ ਦੋਹਾਂ ਪੱਧਰਾਂ ਉਤੇ ਹਿੰਦੂ ਮੁਸਲਮਾਨਾਂ ਵਿਚ ਬੜਾ ਵਿਤਕਰਾ ਤੇ ਵੈਰ ਸੀ। ਅਜਿਹੇ ਸਮਾਜ ਵਿਚ ਵਿਚਰ ਰਹੀ ਮਨੁੱਖੀ ਸੁਰਤਿ ਨੂੰ ਗੁਰੂ ਨਾਨਕ ਨੇ ਅਧਿਆਤਮਕ ਤੇ ਸਦਾਚਾਰਕ ਵਾਤਾਵਰਣ ਪ੍ਰਦਾਨ ਕਰਕੇ ਜਗਾਇਆ। ਲੋਕਾਂ ਨੂੰ ਸਦਾਚਾਰਕ ਸੰਕਟ ਤੋਂ ਨਿਜਾਤ ਦਿਵਾਉਣ ਲਈ ਹਉਮੈ ਤੋਂ ਨਵਿਰਤ ਹੋਣ ਦਾ ਉਪਦੇਸ਼ ਦਿੱਤਾ ਕਿ ਹਉਮੈ ਦੇ ਤਿਆਗ ਬਿਨਾਂ ਮਨੁੱਖ ਸੰਕਟ ਤੋਂ ਛੁਟਕਾਰਾ ਨਹੀਂ ਪਾ ਸਕਦਾ, ਮਨੁੱਖ ਨੂੰ ਆਪੇ ਦੀ ਸੋਝੀ ਨਹੀਂ ਹੋ ਸਕਦੀ ਤੇ ਮਨੁੱਖ ਸੰਕਟ ਵਿਚ ਫਸਿਆ ਰਹੇਗਾ। ਸੰਸਾਰ ਦੀ ਸਾਰੀ ਕਿਰਿਆ ਮਨੁੱਖ ਦੀ ਹਉਮੈ ਨਾਲ ਜੁੜੀ ਹੋਈ ਹੈ। ਮਾਇਆ ਦਾ ਪ੍ਰਭਾਵ ਮਨੁੱਖ ਅੰਦਰ ਹਉਮੈਂ ਦਾ ਰੋਗ ਪੈਦਾ ਕਰਦਾ ਹੈ। ਹਉਮੈਂ ਮਨੁੱਖ ਨੂੰ ਮਾਨਵਤਾ ਤੋਂ ਦੂਰ ਲਿਜਾਂਦੀ ਹੈ। ਸਿੱਖ ਧਰਮ ਨੇ ਮਨੁੱਖ ਨੂੰ ਇਸ ਸੰਸਾਰ ਵਿਚਲੀਆਂ ਝੂਠੀਆਂ ਕੀਮਤਾਂ ਤੋਂ ਨਿਰਲੇਪ ਰਹਿਣ ਤੇ ਕੂੜੀ ਕੂਟ ਕੁਹਿਣ ਕਰਨ ਦੀ ਪ੍ਰੇਰਣਾ ਦਿੱਤੀ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਰਾਜਸੀ ਜ਼ਬਰ, ਸਦਾਚਾਰਕ ਤੇ ਸਮਾਜਿਕ ਸੰਕਟ, ਪੁਰੋਹਿਤਵਾਦੀ ਕਰਮਕਾਂਡ ਦਾ ਬੰਧਨ ਉਸ ਸਮੇਂ ਦੇ ਸਮਾਜ ਦੀ ਇਕ ਬੜੀ ਵੱਡੀ ਸਮੱਸਿਆ ਬਣੀ ਹੋਈ ਸੀ। ਸਿੱਖ ਧਰਮ ਨੇ ਅਜਿਹੇ ਮਾਨਵ ਨੂੰ ਆਪਣੀ ਵਿਲਖਤਾ ਪ੍ਰਤੀ ਸੁਚੇਤ ਕਰਾ ਕੇ ਹਰ ਤਰ੍ਹਾਂ ਦੇ ਬੰਧਨ ਤੋਂ ਮੁਕਤ ਕੀਤਾ। ਗੁਰੂ ਕਵੀਆਂ ਨੇ ਮਨੁੱਖ ਦੇ ਵਿਲਖਤਾ ਦੇ ਪੱਖ ਅਰਥਾਤ ਉਸ ਦੀ ਅੰਦਰੂਨੀ ਸ਼ਕਤੀ ਦਾ ਬਾਰ ਬਾਰ ਵਰਣਨ ਕਰਕੇ ਉਸ ਨੂੰ ਈਸ਼ਵਰ ਦੀ ਹੋਂਦ ਪ੍ਰਗਟ ਕੀਤਾ। ਇਸ ਤਰ੍ਹਾਂ ਸਿੱਖ ਧਰਮ ਮਨੁੱਖ ਨੂੰ ਉਸਦੀ ਵਾਸਤਵਿਕ ਹੋਂਦ ਦਾ ਅਹਿਸਾਸ ਕਰਾ ਕੇ ਮਾਨਸਿਕ ਤੇ ਭਾਵੁਕ ਸੰਕਟਾਂ ਤੋਂ ਸੁਤੰਤਰ ਕਰਦਾ ਹੈ। ਸਾਪੇਖਤਾ ਤੇ ਪਰਿਵਰਤਨਸ਼ੀਲਤਾ ਦਾ ਅੰਤਰ ਦਰਸਾ ਕੇ ਸਦੀਵੀ ਤੱਤ ਦੀ ਪਹਿਚਾਣ ਲਈ ਪ੍ਰੇਰਿਤ ਕਰਦਾ ਹੈ।

ਅਚਰਜ ਕਥਾ ਮਹਾ ਅਨੂਪ।। ਪ੍ਰਾਤਮਾ ਪਾਰਬ੍ਰਹਮ ਕਾ ਰੂਪੁ।।
ਨਾ ਇਹੁ ਬੂਢਾ ਨਾ ਇਹੁ ਬਾਲਾ।। ਨਾ ਇਸੁ ਦੂਖੁ ਨਹੀ ਜਮ ਜਾਲਾ।।
ਨਾ ਇਹੁ ਬਿਨਸੈ ਨਾ ਇਹੁ ਜਾਇ।। ਆਦਿ ਜੁਗਾਦੀ ਰਹਿਆ ਸਮਾਇ।।[57]

ਜਿਹੜਾ ਮਨੁੱਖ ਇਸ ਪਰਮਤੱਤ ਦੀ ਹਕੀਕਤ ਤੋਂ ਜਾਣੂੰ ਹੋ ਜਾਂਦਾ ਹੈ, ਉਹ ਕਰੀਸ਼ਮਕ ਮਾਨਵ ਮਨੁੱਖੀ ਸ੍ਰੇਸ਼ਟਤਾ ਦੀਆਂ ਵਿਸ਼ਾਲ ਪ੍ਰਣਾਲੀਆਂ ਦਾ ਸਪਸ਼ਟ ਉਲੀਕਣ ਕਰਦਾ ਹੈ ਅਤੇ ਉਸ ਦੀ ਹਸਤੀ ਰੱਬ ਨਾਲ ਮੇਲ ਸਮੇਂ ਵਿਨਾਸ਼ ਨਹੀਂ ਹੁੰਦੀ ਸਗੋਂ ਉਸ ਅੰਦਰ ਰੱਬ ਜਾਗਰੂਕ ਹੋ ਜਾਂਦਾ ਹੈ। ਇਹ ਮਾਨਵ ਆਪੇ ਦੀ ਗੁਲਾਮੀ ਤੋਂ ਸੁਤੰਤਰ ਹੋ ਕੇ ਆਪਣੀ ਨਿਸੁਆਰਥ ਤੇ ਦੂਜਿਆਂ ਦੀ ਸੇਵਾ ਤੇ ਉਪਦੇਸ਼ ਨਾਲ ਪਰਿਵਰਤਨ ਹੋਈ ਦਸ਼ਾ ਵਿਚ ਸੰਸਾਰ ਵੱਲ ਪਰਤਦਾ ਹੈ।[58]

ਵਿਘਟਨ ਦੀ ਪ੍ਰਕ੍ਰਿਆ ਸੰਕਟ ਦਾ ਆਧਾਰ ਬਣਦੀ ਹੈ। ਪਰ ਮਨੁੱਖ ਦੀ ਆਪਣੀ ਹੋਂਦ ਸੰਬੰਧੀ ਸਥਿਤੀ ਵੀ ਉਸ ਲਈ ਇਕ ਵੰਗਾਰ ਹੈ। ਮਨੁੱਖ ਦੀ ਸੀਮਿਤ ਹੋਂਦ, ਖੇਰੂਰਤਾ ਜੀਵਨ ਉਸ ਲਈ ਇਕ ਚਿੰਤਾ ਬਣ ਜਾਂਦਾ ਹੈ। ਮੌਤ ਦੇ ਭੈਅ ਦਾ ਸਾਇਆ ਹਰ ਵੇਲੇ ਮਨੁੱਖ ਦੇ ਸਿਰ ਤੇ ਛਾਇਆ ਰਹਿੰਦਾ ਹੈ। ਇਸ ਤੋਂ ਬਿਨਾਂ ਮਨੁੱਖ ਦੇ ਆਪਣੀ ਹੋਂਦ ਸੰਬੰਧੀ ਕਈ ਕਿਸਮ ਦੇ ਦੁਖੜੇ ਉਸਦੇ ਸੰਕਟ ਦਾ ਕਾਰਣ ਬਣ ਜਾਂਦੇ ਹਨ। ਗੁਰਮਤਿ ਪਰੰਪਰਾ ਮਨੁੱਖ ਦੀ ਹੋਂਦ ਸੰਬੰਧੀ ਦੁਖੜਿਆਂ ਵੱਲ ਧਿਆਨ ਦੁਆਉਂਦੀ ਹੈ ਤੇ ਨਾਲ ਹੀ ਇਕ ਨਵੇਂ ਮਨੁੱਖ ਦਾ ਤਸੱਵਰ ਵੀ ਪੇਸ਼ ਕਰਦੀ ਹੈ ਜੋ ਉਪਰੋਕਤ ਹੋਂਦ ਸੰਬੰਧੀ ਸੰਕਟ ਤੇ ਕਾਬੂ ਪਾਉਂਦਾ ਹੈ, ਜੋ ਹਰ ਕਿਸਮ ਦੇ ਦੁਖੜਿਆਂ ਤੋਂ ਮੁਕਤ ਹੈ, ਜਿਸਨੇ ਭੌਤਿਕ ਤੇ ਮਾਨਸਿਕ ਇੱਛਾਵਾਂ ਤੋਂ ਛੁਟਕਾਰਾ ਪ੍ਰਾਪਤ ਕਰ ਲਿਆ ਹੈ, ਅਜਿਹਾ ਮਨੁੱਖ ਆਪਣੀ ਦਿਵਤਾ ਪ੍ਰਤੀ ਸੁਚੇਤ ਹੋ ਜਾਂਦਾ ਹੈ। ਪਰ ਇਸ ਦਿਵਤਾ ਦੀ ਪ੍ਰਾਪਤੀ ਲਈ ਹਰ ਤਰ੍ਹਾਂ ਦੇ ਬਾਹਰੀ ਕਰਮਕਾਂਡ ਤੋਂ ਛੁਟਕਾਰਾ ਪਾ ਕੇ ਅੰਦਰੂਨੀ ਵਸਤ ਨੂੰ ਪਛਾਨਣ ਦੀ ਜ਼ਰੂਰਤ ਹੈ। ਬਾਹਰੀ ਕਰਮਕਾਂਡ ਦੀ ਨਿਰਾਰਥਕਤਾ ਅੰਦਰਲੇ ਸੱਚ ਨਾਲ ਇਕਸੁਰ ਨਹੀਂ ਹੋਣ ਦਿੰਦੀ। ਇਸ ਲਈ ਗੁਰਮਤ ਪਰੰਪਰਾ ਦਿਵਤਾ ਦੀ ਪ੍ਰਾਪਤੀ ਲਈ ਆਪਣੇ ਮਨ ਦੀਆਂ ਸਾਰੀਆਂ ਪਰਵਿਰਤੀਆਂ ਨੂੰ ਗੁਰੂ ਵੱਲ ਮੋੜਨ ਤੇ ਇਨ੍ਹਾਂ ਤੋਂ ਪਰੰਪਰਕ ਕਰਮਕਾਂਡੀ ਰੀਤੀਆਂ ਦਾ ਧਿਆਨ ਹਟਾ ਕੇ ਇਕ ਪ੍ਰਭੂ ਦਾ ਧਿਆਨ ਜੋੜਣ ਦੀ ਪ੍ਰੇਰਣਾ ਕਰਦੀ ਹੈ। ਕਿਉਂਕਿ ਸਮਾਜ ਸੰਸਾਰਕ ਸ਼ਕਤੀਆਂ, ਕਰਮਕਾਂਡ ਅਤੇ ਡਰਾਂ ਤੋਂ ਸੁਤੰਤਰਤਾ ਵਿਚ ਹੀ ਮਨੁੱਖ ਦੇ ਸੰਕਟ ਦਾ ਨਿਵਾਰਣ ਹੈ।

ਸਿੱਖ ਧਰਮ ਵਿੱਚ ਮਨੁੱਖ ਦੇ ਪਰਿਵਰਤਨ ਦੀ ਦਿਸ਼ਾ ਨੂੰ ਮਿੱਥ ਦਿੱਤਾ ਗਿਆ ਹੈ। ਇਹ ਦਿਸ਼ਾ ਹੈ ਮਾਣਸ ਤੋਂ ਦੇਵਤਾ ਬਣਨ ਦੀ।

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।[59]

ਸਿੱਖ ਧਰਮ ਵਿਚ ਮਨੁੱਖ ਦਾ ਕੇਂਦਰੀ ਸੰਕਟ ਮਨੁੱਖ ਤੋਂ ਦੇਵਤਾ ਬਣਨ ਦੇ ਸਰੂਪ ਵਿਚ ਮੌਜੂਦ ਹੈ। ਸਾਧਾਰਣ ਅਵਸਥਾ ਵਿਚ ਮਨੁੱਖ ਕ੍ਰਮਵਾਰ ਕਰਦਾ ਦੁਨਿਆਵੀ ਧੰਦਿਆਂ ਵਿਚ ਵਿਲੀਨ ਰਹਿੰਦਾ ਹੈ। ਮਨੁੱਖ ਇਸ ਭੌਤਿਕਵਾਦੀ ਜਗਤ ਨੂੰ ਸਥਿਰ ਸਮਝ ਕੇ ਸੀਮਿਤਤਾ ਦੀਆਂ ਤੰਗ ਵਲਗਣਾਂ ਵਿਚ ਜਕੜ ਕੇ ਰਹਿ ਜਾਂਦਾ ਹੈ। ਗੁਰਬਾਣੀ ਮਨੁੱਖ ਦੇ ਸਾਹਮਣੇ ਉਸ ਦੀ ਸ਼ਖ਼ਸੀਅਤ ਵਿਚ ਪਰਿਵਰਤਨ ਹੋਣ ਦੀ ਸੰਭਾਵਨਾ ਪ੍ਰਸਤੁਤ ਕਰਦੀ ਹੈ ਜੋ ਉਸਦੀ ਧਾਰਮਿਕ ਸਾਧਨਾ ਦਾ ਲਖਸ਼ ਹੈ ਤੇ ਸਿੱਖ ਧਰਮ ਦਾ ਕੇਂਦਰੀ ਸਿਧਾਂਤ ਹੈ। ਇਹ ਦੈਵੀਕਰਣ ਦੀ ਪ੍ਰਕ੍ਰਿਆ ਗੁਰੂ ਦੀ ਅਗਵਾਈ ਹੇਠ ਸੰਪੰਨ ਹੁੰਦੀ ਹੈ। ਵਿਅਕਤੀ ਆਪਣੀ ਹੋਂਦ ਨੂੰ ਕਾਇਮ ਰੱਖਦਾ ਹੋਇਆ ਅਧਿਆਤਮਕ ਬੁਲੰਦੀ ਨੂੰ ਛੂਹ ਲੈਂਦਾ ਹੈ। ਜੋ ਮਨੁਖ ਤੋਂ ਦੇਵਤਾ ਬਣਨ ਦੀ ਪ੍ਰਕ੍ਰਿਆ ਵਿਚ ਵਿਕ੍ਰਿਤ ਕਾਮੁਕਤਾ ਤੇ ਪਾਸ਼ਵਿਕਤਾ ਤੋਂ ਪਾਰਗਾਮੀ ਹੋਣਾ ਜ਼ਰੂਰੀ ਹੈ। ਮਨ ਅਤੇ ਸਰੀਰਕ ਇੰਦਰੀਆਂ ਨੂੰ ਕਾਬੂ ਕਰਕੇ ਉਸ ਹਸਤੀ ਨਾਲ ਇਕਸੁਰ ਹੋਣਾ ਜ਼ਰੂਰੀ ਹੈ ਤਾਂ ਹੀ ਅੰਤਰਿਕ ਅਮਨ ਦੀ ਪ੍ਰਾਪਤੀ ਸੰਭਵ ਹੈ। ਇਸੇ ਸੰਦਰਭ ਵਿਚ ਇਹ ਕਥਨ ਵਿਸ਼ੇਸ਼ ਧਿਆਨਯੋਗ ਹੈ।

> ਸਮੁੱਚੀ ਗੁਰਬਾਣੀ ਦੀ ਵਸਤੂ-ਜਗਤ ਮਨੁੱਖੀ ਜ਼ਿੰਦਗੀ ਦੇ ਤਿੰਨ ਵੱਡੇ ਸਰੋਕਾਰਾਂ ਨਾਲ ਜੁੜੀ ਹੋਈ ਹੈ। ਕੂੜ/ਸੱਚ ਦਾ ਨਿਖੇੜ, ਵਿਜੋਗ/ਸੰਜੋਗ ਦੀ ਜੋੜੀ ਤੇ ਬੰਧਨ/ਮੁਕਤੀ ਦੀ ਸਮੱਸਿਆ। ਇਹ ਤਿੰਨ ਸੰਕਲਪ ਜੁੱਟ ਗੁਰਬਾਣੀ ਵਿਚ ਵਧਦੇ ਘਟਦੇ ਬਲ ਨਾਲ ਬਾਰੰਬਾਰ ਸਾਹਮਣੇ ਆਉਂਦੇ ਹਨ। ਇਉਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਗੁਰਬਾਣੀ ਦੀ ਸਮੁੱਚੀ ਵਿਸ਼ੈ-ਸਾਮਗ੍ਰੀ ਇਨ੍ਹਾਂ ਤਿੰਨਾਂ ਪ੍ਰਸ਼ਨਾਂ ਤੇ ਹੀ ਸਾਰਥਕਤਾ ਪ੍ਰਾਪਤ ਕਰਦੀ ਹੋਵੇ। ਗੁਰਬਾਣੀ ਦਾ ਸਾਰਾ ਰਚਨਾ-ਵਿਧਾਨ ਇਨ੍ਹਾਂ ਤਿੰਨਾਂ ਹੀ ਬੁਨਿਆਦੀ ਮਨੁੱਖੀ ਸਰੋਕਾਰਾਂ ਦੇ ਆਸਰੇ ਖਲੋਤਾ ਦਿੱਸਦਾ ਹੈ। ਗੁਰੂ ਕਵੀਆਂ ਦੀ ਕਾਵਿ-ਦ੍ਰਿਸ਼ਟੀ ਵਿਚ ਸਾਰੇ ਮਨੁੱਖੀ ਅਨੁਭਵ, ਕੁੱਲ ਮਨੁੱਖੀ ਅਕਾਂਖਿਆਵਾਂ, ਸਰੋਕਾਰ ਆਸ ਭਰੋਸੇ, ਇਨ੍ਹਾਂ ਸਾਰਿਆਂ ਜਾਂ ਇਨ੍ਹਾਂ ਵਿਚੋਂ ਕਿਸੇ ਇਕ ਦੂਜੇ ਦੁਆਰਾ ਹੀ ਰੂਪਮਾਨ ਹੁੰਦੇ ਹਨ।[60]

ਇਸ ਲਈ ਗੁਰਬਾਣੀ ਵਿਚਲੇ ਇਨ੍ਹਾਂ ਮੂਲ ਸਰੋਕਾਰਾਂ ਦੀ ਸਮਰੂਪਤਾ ਮਨੁੱਖ ਦੇ ਮੂਲ ਸੰਕਟ ਦੀ ਪਹਿਚਾਣ ਲਈ ਬੜੀ ਜ਼ਰੂਰੀ ਹੈ। ਮਨੁੱਖ ਦਾ ਸੰਕਟ ਓਦੋਂ ਹੀ ਉਤਪੰਨ ਹੋਵੇਗਾ ਜਦੋਂ

ਹੋਰ ਅਵਸਰ ਦੀ ਅਣਹੋਂਦ ਹੋਵੇਗੀ। ਗੁਰੂ ਨਾਨਕ ਨੇ ਕੂੜ/ਸੱਚ ਦੇ ਸਰੋਕਾਰ ਨੂੰ ਜਨੂਨੀ ਦਾ ਕੇਂਦਰੀ ਪ੍ਰਸ਼ਨ ਬਣਾ ਦਿੱਤਾ ਹੈ। ਮਨੁੱਖ ਨੂੰ ਕੂੜ ਦੀ ਜਕੜ ਚੋਂ ਨਿਕਲ ਕੇ ਸੱਚ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੰਦੀ ਹੈ। ਮਨੁੱਖ ਲਈ ਸਭ ਤੋਂ ਵੱਡਾ ਸੰਕਟ ਇਹੋ ਸੀ।

ਕਿਵ ਸਚਿਆਰਾ ਹੋਈਐ
ਕਿਵ ਕੂੜੈ ਤੁਟੈ ਪਾਲਿ।[61]

'ਕੂੜ' ਸ਼ਬਦ ਪਖੰਡ ਤੇ ਝੂਠ ਦੇ ਅਰਥਾਂ ਦਾ ਲਖਾਇਕ ਹੈ। ਜ਼ਿੰਦਗੀ ਪ੍ਰਤੀ ਸੀਮਿਤਤਾ ਦੀ ਦ੍ਰਿਸ਼ਟੀ ਵੀ ਕੂੜ ਸ਼ਬਦ ਦਾ ਹੀ ਹੋਰ ਜ਼ਿਆਦਾ ਵਿਸਤਾਰ ਹੈ। ਸਾਧਾਰਣ ਸੂਝ ਵਾਲਾ ਵਿਅਕਤੀ ਕੂੜ ਤੇ ਸੱਚ ਸ਼ਬਦ ਦੇ ਅਰਥਾਂ ਨੂੰ ਨਹੀਂ ਸਮਝਦਾ। ਇਸ ਲਈ ਉਹ ਸਥਿਰਤਾ ਤੇ ਪਰਿਵਰਤਨਸ਼ੀਲਤਾ ਵਿਚਕਾਰ ਨਿਖੇੜਾ ਕਰਨ ਤੋਂ ਅਸਮਰਥ ਰਹਿੰਦਾ ਹੈ। ਆਪਣੇ ਆਪ ਨੂੰ, ਸੱਚ ਦਾ ਪੁਜਾਰੀ ਸਮਝਦਾ ਹੋਇਆ ਕੂੜ ਦੀ ਪੱਧਰ ਤੇ ਜ਼ਿੰਦਗੀ ਜਿਊਂਦਾ ਹੈ। ਮੋਹ ਮਾਇਆ ਦੇ ਜਾਲ ਵਿਚ ਫਸ ਕੇ ਅਗਿਆਨਤਾ ਦੀ ਪੱਧਰ ਤੇ ਅਣਗਿਣਤ ਕੁਕਰਮ ਕਰਦਾ ਹੈ। ਆਪਣੇ ਆਪ ਨੂੰ ਝੂਠੇ ਦਿਲਾਸੇ ਦਿੰਦਾ ਹੋਇਆ ਮਾਨਸਿਕ ਤੌਰ ਤੇ ਸੰਤੁਸ਼ਟ ਰਹਿੰਦਾ ਹੈ। ਅਜਿਹੀ ਅਵਸਥਾ ਵਿਚ ਉਸ ਨੂੰ ਇਕ ਵਿਸ਼ੇਸ਼ ਕਿਸਮ ਦਾ ਮਾਨਸਿਕ ਸੰਤਾਪ ਹੰਢਾਉਣਾ ਪੈਂਦਾ ਹੈ। ਉਸਦੀ ਇਸ ਕਿਸਮ ਦੀ ਆਤਮਿਕ ਅਪਵਿੱਤਰਤਾ ਅਠਾਹਠ ਤੀਰਥਾਂ ਦੇ ਇਸ਼ਨਾਨ ਨਾਲ ਵੀ ਨਹੀਂ ਘਟਦੀ।

ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ
ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ।[62]

ਅਜਿਹਾ ਮਨੁੱਖ ਵਾਸ਼ਨਾਵਾਂ ਵਿਚ ਗ੍ਰਸਤ ਹੋ ਕੇ ਨਾਸ਼ਮਾਨਤਾ ਦੇ ਪ੍ਰਵਾਹ ਵਿਚ ਵਹਿ ਜਾਂਦਾ ਹੈ। ਇਹੋ ਵਿਕਾਰ ਉਸ ਦੀ ਆਤਮਿਕ ਮੌਤ ਦਾ ਕਾਰਣ ਬਣਦੇ ਹਨ। ਸਾਰੀ ਸਿੱਖ ਕਾਵਿ ਪਰੰਪਰਾ ਅਜਿਹੇ ਮਨੁੱਖ ਨੂੰ ਵਾਰ ਵਾਰ ਚੇਤਾਵਨੀ ਦਿੰਦੀ ਹੈ ਕਿ ਇਹ ਸਰੀਰ ਜਿਸ ਨੂੰ ਉਹ ਸਥਿਰ ਸਮਝ ਰਿਹਾ ਹੈ, ਪਲ ਪਲ ਮੌਤ ਵੱਲ ਵੱਧ ਰਿਹਾ ਹੈ ਤੇ ਅੰਤ ਇਕ ਦਿਨ ਇਸ ਨੇ ਮਿੱਟੀ ਵਿਚ ਮਿਲ ਜਾਣਾ ਹੈ। ਇਸ ਆ ਰਹੇ ਪਰਿਵਰਤਨ ਨੂੰ ਪਛਾਨਣਾ ਬੜਾ ਜ਼ਰੂਰੀ ਹੈ। ਇਹ ਜਾਣਦਿਆਂ ਹੋਇਆਂ ਵੀ ਕਿ ਸਾਰਾ ਪਸਾਰਾ ਕੂੜ ਹੈ, ਉਸ ਪਸਾਰੇ ਤੋਂ ਮਨੁੱਖ ਦਾ ਇਕ ਪਾਸੇ ਨਾ ਹੋ ਸਕਣਾ, ਇਸੇ ਵਿਚ ਮਨੁੱਖ ਦਾ ਸੰਕਟ ਮੌਜੂਦ ਹਨ। ਮਨੁੱਖ ਪਲ ਪਲ ਝੂਠ ਬੋਲਦਾ ਤੇ ਕੁਕਰਮ ਕਰਦਾ ਹੈ।

ਇਨ੍ਹਾਂ ਧਾਰਮਿਕ ਭਾਵਾਂ ਨੂੰ ਜਾਣਦਿਆਂ ਹੋਇਆਂ ਵੀ ਕਿ ਕੂੜ ਦੀ ਸਜ਼ਾ ਅਵੱਸ਼ ਮਿਲੇਗੀ, ਕੁਕਰਮ ਕਰਨ ਤੋਂ ਨਹੀਂ ਹਟਦਾ। ਮਨੁੱਖ ਦੀ ਦੁਬਿਧਾ ਇਹ ਹੈ ਕਿ ਉਹ ਸੱਚ ਦੀ ਪ੍ਰਾਪਤੀ ਤਾਂ ਚਾਹੁੰਦਾ ਹੈ, ਸੱਚ ਨੂੰ ਆਪਣੇ ਜੀਵਨ ਦਾ ਆਧਾਰ ਵੀ ਬਣਾਉਣਾ ਚਾਹੁੰਦਾ ਹੈ ਪਰ ਚੂੰਕਿ ਕੂੜ ਦੇ ਰਾਹ ਤੇ ਚੱਲ ਕੇ ਉਹ ਬਹੁਤੇ ਦੁਨਿਆਵੀ ਸੁੱਖਾਂ ਦੀ ਪ੍ਰਾਪਤੀ ਕਰ ਸਕਦਾ ਹੈ, ਇਸ ਲਈ ਵਰਤਮਾਨ ਨੂੰ ਸੁਖਦਾਈ ਬਣਾਉਣ ਵਾਸਤੇ ਉਹ ਕੂੜ ਤੋਂ ਗੁਰੇਜ਼ ਨਹੀਂ ਕਰਦਾ। ਇਹ ਮਾਇਕ ਪ੍ਰਾਪਤੀਆਂ ਉਸ ਨੂੰ ਥੋੜ੍ਹਚਿਰਾ ਸੁੱਖ ਹੀ ਪ੍ਰਦਾਨ ਕਰਦੀਆਂ ਹਨ। ਇਸ ਲਈ ਮਨੁੱਖ ਦਾ ਨਿਰੰਤਰ ਯਤਨ ਤਾਂ ਸੱਚ ਦੀ ਪ੍ਰਾਪਤੀ ਹੀ ਹੁੰਦਾ ਹੈ ਪਰ ਕਿਉਂਕਿ ਆਧਾਰ ਕੂੜ ਦਾ ਹੁੰਦਾ ਹੈ ਇਸ ਲਈ ਉਸਦਾ ਇਹ ਯਤਨ ਨਿਸਫਲ ਹੋ ਕੇ ਰਹਿ ਜਾਂਦਾ ਹੈ। ਇਹ ਸਾਰੀ ਪਰਸਥਿਤੀ ਮਨੁਖ ਲਈ ਇਕ ਸੰਕਟ ਬਣ ਜਾਂਦੀ ਹੈ।

ਕੂੜ ਦੇ ਮੁਕਾਬਲੇ ਸੱਚ ਸ਼ਬਦ ਵਿਸਤ੍ਰਿਤ ਅਰਥਾਂ ਨੂੰ ਪ੍ਰਗਟਾਉਂਦਾ ਹੈ। ਸ੍ਰਿਸ਼ਟੀ ਨੂੰ ਪੈਦਾ ਕਰਨ ਅਤੇ ਇਸਨੂੰ ਆਪਣੇ ਨਿਯੰਤਰਣ ਵਿਚ ਰੱਖਣ ਵਾਲੀ ਆਦਿ ਸ਼ਕਤੀ ਹੀ ਸੱਚ ਸਰੂਪ ਹੈ। ਸਿੱਖ ਧਰਮ ਵਿਚ ਸਭ ਤੋਂ ਉੱਤਮ ਦਰਜਾ ਪਰਮਾਤਮਾ ਦਾ ਹੈ ਜੋ ਸਦੀਵੀ ਸੱਚ ਹੈ। ਸੱਚ ਜੀਵਨ ਦਾ ਉਸਾਰੂ ਤੇ ਸਿਰਜਣਾਤਮਿਕ ਪਹਿਲੂ ਹੈ, ਸੱਚ ਜਾਗ੍ਰਿਤ ਅਵਸਥਾ ਦਾ ਪ੍ਰਤੀਕ ਹੈ। ਕੂੜ ਅਗਿਆਨਤਾ ਦਾ ਨਾਂ ਹੈ।

ਗੁਰਮੁਖ ਸੱਚ ਸੁਲੱਖਣਾ, ਸਭ ਸੁਲੱਖਣ ਸੱਚ ਸੁਹਾਵਾ
ਮਨਮੁਖ ਕੂੜ ਕੁਲੱਖਣਾ, ਸਭ ਕੁਲੱਖਣ ਕੂੜ ਕੁਦਾਵਾ।[63]

ਭਾਈ ਗੁਰਦਾਸ ਜੀ ਕਹਿੰਦੇ ਹਨ।

ਦਰਗਹ ਸੱਚ ਕਬੂਲ ਹੈ ਕੂੜਹੁ ਦਰਗਹ ਮਿਲੈ ਸਜਾਇ।

ਕੂੜ ਅਤੇ ਸੱਚ ਦੇ ਵਿਸ਼ਲੇਸ਼ਣ ਤੋਂ ਬਾਅਦ ਇਹ ਨੁਕਤਾ ਸਪਸ਼ਟ ਹੁੰਦਾ ਹੈ ਕਿ ਕੂੜ ਤੋਂ ਸੱਚ ਤੱਕ ਪਹੁੰਚਣ ਲਈ ਇਕ ਯਾਤਰਾ ਤਹਿ ਕਰਨੀ ਪੈਂਦੀ ਹੈ। ਇਹ ਯਾਤਰਾ ਨਿਰੰਤਰ ਯਤਨ ਤੇ ਲਗਾਤਾਰ ਸਾਧਨਾ ਦੀ ਯਾਤਰਾ ਹੈ। ਤਾਂ ਹੀ ਮਨੁੱਖ ਭਟਕਣਾ ਤੋਂ ਮੁਕਤੀ ਪਾ ਕੇ ਆਤਮਿਕ ਇਕਾਗਰਤਾ ਨੂੰ ਪ੍ਰਾਪਤ ਕਰ ਸਕਦਾ ਹੈ।

ਦੂਜਾ ਸਰੋਕਾਰ ਜਿਸ ਤੇ ਗੁਰਬਾਣੀ ਦੀ ਮੂਲ ਸੁਰ ਆਧਾਰਿਤ ਹੈ, 'ਬੰਧਨ ਤੇ ਮੁਕਤੀ' ਦਾ ਹੈ। ਇਹ ਦੋਵੇਂ ਸ਼ਬਦ ਮਾਨਸਿਕ ਦਸ਼ਾ ਦੇ ਸੂਚਕ ਹਨ। ਬੰਧਨ ਯੁਕਤ ਅਵਸਥਾ ਚੇਤਨਾ ਰਹਿਤ ਅਵਸਥਾ ਹੈ। ਬੰਧਨ ਤੇ ਮੁਕਤੀ ਦਾ ਪ੍ਰਸ਼ਨ ਸਿੱਖ ਧਰਮ ਵਿਚ ਕਿਸੇ ਦਾਰਸ਼ਨਿਕ ਵਿਚਾਰਧਾਰਾ ਨੂੰ ਪ੍ਰਗਟਾਉਣ ਦਾ ਲਖਾਇਕ ਨਹੀਂ, ਸਗੋਂ ਇਸ ਦਾ ਠੋਸ ਆਧਾਰ ਮਨੁੱਖ ਦਾ ਸੰਕਟ ਹੈ।

ਮਨੁੱਖ ਦੀ ਬੰਧਨਯੁਕਤ ਅਵਸਥਾ ਦਾ ਕਾਰਣ ਸਿੱਖ ਗਾਡ ਪਰੰਪਰਾ ਅਨੁਸਾਰ ਮਾਇਆ ਦੀ ਅਧੀਨਗੀ ਹੈ। ਭਾਰਤੀ ਵਿਚਾਰਧਾਰਾ ਵਿਚ ਸਮੂਹ ਸੰਸਾਰਕ ਸਰਗਰਮੀ ਮਾਇਆ ਦੇ ਤਿੰਨ ਗੁਣਾਂ ਰਜਸ, ਤਮਸ, ਸਤਕ ਦੇ ਅਧੀਨ ਹੁੰਦੀ ਦੱਸੀ ਗਈ ਹੈ। ਰਜਸ ਬਿਰਤੀ ਅਧੀਨ ਵਿਅਕਤੀ ਕਾਮਨਾ ਤੇ [illegible] ਦਾ ਸ਼ਿਕਾਰ ਹੁੰਦਾ ਹੈ। ਤਮਸ ਬਿਰਤੀ ਜੜ੍ਹਤਾ, ਸੁਸਤੀ, ਆਲਸ, ਭਰਮ ਤੇ ਜਹਾਲਤ ਦੀ ਲਖਾਇਕ ਹੈ। ਇਸ ਬਿਰਤੀ ਅਧੀਨ ਮਨੁੱਖ ਅਗਿਆਨਤਾ ਤੇ ਮੰਦ-ਬੁਧੀਆਂ ਵਿਚ ਪ੍ਰਵਿਰਤ ਹੋ ਜਾਂਦਾ ਹੈ।[64]

ਸਤਕ ਗੁਣ ਸਤਿ ਦੇ ਜੀਵਨ ਦਾ ਲਖਾਇਕ ਹੈ। ਇਨ੍ਹਾਂ ਉਪਰੋਕਤ ਤਿੰਨ ਗੁਣਾਂ ਅਧੀਨ ਮਨੁੱਖ, ਔਲਾਦ, ਔਰਤ, ਸੰਸਾਰਕ ਵਸਤਾਂ, ਸੋਨੇ, ਚਾਂਦੀ, ਹਾਥੀ ਤੇ ਤੇਜ਼ ਰਥਾਂ ਦੀ ਸੁਆਰੀ ਦੇ ਪਿਆਰ ਵਿਚ ਆਪਣੇ ਆਪ ਨੂੰ ਭੁੱਲ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਐਸ਼ ਇਸ਼ਰਤ ਦੇ ਜੀਵਨ ਤੱਕ ਹੀ ਸੀਮਿਤ ਹੋ ਕੇ ਰਹਿ ਜਾਂਦਾ ਹੈ। ਇਨ੍ਹਾਂ ਤਿੰਨਾਂ ਬਿਰਤੀਆਂ ਵਿਚੋਂ ਤਮਸ ਬਿਰਤੀ ਸਭ ਤੋਂ ਵੱਧ ਮਾਰੂ ਹੈ। ਇਹ ਉਹ ਸਥਿਤੀ ਹੈ ਜਿਥੇ ਮਨੁੱਖ ਪਾਸ਼ਵਿਕ ਪੱਧਰ ਤੇ ਜ਼ਿੰਦਗੀ ਜੀਉਂਦਾ ਹੈ। ਹਰ ਯੁਕਤ ਤਰੀਕੇ ਨਾਲ ਮਾਇਆ ਇਕੱਤਰ ਕਰਨ ਵਿਚ ਰੁੱਝਾ ਰਹਿੰਦਾ ਹੈ, ਇਸ ਗੱਲੋਂ ਬਿਲਕੁਲ ਅਣਜਾਣ ਹੋ ਕੇ ਕਿ ਜਿਨ੍ਹਾਂ ਲਈ ਉਹ ਮਾਇਆ ਇਕੱਤਰ ਕਰ ਰਿਹਾ ਹੈ, ਉਹ ਵੀ ਉਸ ਵਾਂਗ ਨਾਸ਼ਵਾਨ ਹਨ।

ਇਨ੍ਹਾਂ ਤਿੰਨਾਂ ਗੁਣਾਂ ਤੋਂ ਉਚਿਆਂ ਉਠ ਕੇ ਮੁਕਤੀ ਦੀ ਅਵਸਥਾ ਨੂੰ ਹਾਸਲ ਕੀਤਾ ਜਾ ਸਕਦਾ ਹੈ ਜਿਸ ਨੂੰ ਤੁਰੀਆ ਅਵਸਥਾ ਵੀ ਕਿਹਾ ਜਾਂਦਾ ਹੈ ਪਰ ਇਹ ਅਵਸਥਾ ਲੰਮੀ ਮਾਨਸਿਕ ਸੰਘਰਸ਼ ਮਗਰੋਂ ਪ੍ਰਾਪਤ ਹੁੰਦੀ ਹੈ। ਇਸ ਪ੍ਰਾਪਤੀ ਨਾਲ ਸਮੁੱਚੀ ਪ੍ਰਕਿਰਤੀ ਤੇ ਆਚਰਨ ਵਿਚ ਤਬਦੀਲੀ ਆ ਜਾਂਦੀ ਹੈ। ਕਿਉਂਕਿ ਮਨ ਦੀ ਹੋਂਦ ਨਾਲ ਹੀ ਇੱਛਾਵਾਂ ਪੈਦਾ ਹੁੰਦੀਆਂ ਹਨ। ਮਨੁੱਖ ਹੌਲੀ ਹੌਲੀ ਇਨ੍ਹਾਂ ਇੱਛਾਵਾਂ ਦਾ ਗੁਲਾਮ ਬਣ ਜਾਂਦਾ ਹੈ। ਇਹ ਇੱਛਾਵਾਂ ਮਨੁੱਖ ਲਈ ਬੰਧਨ ਬਣ ਜਾਂਦੀਆਂ ਹਨ। ਮਨ ਦੀ ਜਿੱਤ ਦੁਆਰਾ ਹੀ ਬੰਧਨ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਮਨੁੱਖ ਆਪਣੀ ਨਾਸ਼ਵਾਨ ਪ੍ਰਕਿਰਤੀ ਨੂੰ ਭੁੱਲ ਕੇ ਸੰਸਾਰਕ ਬੰਧਨਾਂ ਵਿਚ ਫਸਿਆ ਰਹਿੰਦਾ ਹੈ। ਇਹ ਬੰਧਨ ਮਨੁੱਖ ਨੂੰ ਮਾਨਸਿਕ ਤੌਰ ਤੇ ਬੇਚੈਨ ਕਰੀ ਰੱਖਦੇ ਹਨ, ਕਿਉਂਕਿ ਮਨੁੱਖ ਹਰ ਵੇਲੇ ਆਸ਼ਾਵਾਂ ਦੇ ਚੱਕਰ ਵਿਚ ਘਿਰਿਆ ਰਹਿੰਦਾ ਹੈ। ਹੰਕਾਰ ਦੇ ਬੰਧਨ ਾਰ ਫਸ ਕੇ ਦੁਨਿਆਂ ਨੂੰ ਛੱਨ੍ਹਣ ਦੇ ਦਾਹਵੇ ਬੰਨ੍ਹਦਾ ਹੈ।

ਊਚ ਪੇਲਾ ਕਛੂ ਚੀਤਿ ਨ ਆਵੈ
ਖਿਸਕਿ ਜਾਇ ਤਾਸੁ ਲਪਟਾਵੈ।।ਰਹਾਉ।।

... ...

ਆਸਾ ਬੰਧੀ ਮੂਰਖ ਦੇਹ
ਕਾਮ ਕ੍ਰੋਧ ਲਪਟਿਓ ਅਸਨੇਹ

... ...

ਹਉ ਪੰਡਿਤੁ ਹਉ ਚਤੁਰੁ ਸਿਆਣਾ
ਕਰਣੈਹਾਰੁ ਨ ਬੁਝੈ ਬਿਗਾਨਾ।[65]

ਸਿੱਖ ਧਰਮ ਵਿਚ ਬੰਧਨ ਤੋਂ ਛੁਟਕਾਰਾ ਪ੍ਰਾਪਤ ਕਰਨ ਦੀ ਹਾਲਤ ਵਿਚ ਮੁਕਤੀ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਮੁਕਤੀ ਜੋ ਕਿ ਮਨੁੱਖ ਦੀ ਅਸਲ ਪ੍ਰਾਪਤੀ ਹੈ ਤੇ ਇਸਦੀ ਹੋਂਦ ਹਉਮੈ ਦੇ ਅਭਾਵ ਵਿਚ ਹੀ ਸੰਭਵ ਹੈ। ਨਿਜੀ ਚੇਤਨਾ ਤੋਂ ਉਪਰ ਉਠ ਕੇ ਜੀਣ ਨਾਲ ਹੀ ਬੰਧਨ ਤੋਂ ਛੁਟਕਾਰਾ ਮਿਲ ਸਕਦਾ ਹੈ। ਅਰਥਾਤ ਸੀਮਿਤਤਾ ਤੋਂ ਪਾਰਗਾਮਤਾ ਦਾ ਮਾਰਗ ਗ੍ਰਹਿਣ ਕਰਨ ਨਾਲ ਹੀ ਇਸ ਪਦ ਦੀ ਪ੍ਰਾਪਤੀ ਸੰਭਵ ਹੈ।

ਸਦੀਵਤਾ ਦੇ ਪੱਧਰ ਤੱਕ ਪਹੁੰਚਣ ਲਈ ਮਨੁੱਖ ਨੂੰ ਮਾਇਆ ਦੀਆਂ ਅਸਥਿਰ ਕੀਮਤਾਂ ਤੋਂ ਨਿਰਲਿਪਤ ਰਹਿਣ ਦੀ ਪ੍ਰੇਰਣਾ ਦਿੱਤੀ ਗਈ ਹੈ। ਮੁਕਤੀ ਦੀ ਪ੍ਰਾਪਤੀ ਲਈ ਚੰਗੇ ਸਾਧਨਾਂ ਤੇ ਜ਼ੋਰ ਨਹੀਂ ਦਿੱਤਾ ਸਗੋਂ ਮਨ ਦੀ ਵਿਰਤੀਆਂ ਪ੍ਰਤੀ ਅਹੰਕਾਰਮੁਕ ਨੂੰ ਖਤਮ ਕਰਨ ਤੇ ਬਲ ਦਿੱਤਾ ਹੈ। ਗੁਰੂ ਦੇ ਗਿਆਨ ਰਾਹੀਂ ਆਪਣੇ ਆਪੇ ਜਾਂ ਨਿੱਜੀ ਹਉਂ ਨੂੰ ਖਤਮ ਕਰਨ ਦੀ ਸਿਖਿਆ ਦਿੱਤੀ ਗਈ ਹੈ।

ਸਿੱਖ ਪਰੰਪਰਾ ਦੇ ਮੋਢੀ ਗੁਰੂ ਨਾਨਕ ਨੇ ਇਸੇ ਸੰਦਰਭ ਵਿਚ ਮਨੁੱਖ ਨੂੰ 'ਆਪ ਮਰ ਜੀਵੇ ਤਾਂ ਕਿਛੁ ਪਾਏ' ਦਾ ਉਪਦੇਸ਼ ਦਿੱਤਾ। ਆਪੇ ਨੂੰ ਮਾਰਨ ਲਈ ਸੰਸਾਰਕ ਖ੍ਵਾਹਸ਼ਾਂ ਦਾ ਖਤਮ

ਹੋਣਾ ਜ਼ਰੂਰੀ ਹੈ ਤਾਂ ਸੱਚੇ ਨਾਮ ਦੀ ਭੁੱਖ ਉਤਪੰਨ ਹੋਵੇਗੀ।

ਸਾਚੇ ਨਾਮ ਕੀ ਲਾਗੈ ਭੂਖ
ਉਤੁ ਭੂਖੈ ਖਾਇ ਚਲੀਅਹਿ ਦੂਖ।[66]

ਇਸ ਨਾਮ ਦੇ ਸਿਮਰਨ ਨਾਲ ਹੀ ਮਨੁੱਖ ਨੂੰ ਆਪਣੇ ਮੂਲ ਸੋਮੇ ਤੋਂ ਅਲਹਿਦਗੀ ਦਾ ਅਹਿਸਾਸ ਹੁੰਦਾ ਹੈ ਤੇ ਉਸ ਦੀ ਪ੍ਰਾਪਤੀ ਲਈ ਦਿਲ ਵਿਚ ਲਾਲਸਾ ਉਤਪੰਨ ਹੁੰਦੀ ਹੈ।[67]

ਮੁਕਤੀ ਦੀ ਅਵਸਥਾ ਸਿਰਫ਼ ਇੰਦਰੀਆਂ ਦੇ ਕਾਬੂ ਦੀ ਅਵਸਥਾ ਹੈ। ਇਹ ਅਵਸਥਾ ਕੇਵਲ ਅਨੰਦ ਦੀ ਅਵਸਥਾ ਹੈ ਜਿਥੇ ਮਨੁੱਖ ਹਰ ਤਰ੍ਹਾਂ ਦੀ ਕਾਮਨਾ ਤੋਂ ਮੁਕਤ ਹੋ ਜਾਂਦਾ ਹੈ। ਅਜਿਹੀ ਹਾਲਤ ਵਿਚ ਉਹ ਸੰਤੁਲਿਤ ਜ਼ਿੰਦਗੀ ਜਿਉਂਦਾ ਹੈ। ਖੁਸ਼ੀ ਗ਼ਮੀ, ਸੁਖ-ਦੁਖ, ਨੇਕਨਾਮੀ, ਉਸਤਤ-ਨਿੰਦਿਆ ਸਭ ਭਾਵਨਾਵਾਂ ਤੋਂ ਉਚਿਆਂ ਉਠ ਜਾਂਦਾ ਹੈ।

ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਬੰਧਨ/ਮੁਕਤੀ ਦਾ ਸਵੈਕਾਰ ਕੇਂਦਰੀ ਅਨੁਭਵ ਦੇ ਰੂਪ ਵਿਚ ਪੇਸ਼ ਹੋਇਆ ਹੈ।

ਸੁਖ ਮਹਿ ਬਹੁ ਸੰਗੀ ਭਏ ਦੁਖ ਮਹਿ ਸੰਗਿ ਨ ਕੋਇ
ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ
ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ
ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ[68]

ਗੁਰੂ ਤੇਗ਼ ਬਹਾਦਰ ਮਨੁੱਖ ਦੇ ਨੈਤਿਕ ਸੰਕਟ ਦੀ ਗੱਲ ਕਰ ਰਹੇ ਹਨ। ਸੁੱਖ ਵੇਲੇ ਸਾਰੇ ਉਸਦੇ ਮਿੱਤਰ ਬਣ ਜਾਂਦੇ ਹਨ, ਮੁਸੀਬਤ ਵੇਲੇ ਕੋਈ ਸਾਥ ਨਹੀਂ ਦਿੰਦਾ। ਮਨੁੱਖ ਨੂੰ ਸਿੱਖਿਆ ਦਿੱਤੀ ਗਈ ਹੈ ਕਿ ਦੁਨਿਆਵੀ ਰਿਸ਼ਤਿਆਂ ਦਾ ਸੱਚ ਖੁਦਗਰਜ਼ੀ ਭਰਿਆ ਹੈ। ਇਸ ਲਈ ਸਦੀਵੀ ਸਾਥ ਨਾਲ ਪਿਆਰ ਪਾ। ਉਹ ਹੀ ਹਮੇਸ਼ਾ ਸਹਾਈ ਹੋਵੇਗਾ। ਪਰ ਮਨੁੱਖ ਮਾਇਆ ਦੇ ਨਸ਼ੇ ਵਿਚ ਅੰਨ੍ਹਾ ਹੋਇਆ ਉਸ ਨੂੰ ਚਿਤਵਦਾ ਨਹੀਂ। ਸਿੱਟੇ ਵਜੋਂ ਮਾਨਸਿਕ ਤੌਰ ਤੇ ਪ੍ਰੇਸ਼ਾਨ ਰਹਿੰਦਾ ਹੈ। ਗੁਰੂ ਸਾਹਿਬ ਨੇ ਇਸ ਬੰਧਨ ਤੋਂ ਮੁਕਤ ਹੋਣ ਦਾ ਰਾਹ ਵੀ ਸੁਝਾਇਆ ਹੈ।

ਜਿਹ ਘਟਿ ਸਿਮਰਨ ਰਾਮ ਕੋ ਸੋ ਨਰੁ ਮੁਕਤਾ ਜਾਨ

ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ।[69]

ਨਰ ਸੋ ਮੁਕਤਿ ਨਾਮ ਤੇ ਪਾਵਤ ਗੁਰੁ ਜਬ ਭੇਦੁ ਬਤਾਵੈ
ਕਹੁ ਨਾਨਕ ਸੋਈ ਨਰੁ ਗਰੂਆ ਜੋ ਪ੍ਰਭ ਕੇ ਗੁਨ ਗਾਵੈ।[70]

ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਬੰਧਨ/ਮੁਕਤੀ ਦਾ ਸਰੋਕਾਰ ਕਿਸੀ ਦਾਰਸ਼ਨਿਕ ਜਾਂ ਨੈਤਿਕ ਵਿਚਾਰਧਾਰਾ ਦਾ ਧਾਰਨੀ ਨਹੀਂ ਸਗੋਂ ਇਹ ਮਾਨਵੀ ਸੰਕਟ ਦੇ ਪ੍ਰਸੰਗ ਵਿਚ ਪੇਸ਼ ਹੋਇਆ ਹੈ। ਇਸੇ ਪ੍ਰਸੰਗ ਸਦਕਾ ਗੁਰੂ ਤੇਗ਼ ਬਹਾਦਰ ਦੀ ਬਾਣੀ ਦੀ ਇਕ ਵੱਖਰੀ ਨੁਹਾਰ ਸਥਾਪਤ ਹੁੰਦੀ ਹੈ। ਸਾਰੀ ਸਿੱਖ ਕਾਵਿ ਪਰੰਪਰਾ ਵਿਚ ਜੋ ਤਣਾਓ ਦੀ ਭਾਵਨਾ ਨਜ਼ਰ ਆਉਂਦੀ ਹੈ ਉਸਦਾ ਮੂਲ ਆਧਾਰ ਸੰਕਟ ਦੀ ਸਥਿਤੀ ਹੀ ਹੈ। ਕਿਤੇ ਇਹ ਸੰਕਟ ਚਿੰਤਾ ਦੇ ਰੂਪ ਵਿਚ ਪੇਸ਼ ਹੁੰਦਾ ਹੈ, ਕਿਤੇ ਮੌਤ ਦੇ ਡਰ ਦੇ ਰੂਪ ਵਿਚ ਤੇ ਕਿਤੇ ਮਨੁੱਖ ਦੀ ਇਕੱਲਤਾ ਦੇ ਰੂਪ ਵਿਚ। ਮਨੁੱਖ ਅਨੇਕਾਂ ਪ੍ਰਕਾਰ ਦੇ ਬੰਧਨਾਂ ਵਿਚ ਘਿਰਿਆ ਰਹਿੰਦਾ ਹੈ। ਮੋਹ ਮਾਇਆ ਤੇ ਕੁਚਿਸਤ ਦੇ ਬੰਧਨ ਮਨੁੱਖ ਨੂੰ ਜਕੜੀ ਰੱਖਦੇ ਹਨ। ਬੰਧਨ ਯੁਕਤ ਜੀਵਨ ਪਸ਼ੂ ਜੀਵਨ ਹੈ। ਬੰਧਨ ਤੋਂ ਮੁਕਤੀ ਹਾਸਿਲ ਕਰਨ ਵਿਚ ਇਕਤਾ ਦੀ ਪ੍ਰਾਪਤੀ ਹੈ।

ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ
ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ।[71]

ਬੰਧਨ ਮੁਕਤ ਜੀਵਨ:

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ।[72]

ਸੰਜੋਗ ਤੇ ਵਿਜੋਗ ਦਾ ਸਰੋਕਾਰ ਗੁਰੂ ਅਰਜਨ ਦੇਵ ਦੀ ਬਾਣੀ ਵਿਚ ਬੜੇ ਤੀਬਰ ਰੂਪ ਵਿਚ ਵਿਅਕਤ ਹੋਇਆ ਹੈ।

ਬੰਧਨ ਤੇ ਛੁਟਕਾਵੈ ਪ੍ਰਭੂ ਮਿਲਾਵੈ ਹਰਿ ਹਰਿ ਨਾਮ ਸੁਨਾਵੈ

ਅਗਿਆਨੁ ਕਰੇ ਨਿਵਾਸੁ ਵਿਚੁ ਮਨੂਆ ਬਹੁਰਿ ਨਾ ਕਰਤਾ ਪਾਵੈ
ਹੈ ਕੋਊ ਐਸੋ ਹਮਰਾ ਮੀਤੁ।[73]

ਵਿਜੋਗ ਤੇ ਸੰਜੋਗ ਗੁਰਬਾਣੀ ਅਨੁਸਾਰ ਵਿਛੋੜੇ ਤੇ ਮਿਲਾਪ ਦੇ ਅਰਥਾਂ ਦੇ ਸੂਚਕ ਹਨ। ਮਨੁੱਖ ਆਪਣੀ ਹਉਮੈਂ ਕਾਰਣ ਪਰਮਾਤਮਾ ਤੋਂ ਦੂਰ ਹੋ ਜਾਂਦਾ ਹੈ। ਆਪਣੇ ਆਪ ਨੂੰ ਹਉਮੈ ਤੋਂ ਵੱਖਰਾ ਨਾ ਕਰ ਸਕਣ ਦੀ ਹਾਲਤ ਵਿਚ ਮਨੁੱਖ ਨੂੰ ਵਿਜੋਗ ਦਾ ਸੰਤਾਪ ਭੋਗਣਾ ਪੈਂਦਾ ਹੈ।

ਧਨ ਪਿਰ ਕਾ ਇਕ ਹੀ ਸੰਗਿ ਵਾਸਾ
ਵਿਚਿ ਹਉਮੈ ਭੀਤਿ ਕਰਾਰੀ
ਗੁਰਿ ਪੂਰੈ ਹਉਮੈ ਭੀਤਿ ਤੋਰੀ
ਜਨ ਨਾਨਕ ਮਿਲੇ ਬਨਵਾਰੀ।[74]

ਇਸ ਹਉਮੈ ਦੀ ਪਰਵਿਰਤੀ ਸਦਕਾ ਹੀ ਮਨੁੱਖ ਅਗਿਆਨਤਾ ਦੇ ਵੱਸ ਹੋ ਕੇ ਕੂੜ ਜੀਵਨ ਮਾਰਗ ਅਖ਼ਤਿਆਰ ਕਰ ਲੈਂਦਾ ਹੈ। ਇਸੇ ਲਈ ਆਤਮਿਕ ਦ੍ਰਿਸ਼ਟੀ ਨੂੰ ਗ੍ਰਹਿਣ ਕਰਨ ਤੋਂ ਵੰਚਿਤ ਰਹਿ ਜਾਂਦਾ ਹੈ। ਮਾਇਕ ਭੋਗਾਂ ਨੂੰ ਭੋਗਣਾ ਤੇ ਪਦਾਰਥਕ ਸੁੱਖਾਂ ਦੀ ਪ੍ਰਾਪਤੀ ਹੀ ਜ਼ਿੰਦਗੀ ਦਾ ਇਕ ਮਾਤਰ ਉਦੇਸ਼ ਸਮਝਦਾ ਹੈ। ਮਾਇਕ ਦ੍ਰਿਸ਼ਟੀ, ਮਨੁੱਖ ਨੂੰ ਆਤਮਿਕ ਦ੍ਰਿਸ਼ਟੀ ਦੀ ਪਛਾਣ ਕਰਾਉਣ ਵਿਚ ਰੁਕਾਵਟ ਸਿੱਧ ਹੁੰਦੀ ਹੈ। ਅਜਿਹੀ ਅਵਸਥਾ ਵਿਚ ਮਨੁੱਖ ਵਿਜੋਗ ਦੇ ਸੰਤਾਪ ਨੂੰ ਭੋਗਦਾ ਹੈ।

ਸੋ ਹਉਮੈ ਤੇ ਮਾਇਕ ਦ੍ਰਿਸ਼ਟੀ ਮਨੁੱਖ ਤੇ ਰੱਬ ਵਿਚਕਾਰ ਵਿਜੋਗ ਦੇ ਕਾਰਣ ਹਨ। ਇਹ ਵਿਜੋਗ ਦੀ ਅਵਸਥਾ ਸੰਜੋਗ ਵਿਚ ਤਬਦੀਲ ਹੋ ਸਕਦੀ ਹੈ, ਜੇ ਮਨੁੱਖ ਆਪਣੇ ਆਪੇ ਦੀ ਸਹੀ ਪਛਾਣ ਕਰ ਸਕਣ ਦੇ ਯੋਗ ਹੋ ਜਾਵੇ ਤਾਂ ਰੱਬ ਤੇ ਵਿਅਕਤੀ ਵਿਚਲੀ ਦੂਰੀ ਮਿਟ ਸਕਦੀ ਹੈ। ਮਨੁੱਖ ਵਿਜੋਗ ਦਾ ਦੁੱਖ ਸਹਿਣ ਤੋਂ ਬਚ ਸਕਦਾ ਹੈ। ਕਿਉਂਕਿ ਵਾਸਤਵ ਵਿਚ ਰੱਬ ਕਿਧਰੇ ਬਾਹਰ ਨਹੀਂ ਹਰ ਮਨੁੱਖ ਦੇ ਦਿਲ ਵਿਚ ਹੈ ਪਰ ਇਹ ਗੱਲ ਅਗਿਆਨੀ ਵਿਅਕਤੀ ਦੀ ਸਮਝ ਤੋਂ ਬਾਹਰ ਹੀ ਹੈ।

ਸੰਜੋਗ ਦੀ ਅਵਸਥਾ ਰੱਬ ਦੇ ਹੁਕਮ ਪਛਾਨਣ ਦੀ ਅਵਸਥਾ ਹੈ। ਇਸ ਦਸ਼ਾ ਵਿਚ ਹਉਮੈ ਭਾਵ ਮਿਟ ਜਾਂਦਾ ਹੈ। ਮਾਇਕ ਹਸਤੀ ਆਤਮਿਕ ਹਸਤੀ ਵਿਚ ਬਦਲ ਜਾਂਦੀ ਹੈ।

ਸਚੁ ਸਚੁ ਜੀਵਨ ਆਪਿ ਹੈ, ਨਾਨਕ ਸਚੁ ਸਹਜਿ ਸਮਾਇਹਿ।[76]

ਭਾਵ ਕਿ ਸੰਜੋਗ ਤੋਂ ਬਾਅਦ ਪਰਮਾਤਮਾ, ਜਗਤ ਤੇ ਮਨੁੱਖ ਦੀ ਰੂਹ ਆਪਸ ਵਿਚ ਪਾਣੀ ਵਾਂਗ ਰਲ ਜਾਂਦੇ ਹਨ। ਅਜਿਹੀ ਅਵਸਥਾ ਵਿਚ ਮਨੁੱਖ ਹਰ ਕਿਸਮ ਦੇ ਵਿਕਾਰ ਤੋਂ ਰਹਿਤ ਹੋ ਜਾਂਦਾ ਹੈ।

ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭ ਸੋਗ ਸੰਤਾਪੇ

ਪਰ ਵਿਜੋਗ ਦੀ ਅਵਸਥਾ ਮਨੁੱਖ ਲਈ ਇਕ ਸੰਕਟ ਬਣ ਕੇ ਰਹਿ ਜਾਂਦੀ ਹੈ ਕਿਉਂਕਿ ਮਨੁੱਖ ਸਰੀਰਕ ਮੋਹ ਤੋਂ ਛੁੱਟਦਾ ਨਹੀਂ ਹੋ ਸਕਦਾ। ਭਾਵੇਂ ਇਹ ਮੋਹ ਸਰੀਰਕ ਹੋਵੇ ਜਾਂ ਗ੍ਰਿਹਸਤੀ ਜੀਵਨ ਦਾ, ਸਮਾਜਿਕ ਸੰਬੰਧਾਂ ਦਾ ਹੋਵੇ ਜਾਂ ਫੋਕੀ ਧਾਰਮਿਕ ਭਾਵਨਾ ਦਾ, ਇਹ ਸਾਰੇ ਮੋਹ ਮਨੁੱਖ ਲਈ ਬੰਧਨ ਬਣ ਜਾਂਦੇ ਹਨ। ਇਨ੍ਹਾਂ ਸਾਰੇ ਬੰਧਨਾਂ ਦਾ ਮੁਖ ਆਧਾਰ ਸਿੱਖ ਧਰਮ ਅਨੁਸਾਰ ਮਾਇਆ ਦਾ ਬੰਧਨ ਹੈ। ਮਾਇਆ ਮਨੁੱਖ ਨੂੰ ਉਸ ਦੇ ਮੂਲ ਨਾਲੋਂ ਤੋੜ ਕੇ ਇਨ੍ਹਾਂ ਸਾਰੇ ਬੰਧਨਾਂ ਵਿਚ ਜਕੜ ਦੇਂਦੀ ਹੈ। ਮਨੁੱਖ ਭਾਵੇਂ ਇਨ੍ਹਾਂ ਬੰਧਨਾਂ ਤੋਂ ਛੁਟਕਾਰਾ ਚਾਹੁੰਦਾ ਹੈ ਪਰ ਇਨ੍ਹਾਂ ਦੀ ਕੈਦ ਤੋਂ ਮੁਕਤ ਹੋਣਾ ਉਸ ਲਈ ਸੰਭਵ ਨਹੀਂ ਹੁੰਦਾ। ਮਨੁੱਖ ਗ੍ਰਿਹਸਤੀ ਜੀਵਨ ਦੇ ਮੋਹ ਤੋਂ ਕਿਵੇਂ ਨਿਰਲਿਪਤ ਰਹੇ, ਸਮਾਜਿਕ ਸੰਬੰਧਾਂ ਦੇ ਬੰਧਨਾਂ ਤੋਂ ਕਿਵੇਂ ਸੁਰੱਖਿਤ ਰਹੇ। ਧਾਰਮਿਕ ਪ੍ਰਥਾ ਦਾ ਕਿਸ ਤਰ੍ਹਾਂ ਗੁਲਾਮ ਨਾ ਹੋਵੇ? ਇਹ ਸਾਰੇ ਪ੍ਰਸ਼ਨ ਮਨੁੱਖ ਸਾਹਮਣੇ ਇਕ ਸੰਕਟ ਦੇ ਰੂਪ ਵਿਚ ਪੇਸ਼ ਹੁੰਦੇ ਹਨ। ਇਨ੍ਹਾਂ ਸਾਰੇ ਬੰਧਨਾਂ ਤੋਂ ਮੁਕਤ ਹੋਣ ਨਾਲ ਹੀ ਪਾਰਗਾਮੀ ਪ੍ਰਯੋਜਨ ਦੀ ਪ੍ਰਾਪਤੀ ਸੰਭਵ ਹੈ।

ਉਪਰੋਕਤ ਸਾਰੀ ਚਰਚਾ ਤੋਂ ਸਿੱਧ ਹੁੰਦਾ ਹੈ ਕਿ ਮਨੁੱਖ ਦਾ ਸੰਕਟ ਕੇਵਲ ਇਸ ਕਰਕੇ ਨਹੀਂ ਕਿ ਉਹ ਅੰਦਰੂਨੀ ਧਾਰਨਾਵਾਂ ਜਾਂ ਮਾਨਸਿਕ ਤਣਾਵਾਂ ਕਾਰਨ ਅੰਦਰੋਂ ਤਿੜਕਿਆ ਹੋਇਆ ਹੈ ਸਗੋਂ ਵਿਅਕਤਿਤਾ ਦਾ ਸੰਕੋਚ, ਮੌਤ ਦਾ ਡਰ, ਵਿਜੋਗ ਦੀ ਸਮੱਸਿਆ, ਕੂੜ ਮੋਹ ਦਾ ਵਿਖੇਪ ਅਤੇ ਅਨੇਕਾਂ ਪ੍ਰਕਾਰ ਦੇ ਬੰਧਨ ਧਾਰਮਿਕ, ਸਮਾਜਿਕ, ਭਾਵੁਕ, ਨੈਤਿਕ ਆਦਿ ਮਨੁੱਖ ਦੇ ਸੰਕਟ ਦੇ ਮੂਲ ਆਧਾਰ ਹਨ। ਇਸ ਸੰਕਟ ਤੋਂ ਨਿਜਾਤ ਦਾ ਇਕੋ ਇਕ ਰਸਤਾ ਪਾਰਗਾਮਤਾ ਦਾ ਮਾਰਗ ਹੈ। ਇਸ ਮਾਰਗ ਤੇ ਚੱਲ ਕੇ ਹੀ ਮਨੁੱਖ ਵਿਕਾਰਗ੍ਰਸਤ ਦੀ ਅਵਸਥਾ ਤੋਂ ਬਾਹਰ ਆ ਕੇ ਉਚੇ ਨੈਤਿਕ ਆਦਰਸ਼ਾਂ ਦੀ ਪ੍ਰਾਪਤੀ ਕਰ ਸਕਦਾ ਹੈ। ਇਹ ਤਿੰਨੋਂ ਸਰੋਕਾਰ (ਜਿਨ੍ਹਾਂ ਦੀ ਉਪਰ ਚਰਚਾ ਕੀਤੀ ਗਈ ਹੈ) ਇਕ ਦੂਜੇ ਤੋਂ ਵੱਖਰੇ ਹੋ ਕੇ ਵੀ ਅੰਤਰ ਸੰਬੰਧਿਤ ਹਨ। ਕਿਧਰੇ ਇਹ

ਦਾਰਸ਼ਨਿਕ ਚਿੰਤਨ ਦਾ ਪ੍ਰਗਟਾਵਾ ਕਰਦੇ ਲੱਗਦੇ ਹਨ, ਕਿਧਰੇ ਪ੍ਰੇਰਣਾ ਸ੍ਰੋਤ ਦੇ ਰੂਪ ਵਿਚ ਪੇਸ਼ ਹੋਏ ਹਨ ਤੇ ਕਿਤੇ ਪਰਮਾਰਥਕ ਪ੍ਰਸ਼ਨਾਂ ਦਾ ਰੂਪ ਧਾਰ ਗਏ ਲੱਗਦੇ ਹਨ।

ਡਾ. ਅਤਰ ਸਿੰਘ ਅਨੁਸਾਰ, "ਉਪਰੋਕਤ ਤਿੰਨਾਂ ਸੰਕਲਪ ਜੁੱਟਾਂ (ਕੂੜ/ਸੱਚ, ਸੰਜੋਗ/ ਵਿਜੋਗ ਤੇ ਬੰਧਨ/ਮੁਕਤੀ) ਵਿਚ ਇਕ ਦੇ ਪੱਕੀ ਮਨਾਰਥ ਵਿਅਕਤ ਹੋਇਆ ਹੈ, ਇਕ ਪਾਸੇ ਇਕ ਵਿਆਪਕ ਸਾਂਝੀ ਦੂਜੇ ਪਾਸੇ ਇਕ ਪਾਰਗਾਮੀ ਸੰਭਾਵਨਾ, ਦੋਹਾਂ ਦੇ ਦਰਮਿਆਨ ਇਕ ਯਾਤਰਾ ਹੈ ਗਿਆਨ ਦੀ, ਕਰਨ ਦੀ, ਸਾਧਨਾ ਦੀ ਤੇ ਸਭ ਤੋਂ ਵੱਧ ਵਿਅਕਤੀਗਤ ਤੇ ਸਾਂਝੇ ਕਰਮ ਦੀ ਜੋ ਪਤਿਤ ਪ੍ਰਾਣੀ ਨੂੰ ਕੂੜ ਤੋਂ ਸੱਚ ਵੱਲ, ਅਨੇਰ ਤੋਂ ਜੋਤ ਵੱਲ, ਭਰਮ ਤੋਂ ਵਿਸ਼ਵਾਸ ਵੱਲ, ਅਗਿਆਨ ਤੋਂ ਗਿਆਨ ਵੱਲ, ਮੌਤ ਤੋਂ ਜੀਵਨ ਵੱਲ, ਹਨੇਰੇ ਤੋਂ ਚਾਨਣ ਵੱਲ, ਬੰਧਨ ਤੋਂ ਮੁਕਤੀ ਵੱਲ, ਵਿਜੋਗ ਤੋਂ ਸੰਜੋਗ ਵੱਲ, ਮਾਇਆ ਤੋਂ ਬ੍ਰਹਮ ਵੱਲ ਲਿਜਾਂਦੀ ਹੈ। ਇਸ ਯਾਤਰਾ ਦਾ ਆਧਾਰ ਸਾਧਨ ਰੂਪ ਮਨੁੱਖ ਦੀ ਅੰਦਰਲੀ ਆਤਮਕ ਇਕਾਗਰਤਾ ਦੀ ਪ੍ਰਾਪਤੀ ਦਾ ਹੀ ਪ੍ਰਤੀਬਿੰਬ ਹੈ ਅਤੇ ਇਸ ਇਕਾਗਰਤਾ ਦਾ ਮੂਲ ਉਦੇਸ਼ ਮਾਨਵ ਨੂੰ ਉਸਦੀ ਮਾਨਵਤਾ ਪ੍ਰਦਾਨ ਕਰਨਾ ਹੈ ਤਾਂ ਜੋ ਉਹ 'ਅਵਰਿ ਜੋਨਿ ਤੇਰੀ ਪਨਿਹਾਰੀ, ਇਸੁ ਧਰਤੀ ਮਹਿ ਤੇਰੀ ਸਿਕਦਾਰੀ' (ਆਸਾ ਮ: 5, ਪੰਨਾ 374) ਦੇ ਆਦਰਸ਼ ਨੂੰ ਪ੍ਰਾਪਤ ਹੋ ਜਾਵੇ।"[76]

## ਹਵਾਲੇ ਅਤੇ ਟਿੱਪਣੀਆਂ

1. ਜਗੀਰ ਸਿੰਘ, ਧਰਮ ਦਾ ਦਾਰਸ਼ਨਿਕ ਪੱਖ, ਪੰਨਾ 3
2. ਐਫ਼. ਮੈਕਸਮੂਲਰ, ਧਰਮ ਦੀ ਉਤਪਤੀ ਤੇ ਵਿਕਾਸ (ਅਨੁਵਾਦਕ ਤਾਰਨ ਸਿੰਘ), ਪੰਨਾ 3
3. ਡਾ. ਜਸਬੀਰ ਸਿੰਘ, ਬਾਣੀ ਸੰਸਾਰ, ਪੰਨਾ 33
4. ਉਹੀ, ਪੰਨਾ 34
5. ਐਫ਼. ਮੈਕਸਮੂਲਰ, ਉਹੀ ਰਚਨਾ, ਪੰਨਾ 10
6. ਉਹੀ, ਪੰਨਾ 14
7. Dr. Attar Singh, "Guru Gobind Singh's Vision of Religious Evolution of Man", Panjab University Journal of Medieval Indian Literature, Vol. IV, March-Sept. 1960 p. 92
8. ਤਾਰਨ ਸਿੰਘ (ਸੰਪਾ. ਫ਼ੋਰਵੀਂ ਬਾਣੀ ਧਰਮ ਗ੍ਰੰਥ, ਪੰਨਾ 138)

   quoted by Dr. Attar Singh, Ibid, p. 89
9. ਗਉੜੀ ਮਹਲਾ 5, 'ਸੁਖਮਨੀ', ਆਦਿ ਗ੍ਰੰਥ, ਪੰਨਾ 295
10. ਆਸਾ ਮਹਲਾ 1, ਆਦਿ ਗ੍ਰੰਥ, ਪੰਨਾ 473
11. Wazir Singh, "Social Protest in Gurbani", Journal of Medieval Indian Literature, Panjab University, Chandigarh, Vol. II, March -Sept., 1978, No. 18, p. 26
12. Dr. Attar Singh, "Guru Nanak's Vision of Religious Humanism", Studies in Sikhism and Comparative Religion, Vol. I, Oct. 1982, p. 21-22
13. Dr. S.K. Bajaj, "Social Philosophy of Guru Nanak", Papers on Guru Nanak, Punjabi University, Patiala, p.21
14. ਆਸਾ ਦੀ ਵਾਰ, ਮਹਲਾ 1, ਆਦਿ ਗ੍ਰੰਥ, ਪੰਨਾ 463
15. ਉਹੀ

16. ਡਾ. ਵਜ਼ੀਰ ਸਿੰਘ, ਨੈਤਿਕ ਚਿੰਤਨ, ਪੰਨਾ 29-30
17. ਆਸਾ ਦੀ ਵਾਰ ਮਹਲਾ 1, ਆਦਿ ਗ੍ਰੰਥ, ਪੰਨਾ 463
18. ਡਾ. ਜਗਜੀਤ ਸਿੰਘ, ਉਹੀ ਰਚਨਾ, ਪੰਨਾ 87-88
19. ਆਸਾ ਦੀ ਵਾਰ ਮਹਲਾ 1, ਉਹੀ ਰਚਨਾ, ਪੰਨਾ 464
20. ਧਰਿਤਜਨਕ ਸਿੰਘ, ਅਧਿਐਨ ਤੇ ਅਧਿਆਪਨ, ਪੰਨਾ 30
21. ਉਹੀ, ਪੰਨਾ 32
22. ਸਿਰੀ ਰਾਗ ਮਹਲਾ 3, ਆਦਿ ਗ੍ਰੰਥ, ਪੰਨਾ 39
23. ਸਿਰੀ ਰਾਗ ਮਹਲਾ 1, ਆਦਿ ਗ੍ਰੰਥ, ਪੰਨਾ 23
24. ਵਾਰ ਆਸਾ ਮਹਲਾ 2, ਆਦਿ ਗ੍ਰੰਥ, ਪੰਨਾ 466
25. W.M. Urban, Humanity and Deity, p. 67
26. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 632
27. ਦੇਵਗੰਧਾਰੀ ਮਹਲਾ 9, ਆਦਿ ਗ੍ਰੰਥ, ਪੰਨਾ 536
28. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 633
29. ਸਿਰੀ ਰਾਗ ਪਹਰੇ, ਆਦਿ ਗ੍ਰੰਥ, ਪੰਨਾ 75
30. ਰਾਮਕਲੀ, ਦਖਣੀ ਓਅੰਕਾਰੁ, ਆਦਿ ਗ੍ਰੰਥ, ਪੰਨਾ936
31. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 633
32. ਜੈਤਸਰੀ ਮਹਲਾ 9, ਆਦਿ ਗ੍ਰੰਥ, ਪੰਨਾ 702
33. ਧਨਾਸਰੀ ਮਹਲਾ 9, ਆਦਿ ਗ੍ਰੰਥ, ਪੰਨਾ 684
34. Bardyear Nicolas, Divine and Human (translated by R.M. French), p. 126
35. Paul Tillich, Theology of Culture, p. 40

36. ਆਸਾ ਦੀ ਵਾਰ ਮਹਲਾ 1, ਆਦਿ ਗ੍ਰੰਥ, ਪੰਨਾ 470

37. ਵਾਰ ਮਲਾਰ ਮਹਲਾ 5, ਆਦਿ ਗ੍ਰੰਥ, ਪੰਨਾ 1284

38. ਡਾ. ਜਗਜੀਤ ਸਿੰਘ, ਛਾਵੀ ਸੰਸਾਰ, ਪੰਨਾ 49

39. ਆਸਾ ਮਹਲਾ 1, ਆਦਿ ਗ੍ਰੰਥ, ਪੰਨਾ 416

40. ਸਿਰੀ ਰਾਗ ਮਹਲਾ 1, ਆਦਿ ਗ੍ਰੰਥ, ਪੰਨਾ 21

41. ਡਾ. ਜਗਜੀਤ ਸਿੰਘ, ਉਹੀ ਰਚਨਾ, ਪੰਨਾ 50

42. A.C. Arora, "Society as depicted in Asa Di Var", Paper on Guru Nanak, Punjabi University, Patiala, 1969 p. 168

43. ਆਸਾ ਦੀ ਵਾਰ ਸਲੋਕ ਮਹਲਾ 1, ਆਦਿ ਗ੍ਰੰਥ, ਪੰਨਾ 468

44. Dr. Attar Singh, "Guru Nanak's Vision of Religious Humanism", Studies in Sikhism and Comparative Religion, Vol. I, Oct. , 1982, Guru Nanak Foundation, New Delhi, p. 22.

45. ਆਸਾ ਮਹਲਾ 1, ਆਦਿ ਗ੍ਰੰਥ, ਪੰਨਾ 471

46. ਡਾ. ਤਾਰਨ ਸਿੰਘ ਬੇਦੀ, ਕਰਤਾਰ ਗੁਰੂ ਨਾਨਕ, ਪੰਨਾ 82

47. ਆਸਾ ਦੀ ਵਾਰ ਮਹਲਾ 1, ਆਦਿ ਗ੍ਰੰਥ, ਪੰਨਾ 471-72

48. ਭੈਰਉ ਮਹਲਾ 3, ਆਦਿ ਗ੍ਰੰਥ, ਪੰਨਾ 1128

49. ਉਹੀ

50. ਸਲੋਕ ਵਾਰਾਂ ਤੇ ਵਧੀਕ ਮਹਲਾ 1, ਆਦਿ ਗ੍ਰੰਥ, ਪੰਨਾ 1411

51. ਆਸਾ ਦੀ ਵਾਰ, ਮਹਲਾ 1, ਆਦਿ ਗ੍ਰੰਥ, ਪੰਨਾ 471

52. Balwant Singh Anand, Guru Nanak-Religion and Ethics, p. 31

53. ਸਲੋਕ ਮਹਲਾ 1, ਆਦਿ ਗ੍ਰੰਥ, ਪੰਨਾ 471

54. Hari Ram Gupta, History of Sikh Gurus, p. 8

55. ਰਾਗ ਮਾਝ ਮਹਲਾ 1, <u>ਆਦਿ ਗ੍ਰੰਥ,</u> ਪੰਨਾ 141

56. ਸਿਰੀ ਰਾਗ ਮਹਲਾ 1, <u>ਆਦਿ ਗ੍ਰੰਥ,</u> ਪੰਨਾ 15

57. ਗੋਂਡ ਮਹਲਾ 5, <u>ਆਦਿ ਗ੍ਰੰਥ,</u> ਪੰਨਾ 868

58. Dr. Attar Singh, "Guru Nanak's Vision of Religious Humanism", <u>Studies in Sikhism and Comparative Religion,</u> p. 21-22

59. ਸਲੋਕ ਮਹਲਾ 1, <u>ਆਦਿ ਗ੍ਰੰਥ,</u> ਪੰਨਾ 462

60. ਡਾ. ਅਤਰ ਸਿੰਘ, "ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦੀ ਵਸਤੂ-ਪਰਕਰਣ", <u>ਗੁਰੂ ਤੇਗ਼ ਬਹਾਦਰ ਜੀਵਨ ਸਮਾਂ ਤੇ ਰਚਨਾ</u> (ਸੰਪਾ. ਡਾ. ਸੁਰਿੰਦਰ ਸਿੰਘ ਕੋਹਲੀ), ਪੰਨਾ 1

61. ਆਸਾ ਮਹਲਾ 1, <u>ਆਦਿ ਗ੍ਰੰਥ,</u> ਪੰਨਾ 1

62. ਆਸਾ ਦੀ ਵਾਰ ਮਹਲਾ 1, <u>ਆਦਿ ਗ੍ਰੰਥ,</u> ਪੰਨਾ 473

63. ਪੰਡਤ ਨਰੈਣ ਸਿੰਘ ਜੀ ਗਿਆਨੀ, <u>4 ਵਾਰਾਂ ਭਾਈ ਗੁਰਦਾਸ ਜੀ ਸਟੀਕ,</u> ਵਾਰ30, ਪਉੜੀ 5, ਪੰਨਾ 54

64. Narain Singh, <u>Guru Nanak's View of Life,</u> p. 214

65. ਗਉੜੀ ਸੁਖਮਨੀ ਮਹਲਾ 5, <u>ਆਦਿ ਗ੍ਰੰਥ,</u> ਪੰਨਾ 178

66. ਆਸਾ ਮਹਲਾ 1, <u>ਆਦਿ ਗ੍ਰੰਥ,</u> ਪੰਨਾ 9

67. Narain Singh, op.cit., p. 216

68. ਸਲੋਕ ਮਹਲਾ 9, <u>ਆਦਿ ਗ੍ਰੰਥ,</u> ਪੰਨਾ 1427

69. ਉਹੀ, ਪੰਨਾ 1428

70. ਬਿਲਾਵਲੁ ਮਹਲਾ 9, <u>ਆਦਿ ਗ੍ਰੰਥ,</u> ਪੰਨਾ 831

71. ਸਲੋਕ ਮਹਲਾ 9, <u>ਆਦਿ ਗ੍ਰੰਥ,</u> ਪੰਨਾ 1428

72. ਗਉੜੀ ਮਹਲਾ 9, ਆਦਿ ਗ੍ਰੰਥ, ਪੰਨਾ 219

73. ਧਨਾਸਰੀ ਮਹਲਾ 5, ਆਦਿ ਗ੍ਰੰਥ, ਪੰਨਾ 674

74. ਮਲਾਰ ਮਹਲਾ 4, ਆਦਿ ਗ੍ਰੰਥ, ਪੰਨਾ 1263

75. ਸਿਰੀ ਰਾਗ ਮਹਲਾ 5, ਆਦਿ ਗ੍ਰੰਥ, ਪੰਨਾ 41

76. ਡਾ. ਅਤਰ ਸਿੰਘ, ਉਚੀ ਰਚਨਾ, ਪੰਨਾ 195

ਅਧਿਆਇ ਚੌਥਾ :

## ਗੁਰੂ ਤੇਗ ਬਹਾਦਰ ਦੀ ਬਾਣੀ ਵਿੱਚ ਮਾਨਵੀ ਸੰਕਟ ਦਾ ਵਿਸਤਾਰ
(ਚੇਤਨਾ ਦੇ ਪ੍ਰਸੰਗ ਵਿੱਚ)

## ਗੁਰੂ ਤੇਗ ਬਹਾਦਰ ਦੀ ਬਾਣੀ ਵਿਚ ਮਾਨਵੀ ਸੰਕਟ ਦਾ ਵਿਸਤਾਰ

(ਚੇਤਨਾ ਦੇ ਪ੍ਰਸੰਗ ਵਿਚ)

ਗੁਰੂ ਤੇਗ਼ ਬਹਾਦਰ ਦੀ ਬਾਣੀ ਦਾ ਅਧਿਐਨ ਇਕ ਗੰਭੀਰ ਵਾਤਾਵਰਣ ਪੈਦਾ ਕਰਦਾ ਹੈ ਜੋ ਮਨੁੱਖ ਨੂੰ ਇਕ ਵਿਸ਼ੇਸ਼ ਕਿਸਮ ਦੇ ਪਰਿਵਰਤਨ ਲਈ ਪ੍ਰੋਤਸਾਹਨ ਦਿੰਦਾ ਹੈ। ਇਸ ਬਾਣੀ ਵਿਚ ਮਨੁੱਖ ਦੀ ਵਿਕਾਰੀ ਰੁਚੀਆਂ ਦਾ ਖੰਡਨ ਕਰਦੇ ਹੋਏ ਉਸ ਦੇ ਨੈਤਿਕ ਅਤੇ ਅਧਿਆਤਮਕ ਉਥਾਨ ਦੀ ਚਿੰਤਾ ਨਿਹਿਤ ਹੈ। ਉਪਰੀ ਨਜ਼ਰੇ ਵੇਖਿਆਂ ਇਉਂ ਜਾਪਦਾ ਹੈ ਜਿਵੇਂ ਇਸ ਬਾਣੀ ਦਾ ਮੰਤਵ ਸੰਸਾਰ ਦੀ ਨਾਸ਼ਮਾਨਤਾ ਦਾ ਵਰਨਣ ਕਰਕੇ ਵੈਰਾਗ ਭਾਵ ਉਪਜਾਉਣਾ ਹੈ। ਪਰ ਇਸ ਬਾਣੀ ਦਾ ਮੰਤਵ ਕੇਵਲ ਸੰਸਾਰ ਦੀ ਨਾਸ਼ਮਾਨਤਾ ਦੇ ਪ੍ਰਸੰਗ ਤੱਕ ਸੀਮਿਤ ਨਹੀਂ, ਸਗੋਂ ਸੰਸਾਰਕ ਸੁੱਖਾਂ ਦੀ ਥੋੜ੍ਹਚਿਰਤਾ ਦੇ ਮੋਹ ਵਿਚ ਗੰਵਾਏ ਅਵਸਰ ਨੂੰ ਨਾ ਸੰਭਾਲ ਸਕਣ ਦਾ ਸੋਗ ਹੈ। ਸਾਰੀ ਬਾਣੀ ਵਿਚ ਕਿਤੇ ਤਾਂ ਮਨੁੱਖ ਆਪਣੇ ਹਾਲਾਤ ਤੋਂ ਉਪਰਾਮ ਹੈ, ਕਿਤੇ ਸਾਕ ਸੰਬੰਧੀਆਂ ਤੇ ਦੋਸਤ ਮਿੱਤਰਾਂ ਦੇ ਵਤੀਰੇ ਤੋਂ ਦੁਖੀ ਹੈ, ਕਦੀ ਉਸ ਨੂੰ ਸੰਸਾਰਕ ਸੁੱਖ ਦੇ ਖੁੱਸ ਜਾਣ ਦਾ ਡਰ ਹੈ ਤੇ ਕਦੀ ਇਕੱਲਤਾ ਦਾ ਸੰਤਾਪ ਦੁਖੀ ਕਰਦਾ ਹੈ। ਕਦੀ ਮਨੁੱਖ ਵਿਸ਼ੇ ਵਿਕਾਰਾਂ ਦੀ ਅਗਨੀ ਵਿਚ ਸੜਦਾ ਹੈ ਤੇ ਕਦੀ ਮਾਨਸਿਕ ਤੌਰ ਤੇ ਅਸ਼ਾਂਤ ਨਜ਼ਰ ਆਉਂਦਾ ਹੈ। ਕਦੀ ਡਰਾਉਣੀ ਮੌਤ ਉਸ ਨੂੰ ਭੈਭੀਤ ਕਰਦੀ ਹੈ ਤੇ ਕਦੀ ਪਦਾਰਥਕ ਵਸਤਾਂ ਦੀ ਛਿਣਭੰਗਰਤਾ ਉਸ ਨੂੰ ਸੰਕਟਗ੍ਰਸਤ ਕਰਦੀ ਹੈ। [illegible] ਕੁਲ ਮਿਲਾ ਕੇ ਸਾਰੀ ਬਾਣੀ ਵਿਚ ਜੀਵ ਸੰਕਟ-ਗ੍ਰਸਤ ਹੀ ਨਜ਼ਰ ਆਉਂਦਾ ਹੈ। ਡਾ. ਧਰਮ ਸਿੰਘ ਅਨੁਸਾਰ, "ਇਹ ਸੰਕਟ ਦਾ ਪ੍ਰਕਰਣਿਕ ਹੀ ਹੈ ਜੋ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਾ ਨਵੇਕਲਾ ਮੌਲਿਕ ਚਰਿੱਤਰ ਹੈ। ਇਸ ਸੰਕਟ ਦੇ ਅਨੇਕਾਂ ਪਾਸਾਰ ਹਨ। ਅਸਤਿਤਵਕ, ਨੈਤਿਕ, ਭਾਵੁਕ ਤੇ ਆਤਮਕ।"[1] ਬਹੁਤੇ ਬਾਣੀ ਵਿਚ ਇਹ ਸੰਕਟ ਮੌਤ ਦੇ ਡਰ ਦੇ ਰੂਪ ਵਿਚ ਪ੍ਰਗਟ ਹੋਇਆ ਹੈ। ਬੰਧਨਮੁਕਤ ਮਾਨਵ ਸੰਕਟ ਗ੍ਰਸਤ ਹੈ:-

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ।[2]

ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ
ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ।[3]

ੴ

ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ
ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ।[4]

ਗੁਰੂ ਤੇਗ਼ ਬਹਾਦਰ ਜੀ ਦੇ ਬਾਣੀ ਜਗਤ ਵਿਚ ਪ੍ਰਵੇਸ਼ ਕਰਦਿਆਂ ਹੀ ਇਸ ਗੱਲ ਦਾ ਬੜਾ ਤਿੱਖਾ ਅਨੁਭਵ ਹੁੰਦਾ ਹੈ ਕਿ ਬੰਧਨ/ਮੁਕਤੀ ਦਾ ਸਰੋਕਾਰ ਕੇਂਦਰੀ ਅਨੁਭਵ ਬਣ ਗਿਆ ਹੈ। ਵਿਸ਼ਾਲ ਅਰਥਾਂ ਵਿਚ ਤਾਂ ਗੁਰੂ ਤੇਗ਼ ਬਹਾਦਰ ਦੀ ਬਾਣੀ ਗੁਰਬਾਣੀ ਦਾ ਹੀ ਇਕ ਅਨਿੱਖੜ ਅੰਗ ਹੈ ਪਰ ਕੇਵਲ ਇਸੇ ਅਰਥ ਵਿਚ ਕਿ ਇਸ ਵਿਚ ਗੁਰਬਾਣੀ ਦੇ ਸਾਰੇ ਮੂਲ ਸਰੋਕਾਰ ਬੰਧਨ ਦੀ ਪ੍ਰਤੀਤੀ ਤੇ ਮੁਕਤੀ ਦੇ ਚਿੰਤਨ ਉਤੇ ਹੀ ਨਹੀਂ ਆ ਜੁੜਦੇ ਸਗੋਂ ਇਕ ਨਵੀਂ ਤੀਬਰਤਾ ਵੀ ਧਾਰਨ ਕਰ ਲੈਂਦੇ ਹਨ।[5]

ਬਾਣੀ ਵਿਚ ਇਕ ਪਾਸੇ ਮਨੁੱਖੀ ਹੋਂਦ ਦੇ ਬੰਧਨ ਹਨ। ਜ਼ਿੰਦਗੀ ਦੀ ਬੇਸਥਿਰਤਾ, ਮੌਤ ਦਾ ਭੈ, ਇਕੱਲਤਾ ਦਾ ਸੰਤਾਪ ਜਾਂ ਅਸਤਿਤਵਕ ਸੰਤਾਪ ਦੇ ਚਿੱਤਰ ਹਨ। ਦੂਜੇ ਪਾਸੇ ਇਨ੍ਹਾਂ ਬੰਧਨਾਂ ਤੋਂ ਮੁਕਤ ਹੋਣ ਵਿਚ ਦੈਵੀ ਸ਼ਕਤੀ ਸਹਾਈ ਸਿੱਧ ਹੁੰਦੀ ਹੈ।

ਬੰਧਨ ਮੁਕਤ ਅਵਸਥਾ:

ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ
ਅਹਿਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ
ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ਬੰਧਾਵੈ
ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ।[6]

ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ
ਝੂਠਾ ਤਨੁ ਸਾਚਾ ਕਰ ਮਾਨਿਓ ਜਿਉ ਸੁਪਨਾ ਰੈਨਾਈ।[7]

ਸਾਧਿ ਸੰਗਿ ਕੈ ਗੁਰਬ ਲਾਗਿਓ ਜਨਮੁ ਅਕਾਰਥੁ ਖੋਇਓ
ਕਰਿ ਪਰਪੰਚ ਉਦਰ ਨਿਜ ਪੋਖਿਓ ਪਸੁ ਕੀ ਨਿਆਈ ਸੋਇਓ।[8]

ਮੁਕਤੀ (ਬੰਧਨ ਮੁਕਤ ਅਵਸਥਾ):

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ
ਕਾਮ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ।[9]

ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ
ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ

... ... ...

ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ
ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ।[10]

ਬੰਧਨ ਤੇ ਮੁਕਤੀ ਦਾ ਪ੍ਰਸੰਗ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਦਾਰਸ਼ਨਿਕ ਚਿੰਤਨ ਜਾਂ ਨੈਤਿਕ ਵਿਚਾਰ ਪਰਚਾਰ ਦਾ ਨਹੀਂ, ਇਕ ਪ੍ਰਮੁਖ ਮਾਨਵੀ ਸੰਕਟ ਦਾ ਹੈ।[11]

ਸਾਰੀ ਬਾਣੀ ਵਿਚ ਕਈ ਮਨੁੱਖ ਆਪਣੀ ਅਗਿਆਨਤਾ ਕਾਰਣ ਦੁਬਿਧਾ ਤੇ ਹਉਮੈ ਦਾ ਸ਼ਿਕਾਰ ਹੋ ਕੇ ਸੰਕਟਗ੍ਰਸਤ ਹੁੰਦਾ ਹੈ ਜਾਂ ਹੋਰ ਮਨੁੱਖ ਦੀ ਮਾਨਵ ਹਸਤੀ ਉਸ ਦੀ ਅਧਿਆਤਮਕ ਅਗਿਆਨਤਾ ਦਾ ਕਾਰਣ ਹੈ। ਜਿਸਦੇ ਮਨੁੱਖ ਦਾ ਚੰਚਲ ਮਨ ਉਸ ਨੂੰ ਵਿਆਪਕ ਜੀਵਨ ਮੁੱਲਾਂ ਦੀ ਸਮਝ ਤੋਂ ਹੀਣਾ ਰੱਖਦਾ ਹੈ। ਬਹੁਤਾ ਵਿਸਤਾਰ ਮਨੁੱਖ ਦੀ ਨੈਤਿਕ ਗਿਰਾਵਟ ਦੇ ਕਾਰਣਾਂ ਨੂੰ ਵਿਆਖਿਆ ਤੇ ਲਾਇਆ ਗਿਆ ਹੈ। ਮਨੁੱਖ ਦੀਆਂ ਮਾਰੂ ਰੁਚੀਆਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਵਿਸ਼ੇਸ਼ ਤੌਰ ਤੇ ਮਨੁੱਖ ਦੇ ਸੰਕਟ ਦਾ ਬੁਨਿਆਦੀ ਆਧਾਰ ਹਨ। ਪਰ ਮਨੁੱਖ ਦਾ ਵਾਸਤਵਿਕ ਸੰਕਟ ਜਿਸ ਤੇ ਗੁਰੂ ਤੇਗ਼ ਬਹਾਦਰ ਦੀ ਦ੍ਰਿਸ਼ਟੀ ਕੇਂਦਰਿਤ ਹੈ ਉਹ ਇਨ੍ਹਾਂ ਬਾਹਰੀ ਅਵਸਥਾਵਾਂ ਦਾ ਨਹੀਂ ਬਲਕਿ ਅੰਤਰਿਕ ਮੁੱਲਾਂ ਦਾ ਹੈ। ਵਾਸਤਵ ਵਿਚ ਮਨੁੱਖ ਦਾ ਸੰਕਟ ਓਦੋਂ ਵਧੇਰੇ ਤੀਬਰ ਹੁੰਦਾ ਹੈ ਜਦੋਂ ਉਹ ਬੰਧਨਯੁਕਤ ਅਵਸਥਾ ਨੂੰ ਅੰਤਿਮ ਤੌਰ ਤੇ ਅਪਰਿਵਰਤਨਸ਼ੀਲ

ਸਵੀਕਾਰ ਕਰ ਲੈਂਦਾ ਹੈ।

ਮਨੁੱਖ ਦੇ ਸੰਕਟ ਨੂੰ ਗੁਰੂ ਤੇਗ਼ ਬਹਾਦਰ ਨੇ ਕਈ ਪ੍ਰਸੰਗਾਂ ਵਿਚ ਚਿਤਰਿਆ ਹੈ। 'ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ', 'ਸਿਰ ਊਪਰਿ ਜਮ ਡਰਮਰੈ', 'ਸੰਗ ਸਖਾ ਸਭਿ ਤਜਿ ਗਏ' - ਆਦਿ ਇਹ ਸਭ ਸੰਕਟਮਈ ਅਵਸਥਾਵਾਂ ਹਨ। ਮਨੁੱਖ ਦੀ ਬੇਚਾਰਗੀ ਤੇ ਬੇਵਸੀ ਨਜ਼ਰ ਆਉਂਦੀ ਹੈ। ਪਰ ਇਹ ਸੰਕਟ ਓਦੋਂ ਵਧੇਰੇ ਪ੍ਰਬਲ ਹੁੰਦਾ ਹੈ ਜਿਥੇ ਗੁਰੂ ਤੇਗ਼ ਬਹਾਦਰ ਨੇ ਇਸ ਅਵਸਥਾ ਨੂੰ ਮਾਨਸਿਕ ਪ੍ਰਸੰਗ ਨਾਲ ਜੋੜ ਦਿੱਤਾ ਹੈ। ਕਿਉਂਕਿ ਮਨ ਵਿਸ਼ੇ ਵਿਕਾਰਾਂ ਦੀ ਜਕੜ ਵਿਚ ਕੈਦ ਹੈ। ਇਹ ਵਿਸ਼ੇ ਵਿਕਾਰ ਮਨੁੱਖ ਦੇ ਦੈਵੀ ਗੁਣਾਂ ਤੇ ਹਾਵੀ ਹੋ ਕੇ ਉਸ ਨੂੰ ਮਾਨਸਿਕ ਤੌਰ ਤੇ ਅਸ਼ਾਂਤ ਕਰ ਦੇਂਦੇ ਹਨ। ਵਿਸ਼ੇ ਵਿਕਾਰਾਂ ਦੀ ਵਿਆਪਕ ਅੱਗ ਮਨੁੱਖ ਨੂੰ ਆਪਣੀ ਲਪੇਟ ਵਿਚ ਲੈ ਲੈਂਦੀ ਹੈ। ਭਾਵੇਂ ਲਿਖਤਾਂ ਕੁੱਲ ਸਾਰੀ ਬਾਣੀ ਵਿਚ ਕਵੀ ਨੇ ਸੰਬੋਧਨ ਆਪਣੇ ਆਪ ਨੂੰ ਕੀਤਾ ਹੈ, ਪਰ ਜ਼ਿਕਰ ਸਧਾਰਣ ਮਨੁੱਖ ਦੀ ਮਾਨਸਿਕ ਅਵਸਥਾ ਦਾ ਹੈ। ਮਾਨਸਿਕ ਤੇ ਆਤਮਿਕ ਮਹੌਲ ਤੋਂ ਹੀਣਾ ਮਨੁੱਖ ਬੰਧਨਗ੍ਰਸਤ ਨਜ਼ਰ ਆਉਂਦਾ ਹੈ।

ਮਾਈ ਮਨੁ ਮੇਰੋ ਬਸਿ ਨਾਹਿ
ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ।[12]

ਭੂਲਿਓ ਮਨੁ ਮਾਇਆ ਉਰਝਾਇਓ
ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ।[13]

ਪਾਪੀ ਹੀਐ ਮੈ ਕਾਮੁ ਬਸਾਇ
ਮਨੁ ਚੰਚਲੁ ਯਾ ਤੇ ਗਹਿਓ ਨ ਜਾਇ।[14]

ਗੁਰੂ ਤੇਗ਼ ਬਹਾਦਰ ਦੁਆਰਾ ਮਨ ਦਾ ਇਹ ਵਿਸ਼ਲੇਸ਼ਣ ਇਕ ਸਧਾਰਣ ਮਾਨਵ ਦੇ ਮਨ ਦਾ ਵਿਸ਼ਲੇਸ਼ਣ ਹੈ। ਬਾਣੀ ਦੇ ਵਧੇਰੇ ਹਿੱਸੇ ਵਿਚ ਮਨ ਅਗਿਆਨੀ ਹੈ ਤੇ ਭਰਮਾਂ ਵਿਚ ਜਕੜਿਆ ਹੋਇਆ ਹੈ। ਚੰਚਲ ਮਨ ਭੋਗਾਂ ਤੇ ਵਿਸ਼ਿਆਂ ਵਿਚ ਗਲਤਾਨ ਹੈ। ਮਾਇਆ ਦੇ ਜਾਲ ਵਿਚ ਫਸਿਆ ਮਨ ਸੱਤ ਤੇ ਅਸੱਤ ਦਾ ਨਿਰਣਾ ਕਰਨ ਤੋਂ ਅਸਮਰੱਥ ਹੈ। ਜੋ ਨਾਸ਼ਵਾਨ ਤੇ ਥੋੜ੍ਹਚਿਰਾ ਹੈ ਉਸ ਨੂੰ ਤਾਂ ਮਨੁੱਖ ਸਦੀਵੀ ਤੇ ਸਥਿਰ ਸਮਝਦਾ ਹੈ ਪਰ ਜੋ ਵਾਸਤਵ ਵਿੱਚ ਸੱਚ

ਹੈ ਉਸ ਨੂੰ ਦੇਖਣ ਦੀ ਇਸ ਨੇਕ ਸਮਰੱਥਾ ਹੀ ਨਹੀਂ ਹੈ। ਚੰਚਲਤਾ ਵੱਸ ਮਨੁੱਖ ਠੀਕ ਮਾਰਗ ਤੇ ਜਾਣ ਦੀ ਕੋਸ਼ਿਸ਼ ਹੀ ਨਹੀਂ ਕਰਦਾ।

ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ।[15]

ਇਸ ਸਥਿਤੀ ਦਾ ਕਾਰਣ ਗੁਰੂ ਤੇਗ਼ ਬਹਾਦਰ ਨੇ ਮਨ ਨੂੰ ਠਹਿਰਾਇਆ ਹੈ। ਚੰਚਲ ਮਨ ਕਿਸੇ ਦੀ ਸਿੱਖਿਆ ਨੂੰ ਗ੍ਰਹਿਣ ਕਰਨ ਤੋਂ ਗੁਰੇਜ਼ ਕਰਦਾ ਹੈ। ਪਰ ਦਾਰਾ ਅਤੇ ਪਰ ਨਿੰਦਾ ਵਿਚ ਖਚਿਤ ਹੋ ਕੇ ਲਾਲਚ ਵੱਸ ਜੋ ਵੀ ਕਰਮ ਕਰਦਾ ਹੈ ਅੰਤ ਆਪ ਹੀ ਉਨ੍ਹਾਂ ਦਾ ਸ਼ਿਕਾਰ ਹੋ ਜਾਂਦਾ ਹੈ। ਗੁਰੂ ਤੇਗ਼ ਬਹਾਦਰ ਨੇ ਆਤਮ ਚਿੰਤਨ ਦੀ ਵਿਧੀ ਰਾਹੀਂ ਮਨ ਦੀ ਚੰਚਲਤਾ ਤੇ ਲੋਭਾਤੁਰਪਣ ਨੂੰ ਬਿਆਨ ਕੀਤਾ ਹੈ।[16]

ਮਨ ਰੇ ਕਉਨੁ ਕੁਮਤਿ ਤੈ ਲੀਨੀ
ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹੀਂ ਕੀਨੀ।[17]

ਮਨੁੱਖ ਦੀਆਂ ਖ੍ਵਾਹਸ਼ਾਂ ਜਾਂ ਉਸਦਾ ਅੰਦਰੂਨੀ ਮਾਨਸਿਕ ਸੰਸਾਰ ਹੀ ਉਸ ਦੇ ਜੀਵਨ ਦਾ ਪ੍ਰਮੁੱਖ ਕਾਰਣ ਹੈ। ਮਨੁੱਖੀ ਮਨ ਵਿਚ ਪੈਦਾ ਹੁੰਦੀਆਂ ਨਿੱਤ ਨਵੀਆਂ ਆਸ਼ਾਵਾਂ, ਉਸ ਨੂੰ ਮਾਨਸਿਕ ਤੌਰ ਤੇ ਅਸ਼ਾਂਤ ਕਰਦੀਆਂ ਹਨ। ਮਨੁੱਖ ਦੀ 'ਹੋਰ ਪ੍ਰਾਪਤੀ' ਦੀ ਤ੍ਰਿਸ਼ਨਾ ਹਮੇਸ਼ਾ ਵਧਦੀ ਰਹਿੰਦੀ ਹੈ। ਇਸ ਚੱਕਰ ਦਾ ਕਦੀ ਅੰਤ ਨਹੀਂ ਹੁੰਦਾ।

ਪ੍ਰਾਨੀ ਕਉ ਹਰਿ ਜਸੁ ਮਨਿ ਨਹੀਂ ਆਵੈ
ਅਹਿਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ

... ... ...

ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ
ਭੁਗਤਿ ਮੁਕਤਿ ਕਾ ਕਾਰਨੁ ਸੁਆਮੀ ਮੂੜ ਤਾਹਿ ਬਿਸਰਾਵੈ।[18]

ਮਨੁੱਖ ਉਸ ਸੋਮੇ ਨੂੰ ਪਛਾਨਣ ਦੀ ਕੋਸ਼ਿਸ਼ ਨਹੀਂ ਕਰਦਾ ਜੋ ਦਾਤਾ ਤੇ ਮੁਕਤੀ ਦਾ ਮਾਲਕ ਹੈ। ਉਹ ਹਮੇਸ਼ਾ ਬਾਹਰੀ ਭੇਖਾਂ ਦਿਖਾਵਿਆਂ ਵਿਚ ਉਲਝਿਆ ਰਹਿੰਦਾ ਹੈ ਜੋ ਕਿ ਉਸ ਨੂੰ ਮਾਨਸਿਕ

ਸੁਖੀ ਨਹੀਂ ਹੋ ਸਕਦੇ।

ਸਾਧੋ ਗੋਬਿੰਦ ਕੇ ਗੁਨ ਗਾਵਉ ਜਨਮੁ ਅਮੋਲਕੁ ਪਾਇਓ

... ... ...

ਰਾਮ ਭਗਤ ਕੀ ਗਤਿ ਨਹੀ ਜਾਨੀ ਮਾਇਆ ਹਾਥਿ ਬਿਕਾਨਾ

ਉਰਝਿ ਰਹਿਓ ਬਿਖਿਅਨ ਸੰਗਿ ਬਉਰਾ ਨਾਮੁ ਰਤਨੁ ਬਿਸਰਾਨਾ।[19]

ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਮਾਨਵ ਪ੍ਰਾਣੀ ਦੀ ਪ੍ਰਮੁੱਖ ਸਮੱਸਿਆ ਇਹੋ ਹੈ ਕਿ ਉਹ ਨਿਰਭੈ ਪਦ ਨੂੰ ਕਿਵੇਂ ਪ੍ਰਾਪਤ ਕਰੇ। ਕਿਉਂਕਿ ਸਾਰੀ ਬਾਣੀ ਵਿਚ ਮਨੁੱਖ, ਮਾਇਆ, ਮੋਹ ਤੇ ਅਭਿਮਾਨ ਦੇ ਬੰਧਨਾਂ ਵਿਚ ਗ੍ਰਸਤ ਨਜ਼ਰ ਆਉਂਦਾ ਹੈ। ਬਾਣੀ ਵਿਚ ਜਿੱਥੇ ਕਿਤੇ ਵੀ ਮੁਕਤੀ, ਗਤੀ, ਨਿਰਵਾਣ ਜਾਂ ਜਮਾਂ ਦੀ ਫਾਹੀ ਤੋਂ ਛੁਟਕਾਰੇ ਦੀ ਗੱਲ ਕੀਤੀ ਗਈ ਹੈ, ਸਭ ਦਾ ਅੰਤਿਮ ਮਨੋਰਥ ਇਹੋ ਹੈ, ਨਿਰਭੈ ਪਦ ਦੀ ਪ੍ਰਾਪਤੀ। ਸਾਰੀ ਬਾਣੀ ਵਿਚ ਗੁਰੂ ਕਵੀ ਨੂੰ ਪਰ ਚਿੰਤਾ ਦੀ ਚਿੰਤਾ ਹੈ। ਪਰ ਚਿੰਤਾ ਦੀ ਚਿੰਤਾ ਵਿੱਚ ਗ੍ਰਸਤ ਕਵੀ ਮਾਨਵੀ ਬਿਰਤੀਆਂ ਦੀ ਅਰਥਵਿਹੂਣਤਾ ਦੀ ਵਾਸਤਵਿਕਤਾ ਨੂੰ ਉਜਾਗਰ ਕਰਦਾ ਹੈ। ਗੁਰੂ ਤੇਗ਼ ਬਹਾਦਰ ਨੂੰ ਸੰਕਟਗ੍ਰਸਤ ਮਾਨਵ ਦੀ ਚਿੰਤਾ ਜ਼ਰੂਰ ਹੈ। ਇਸੇ ਲਈ ਮਨੁੱਖ ਨੂੰ ਜੀਵਨ ਲਈ ਉਹ ਚੰਗਾ ਮਾੜਾ ਕਹਿਣ ਤੋਂ ਵੀ ਝਿਜਕਦੇ ਨਹੀਂ।

ਰਾਮੁ ਭਜੁ ਰਾਮੁ ਭਜੁ ਜਨਮੁ ਸਿਰਾਤੁ ਹੈ

ਕਹਉ ਕਹਾ ਬਾਰ ਬਾਰ ਸਮਝਤ ਨਹ ਕਿਉ ਗਵਾਰ

ਬਿਨਸਤ ਨਹ ਲਗੈ ਬਾਰ ਓਰੇ ਸਮ ਗਾਤੁ ਹੈ।[20]

ਬੀਤ ਜੈਹੈ ਬੀਤ ਜੈਹੈ ਜਨਮੁ ਅਕਾਜੁ ਰੇ

ਨਿਸਿ ਦਿਨ ਸੁਨਿ ਕੈ ਪੁਰਾਨ

ਸਮਝਤ ਨਹ ਰੇ ਅਜਾਨ

ਕਾਲੁ ਤਉ ਪਹੂਚਿਓ ਆਨਿ ਕਹਾ ਜੈਹੈ ਭਾਜਿ ਰੇ।[21]

ਮਾਇਆ ਦੇ ਮੋਹ ਵਿਚ ਗਲਤਾਨ ਪ੍ਰਾਣੀ, ਮਨੁੱਖੀ ਜੀਵਨ ਦੀ ਸਾਰਥਕਤਾ ਨੂੰ ਨਹੀਂ ਸਮਝਦਾ। ਲੋਭ ਅਤੇ ਤ੍ਰਿਸ਼ਨਾ ਦੇ ਚੱਕਰ ਵਿਚ ਉਲਝ ਕੇ ਇੰਦ੍ਰੀਗਤ ਸੁੱਖਾਂ ਨੂੰ ਹੀ ਜੀਵਨ ਦਾ ਇਕ ਮਾਤਰ ਉਦੇਸ਼ ਸਮਝ ਬੈਠਦਾ ਹੈ। ਸਿੱਟੇ ਵਜੋਂ ਬੰਧਨ ਵਿਚ ਜਕੜਿਆ ਜਾਂਦਾ ਹੈ। ਮਨੁੱਖ ਦੀ ਇਸ ਸੰਕਟਮਈ ਅਵਸਥਾ ਦੇ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਥਾਂ ਥਾਂ ਚਿੱਤਰ ਮਿਲਦੇ ਹਨ।

ਯਹ ਮਨੁ ਨੈਕ ਨ ਕਹਿਓ ਕਰੈ
ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ
ਮਦ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ
ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ।[22]

ਪਰ ਸਭ ਤੋਂ ਵਧੇਰੇ ਕਰੁਣਾਜਨਕ ਸਥਿਤੀ ਤਾਂ ਇਹ ਹੈ ਕਿ ਮਨੁੱਖ ਨੂੰ ਇਸ ਗੱਲ ਦਾ ਰੱਤੀ ਖ਼ਿਆਲ ਨਹੀਂ ਕਿ ਉਸਦੀ ਮਾਨਸਿਕ ਅਵਸਥਾ ਦਾ ਇਸ ਹੱਦ ਤੱਕ ਪਤਨ ਹੋ ਚੁੱਕਾ ਹੈ।

ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ।[23]

ਪ੍ਰੋ. ਤਿਲਕਰਾਜ ਸ਼ਿੰਗਾਰੀ ਮਨੁੱਖ ਦੀ ਇਸ ਸੰਕਟਮਈ ਅਵਸਥਾ ਨੂੰ ਉਸਦੀ ਅਗਿਆਨਤਾ ਦਾ ਸਿੱਟਾ ਮੰਨਦੇ ਹਨ। ਇਸ ਅਗਿਆਨਤਾ ਵੱਸ ਮਨੁੱਖ, ਮੈਂ ਤੇ ਮੇਰੀ ਤੋਂ ਉਤਪੰਨ ਹੋਣ ਵਾਲੇ ਦੁੱਖਾਂ ਨਾਲ ਸੰਕਟਗ੍ਰਸਤ ਹੁੰਦਾ ਹੈ। ਗੁਰੂ ਤੇਗ਼ ਬਹਾਦਰ ਜੀ ਬਾਣੀ ਵਿਚ ਦੁੱਖਗ੍ਰਸਤ ਮਨੁੱਖ ਦਾ ਸੰਕਲਪ ਮਨ ਦੀ ਅਗਿਆਨਤਾ ਦੇ ਸੰਕਲਪ ਨਾਲ ਜੁੜਿਆ ਹੋਇਆ ਹੈ। ਅਗਿਆਨਤਾ ਵੱਸ ਮਨੁੱਖ ਆਪਣਾ ਇਕ ਵੱਖਰਾ ਅਸਤਿਤਵ ਕਾਇਮ ਕਰਨਾ ਚਾਹੁੰਦਾ ਹੈ। ਦੁਨਿਆਵੀ ਧਨ ਦੌਲਤ, ਮਾਣ ਮਰਯਾਦਾ ਤੇ ਧਾਰਮਿਕ ਕਰਮਕਾਂਡ ਉਸ ਨੂੰ ਮਾਨਸਿਕ ਮੁਕਤੀ ਦੇਣ ਤੋਂ ਅਸਮਰੱਥ ਰਹਿੰਦੇ ਹਨ। ਜਿਉਂ ਜਿਉਂ ਮਨੁੱਖ ਇਨ੍ਹਾਂ ਵਸਤਾਂ ਦੀ ਪ੍ਰਾਪਤੀ ਵੱਲ ਵਧੇਰੇ ਆਕਰਸ਼ਿਤ ਹੁੰਦਾ ਹੈ, ਤਿਉਂ ਤਿਉਂ ਉਹ ਵਧੇਰੇ ਬੰਧਨਾਂ ਵਿਚ ਜਕੜਿਆ ਜਾਂਦਾ ਹੈ। ਸਿੱਟੇ ਵਜੋਂ ਸੰਕਟਗ੍ਰਸਤ ਹੋ ਜਾਂਦਾ ਹੈ।[24]

ਮਨ ਦੀ ਬਿਲਕੁਲ ਸਮਝ ਨਹੀਂ ਆਉਂਦੀ। ਤ੍ਰਿਸ਼ਨਾ ਵਿਚ ਫਸਿਆ ਮਨ ਹਰ ਵੇਲੇ ਭਟਕਦਾ ਹੈ। ਇਹੋ ਮਨ ਦੀ ਪ੍ਰਕਿਰਤੀ ਹੈ। ਮਨ ਅਕਸਰ ਸੰਕਲਪ ਵਿਕਲਪ ਦੇ ਚੱਕਰ ਵਿਚ ਉਲਝ ਜਾਂਦਾ ਹੈ। ਇਕ ਗਿਆਨੀ ਵਿਅਕਤੀ ਤਾਂ ਚੰਚਲ ਮਨ ਨੂੰ ਕਾਬੂ ਕਰ ਕੇ ਸਥਿਰ ਕਰ ਲੈਂਦਾ ਹੈ। ਅਸਥਿਰ ਮਨ, ਮਨਮੁਖ ਵਿਅਕਤੀ ਦਾ ਪ੍ਰਤੀਕ ਹੈ ਅਤੇ ਟਿਕਿਆ ਮਨ ਜੀਵਨ ਮੁਕਤ ਨਰ ਦਾ। ਇਸੇ ਮਾਨਸਿਕ ਵਿਉਹਾਰ ਦੇ ਦੌਰਾਨ ਗੁਰੂ ਤੇਗ਼ ਬਹਾਦਰ ਆਤਮ ਚਿੰਤਨ, ਆਤਮ ਮੰਥਨ ਤੇ ਆਤਮ ਪ੍ਰਕਾਸ਼ਨ ਵੀ ਕਰਦੇ ਹਨ। ਇਹ ਮਨ ਪਾਪ ਕਰਨ ਤੋਂ ਨਹੀਂ ਟਲਦਾ। ਪਰਦਾਰਾ ਤੇ ਪਰਨਿੰਦਿਆ ਵਿਚ ਖਚਿਤ ਹੋ ਕੇ ਸੁਆਦ ਮਾਣਦਾ ਹੈ। ਇਹ ਮਨ, ਧਨ ਦੇ ਲਾਲਚ ਵਿੱਚ ਹੀ ਦਾਰਾ, ਪੁੱਤਰ ਤੇ ਮਿੱਤਰ ਨਾਲ ਝੂਠੇ ਪਿਆਰ ਪਾਲਦਾ ਹੈ। ਲਾਲਚ ਵਿੱਚ ਜੋ ਵੀ ਕਰਮ ਕਰਦਾ ਹੈ ਅੰਤ ਆਪ ਹੀ ਉਨ੍ਹਾਂ ਵਿਚ ਫਸ ਜਾਂਦਾ ਹੈ। ਪਰ ਮਨ ਦੀ ਇਹ ਹਾਲਤ ਕਿਸ ਨੂੰ ਦੱਸੀ ਜਾਵੇ। ਇਹ ਮਨ ਦੀ ਭਟਕਣਾ ਤਾਂ ਹਰ ਮਨੁੱਖ ਦਾ ਨਿੱਜੀ ਸੰਕਟ ਹੈ। ਹਰ ਮਨੁੱਖ ਨੇ ਆਪ ਹੀ ਇਸ ਅਵਸਥਾ ਦਾ ਨਿਵਾਰਣ ਕਰਨਾ ਹੈ।

ਬਿਰਥਾ ਕਹਉ ਕਉਨ ਸਿਉ ਮਨ ਕੀ
ਲੋਭਿ ਗ੍ਰਸਿਓ ਦਸਹੂ ਦਿਸ ਧਾਵਤ
ਆਸਾ ਲਾਗਿਓ ਧਨ ਕੀ।[25]

ਕੁਮੱਤ ਤੇ ਭਰਮਜਾਲ ਵਿਚ ਫਸਿਆ ਮਨ ਹੀ ਮਨੁੱਖ ਦੀ ਗਿਰਾਵਟ ਦਾ ਪ੍ਰਮੁੱਖ ਕਾਰਨ ਹੈ।

ਸਾਧੋ ਇਹੁ ਮਨੁ ਗਹਿਓ ਨ ਜਾਈ
ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ
ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ
ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ।[26]

ਇਹ ਹਠੀਲਾ ਮਨ ਗੁਰੂ ਦਾ ਉਪਦੇਸ਼ ਵੀ ਗ੍ਰਹਿਣ ਨਹੀਂ ਕਰਦਾ। ਹਰ ਵੇਲੇ ਛਲਕਪਟ ਕਰਦਾ ਤੇ ਮਾਇਆ ਦਾ ਗੁਲਾਮ ਬਣ ਕੇ ਰਹਿੰਦਾ ਹੈ।

ਮਾਈ ਮੈ ਕਿਹਿ ਬਿਧਿ ਲਖਉ ਗੁਸਾਈ
ਮਹਾ ਮੋਹ ਅਗਿਆਨਿ ਤਿਮਰਿ ਮੋ ਮਨੁ ਰਹਿਓ ਉਰਝਾਈ
ਸਗਲ ਜਨਮ ਭਰਮ ਹੀ ਭਰਮ ਖੋਇਓ ਨਹ ਅਸਥਿਰੁ ਮਤਿ ਪਾਈ
ਬਿਖਿਆ ਸਕਤ ਰਹਿਓ ਨਿਸ ਬਾਸੁਰ ਨਹ ਛੂਟੀ ਅਧਮਾਈ।[27]

ਪਰ ਇਕ ਜੋਗੀ ਜਾਂ ਗਿਆਨੀ ਪੁਰਖ ਚੰਚਲ ਮਨ ਨੂੰ ਵਸ ਵਿਚ ਕਰਨ ਦਾ ਭਰਪੂਰ ਯਤਨ ਕਰਦਾ ਹੈ।

ਸਾਧੋ ਕਉਨ ਜੁਗਤਿ ਅਬ ਕੀਜੈ
ਜਾ ਤੇ ਦੁਰਮਤਿ ਸਗਲ ਬਿਨਾਸੈ ਰਾਮ ਭਗਤਿ ਮਨੁ ਭੀਜੈ
ਮਨੁ ਮਾਇਆ ਮਹਿ ਉਰਝਿ ਰਹਿਓ ਹੈ ਬੂਝੈ ਨਹ ਕਛੁ ਗਿਆਨਾ
ਕਉਨੁ ਨਾਮੁ ਜਗੁ ਜਾ ਕੈ ਸਿਮਰੈ ਪਾਵੈ ਪਦੁ ਨਿਰਬਾਨਾ।[28]

ਅਬ ਮੈ ਕਉਨੁ ਉਪਾਉ ਕਰਉ
ਜਿਹ ਬਿਧਿ ਮਨ ਕੋ ਸੰਸਾ ਚੂਕੈ ਭਉ ਨਿਧਿ ਪਾਰਿ ਪਰਉ
ਜਨਮੁ ਪਾਇ ਕਛੁ ਭਲੋ ਨ ਕੀਨੋ ਤਾ ਤੇ ਅਧਿਕ ਡਰਉ
ਮਨ ਬਚ ਕ੍ਰਮ ਹਰਿ ਗੁਨ ਨਹੀ ਗਾਏ ਯਹ ਜੀਅ ਸੋਚ ਧਰਉ
ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ
ਕਹੁ ਨਾਨਕ ਪ੍ਰਭ ਬਿਰਦੁ ਪਛਾਨਉ ਤਬ ਹਉ ਪਤਿਤ ਤਰਉ।[29]

ਉਪਰੋਕਤ ਸ਼ਬਦ ਵਿਚ ਮਨੁੱਖੀ ਵੇਦਨਾ ਦੇ ਕਾਰਨਾਂ ਨੂੰ ਦਿਖਾਇਆ ਗਿਆ ਹੈ। ਮਨੁੱਖ ਨੈਤਿਕ ਸੰਕਟ ਵਿਚ ਬਿਖਿਆ ਸਕਤ ਆਉਂਦਾ ਹੈ ਪਰ ਉਹ ਇਸ ਅਵਸਥਾ ਤੋਂ ਮੁਕਤ ਹੋਣ ਦਾ ਇੱਛੁਕ ਵੀ ਹੈ। ਡਾ. ਰਮੇਸ਼ ਕੁੰਤਲ ਮੇਘ ਇਸ ਵਿਚਾਰ ਦੀ ਪ੍ਰੋੜਤਾ ਕਰਦੇ ਹਨ। ਮਨੁੱਖ ਆਪਣੀ ਨੈਤਿਕ ਗਿਰਾਵਟ ਬਾਰੇ ਚੇਤੰਨ ਹੋ ਗਿਆ ਹੈ। ਇਸੇ ਲਈ ਉਹ ਮਾਨਸਿਕ ਸੀਮਾਵਾਂ ਤੋਂ ਨਵਿਰਤ ਹੋਣ ਦਾ ਉਪਾਉ ਲੋਚ ਰਿਹਾ ਹੈ। ਉਹ ਘੱਟੋ ਘੱਟ ਇਸ ਗੱਲੋਂ ਸੁਚੇਤ ਹੈ ਕਿ ਉਸਦੇ

ਜ਼ਿੰਦਗੀ ਵਿਚ ਕੋਈ ਚੰਗਾ ਕੰਮ ਨਹੀਂ ਕੀਤਾ। ਕਦੀ ਮਨ ਬਚਨ ਤੇ ਕਰਮ ਦੁਆਰਾ ਉਸ ਪ੍ਰਭੂ ਦੇ ਗੁਣ ਨਹੀਂ ਗਾਏ। ਸਾਰੀ ਉਮਰ ਹਉਮੈ ਤੇ ਤ੍ਰਿਸ਼ਨਾ ਵੱਸ ਕੁਕਰਮ ਹੀ ਕੀਤੇ ਹਨ। ਅਜਿਹੀ ਸੰਕਟਮਈ ਅਵਸਥਾ ਵਿਚ ਉਹ ਪ੍ਰਭੂ ਦੀ ਸ਼ਰਨ ਵਿਚ ਜਾਣਾ ਚਾਹੁੰਦਾ ਹੈ ਤਾਂ ਜੁ ਉਸ ਦੇ ਪਾਪਾਂ ਦਾ ਨਿਸਤਾਰਾ ਹੋ ਸਕੇ।[30]

ਭਏ ਦਇਆਲ ਕ੍ਰਿਪਾਲ ਸੰਤ ਜਨ ਤਬ ਇਹ ਬਾਤ ਬਤਾਈ
ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ
ਰਾਮਨਾਮੁ ਨਰੁ ਨਿਸਿ ਬਾਸੁਰ ਮਹਿ ਨਿਮਖ ਏਕ ਉਰਿਧਾਰੈ
ਜਮ ਕੋ ਤ੍ਰਾਸੁ ਮਿਟੈ ਨਾਨਕ ਤਿਹ ਅਪੁਨੋ ਜਨਮੁ ਸਵਾਰੈ।[31]

ਯਾਨਿ ਸੰਕਟ ਤਾਂ ਹਮੇਸ਼ਾ ਚੇਤਨਾ ਦੀ ਅਵਸਥਾ ਵਿਚ ਹੀ ਮੌਜੂਦ ਹੋਵੇਗਾ। ਮਨ ਦੀ ਸਵੈ-ਚੇਤਨਾ ਮਨ ਦੇ ਸੁਧਾਰ ਲਈ ਆਵੱਸ਼ਕ ਹੈ। ਜਿਹੜਾ ਮਨੁੱਖ ਗ਼ਫ਼ਲਤ ਦੀ ਨੀਂਦ ਸੁੱਤਾ ਵਿਸ਼ੇ ਵਿਕਾਰਾਂ ਦੇ ਭੋਗਾਂ ਵਿਚ ਗਲਤਾਨ ਹੈ ਉਸ ਮਨੁੱਖ ਲਈ ਕਾਹਦਾ ਸੰਕਟ। ਗੁਰੂ ਤੇਗ਼ ਬਹਾਦਰ ਨੇ ਇਸ ਸਚਾਈ ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਹੈ।

ਜਨ ਨਾਨਕ ਬਿਨੁ ਆਪਾ ਚੀਨੈ
ਮਿਟੈ ਨ ਭ੍ਰਮ ਕੀ ਕਾਈ।[32]

ਯਾਨਿ ਮਨ ਨੂੰ ਕਾਬੂ ਕਰਨ ਲਈ ਕੋਈ ਹੋਰ ਸਾਧਨ ਸਫਲ ਨਹੀਂ ਸਗੋਂ ਮਨ ਵਿਚੋਂ ਅੰਦਰੋਂ ਹੀ ਚੇਤਨਾ-ਉਪਜਾਊਣ ਦੀ ਲੋੜ ਹੈ। ਜਿੰਨਾ ਕੋਈ ਮਨੁੱਖ ਚੇਤੰਨ ਹੋਵੇਗਾ, ਉਸ ਲਈ ਉਨਾ ਹੀ ਤੀਬਰ ਸੰਕਟ ਹੋਵੇਗਾ। ਮਨ ਦੀ ਇਸ ਕਠੋਰਤਾ, ਚੰਚਲਤਾ ਤੇ ਚਿੰਤਾਤੁਰਪਨ ਦਾ ਮਨੁੱਖ ਨੂੰ ਅਹਿਸਾਸ ਹੋ ਜਾਣਾ ਹੀ ਮਾਨਵ ਦਾ ਸੰਕਟ ਹੈ। ਇਹ ਅਹਿਸਾਸ ਉਸਦੀ ਚੇਤਨਾ ਵਿਚੋਂ ਉਪਜਦਾ ਹੈ। ਇਸ ਲਈ ਗੁਰੂ ਤੇਗ਼ ਬਹਾਦਰ ਦੀ ਸਾਰੀ ਬਾਣੀ ਵਿਚ ਮਨੁੱਖ ਦਾ ਸੰਕਟ ਉਸਦੀ ਚੇਤਨਾ ਦੇ ਪ੍ਰਸੰਗ ਨਾਲ ਜੁੜਿਆ ਹੋਇਆ ਹੈ।

ਮਾਈ ਮਨੁ ਮੇਰੋ ਬਸਿ ਨਾਹਿ

ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ
ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ ਨਿਮਖ ਨ ਹੀਏ ਬਸਾਵੈ
ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ।[33]

ਮਨੁੱਖ ਦਾ ਇਹ ਅਹਿਸਾਸ, ਕਿ ਮੇਰਾ ਮਨ ਮੇਰੇ ਵੱਸ ਵਿਚ ਨਹੀਂ ਹੈ, ਇਹ ਦਿਨ ਰਾਤ ਵਿਸ਼ੇ ਵਿਕਾਰਾਂ ਵੱਲ ਦੌੜਦਾ ਹੈ, ਪਰਾਏ ਧਨ ਤੇ ਪਰਾਈ ਇਸਤਰੀ ਵਿਚ ਖਚਿਤ ਰਹਿੰਦਾ ਹੈ, ਇਸ ਨੂੰ ਆਤਮਿਕ ਗਿਆਨ ਦੀ ਕੋਈ ਸੂਝ ਨਹੀਂ, ਉਸਦੀ ਚੇਤਨਤਾ ਵਿਚੋਂ ਉਪਜਿਆ ਹੈ। ਇਸ ਸੰਕਟ ਦਾ ਨਿਵਾਰਣ ਕਿਵੇਂ ਹੋਵੇ, ਇਸ ਦਾ ਉਪਾਅ ਵੀ ਬਾਣੀ ਵਿਚ ਪੇਸ਼ ਹੋਇਆ ਹੈ।

ਮਨ ਰੇ ਸਾਚਾ ਗਹੋ ਬਿਚਾਰਾ
ਰਾਮਨਾਮ ਬਿਨੁ ਮਿਥਿਆ ਮਾਨੋ
ਸਗਰੋ ਇਹੁ ਸੰਸਾਰਾ।[34]

ਕੂੜ ਤੇ ਸੱਚ ਦਾ ਨਿਰਣਾ ਮਨ ਦੀ ਖੋਜ ਦਾ ਅਸਲ ਨਿਸ਼ਾਨਾ ਹੈ। ਝੂਠੇ ਜਗਤ ਦਾ ਮੋਹ ਛੋੜ ਕੇ ਹਰੀ ਨਾਮ ਨੂੰ ਗ੍ਰਹਿਣ ਕਰਨਾ ਗੁਰੂ ਬਾਣੀ ਦਾ ਮੁੱਖ ਉਪਦੇਸ਼ ਹੈ। ਇਹ ਗੱਲ ਹਰ ਵੇਲੇ ਮਨ ਨੂੰ ਦ੍ਰਿੜ ਕਰਾਉਣ ਦੀ ਲੋੜ ਹੈ। ਕਵੀ ਕਰੁਣਤਾ ਦੀ ਨੀਂਹ ਉੱਤੇ ਮਨੁੱਖ ਨੂੰ ਜਗਾਉਣ ਦੀ ਪ੍ਰਬਲ ਪ੍ਰੇਰਣਾ ਕਰਦਾ ਹੈ।

ਮਨ ਰੇ ਪ੍ਰਭ ਕੀ ਸਰਨਿ ਬਿਚਾਰੋ
ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ

... ... ...

ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ
ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ।[35]

ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ
ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ।[36]

ਮਨ ਨੂੰ ਭਟਕਣਾਂ ਵਿਚੋਂ ਨਿਕਲਣ ਲਈ ਇਕ ਆਸਰੇ ਦੀ ਲੋੜ ਹੈ, ਉਹ ਆਸਰਾ ਹਰੀ ਨਾਮ ਦਾ ਸਿਮਰਨ ਹੈ। ਤਾਂ ਹੀ ਇਹ ਚੰਚਲ ਮਨ ਜਿਹੜਾ ਦਸਾਂ ਦਿਸ਼ਾਵਾਂ ਵਿਚ ਭੌਂਦਾ ਹੈ, ਸਾਬਤ ਹੋਵੇਗਾ। ਹਰੀ ਨਾਮ ਦੇ ਸਿਮਰਨ ਦੁਆਰਾ ਹੀ ਮਨੁੱਖ ਦੇ ਸ਼ੰਕੇ ਤੇ ਦੁਬਿਧਾਵਾਂ ਖ਼ਤਮ ਹੋ ਜਾਂਦੀਆਂ ਹਨ। ਮਨ ਸਥਿਰ ਹੋ ਜਾਂਦਾ ਹੈ। ਵਿਸ਼ੇ ਵਿਕਾਰਾਂ ਦੇ ਜਲਵੇ ਤੋਂ ਮੁਕਤ ਹੋ ਜਾਂਦਾ ਹੈ। ਅਜਿਹਾ ਮਨੁੱਖ ਹਮੇਸ਼ਾ ਹਮੇਸ਼ਾ ਲਈ ਅਨੰਦ ਦਾ ਅਨੁਭਵ ਕਰਦਾ ਹੈ। ਇਸ ਅਵਸਥਾ ਤੇ ਪਹੁੰਚੇ ਮਨੁੱਖ ਲਈ ਗੁਰੂ ਕਵੀ ਨੇ ਬ੍ਰਹਮਗਿਆਨੀ, ਸਾਧੂ ਸੰਤ ਜਾਂ ਗੁਰਮੁਖ ਸ਼ਬਦ ਦੀ ਵਰਤੋਂ ਕੀਤੀ ਹੈ। ਅਜਿਹੀਆਂ ਜਾਗ੍ਰਿਤ ਆਤਮਾਵਾਂ ਜੋ ਵਿਸ਼ੇ ਵਿਕਾਰ ਤੇ ਸੁਆਰਥ ਭਾਵਨਾ ਤੋਂ ਰਹਿਤ ਹਨ, ਉਨ੍ਹਾਂ ਨੂੰ ਕਵੀ ਨੇ ਮੁਕਤ ਜਨ, ਜੀਵਨਮੁਕਤ ਜਾਂ ਭਗਵਾਨ ਦੀ ਮੂਰਤ ਦੇ ਰੂਪ ਵਿਚ ਚਿਤਰਿਆ ਹੈ। ਮਨ ਨੂੰ ਜਿੱਤਣ ਦੀ ਅਗੰਮੀ ਅਵਸਥਾ ਇਸ ਪ੍ਰਕਾਰ ਹੋਵੇਗੀ।

ਮਾਈ ਮੈ ਧਨੁ ਪਾਇਓ ਹਰਿਨਾਮੁ
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ
ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ
ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ
ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ
ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ
ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ
ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ।[37]

ਡਾ. ਅਤਰ ਸਿੰਘ ਇਸ ਮੱਤ ਦੇ ਧਾਰਨੀ ਹਨ ਕਿ ਗੁਰੂ ਤੇਗ਼ ਬਹਾਦਰ ਦੀ ਬਾਣੀ ਦੀ ਮੂਲ ਸੁਰ ਅਧਿਆਤਮਕ ਨਹੀਂ ਬਲਕਿ ਨੈਤਿਕ ਹੈ। ਇਕ ਪਾਸੇ ਉਨ੍ਹਾਂ ਮਨੁੱਖਾਂ ਦਾ ਚਿਤਰਣ ਹੋਇਆ ਹੈ ਜੋ ਦੈਵੀ ਗੁਣਾਂ ਦੇ ਧਾਰਨੀ ਹਨ; ਸੰਸਾਰਕ ਮੋਹ ਮਮਤਾ ਤੋਂ ਨਿਰਲਿਪਤ ਹਨ; ਸੁਆਰਥ ਕਾਮਨਾਵਾਂ, ਵਿਕਾਰੀ ਰੁਚੀਆਂ ਤੇ ਸੁਖ-ਦੁੱਖ, ਹਰਖ-ਸੋਗ, ਵੈਰ-ਮਿਤਰਤਾ ਹਰ ਕਿਸਮ ਦੇ ਦਵੰਦ ਤੋਂ ਮੁਕਤ ਹਨ। ਦੂਜੇ ਪਾਸੇ ਉਹ ਮਨੁੱਖ ਜੋ ਪਸ਼ੂ ਪੱਧਰ ਦੀ ਜ਼ਿੰਦਗੀ ਜੀਉਂਦੇ ਹਨ, ਜਿਨ੍ਹਾਂ ਦੀ ਸੋਚ ਦਾ ਆਧਾਰ ਕੇਵਲ ਭੌਤਿਕ ਤੇ ਪਦਾਰਥਕ ਜਗਤ ਤੱਕ ਮਹਿਦੂਦ ਹੈ, ਦੁਨਿਆਵੀ ਮੋਹ ਮਾਇਆ ਵਿਚ ਗ੍ਰਸਤ ਹੋ ਕੇ ਕੇਵਲ ਨਿੱਜੀ ਇੱਛਾਵਾਂ ਦੀ ਪੂਰਤੀ ਕਰਦੇ ਹਨ। ਸੰਕਟ ਦੀ ਇਸ ਅਵਸਥਾ ਵਿਚ ਮਾਨਵਤਾ ਦੇ ਭਵਿੱਖ ਦੇ ਸਾਮਨ ਪਹਿਲੀ ਕਿਸਮ ਦੇ ਧਾਰਨੀ ਦੈਵੀ ਗੁਣਾਂ ਦੇ

ਧਾਰਨੀ ਮਹਾਂਪੁਰਖ ਹੀ ਹੋ ਸਕਦੇ ਹਨ। ਕਿਉਂਕਿ ਉਹ ਆਪਣੇ ਅਨੁਯਾਈਆਂ ਲਈ ਇਕ ਵਿਸ਼ੇਸ਼ ਮਾਰਗ ਦਰਸ਼ਨ ਨਿਸ਼ਚਿਤ ਕਰਦੇ ਹਨ।[38]

ਪਾਰਗਾਮੀ ਅਵਸਥਾ ਦਾ ਉਲੇਖ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਸੰਕੇਤ ਮਾਤਰ ਮਿਲਦਾ ਹੈ। ਜਦੋਂ ਮਨ ਹਉਮੈ ਤੇ ਮਾਇਆ ਤੋਂ ਮੁਕਤ ਹੋ ਕੇ ਸਹਿਜਮਈ ਅਵਸਥਾ ਵਿਚ ਵਿਚਰਦਾ ਹੈ। ਉਸ ਪਾਰਗਾਮੀ ਮਨੁੱਖ ਲਈ ਹਰਖ-ਸੋਗ, ਮਾਨ-ਅਪਮਾਨ, ਦੁਖ-ਸੁਖ, ਉਸਤਤ-ਨਿੰਦਿਆ, ਸਭ ਅਵਸਥਾਵਾਂ ਇਕ ਸਮਾਨ ਹੋ ਜਾਂਦੀਆਂ ਹਨ। ਮਨ ਸਥਿਰ ਹੋ ਜਾਂਦਾ ਹੈ।

ਚੰਚਲ ਮਨੁ ਦਹ ਦਿਸਿ ਕਉ ਧਾਵਤ
ਅਚਲ ਜਾਹਿ ਠਹਰਾਨੋ[39]

ਗੁਰੂ ਕਵੀ ਅਨੁਸਾਰ ਅਜਿਹੇ ਜੀਵ ਅੰਦਰ ਬ੍ਰਹਮ ਆਪ ਨਿਵਾਸ ਕਰਦਾ ਹੈ। ਅਜਿਹੇ ਜੀਵ ਮੁਕਤਪਦ ਦੇ ਧਾਰਨੀ ਹੁੰਦੇ ਹਨ।

ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ
ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ।[40]

ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ।[41]

ਇਸ ਵਿਚ ਕੋਈ ਸ਼ੱਕ ਨਹੀਂ ਕਿ ਮਨੁੱਖੀ ਮਨ ਮੈਲੀਆਂ ਪ੍ਰਵਿਰਤੀਆਂ ਤੋਂ ਜਲਦੀ ਪ੍ਰਭਾਵਿਤ ਹੁੰਦਾ ਹੈ। ਗੁਰੂ ਤੇਗ਼ ਬਹਾਦਰ ਨੇ ਇਸ ਸਚਾਈ ਨੂੰ ਸਵੀਕਾਰ ਕੀਤਾ ਹੈ ਕਿ ਮਨ ਦੀ ਇਸ ਅਵਸਥਾ ਤੇ ਕਾਬੂ ਪਾਉਣਾ ਮਨੁੱਖ ਦੇ ਵੱਸ ਦਾ ਰੋਗ ਨਹੀਂ। ਜਦੋਂ ਤੱਕ ਮਨੁੱਖ ਮਨ ਦੀ ਖੋਟਤਾ ਤੇ ਚੰਚਲਤਾ ਬਾਰੇ ਖੁਦ ਮਾਯੂਸ ਨਾ ਹੋਵੇ, ਉਹ ਇਸ ਰੋਗ ਦਾ ਦਾਰੂ ਨਹੀਂ ਲੱਭ ਸਕਦਾ। ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਮਨੁੱਖ ਸੰਕਟਗ੍ਰਸਤ ਅਵਸਥਾ ਵਿਚ ਹੀ ਨਜ਼ਰ ਨਹੀਂ ਆਉਂਦਾ ਸਗੋਂ ਇਸ ਸੰਕਟ ਪ੍ਰਤੀ ਚੇਤੰਨ ਵੀ ਹੈ। ਕਿਉਂਕਿ ਜੇ ਮਨੁੱਖ ਚੇਤੰਨ ਹੋਵੇਗਾ, ਤਾਂ ਹੀ ਉਹ ਸੰਕਟ ਦੇ ਨਿਵਾਰਣ ਲਈ ਪ੍ਰਯਤਨਸ਼ੀਲ ਹੋਵੇਗਾ। ਇਸ ਲਈ ਬਾਣੀ ਵਿਚ ਚਰਚਿਤ ਮਨੁੱਖ ਦਾ ਸੰਕਟ, ਚੇਤਨਾ ਦੇ ਪ੍ਰਸੰਗ ਨਾਲ ਜੁੜਿਆ ਹੋਇਆ ਹੈ। ਮਨੁੱਖ ਨੇ ਸੁਚੇਤ ਤੌਰ ਤੇ ਆਪਣੇ ਲਈ ਸੰਕਟ ਆਪ

ਪੈਦਾ ਕੀਤਾ ਹੋਇਆ ਹੈ। ਜੀਵਨ ਵਿਚ ਆਪਣੀਆਂ ਅੱਖਾਂ ਸਾਹਮਣੇ ਸੈਂਕੜੇ ਮੌਤਾਂ ਨੂੰ ਵੇਖਣ ਦੇ ਬਾਵਜੂਦ ਵੀ ਆਪਣੀ ਹੋਂਦ ਨੂੰ ਸਦੀਵੀ ਸਮਝਣ ਦੀ ਭੁੱਲ ਕਰੀ ਰੱਖਦਾ ਹੈ। ਨਾ ਉਹ ਪਾਪ ਕਰਨ ਤੋਂ ਗੁਰੇਜ਼ ਕਰਦਾ ਹੈ ਤੇ ਨਾ ਹੀ ਹਉਮੈ ਦਾ ਤਿਆਗ ਕਰਦਾ ਹੈ।

ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ
ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ।[42]

ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਫੋਕੇ ਕਰਮਕਾਂਡ ਵਾਲੇ ਜੀਵਨ ਦੀ ਵੀ ਭਰਪੂਰ ਨਿਖੇਧੀ ਕੀਤੀ ਗਈ ਹੈ। ਕਿਉਂਕਿ ਇਹ ਕਰਮਕਾਂਡ ਮਨੁੱਖ ਨੂੰ ਬੰਧਨ ਰੂਪ ਬਣ ਕੇ ਟੱਕਰਦੇ ਹਨ। ਹਵਨ-ਯੱਗ, ਤੀਰਥਾਂ ਦਾ ਭ੍ਰਮਣ, ਵਰਤ ਰੱਖਣੇ, ਦਾਨ ਇਸ਼ਨਾਨ ਇਹ ਸਾਰੇ ਕਰਮਕਾਂਡ ਉਦੋਂ ਤੱਕ ਨਿਹਫਲ ਹਨ ਜਦੋਂ ਤੱਕ ਜੀਵ ਹਉਮੈ ਅਤੇ ਤ੍ਰਿਸ਼ਨਾ ਦਾ ਗੁਲਾਮ ਹੈ। ਕਿਉਂਕਿ ਬਾਹਰੀ ਤੌਰ ਤੇ ਇਨ੍ਹਾਂ ਰਸਮਾਂ ਨੂੰ ਨਿਭਾਉਂਦਿਆਂ ਹੋਇਆਂ ਮਨੁੱਖ ਅੰਦਰੂਨੀ ਤੌਰ ਤੇ ਸ਼ੁੱਧ ਨਹੀਂ ਹੁੰਦਾ। ਇਸ ਲਈ ਅਜਿਹਾ ਕਰਮਕਾਂਡ ਵਾਸਤਵਿਕ ਸੋਚ ਤੋਂ ਟੁੱਟ ਕੇ ਅਰਥ ਵਿਹੂਣਾ ਬਣ ਕੇ ਰਹਿ ਜਾਂਦਾ ਹੈ। ਫੋਕੇ ਕਰਮਕਾਂਡਾਂ ਦਾ ਗੁਲਾਮ ਮਨੁੱਖ ਸੰਕਟ ਗ੍ਰਸਤ ਹੋ ਜਾਂਦਾ ਹੈ। ਗੁਰੂ ਤੇਗ਼ ਬਹਾਦਰ ਨੇ ਇਸ ਸੰਕਟ ਨੂੰ ਬੜੀ ਤੀਖਣਤਾ ਨਾਲ ਮਹਿਸੂਸ ਕਰਦਿਆਂ ਮਨੁੱਖ ਨੂੰ ਸਾਵਧਾਨ ਕੀਤਾ ਹੈ।

ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ
ਜੋਗ ਜਗ ਨਿਹਫਲ ਤਾਹਿ ਮਾਨਉ ਜੋ ਪ੍ਰਭ ਜਸ ਬਿਸਰਾਵੈ।[43]

ਤੀਰਥ ਕਰੈ ਬਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ
ਨਿਹਫਲ ਧਰਮ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਜਾ ਕਉ।[44]

ਤੀਰਥ ਬਰਤ ਅਰੁ ਦਾਨ ਕਰਿ ਮਨ ਮਹਿ ਧਰੈ ਗੁਮਾਨੁ
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ।[45]

ਮਨੁੱਖ ਇਨ੍ਹਾਂ ਸਾਰੀਆਂ ਰਸਮਾਂ ਨੂੰ ਹਉਮੈ ਭਾਵਨਾ ਅਧੀਨ ਨਿਭਾਉਂਦਾ ਹੈ। ਇਸੇ ਲਈ ਉਸਦੀ ਮਾਨਸਿਕ ਭਟਕਣਾ ਖ਼ਤਮ ਨਹੀਂ ਹੁੰਦੀ। ਅੰਦਰੂਨੀ ਖਾਹਸ਼ਾਂ ਬਚੀਆਂ ਰਹਿੰਦੀਆਂ

ਹਨ। ਇਹ ਸਾਰੇ ਕਰਮਕਾਂਡ ਨਿਰਾਰਥਕ ਸਿੱਧ ਹੋਏ ਹਨ।

ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਦੁਨਿਆਵੀ ਪ੍ਰੀਤ ਨੂੰ ਬਾਰ ਬਾਰ ਮਿਥਿਆ ਕਿਹਾ ਗਿਆ ਹੈ। ਇਸਤਰੀ, ਪੁੱਤਰ, ਕੁਟੰਬ, ਸਾਕ ਸੰਬੰਧੀ ਸਭ ਆਪੋ ਆਪਣੇ ਸੁਆਰਥ ਹਿੱਤ ਇਕ ਦੂਜੇ ਨਾਲ ਜੁੜੇ ਹੋਏ ਹਨ। ਮਨੁੱਖ ਇਸ ਜਗਤ ਵਿਚ ਆ ਕੇ ਭਰਮਾਂ ਵਿਚ ਫਸ ਕੇ ਰਹਿ ਜਾਂਦਾ ਹੈ। ਵਸਤੂਪਰਕ ਸੰਸਾਰ ਦੀ ਨਾਸ਼ਮਾਨਤਾ ਮਨੁੱਖ ਦੇ ਸੰਕਟ ਦਾ ਬੁਨਿਆਦੀ ਕਾਰਣ ਹੈ। ਸਾਰੀ ਬਾਣੀ ਵਿਚ ਮਨੁੱਖ ਨੂੰ ਬਾਰ ਬਾਰ ਸੁਚੇਤ ਕਰਵਾਇਆ ਗਿਆ ਹੈ ਕਿ ਜਿਨ੍ਹਾਂ ਸ਼ੈਆਂ ਨੂੰ ਉਹ ਸਦੀਵੀ ਸਮਝ ਰਿਹਾ ਹੈ, ਉਹ ਥੋੜ੍ਹਚਿਰੇ ਅਰਥਾਤ ਨਾਸ਼ਵਾਨ ਹਨ। ਬਚਪਨ ਬੀਤ ਗਿਆ ਹੈ, ਕੁਝ ਸਮੇਂ ਬਾਅਦ ਜਵਾਨੀ ਖ਼ਤਮ ਹੋ ਜਾਵੇਗੀ, ਬੁਢਾਪੇ ਤੋਂ ਬਾਅਦ ਇਸ ਸਰੀਰ ਦੀ ਹੋਂਦ ਹੀ ਮਿਟ ਜਾਵੇਗੀ। ਜੋ ਪੈਦਾ ਹੋਇਆ ਹੈ, ਉਹ ਜ਼ਰੂਰ ਨਸ਼ਟ ਵੀ ਹੋਣਾ ਹੈ।[46] ਇਸ ਜਗਤ ਦਾ ਸਾਰਾ ਸਥਿਰ ਨਹੀਂ ਸਗੋਂ ਪਰਿਵਰਤਨਸ਼ੀਲ ਹੈ।[47] ਨਾਸ਼ਵਾਨ ਜਗਤ ਨਾਲ ਮੋਹ ਮਨੁੱਖ ਲਈ ਅੰਤ ਵਿਚ ਦੁਖਦਾਈ ਸਿੱਧ ਹੁੰਦਾ ਹੈ ਕਿਉਂਕਿ ਮਾਇਆ ਵੱਸ ਮਨੁੱਖ ਸਥਿਰਤਾ ਤੇ ਪਰਿਵਰਤਨ-ਸ਼ੀਲਤਾ ਵਿਚਕਾਰ ਨਿਖੇੜਾ ਨਹੀਂ ਕਰ ਸਕਦਾ।

ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚਲਾ ਸੰਕਟ ਚੇਤੰਨ ਮਾਨਵ ਦਾ ਸੰਕਟ ਹੈ ਜੋ ਸੰਸਾਰਕ ਸੰਬੰਧਾਂ ਦੀ ਅਸਲੀਅਤ ਤੋਂ ਸੁਚੇਤ ਹੈ। ਸ਼ੈਆਂ ਨੂੰ ਜੋੜਨ ਵਾਲੇ ਸਾਕ ਸੰਬੰਧੀਆਂ ਦਾ ਸਾਥ ਪਰ ਮੁਸੀਬਤ ਸਮੇਂ ਕਿਸੇ ਦਾ ਵੀ ਸਹਾਈ ਨ ਹੋਣਾ! ਇਹ ਯਥਾਰਥ ਮਨੁੱਖ ਨੂੰ ਦੁਬਿਧਾ ਵਿਚ ਪਾਉਂਦਾ ਹੈ ਕਿ ਦੁਨਿਆਵੀ ਮੇਲ ਜੋਲ ਜਿਉਂਦਿਆਂ ਦਾ ਹੈ; ਦੁਨਿਆਵੀ ਸੰਬੰਧ, ਮਾਤਾ ਪਿਤਾ, ਭਰਾ, ਪੁੱਤਰ ਅਤੇ ਘਰ ਦੀ ਇਸਤ੍ਰੀ ਜਿਨ੍ਹਾਂ ਤੇ ਮਨੁੱਖ ਮਾਣ ਕਰਦਾ ਹੈ, ਜਿਉਂ ਹੀ ਸਰੀਰ ਤੋਂ ਸੁਆਸ ਵੱਖਰੇ ਹੁੰਦੇ ਹਨ, ਸਾਰੇ ਉਸ ਨੂੰ ਪੁਕਾਰ ਪੁਕਾਰ ਕੇ ਭੂਤ ਕਹਿੰਦੇ ਹਨ। ਇਹ ਸੰਬੰਧ ਮ੍ਰਿਗਤ੍ਰਿਸ਼ਨਾ ਵਾਂਗੂੰ ਸਾਬਤ ਹੋਏ ਹਨ। ਇਨ੍ਹਾਂ ਸਥਿਤੀਆਂ ਦੀ ਅਸਲੀਅਤ ਨੂੰ ਵੇਖ ਕੇ ਮਨੁੱਖ ਸੰਕਟ ਵਿਚ ਫਸ ਜਾਂਦਾ ਹੈ।

ਸਭਿ ਕਿਛੁ ਜੀਵਤ ਕੋ ਬਿਵਹਾਰ
ਮਾਤ ਪਿਤਾ, ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ
ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ
ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਤ ਨਿਕਾਰਿ।[48]

ਜਦੋਂ ਮਨੁੱਖ ਦਾ ਅੰਦਰੂਨੀ ਆਪਾ ਜਾਗ੍ਰਿਤ ਹੋ ਜਾਂਦਾ ਹੈ, ਤਾਂ ਉਸ ਨੂੰ ਦੁਨਿਆਵੀ ਰਿਸ਼ਤਿਆਂ ਦੀ ਅਸਾਰਤਾ ਦੀ ਅਸਲੀਅਤ ਦਾ ਗਿਆਨ ਹੋ ਜਾਂਦਾ ਹੈ। ਉਸ ਨੂੰ ਕੋਈ ਸੰਗਾ ਮਾਤ੍ਰ ਨਜ਼ਰ ਨਹੀਂ ਆਉਂਦਾ। ਇਸਤਰੀ, ਪੁੱਤਰ, ਮਿੱਤਰ ਸਾਰੇ ਰਿਸ਼ਤੇ ਉਸ ਨੂੰ ਝੂਠੇ ਲੱਗਦੇ ਹਨ। ਅੰਤ ਵੇਲੇ ਸਾਰੇ ਸਾਥ ਛੱਡ ਜਾਂਦੇ ਹਨ। ਇਹੋ ਜ਼ਿੰਦਗੀ ਦੀ ਅਸਲੀਅਤ ਹੈ। ਪਰ ਸਾਧਾਰਨ ਮਨੁੱਖ ਇਸ ਅਸਲੀਅਤ ਤੋਂ ਅੱਖਾਂ ਮੁੰਦੀ ਰੱਖਦਾ ਹੈ। ਗੁਰੂ ਤੇਗ ਬਹਾਦਰ ਦੀ ਬਾਣੀ ਵਿਚਲਾ ਸੰਕਟ ਇਕ ਚੇਤੰਨ ਮਨੁੱਖ ਦਾ ਸੰਕਟ ਹੈ, ਜੋ ਆਪਣੇ ਮਨ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝਾਉਂਦਾ ਹੈ।

ਪ੍ਰੀਤਮ ਜਾਨਿ ਲੇਹੁ ਮਨ ਮਾਹੀ
ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ
ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ
ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ
ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ
ਇਹ ਬਿਧਿ ਕੋ ਬਿਉਹਾਰੁ ਬਨਿਓ ਹੈ ਜਾ ਸਿਉ ਨੇਹੁ ਲਗਾਇਓ
ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ।[49]

ਜਗਤ ਮੈ ਝੂਠੀ ਦੇਖੀ ਪ੍ਰੀਤਿ
ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ
ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ
ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ।[50]

ਅੰਤ ਸਮੇਂ ਮਨੁੱਖ ਦਾ ਸਾਥ ਹੋਰ ਕਿਸੇ ਨੇ ਕੀ ਦੇਣਾ ਹੈ? ਇਹ ਸਰੀਰ ਜਿਸ ਤੇ ਮਨੁੱਖ ਗਰਬ ਕਰਦਾ ਨਹੀਂ ਥੱਕਦਾ, ਇਹ ਵੀ ਇਸ ਦਾ ਸਾਥ ਨਹੀਂ ਦਿੰਦਾ।[51]

ਉਪਰੋਕਤ ਵਸਤਾਂ, ਮੋਹ ਜਾਲ ਵਿਚ ਫਸਾਣ ਵਾਲੇ ਸਾਕ ਸੰਬੰਧੀ, ਹਉਮੈ ਵਧਾਉਣ ਵਾਲੇ ਧਰਮ ਕਰਮ ਝੂਠੇ ਸਿੱਧ ਹੁੰਦੇ ਹਨ, ਤਾਂ ਜੀਵ ਨੂੰ ਸੋਝੀ ਆਉਂਦੀ ਹੈ। ਫੇਰ ਉਹ ਕਿਸੇ ਅਬਿਨਾਸ਼ੀ ਤੱਤ ਸੰਬੰਧੀ ਧਰਮ ਦੀ ਭਾਲ ਕਰਦਾ ਹੈ। ਅਜਿਹਾ ਮਨੁੱਖ ਸੰਮਿਕ ਦ੍ਰਿਸ਼ਟੀ ਦਾ ਧਾਰਨੀ

ਦੁਬਿਧਾ ਦਾ ਸ਼ਿਕਾਰ ਹੋ ਜਾਂਦਾ ਹੈ। ਉਸ ਨੂੰ ਇਹ ਸਮਝ ਹੀ ਨਹੀਂ ਆਉਂਦੀ ਕਿ ਉਹ ਕਿਸ ਦ੍ਰਿਸ਼ਟੀਕੋਣ ਦਾ ਧਾਰਨੀ ਬਣੇ। ਗੁਰੂ ਤੇਗ਼ ਬਹਾਦਰ ਨੇ ਬਾਰ ਬਾਰ ਦੁਹਰਾ ਕੇ ਇਸ ਸੰਸਾਰ ਦੀ ਨਾਸ਼ਮਾਨਤਾ ਨੂੰ ਬਿਆਨ ਕੀਤਾ ਹੈ ਇਸ ਦੀ ਖਿਣਭੰਗੁਰਤਾ ਨੂੰ ਪਾਣੀ ਦੇ ਬੁਲਬੁਲੇ ਨਾਲ ਉਪਮਾ ਦਿੱਤੀ ਹੈ। ਇਸ ਜਗਤ ਦੀ ਹਸਤੀ ਨੂੰ ਗੁਰੂ ਤੇਗ਼ ਬਹਾਦਰ ਨੇ ਰੇਤ ਦੀ ਦੀਵਾਰ ਜਾਂ ਬੱਦਲ ਦੀ ਛਾਂ ਕਿਹਾ ਹੈ।

ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ
ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀਂ ਦਿਨ ਚਾਰਿ।[52]

ਸਮ ਸੁਪਨੈ ਕੈ ਇਹੁ ਜਗੁ ਜਾਨੁ
ਬਿਨਸੈ ਛਿਨ ਮੈ ਸਾਚੀ ਮਾਨੁ।[53]

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ
ਕਹਿ ਨਾਨਕ ਥਿਰੁ ਨ ਰਹੈ ਜਿਉ ਬਾਲੂ ਕੀ ਭੀਤਿ।[54]

ਇਸੇ ਤਰ੍ਹਾਂ ਜ਼ਿੰਦਗੀ ਦੀ ਨਾਸ਼ਮਾਨਤਾ ਬਾਰੇ ਵੀ ਗੁਰੂ ਤੇਗ਼ ਬਹਾਦਰ ਨੇ ਸੰਕੇਤ ਕੀਤੇ ਹਨ। ਇਹ ਜੀਵਨ ਖਿਣਭੰਗਰਾ ਹੈ। ਸਮੇਂ ਦੇ ਬੀਤਣ ਨਾਲ ਇਸ ਸਰੀਰ ਦਾ ਹਰ ਅੰਗ ਨਾਸ਼ ਹੋ ਜਾਂਦਾ ਹੈ।

ਜਾਨੋ ਇਹੁ ਤਨੁ ਮਿਥਿਆ ਜਾਨਉ।[55]

ਮਨ ਕਹਾ ਬਿਸਾਰਿਓ ਰਾਮ ਨਾਮੁ
ਤਨੁ ਬਿਨਸੈ ਜਮ ਸਿਉ ਪਰੈ ਕਾਮੁ।[56]

ਜਾ ਜਗ ਮਹਿ ਕੋਊ ਰਹਨੁ ਨ ਪਾਵੈ ਇਕਿ ਆਵਹਿ ਇਕ ਜਾਹੀ।[57]

ਇਸ ਸਰੀਰ ਤੇ ਜਗਤ ਦੀ ਸਥਿਰਤਾ ਦਾ ਨਾ ਹੋਣਾ ਮਨੁੱਖ ਨੂੰ ਸੰਕਟਗ੍ਰਸਤ ਕਰਦਾ ਹੈ। ਕਿਉਂਕਿ ਮਨੁੱਖ ਨੂੰ ਸੀਮਿਤ ਦੇਹ ਦੀ ਇੱਛਾ ਨਾਲ ਮੌਤ ਦਾ ਭੈ ਡਰਾਉਂਦਾ ਹੈ। ਜਦ ਕਿ

ਵਾਸਤਵ ਵਿਚ ਜਗਤ ਤੇ ਮਨੁੱਖੀ ਦੇਹ ਦੀ ਮੂਲ ਸਚਾਈ ਨਾਸ਼ਮਾਨਤਾ ਤੇ ਪਰਿਵਰਤਨ ਹੈ। ਗੁਰੂ ਤੇਗ਼ ਬਹਾਦਰ ਦਾ ਭਾਵ ਮਨੁੱਖ ਨੂੰ ਨਿਰਾਸ਼ਾਵਾਦੀ ਜਾਂ ਪਲਾਇਨਵਾਦੀ ਰੁਚੀ ਦਾ ਧਾਰਨੀ ਬਣਾਉਣਾ ਨਹੀਂ। ਗੁਰੂ ਤੇਗ਼ ਬਹਾਦਰ ਦੇ ਉਪਰੋਕਤ ਵਿਚਾਰ ਜੀਵਨ ਪ੍ਰਤੀ ਸਹੀ ਦ੍ਰਿਸ਼ਟੀਕੋਣ ਅਪਣਾਉਣ ਲਈ ਸਹਾਇਕ ਹੁੰਦੇ ਹਨ। ਦੁਹਰਾ ਦੁਹਰਾ ਕੇ ਇਹ ਗੱਲ ਕਹੀ ਗਈ ਹੈ ਕਿ ਸੰਸਾਰਕ ਸੁੱਖਾਂ ਨੂੰ ਭੋਗਣ ਵੇਲੇ ਸਾਕ ਸੰਬੰਧੀ ਸਾਥ ਦਿੰਦੇ ਹਨ ਪਰ ਮੁਸੀਬਤ ਵੇਲੇ ਕਿਸੇ ਨੇ ਸਾਥ ਨਹੀਂ ਦੇਣਾ। ਬਿਪਤਾ ਵੇਲੇ ਸਾਰੇ ਸਾਥ ਛੱਡ ਜਾਂਦੇ ਹਨ। ਅਜਿਹੇ ਵਿਚਾਰਾਂ ਦੇ ਬਾਰ ਬਾਰ ਦੁਹਰਾਅ ਨਾਲ ਉਪਰਾਮਤਾ ਤੇ ਉਦਾਸੀਨਤਾ ਪੈਦਾ ਹੋ ਰਹੀ ਹੈ। ਦਰਅਸਲ ਇਹ ਉਪਰਾਮਤਾ ਤੇ ਉਦਾਸੀ ਆਪਣੀ ਸੁਨੇਹ ਦਸ਼ਾ ਤੇ ਹੁੰਦੀ ਹੈ। ਜਦੋਂ ਉਪਰਾਮਤਾ ਤੇ ਉਦਾਸੀਨਤਾ ਜ਼ੋਰਾਂ ਤੇ ਹੁੰਦੀ ਹੈ ਓਦੋਂ ਦਸ਼ਾ ਨੂੰ ਬਦਲਣ ਦਾ ਰਾਹ ਵੀ ਲੱਭਦਾ ਹੈ। ਓਦੋਂ ਹੀ ਮਨੁੱਖ ਸੰਕਟਗ੍ਰਸਤ ਹੁੰਦਾ ਹੈ ਕਿਉਂਕਿ ਉਹ ਆਤਰਿਕ ਤੌਰ ਤੇ ਜਾਗ੍ਰਿਤ ਹੋ ਕੇ ਇਨ੍ਹਾਂ ਸੰਬੰਧਾਂ ਦੀ ਆਲੋਚਨਾ ਤੋਂ ਚੇਤੰਨ ਹੋ ਜਾਂਦਾ ਹੈ। ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਜ਼ਿੰਦਗੀ ਦੀ ਤੁੱਛਤਾ, ਮਾਇਆ ਤੇ ਤਨ ਮਨ ਧਨ ਦੀ ਤੁੱਛਤਾ, ਮਾਤਾ ਪਿਤਾ ਪੁੱਤਰ, ਕੁਟੰਬ ਦੀ ਤੁੱਛਤਾ ਬਾਰ ਬਾਰ ਦਰਸਾਈ ਗਈ ਹੈ। ਸਮੁੱਚੀ ਰਚਨਾ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ ਦੁਆਰਾ ਨਿਰਾਸ਼ਿਆ ਦੱਸਦੀ ਹੈ। ਮਨੁੱਖ ਬਿਲਕੁਲ ਬੇਵਿਸ ਤੇ ਬੇਬੱਸ ਪ੍ਰਤੀਤ ਹੁੰਦਾ ਹੈ। ਪਰ ਨਾਲ ਹੀ ਨਾਲ ਉਹ ਆਪਣੀ ਇਸ ਦਸ਼ਾ ਬਾਰੇ ਚਿੰਤਿਤ ਹੈ। ਇਸ ਤੋਂ ਨਿਜਾਤ ਪਾਉਣ ਦਾ ਇਛੁਕ ਨਜ਼ਰ ਆਉਂਦਾ ਹੈ।

ਅਬ ਮੈ ਕਹਾ ਕਰਉ ਰੀ ਮਾਈ
ਸਗਲ ਜਨਮੁ ਬਿਖਿਅਨ ਸਿਉ ਖੋਇਆ ਸਿਮਰਿਓ ਨਾਹਿ ਕਨਾਈ
ਕਾਲ ਫਾਸ ਜਬ ਗਰ ਮਹਿ ਮੇਲੀ ਤਿਹ ਸੁਧਿ ਸਭ ਬਿਸਰਾਈ
ਰਾਮ ਨਾਮ ਬਿਨੁ ਯਾ ਸੰਕਟ ਮਹਿ ਕੋ ਅਬ ਹੋਤ ਸਹਾਈ
ਜੋ ਸੰਪਤਿ ਅਪਨੀ ਕਰਿ ਮਾਨੀ ਛਿਨ ਮਹਿ ਭਈ ਪਰਾਈ
ਕਹੁ ਨਾਨਕ ਯਹ ਸੋਚ ਰਹੀ ਮਨਿ ਹਰਿ ਜਸੁ ਕਬਹੂ ਨ ਗਾਈ।[58]

ਮਨੁੱਖ ਦਾ ਇਹ ਪਛਤਾਵਾ ਉਸ ਦੀ ਸੂਝ ਸਮਝ ਵਿਚੋਂ ਪੈਦਾ ਹੋਇਆ ਹੈ। ਉਸ ਨੂੰ ਆਲੋਚਨਾ ਦਾ ਗਿਆਨ ਹੋ ਗਿਆ ਹੈ ਪਰ ਸਮਾਂ ਬੀਤਿਆ ਹੋਣ ਕਾਰਨ ਉਹ ਕੁਝ ਕਰ ਨਹੀਂ ਸਕਦਾ। ਇਸ ਨਵੀਂ ਸੰਕਟ ਵਿਚ ਘਿਰ ਗਿਆ ਹੈ।

ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ
ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ।[59]

ਮਨ ਦੇ ਅਹੰਕਾਰ ਨੂੰ ਖ਼ਤਮ ਕਰਨ ਦਾ ਯਤਨ ਜਾਰੀ ਹੈ ਪਰ ਗੁਮਾਨ ਅਜੇ ਮਿਟਿਆ ਨਹੀਂ। ਕਿਉਂਕਿ ਵਿਸ਼ੇ ਵਿਕਾਰਾਂ ਦੀ ਪਕੜ ਬੜੀ ਪੀਡੀ ਹੈ। ਮੋਹ ਔਖੇ ਤਰਨਾ ਹੈ। ਮਨੁੱਖ ਦੀ ਅਵਸਥਾ ਤਰਸਯੋਗ ਹੈ। ਉਹ ਠੀਕ ਰਾਹ ਤੇ ਤੁਰਨਾ ਚਾਹੁੰਦਾ ਹੈ, ਕਿਉਂਕਿ ਉਸਨੂੰ ਝੂਠ, ਸੱਚ ਦੀ ਪਛਾਣ ਹੋ ਗਈ ਹੈ। ਪਰ ਕਿਉਂਕਿ ਵਿਕਾਰ ਜ਼ਿਆਦਾ ਹਾਵੀ ਹਨ ਇਸ ਲਈ ਉਸਦੀ ਕੋਸ਼ਿਸ਼ ਨਿਸਫਲ ਹੋ ਕੇ ਰਹਿ ਜਾਂਦੀ ਹੈ। ਕਾਮ, ਕ੍ਰੋਧ, ਲੋਭ ਦੇ ਵਿਕਾਰਾਂ ਦੀ ਪੀਡੀ ਪਕੜ ਨੇ ਉਸਦੇ ਗਿਆਨ ਨੂੰ ਛੁਪਾ ਲਿਆ ਹੈ। ਗੁਰੂ ਤੇਗ਼ ਬਹਾਦਰ ਦੀ ਸਾਰੀ ਬਾਣੀ ਵਿਚ ਮਨੁੱਖ ਦੀ ਨੈਤਿਕ ਗਿਰਾਵਟ ਦਾ ਬਾਰ ਬਾਰ ਵਰਣਨ ਕੀਤਾ ਗਿਆ ਹੈ। ਡਾ. ਖੜਕ ਸਿੰਘ ਅਨੁਸਾਰ ਕਿਤੇ ਇਸ ਗਿਰਾਵਟ ਦਾ ਕਾਰਣ ਮਨੁੱਖ ਦੀ ਅਗਿਆਨਤਾ ਹੈ, ਕਿਤੇ ਮਨੁੱਖ ਦੀ ਦੁਬਿਧਾ ਜਾਂ ਫੇਰ ਹਉਮੈ। ਕਿਤੇ ਮਾਇਆ ਪਰਸਤੀ, ਮਨੁੱਖ ਦੀ ਅਧਿਆਤਮਕ ਅਗਿਆਨਤਾ ਦਾ ਕਾਰਣ ਹੈ ਜਾਂ ਫੇਰ ਮਨੁੱਖ ਦਾ ਚੰਚਲ ਮਨ ਉਸ ਨੂੰ ਵਿਆਪਕ ਜੀਵਨ ਮੁੱਲਾਂ ਦੀ ਸਮਝ ਤੋਂ ਵਾਂਝਾ ਰੱਖਦਾ ਹੈ। ਮਨੁੱਖ ਦੀਆਂ ਸਭ ਬੁਰਾਈਆਂ ਕਾਮ ਕ੍ਰੋਧ ਲੋਭ ਮੋਹ ਅਹੰਕਾਰ ਨੂੰ ਵਿਸ਼ੇਸ਼ ਤੌਰ ਤੇ ਮਾਨਵ ਦੇ ਸੰਕਟ ਦਾ ਬੁਨਿਆਦੀ ਆਧਾਰ ਮੰਨਿਆ ਹੈ। ਪਰ ਗੁਰੂ ਤੇਗ਼ ਬਹਾਦਰ ਦੀ ਬਾਣੀ ਨੂੰ ਪੜ੍ਹਨ ਉਪਰੰਤ ਲੱਗਦਾ ਹੈ ਕਿ ਵਾਸਤਵਿਕ ਸੰਕਟ ਜਿਸ ਤੇ ਗੁਰੂ ਸਾਹਿਬ ਦੀ ਦ੍ਰਿਸ਼ਟੀ ਕੇਂਦਰਿਤ ਹੈ ਉਹ ਇਨ੍ਹਾਂ ਬਾਹਰੀ ਅਵਸਥਾਵਾਂ ਦਾ ਨਹੀਂ ਬਲਕਿ ਅੰਤਰਿਕ ਮੁੱਲਾਂ ਦਾ ਹੈ। ਵਾਸਤਵ ਵਿਚ ਮਨੁੱਖ ਦਾ ਸੰਕਟ ਉਦੋਂ ਵਧੇਰੇ ਤੀਬਰ ਹੁੰਦਾ ਹੈ ਜਦੋਂ ਉਹ ਪਤਨਪੂਰਕ ਅਵਸਥਾ ਨੂੰ ਅੰਤਿਮ ਤੌਰ ਤੇ ਪ੍ਰਵਾਨ ਕਰ ਲੈਂਦਾ ਹੈ।[60]

ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਵਿਅਕਤੀ ਦੇ ਪਾਖੰਡਿਕ ਵਿਵਹਾਰ ਦੀ ਤਸਵੀਰ ਬਾਰ ਬਾਰ ਉਭਾਰੀ ਗਈ ਹੈ। ਜੋ ਵਿਸ਼ੇ ਵਿਕਾਰਾਂ ਵਿਚ ਲਿਪਤ, ਮਾਇਆ ਦੇ ਭੋਗਾਂ ਵਿਚ ਵਿਲੀਨ ਤੇ ਹਉਮੈ ਭਾਵਨਾ ਨਾਲ ਗ੍ਰਸਤ ਹੈ। ਅਜਿਹੇ ਜੀਵਾਂ ਲਈ ਗੁਰੂ ਕਵੀ ਨੇ ਪਸ਼ੂਤਾ ਦੇ ਚਿੰਨ੍ਹ ਵਰਤੇ ਹਨ। ਮਨੁੱਖ ਮਾਇਆ ਦੇ ਨਸ਼ੇ ਵਿਚ ਗ੍ਰਸਤ ਹੋਇਆ ਰਹਿੰਦਾ ਹੈ। ਦਿਖਾਵਾ ਉਸਦੇ ਜੀਵਨ ਦਾ ਮੁੱਖ ਆਧਾਰ ਹੈ।

ਕਰਿ ਪਰਪੰਚੁ ਜਗਤ ਕਉ ਡਹਕੈ
ਅਪਨੋ ਉਦਰੁ ਭਰੈ।[61]

ਮਾਇਆ ਦੀ ਪਕੜ ਵਿਚ ਫਸ ਮਨੁੱਖ ਸੰਸਾਰਕ ਲਾਲਚ ਹਿੱਤ ਅਜਿਹੇ ਕਰਮ ਕਰਦਾ ਹੈ ਜੋ ਉਸ ਲਈ ਬੰਧਨ ਬਣ ਜਾਂਦੇ ਹਨ। ਝੂਠੇ ਲਾਲਚ ਵਸ ਉਹ ਜੀਵਨ ਦੀ ਬਾਜ਼ੀ ਹਾਰ ਜਾਂਦਾ ਹੈ।

ਮਨਿ ਮਾਇਆ ਕੈ ਫਧਿਓ ਬਾਵਰੇ ਸੁਕ੍ਰਤ ਨਹ ਕਛੂ ਕਿਆਨਾ
ਘਟ ਹੀ ਭੀਤਰਿ ਬਸਤੁ ਨਿਰੰਜਨੁ ਤਾ ਕੋ ਮਰਮੁ ਨ ਜਾਨਾ।[62]

ਅਗਿਆਨੀ ਮਨੁੱਖ ਸੰਸਾਰ ਦੇ ਉਨ੍ਹਾਂ ਸੁੱਖਾਂ ਨੂੰ ਸਦੀਵੀ ਸਮਝਦਾ ਹੈ ਜੋ ਵਿਨਾਸ਼ਕਾਰੀ ਪ੍ਰਵਿਰਤੀ ਵਾਲੇ ਹਨ। ਜਿਵੇਂ ਕਿ ਪ੍ਰੋ: ਕੇ.ਆਰ. ਸ੍ਰੀਨਿਵਾਸਾ ਆਇੰਗਰ ਨੇ ਆਖਿਆ ਹੈ, ਜੀਵਨ ਵਿਚ ਦਿਖਾਵਿਆਂ, ਉਤੇਜਨਾਵਾਂ, ਜਟਿਲਤਾਵਾਂ, ਚਿੰਤਾਂ, ਨਿਰਾਸ਼ਤਾਵਾਂ ਤੇ ਪਰਿਵਰਤਨਸ਼ੀਲ ਸੰਸਾਰ ਦੀਆਂ ਨਿਰੰਤਰ ਵੰਗਾਰਾਂ ਦੀ ਦੌੜ ਹੈ। ਪਰ ਇਕ ਵਿਅਕਤੀ ਨੇ ਇਨ੍ਹਾਂ ਤੋਂ ਪਾਰਗਾਮੀ ਹੋਣਾ ਹੈ ਤੇ ਹਕੀਕਤ ਨੂੰ ਪਕੜਨਾ ਹੈ। ਇਥੇ ਦੁਨੀਆਂ ਦੀ ਨਿਰੰਤਰ ਖਿੱਚ ਵੀ ਹੈ। ਪਰਿਵਾਰ, ਦੋਸਤਾਂ, ਧਨ, ਪਦਵੀ ਤੇ ਸਰੀਰ ਦਾ ਮੋਹ ਵੀ ਹੈ। ਪਰ ਇਸ ਹਕੀਕਤ ਪ੍ਰਤੀ ਵੀ ਜਾਗ੍ਰਿਤ ਹੋਣਾ ਹੈ ਕਿ ਇਨ੍ਹਾਂ ਸਭ ਵਸਤਾਂ ਦਾ ਸੋਮਾ ਤੇ ਮੂਲ ਕੋਈ ਹੈ ... ਜਿਸਦਾ ਨਾਮ ਰਤਨ ਉਸਦੇ ਅੰਦਰ ਹੈ। ਜਾਣੋ ਉਸਨੂੰ, ਇਸਦੀ ਸੋਝੀ ਕਰੋ।[63]

ਰਤਨੁ ਰਾਮੁ ਘਟ ਹੀ ਕੇ ਭੀਤਰਿ
ਤਾ ਕੋ ਗਿਆਨੁ ਨ ਪਾਇਓ।[64]

ਇਸ ਤਰ੍ਹਾਂ ਮਨੁੱਖੀ ਪ੍ਰਕਿਰਤੀ ਦੇ ਦੈਵੀ ਅੰਸ਼ ਤੇ ਹਉਮੈ ਦੁਆਰਾ ਹਾਵੀ ਹੋਈ ਪਾਸ਼ਵਿਕ ਹੋਂਦ ਦੇ ਦੋਹਰੇ ਮਨੋਵਿਗਿਆਨਕ ਵਿਸਤਾਰ ਦਾ ਵਰਣਨ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਮਿਲਦਾ ਹੈ। ਮਨੁੱਖੀ ਮਨ ਦੇ ਵਿਭਿੰਨ ਵਿਕਾਰ, ਮਾਨਸਿਕ ਤਣਾਅ, ਪਾਸ਼ਵਿਕ ਬਿਰਤੀਆਂ ਤੇ ਬੰਧਨਕਾਰੀ ਹਉਮੈ ਦੀ ਪ੍ਰਕਿਰਤੀ ਮਨੁੱਖ ਦੀ ਅਸਲੀਅਤ ਹੈ, ਜੋ ਕਿ ਉਸ ਦਾ ਪ੍ਰਮੁੱਖ ਸੰਕਟ ਬਣ ਜਾਂਦੀ ਹੈ। ਮਨੁੱਖ ਦੀ ਮੂਲ ਸਮੱਸਿਆ ਆਪਣੀ ਹਕੀਕਤ ਪ੍ਰਤੀ ਅਣਜਾਣ ਹੋਣਾ ਹੈ। ਆਮ ਧਾਰਨਾ ਅਨੁਸਾਰ ਮਨੁੱਖੀ ਮਨ ਵਿਕ੍ਰਿਤ ਕਾਮੁਕਤਾ ਦਾ ਗੁਲਾਮ ਹੈ। ਜਦਕਿ ਅਸਲੀਅਤ ਇਹ ਹੈ ਕਿ ਮਨੁੱਖ ਦੋਹਰੀ ਪ੍ਰਕਿਰਤੀ ਦਾ ਧਾਰਨੀ ਹੈ। ਕਾਂਤ ਅਨੁਸਾਰ ਮਨੁੱਖ ਭੌਤਿਕ ਤੇ ਅਭੌਤਿਕ ਦੇ ਸੰਸਾਰਾਂ ਦਾ ਜੀਵ ਹੈ। ਉਸ ਅਨੁਸਾਰ ਮਨੁੱਖੀ ਆਤਮਾ ਮਨੁੱਖੀ ਜਾਮੇ ਵਿਚ ਰਹਿੰਦੀ ਹੋਈ ਆਤਮਿਕ

ਸੰਸਾਰ ਦੇ ਅਸੂਰਤ ਰੂਪ ਨਾਲ ਸਦੀਵੀ ਸੰਪਰਕ ਬਣਾਉਂਦੀ ਹੈ। ਜਨਮ, ਜੀਵਨ ਤੇ ਮੌਤ, ਆਤਮਾ ਦੀਆਂ ਸਿਰਫ਼ ਸਥਿਤੀਆਂ ਹੀ ਹਨ।[65] ਕਿਉਂਕਿ ਮਨੁੱਖ ਵਿਚ ਜੇ ਵਿਕਾਰੀ ਰੁਚੀਆਂ ਹਨ ਤਾਂ ਉਹ ਦੈਵੀ ਗਿਆਨ ਦੀ ਸੂਝ ਵੀ ਰੱਖਦਾ ਹੈ। ਪਰ ਉਹ ਉਸ ਦੈਵੀ ਗਿਆਨ ਤੋਂ ਉਸੇ ਤਰ੍ਹਾਂ ਅਣਜਾਣ ਰਹਿੰਦਾ ਹੈ ਜਿਵੇਂ ਹਿਰਨ ਆਪਣੀ ਨਾਭੀ ਵਿਚ ਮੌਜੂਦ ਕਸਤੂਰੀ ਤੋਂ।

ਮਨੁੱਖ ਦਾ ਸੰਕਟ ਇਹੋ ਹੈ ਕਿ ਉਹ ਸਥਿਰਤਾ ਤੇ ਪਰਿਵਰਤਨਸ਼ੀਲਤਾ ਵਿਚਕਾਰ ਨਿਖੇੜਾ ਨਹੀਂ ਕਰ ਸਕਦਾ। ਕਿਉਂਕਿ ਉਸ ਦੀ ਸੋਚ, ਦੁਨਿਆਵੀ ਧਨ ਦੌਲਤ, ਝੂਠੇ ਵਿਸ਼ਵਾਸ, ਸੰਸਾਰਕ ਸੰਬੰਧਾਂ ਤੱਕ ਮਹਿਦੂਦ ਰਹਿੰਦੀ ਹੈ। ਇਸ ਸਾਰੇ ਸਿਲਸਿਲੇ ਦੀ ਹੋਂਦ ਥੋੜ੍ਹਚਿਰੀ ਅਰਥਾਤ ਛਿਨਭੰਗਰੀ ਹੈ। ਮਨੁੱਖ ਇਸੇ ਚੱਕਰ ਵਿਚ ਸਾਰੀ ਉਮਰ ਅਜਾਈਂ ਗੁਆ ਦਿੰਦਾ ਹੈ। ਇਸ ਸੰਦਰਭ ਵਿਚ ਅਟੱਲ ਮੌਤ ਘੜੀ ਦੇ ਸਿਰ ਤੇ ਮੰਡਲਾਂਦੀ ਰਹਿੰਦੀ ਹੈ ਤੇ ਉਸਨੂੰ ਵਸਤਾਂ ਦੀ ਛਿਨਭੰਗਰਤਾ ਤੇ ਸਦੀਵਤਾ ਸੰਬੰਧੀ ਪਛਾਣ ਕਰਵਾਂਦੀ ਰਹਿੰਦੀ ਹੈ।[66]

ਮਾਇਆ ਤੇ ਇਹੋ ਜਿਹੇ ਵਿਕਾਰਾਂ ਵਿਚ ਗ੍ਰਸਿਤ ਹੋਇਆ ਮਨੁੱਖ ਦੁੱਖੀ ਤੇ ਅਗਿਆਨੀ ਹੈ। ਸੰਸਾਰਕ ਸੁੱਖਾਂ ਦੇ ਵਿਨਸ਼ ਜਾਣ ਦੇ ਭੈ ਤੋਂ ਸੰਕਟਗ੍ਰਸਤ ਹੈ। ਗੁਰੂ ਤੇਗ਼ ਬਹਾਦਰ ਦੀ ਬਾਣੀ ਵਾਰ ਵਾਰ ਮਨੁੱਖ ਨੂੰ ਚੇਤਾਵਨੀ ਦਿੰਦੀ ਹੋਈ ਸਹੀ ਮਾਰਗ ਤੇ ਚੱਲਣ ਲਈ ਪ੍ਰੇਰਿਤ ਕਰਦੀ ਹੈ।

ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ
ਜਬ ਹੀ ਨਿਰਧਨੁ ਦੇਖਿਓ ਨਰ ਕਉ ਸੰਗੁ ਛਾਡਿ ਸਭਿ ਭਾਗੇ।[67]

ਇਹ ਬਿਧਿ ਕੋ ਬਿਉਹਾਰੁ ਬਨਿਓ ਹੈ ਜਾ ਸਿਉ ਨੇਹੁ ਲਗਾਇਓ
ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ।[68]

ਬਾਣੀ ਵਿਚ ਮਨੁੱਖ ਦੀ ਬੰਧਨਯੁਕਤ ਅਵਸਥਾ ਦਾ ਨਿਰੂਪਣ ਬੜੇ ਵਿਸਤਾਰ ਨਾਲ ਹੋਇਆ ਹੈ। ਮਨੁੱਖ ਦੇ ਸੰਕਟ ਦਾ ਕਾਰਣ ਬੰਧਨ ਹੀ ਹੈ।

ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ
ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ।[69]

ਭੂਲਿਓ ਮਨ ਮਾਇਆ ਉਰਝਾਇਓ
ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ।[70]

ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ
ਅੰਤਿ ਸੰਗਿ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ।[71]

ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ।[72]

ਇਹ ਸਾਰੇ ਬੰਧਨ ਮਨੁੱਖ ਲਈ ਸੰਕਟ ਬਣ ਜਾਂਦੇ ਹਨ। ਇਸ ਸੰਕਟ ਦੇ ਅਨੇਕਾਂ ਪਾਸਾਰ ਹਨ।

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ।[73]

ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ
ਕਹੁ ਨਾਨਕ ਇਹ ਬਿਪਤ ਮੈ ਟੇਕ ਏਕ ਰਘੁਨਾਥ।[74]

ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ
ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ।[75]

ਹਰਿ ਜੂ ਰਾਖਿ ਲੇਹੁ ਪਤਿ ਮੇਰੀ
ਜਮ ਕੋ ਤ੍ਰਾਸ ਭਇਓ ਉਰ ਅੰਤਰਿ
ਸਰਨਿ ਗਹੀ ਕਿਰਪਾ ਨਿਧਿ ਤੇਰੀ।[76]

ਕਾਲ ਫਾਸ ਜਬ ਗਰ ਮਹਿ ਮੇਲੀ ਤਿਹ ਸੁਧਿ ਸਭ ਬਿਸਰਾਈ
ਰਾਮ ਨਾਮ ਬਿਨੁ ਯਾ ਸੰਕਟ ਮਹਿ ਕੋ ਅਬ ਹੋਤ ਸਹਾਈ।[77]

ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ
ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ।[78]

ਸਾਰੀ ਬਾਣੀ ਵਿਚ ਇਹ ਸੰਕਟ ਕਿਤੇ ਵਿਯੋਗਤਾ ਦੇ ਰੂਪ ਵਿਚ ਪੇਸ਼ ਹੋਇਆ ਹੈ, ਕਿਤੇ ਮੌਤ ਦੇ ਡਰ ਤੇ ਕਦੀ ਇਕੱਲਤਾ ਦੇ ਰੂਪ ਵਿਚ। ਮਨੁੱਖੀ ਜੀਵਨ ਦੇ ਵਿਅਰਥ ਬੀਤ ਜਾਣ ਦੀ ਵੇਦਨਾ ਦਾ ਵਰਣਨ ਵੀ ਬੜੇ ਵਿਸਤਾਰ ਨਾਲ ਪ੍ਰਗਟ ਹੋਇਆ ਹੈ। ਮਨੁੱਖ ਮਾਇਆ ਦੇ ਚੱਕਰ ਵਿਚ ਫਸ ਕੇ ਜੀਵਨ ਵਿਅਰਥ ਗੁਆ ਦਿੰਦਾ ਹੈ। ਅਜਿਹਾ ਮਨੁੱਖ ਪਸ਼ੂਵਿਰਤੀ ਪੱਧਰ ਦੀ ਜ਼ਿੰਦਗੀ ਜੀਉਂਦਾ ਹੈ। ਕਿਉਂਕਿ ਉਹ ਕ੍ਰੋਧ ਦੇ ਭਰਮਜਾਲ ਵਿਚ ਫਸ ਕੇ ਨੀਵੀਂ ਤੋਂ ਨੀਵੀਂ ਜ਼ਰੂਰਤ ਨੂੰ ਪੂਰਾ ਕਰਨ ਵਿਚ ਰੁਝਿਆ ਰਹਿੰਦਾ ਹੈ। ਮੌਤ ਦਾ ਡਰ ਪ੍ਰਾਣੀ ਮਾਤਰ ਦਾ ਮੁੱਖ ਸੰਕਟ ਹੈ। ਯਾਨਿ ਸਰੀਰਕ ਹੋਂਦ ਦੇ ਵਿਨਸ਼ ਜਾਣ ਦਾ ਡਰ! ਮਨੁੱਖ ਦਾ ਇਹ ਸੰਕਟ ਇਕੱਲਾ ਮੌਤ ਦੇ ਡਰ ਦਾ ਨਹੀਂ, ਸਗੋਂ ਮਨੁੱਖ ਦੇ ਅਨੇਕਾਂ ਪ੍ਰਕਾਰ ਦੇ ਬੰਧਨ ਜਾਂ ਡਰਾਂ ਦਾ ਹੈ, ਜਿਸ ਵਿਚੋਂ ਇਕ ਡਰ ਮੌਤ ਦਾ ਡਰ ਵੀ ਪ੍ਰਮੁੱਖ ਹੈ।

ਕਾਹੂ ਬਿਆਹੁ ਜਿਉ ਪਰਿਓ ਤੈਸੇ ਸੁਖੁ ਪਾਵਤੇ ਮੀਤ
ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ।[79]

ਜਨਮ ਜਨਮ ਭਰਮਤ ਫਿਰਿਓ ਮਿਟਿਓ ਨ ਜਮ ਕੋ ਤ੍ਰਾਸੁ।[80]

ਦਰਅਸਲ ਡਰ ਦੀ ਅਵਸਥਾ ਨੂੰ ਹਮੇਸ਼ਾ ਹਮੇਸ਼ਾ ਲਈ ਸਵੀਕਾਰ ਕਰ ਲੈਣਾ ਹੀ ਮਨੁੱਖ ਲਈ ਬੰਧਨ ਬਣ ਜਾਂਦਾ ਹੈ। ਗੁਰੂ ਤੇਗ ਬਹਾਦਰ ਦੀ ਬਾਣੀ ਵਿਚਲਾ ਮਨੁੱਖ ਆਤਮਬਲ ਦੀ ਅਣਹੋਂਦ ਕਾਰਨ ਹੀ ਸੰਕਟ ਵਿਚ ਗ੍ਰਸਿਆ ਹੋਇਆ ਹੈ। ਗੁਰੂ ਤੇਗ ਬਹਾਦਰ ਨੇ ਬਾਰ ਬਾਰ ਇਸ ਜਗਤ ਨੂੰ ਸੁਪਨਾ ਜਾਂ [illegible]ਇਆ ਤੇ ਸਰੀਰ ਨੂੰ ਵਿਨਸ਼ਵਰ ਕਹਿ ਕੇ ਮਨੁੱਖ ਨੂੰ ਮੌਤ ਚੇਤੇ ਕਰਵਾਈ ਹੈ। ਮੌਤ ਦੇ ਭਿਆਨਕ ਚਿੱਤਰ ਵੀ ਉਲੀਕੇ ਹਨ।

ਮਨ ਕਹਾ ਬਿਸਾਰਿਓ ਰਾਮ ਨਾਮੁ
ਤਨੁ ਬਿਨਸੈ ਜਮ ਸਿਉ ਪਰੈ ਕਾਮੁ।[81]

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ
ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ।[82]

ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ
ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ।[83]

ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ
ਕਾਲ ਫਾਸ ਜਬ ਗਲਿ ਪਰੀ ਸਭ ਭਇਓ ਪਰਾਇਓ।[84]

ਸੀਮਿਤ ਚੋਣ ਦੀ ਚਿੰਤਾ ਮਨੁੱਖ ਨੂੰ ਸੰਕਟਗ੍ਰਸਤ ਕਰਦੀ ਹੈ। ਪਰ ਗੁਰੂ ਤੇਗ਼ ਬਹਾਦਰ ਦਾ ਮਕਸਦ ਮੌਤ ਦੇ ਭਿਆਨਕ ਚਿੱਤਰ ਉਲੀਕ ਕੇ ਮਨੁੱਖ ਨੂੰ ਚੋਣ ਪ੍ਰਤਿ ਡਰਾਉਣਾ ਨਹੀਂ ਸਗੋਂ ਮਨੁੱਖ ਨੂੰ ਸਹੀ ਜੀਵਨ ਦਿਸ਼ਾ ਵੱਲ ਪ੍ਰੇਰਿਤ ਕਰਨਾ ਹੈ। ਤਾਂ ਜੋ ਮਨੁੱਖ ਸਥਿਰਤਾ ਤੇ ਪਰਿਵਰਤਨਸ਼ੀਲਤਾ ਵਿਚਕਾਰ ਨਿਖੇੜਾ ਕਰ ਸਕੇ, ਨਿਰਪੇਖ ਸੱਚ ਦਾ ਅਹਿਸਾਸ ਕਰ ਸਕੇ। ਇਸੇ ਲਈ ਬਾਣੀ ਵਿਚ ਅਜਿਹੇ ਮਨੁੱਖ ਦਾ ਚਿਤਰਣ ਵੀ ਪੇਸ਼ ਹੋਇਆ ਹੈ ਜੋ ਇਸ ਸੰਕਟ ਤੋਂ ਸੁਚੇਤ ਨਜ਼ਰ ਆਉਂਦਾ ਹੈ। ਕਦੀ ਉਹ ਇਸ ਗੱਲੋਂ ਪ੍ਰੇਸ਼ਾਨ ਹੈ ਕਿ ਉਸਦੇ ਵਿਸ਼ੇ ਵਿਕਾਰਾਂ ਵਿਚ ਖੁੱਭੇ ਮਨ ਨੂੰ ਬਾਹਰ ਨਿਕਲਣ ਦਾ ਰਸਤਾ ਨਹੀਂ ਲੱਭ ਰਿਹਾ ਅਤੇ ਕਦੀ ਮੌਤ ਭਿੰਨ ਭਿੰਨ ਰੂਪ ਵਟਾ ਕੇ ਉਸ ਨੂੰ ਡਰਾਉਂਦੀ ਹੈ ਤੇ ਉਹ ਇਸ ਡਰ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ। ਪਰ ਜਮਾਂ ਦੇ ਫੰਧੇ ਤੋਂ ਬਚ ਕੇ ਕਿਧਰੇ ਜਾ ਨਹੀਂ ਸਕਦਾ।[85] ਸਾਰੀ ਬਾਣੀ ਵਿਚ ਜੋ ਤਣਾਓ ਦੀ ਭਾਵਨਾ ਨਜ਼ਰ ਆਉਂਦੀ ਹੈ ਉਸਦਾ ਸੋਮਾ ਇਹੀਓ ਸੰਕਟ ਸਥਿਤੀ ਹੀ ਹੈ। ਡਾ. ਅਤਰ ਸਿੰਘ ਅਨੁਸਾਰ, "ਮਨੁੱਖੀ ਸਥਿਤੀ ਵਿਚ ਸੰਕਟ ਦੀ ਨਿਸ਼ਾਨੀ ਹੀ ਇਹ ਹੁੰਦੀ ਹੈ ਕਿ ਇਸ ਵਿਚ ਦੋ ਹੱਦਾਂ ਵਿਚੋਂ ਇਕ ਦੀ ਸਿੱਧੀ ਚੋਣ ਦੀ ਅਨਿਵਾਰਤਾ ਦੀ ਹੀ ਗੁੰਜਾਇਸ਼ ਰਹਿ ਜਾਂਦੀ ਹੈ। ... ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਇਹ ਚੋਣ ਬੰਧਨ ਤੇ ਮੁਕਤੀ ਵਿਚਾਲੇ ਹੈ। ਬੰਧਨਯੁਕਤ ਜੀਵਨ ਪਸ਼ੂ ਜੀਵਨ ਹੈ, ਜਦੋਂ ਕਿ ਬੰਧਨ ਮੁਕਤ ਜੀਵਨ ਦਿਬਤਾ ਦੀ ਪ੍ਰਾਪਤੀ ਹੈ।"[86]

ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ
ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ।[87]

ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ
ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ।[88]

ਲੋਭ ਗ੍ਰਸਿਓ ਦਸਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ
ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ।[89]

ਗੁਰੂ ਤੇਗ਼ ਬਹਾਦਰ ਨੇ ਅਜਿਹੇ ਮਨੁੱਖਾਂ ਨੂੰ ਜੋ ਲੋਭ ਮਾਇਆ, ਸਵਾਰਥਪੂਰਤੀ ਤੇ ਨੀਚੀਆਂ ਕਾਮਨਾਵਾਂ ਵਿਚ ਫਸੇ ਹੋਏ ਹਨ, ਸੁਆਨ, ਸੂਕਰ ਤੇ ਪਸ਼ੂ ਦੇ ਰੂਪ ਵਿਚ ਚਿਤਰਿਆ ਹੈ। ਜੋ ਕੇਵਲ ਨਿੱਜੀ ਹਿੱਤਾਂ ਲਈ ਦਰ ਦਰ ਦੀ ਚਾਪਲੂਸੀ ਕਰਦੇ ਫਿਰਦੇ ਹਨ। ਅਜਿਹੇ ਮਨੁੱਖਾਂ ਲਈ ਕੋਈ ਮੁਕਤਿ ਨਹੀਂ ਹੁੰਦਾ ਕਿਉਂਕਿ ਇਹ ਮਾਨਵਤਾ ਪ੍ਰਤੀ ਸੁਚੇਤ ਨਹੀਂ ਹੁੰਦੇ। ਮੁਕਤਿ ਤਾਂ ਕੇਵਲ ਉਨ੍ਹਾਂ ਮਨੁੱਖਾਂ ਲਈ ਹੁੰਦਾ ਹੈ ਜੋ ਪਰ ਹਿੱਤਾਂ ਲਈ, ਨਿੱਜੀ ਹਿੱਤਾਂ ਨੂੰ ਕੁਰਬਾਨ ਕਰ ਦਿੰਦੇ ਹਨ। ਜੋ ਨਾ ਕਿਸੇ ਦੀ ਗੁਲਾਮੀ ਕਰਦੇ ਹਨ ਤੇ ਨਾ ਕਿਸੇ ਨੂੰ ਡਰਾਉਂਦੇ ਹਨ। ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਅਜਿਹੇ ਬੰਧਨਮੁਕਤ ਜੀਵਨ ਦੇ ਚਰਿੱਤਰ ਵੀ ਮੌਜੂਦ ਹਨ ਜੋ ਲੋਭ ਮਾਇਆ ਤੇ ਡਰਾਂ ਤੋਂ ਨਿਰਲਿਪਤ ਪਰਮਗਿਆਨੀ ਅਵਸਥਾ ਵਿਚ ਪੁੱਜ ਚੁੱਕੇ ਹਨ। ਅਜਿਹੇ ਜੀਵਾਂ ਨੂੰ ਗਿਆਨੀ, ਮੁਕਤਜਨ ਤੇ ਭਗਵਾਨ ਦੀ ਮੂਰਤ ਕਿਹਾ ਗਿਆ ਹੈ।

ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ
ਕਹੁ ਨਾਨਕ ਸੁਨੁ ਰੇ ਮਨਾ ਤਿਹਿ ਘਟਿ ਬ੍ਰਹਮ ਨਿਵਾਸੁ।[90]

ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ।[91]

ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚਲਾ ਪਤਿਤ ਮਨੁੱਖ ਕੇਵਲ ਆਪਣੀਆਂ ਅੰਦਰੂਨੀ ਕਾਮਨਾਵਾਂ ਤੇ ਭਟਕਣਾਂ ਕਰਕੇ ਅੰਦਰੋਂ ਹੀ ਨਹੀਂ ਟੁੱਟਿਆ ਹੋਇਆ ਸਗੋਂ ਉਹ ਮੌਤ ਦੇ ਭੈ, ਇਕੱਲਤਾ ਦੇ ਸੰਤਾਪ ਤੇ ਦੁਨਿਆਵੀ ਵਿਛੋੜੇ ਦੀ ਭਾਵਨਾ ਨਾਲ ਵੀ ਗ੍ਰਸਿਆ ਹੋਇਆ ਹੈ।

ਜਗਤ ਮੈ ਝੂਠੀ ਦੇਖੀ ਪ੍ਰੀਤਿ
ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ
ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ
ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤ।[92]

ਹਰਿ ਜੂ ਰਾਖਿ ਲੇਹੁ ਪਤਿ ਮੇਰੀ
ਜਮ ਕੋ ਤ੍ਰਾਸ ਭਇਓ ਉਰ ਅੰਤਰਿ ਸਰਨਿ ਗਹੀ ਕਿਰਪਾ ਨਿਧਿ ਤੇਰੀ।[93]

ਦਰਅਸਲ ਮਨੁੱਖ ਆਪਣੀਆਂ ਨਿੱਜੀ ਆਸ਼ਾਵਾਂ ਦੇ ਸੀਮਿਤ ਜਗਤ ਵਿਚੋਂ ਨਿਕਲਣ ਦੀ ਕੋਸ਼ਿਸ਼ ਨਹੀਂ ਕਰਦਾ ਇਸ ਲਈ ਵਿਭਾਜਨ ਤੇ ਵਿਘਟਨ ਦੀ ਪ੍ਰਕ੍ਰਿਆ ਵਿਚ ਗ੍ਰਸਿਆ ਰਹਿੰਦਾ ਹੈ। ਇਸੇ ਲਈ ਬਹੁਤੀ ਵਾਰੀ ਮਨੁੱਖ ਭੈਭੀਤ ਨਜ਼ਰ ਆਉਂਦਾ ਹੈ। ਉਸਨੂੰ ਆਪਣੀ ਦਸ਼ਾ ਬੜੀ ਨਿਰਾਸ਼ੀ ਜਿਹੀ ਜਾਪਦੀ ਹੈ। ਮੌਤ ਦਾ ਸਹਿਮ ਹਰ ਵੇਲੇ ਉਸ ਦੇ ਮਨ ਤੇ ਛਾਇਆ ਰਹਿੰਦਾ ਹੈ। ਪਰ ਮਨੁੱਖ ਦੀ ਇਹ ਨਿਰਾਸ਼ਾਮਈ ਅਵਸਥਾ ਹਮੇਸ਼ਾ ਲਈ ਨਹੀਂ ਰਹਿੰਦੀ। ਪ੍ਰੋ. ਕਿਸ਼ਨਸਿੰਘ ਜਿਆਣੀ ਅਨੁਸਾਰ ਬਾਣੀ ਵਿਚ ਅਜਿਹੇ ਮਾਨਵ ਦਾ ਚਰਿੱਤਰ ਵੀ ਪੇਸ਼ ਹੋਇਆ ਹੈ ਜੋ ਇਸ ਸੰਕਟ ਤੋਂ ਚੇਤੰਨ ਹੈ ਤੇ ਇਸ ਅਵਸਥਾ ਨੂੰ ਬਦਲ ਸਕਣ ਦੇ ਯੋਗ ਵੀ ਸਮਰੱਥ ਹੋਇਆ ਹੈ। ਜਿਸ ਨੂੰ ਗੁਰੂ ਤੇਗ਼ ਬਹਾਦਰ ਨੇ ਪਾਰਬ੍ਰਹਮ ਜਾਂ ਗਿਆਨੀ ਪੁਰਖ ਕਿਹਾ ਹੈ ਜੋ ਸਾਰੇ ਬੰਧਨਾਂ, ਮੋਹ ਮਾਇਆ, ਹਉਮੈ ਤੇ ਮੌਤ ਦੇ ਭੈ ਤੋਂ ਉਪਰ ਉਠਕੇ ਪਾਰਗਾਮੀ ਅਵਸਥਾ ਵਿਚ ਪਹੁੰਚ ਗਿਆ ਹੈ।[94] ਮਨੁੱਖ ਨੂੰ ਇਕ ਨਵੀਂ ਸ਼ਕਤੀ ਮਿਲ ਜਾਂਦੀ ਪ੍ਰਤੀਤ ਹੁੰਦੀ ਹੈ। ਉਸਨੂੰ ਇਹ ਜੀਵਨ ਅਮੁੱਲਾ ਜਾਪਦਾ ਹੈ। ਉਹ ਆਸ ਨਿਰਾਸਤਾ ਦੀ ਤਾਣੀ ਵਿਚ ਨਹੀਂ ਉਲਝਦਾ। ਇਹ ਮੁਕਤੀ ਹਰੀ ਸਿਮਰਨ ਦੀ ਮੁਕਤੀ ਹੈ।

ਮਨ ਰੇ ਪ੍ਰਭ ਕੀ ਸਰਨਿ ਬਿਚਾਰੋ
ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰਧਾਰੋ

ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ
ਦੁਖ ਹਰਤਾ ਇਹਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ
ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ
ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ
ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ
ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ।[95]

ਡਾ. ਤਾਰਨ ਸਿੰਘ ਅਨੁਸਾਰ, "ਗੁਰੂ ਸਾਹਿਬ ਨੇ ਉਸ ਪਰਮਾਤਮਾ ਦਾ ਵਿਰਚਨ ਕੀਤਾ ਹੈ ਜੋ ਹਰੀ, ਗੋਬਿੰਦ, ਨਰਾਇਣ, ਨਿਰੰਜਨ ਤੇ ਨਰਸਿੰਘੀ ਬਲ ਵਾਲਾ ਹੈ ਜੋ ਬਲਵਾਨ ਆਤਮਾਵਾਂ ਤੇ ਭਗਤਾਂ ਦੀ ਹਰ ਸੰਕਟਾਂ ਵਚ ਸਹਾਇਤਾ ਕਰਦਾ ਹੈ। ਆਜ਼ਾਦੀ, ਮੁਕਤੀ, ਗਿਆਨ, ਬਲ, ਆਪ ਦੇ ਪ੍ਰਿਯ ਸੰਕਲਪ ਹਨ। ਆਪ ਦੀ ਸੋਚਣੀ ਇਹ ਹੈ: ਜਾਤੀ ਤੇ ਕੌਮੀ ਜੀਵਨ ਸੰਕਟ ਵਿਚ ਹੈ, ਮਾਇਆ ਦੇ ਕੁਟੰਬ ਦੀ ਪਕੜ ਕੌਮੀ ਸੰਕਟ ਨੂੰ ਦੂਰ ਕਰਨ ਲਈ ਤਨ, ਮਨ, ਧਨ ਦੀ ਬਾਜ਼ੀ ਲਾਉਣ ਵਿਚ ਬਾਧਕ ਹੈ। ਪਰ ਮੁਰਦਾ, ਬੇਗੈਰਤ ਜੀਵਨ ਮੌਤ ਤੋਂ ਮਾੜਾ ਹੈ ...। ਸਿਮਰਨ ਦੇ ਬਲ ਨਾਲ ਮੌਤ ਨੂੰ ਵਰਨ ਦੀ ਹਿੰਮਤ ਪੈਦਾ ਹੁੰਦੀ ਹੈ।"[96]

ਇਸ ਮੁਕਤੀ ਦੇ ਸਹਾਰੇ ਮਨੁੱਖ ਨਿਰਭੈ ਹੋ ਜਾਂਦਾ ਹੈ। ਜੋ ਨਾ ਕਿਸੇ ਨੂੰ ਭੈ ਦਿੰਦਾ ਤੇ ਨਾ ਕਿਸੇ ਦਾ ਭੈ ਮੰਨਦਾ ਹੈ। ਗੁਰੂ ਤੇਗ ਬਹਾਦਰ ਦੀ ਬਾਣੀ ਦਾ ਮੰਤਵ ਮਨੁੱਖ ਨੂੰ ਬਲ ਪ੍ਰਦਾਨ ਕਰਨਾ ਹੈ। ਮਨੁੱਖ ਦੇ ਬੰਧਨ ਤੋੜ ਕੇ ਉਸ ਨੂੰ ਮੁਕਤ ਕਰਨਾ ਹੈ। ਇਸੇ ਲਈ ਸਾਰੀ ਬਾਣੀ ਵਿਚ ਮਾਇਆ ਦੀ ਤੁੱਛਤਾ ਦਰਸਾਈ ਗਈ ਹੈ। ਗੁਰੂ ਸਾਹਿਬ ਨੇ 'ਨਾਮ ਰਹਿਓ ਸਾਧੂ ਰਹਿਓ ਰਹਿਓ ਗੁਰ ਗੋਬਿੰਦ' ਦਾ ਉਪਦੇਸ਼ ਦੇ ਕੇ ਮਨੁੱਖ ਨੂੰ ਇਕ ਅਜਿਹੀ ਆਦਰਸ਼ ਜੀਵਨ ਜਾਚ ਦਰਸਾਈ ਜਿਥੇ ਉਹ ਬੰਧਨ ਰੂਪੀ ਜੰਜੀਰਾਂ ਨੂੰ ਤੋੜ ਕੇ ਮੁਕਤ ਪੰਥ ਦਾ ਪਾਂਧੀ ਬਣਦਾ ਹੈ। ਕਿਉਂਕਿ ਜਿਸ ਬਾਣੀ ਵਿਚ ਮਨੁੱਖ ਬੰਧਨ ਵਿਚ ਘਿਰਿਆ ਨਜ਼ਰ ਆਉਂਦਾ ਹੈ, ਜਿਸਦੇ ਬਚਾਅ ਦੀ ਕੋਈ ਆਸ ਨਜ਼ਰ ਨਹੀਂ ਆਉਂਦੀ, ਉਸੇ ਬਾਣੀ ਵਿਚੋਂ ਹੀ ਮਨੁੱਖ ਸਾਰੇ ਬੰਧਨਾਂ ਤੋਂ ਆਜ਼ਾਦ ਸੰਕਟਮੁਕਤ ਅਵਸਥਾ ਵਿਚ ਵੀ ਵਿਚਰਦਾ ਹੈ। ਹਰ ਪਦੇ ਦੇ ਅਰੰਭ ਵਿਚ ਮਨੁੱਖ ਬੇਬਸ ਤੇ ਸੰਕਟਗ੍ਰਸਤ ਹੈ। ਹਰ ਪਦੇ ਦੇ ਅੰਤ ਵਿਚ ਭੈਨਾਸ਼ਕ ਨਾਮ ਦਾ ਸੰਕੇਤ ਹੈ। ਮਨੁੱਖ ਦੀ ਬੇਬਸੀ ਤੇ ਨਿਤਾਣੇ ਹੋਣ ਦਾ ਅਹਿਸਾਸ ਦਰਅਸਲ ਉਸਦੇ ਅੰਦਰੂਨੀ ਆਪੇ ਦੇ ਜਾਗ੍ਰਿਤ ਹੋਣ ਦਾ ਪ੍ਰਤੀਕ ਹੈ। ਇਸ ਸੰਕਟ ਤੋਂ ਮੁਕਤ ਹੋਣ ਲਈ ਉਹ ਕਿਸੇ ਸਹਾਰੇ ਦੀ ਭਾਲ ਵਿਚ ਹੈ ਤੇ ਇਹ ਸਹਾਰਾ ਹਰੀ ਨਾਮ ਦਾ ਸਿਮਰਨ ਹੈ

ਹੈ ਨਾਨਕ ਕੁਰਮਤਿ ਚਰਨ ਕਹਿ ਮੈ ਹਰਿ ਕੋ ਨਾਮੁ
ਜਿਸਿ ਬਿਨੁ ਜੋ ਨਾਨਕ ਭਜੈ ਸਫਲ ਹੋਇ ਤਿਹ ਕਾਮ।[97]

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ
ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ।[98]

ਬਾਣੀ ਪੜ੍ਹਨ ਤੋਂ ਬਾਅਦ ਮਨੁੱਖ ਸਮਝ ਜਾਂਦਾ ਹੈ ਕਿ ਜਿਸ ਤਨ, ਧਨ ਨਾਲ ਉਹ ਇੰਨਾ ਮੋਹ ਕਰਦਾ ਹੈ, ਜਿਨ੍ਹਾਂ ਸਕੇ ਸੰਬੰਧੀਆਂ ਤੇ ਦੋਸਤਾਂ ਮਿੱਤਰਾਂ ਤੇ ਉਹ ਫ਼ਖ਼ਰ ਕਰਦਾ ਹੈ, ਉਹ ਇੰਨੇ ਬੇਵਫ਼ਾ ਹਨ। ਪਰ ਇਹ ਬਾਣੀ ਮਨੁੱਖ ਨੂੰ ਇਨ੍ਹਾਂ ਰਿਸ਼ਤਿਆਂ ਦੀ ਅਸਲੀਅਤ ਤੋਂ ਸੁਚੇਤ ਕਰਾ ਦਿੰਦੀ ਹੈ। ਇਸ ਲਈ ਜੇ ਮਨੁੱਖ ਸੰਕਟਗ੍ਰਸਤ ਨਜ਼ਰ ਆਉਂਦਾ ਹੈ ਤਾਂ ਅਗਿਆਨਤਾ ਦੇ ਹਨੇਰੇ ਵਿਚ ਗੁੰਮ ਨਹੀਂ ਬਲਕਿ ਚੇਤਨ ਤੌਰ ਤੇ ਇਸ ਦੁਨਿਆਵੀ ਕਪਟ ਤੋਂ ਜਾਣੂੰ ਹੋ ਗਿਆ ਹੈ। ਦੂਸਰੀ ਗੱਲ ਇਹ ਕਿ ਮੌਤ, ਸੰਸਾਰਕ ਨਾਸ਼ਮਾਨਤਾ, ਦੁਨਿਆਵੀ ਵਿਯੋਗ ਨੂੰ ਇੰਨੀ ਬਾਰੀਕੀ ਨਾਲ ਚਿਤਰਿਆ ਹੈ ਕਿ ਮਨੁੱਖ ਉਸ ਅਸਲੀਅਤ ਨਾਲ ਆਪਣੀ ਸਾਂਝ ਪਾ ਲੈਂਦਾ ਹੈ। ਮੌਤ ਤੋਂ ਉਹ ਬੇਪ੍ਰਵਾਹ ਹੋ ਜਾਂਦਾ ਹੈ ਤੇ ਨਿਰਭੈਤਾ ਦਾ ਪੁਜਾਰੀ ਬਣ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਅੰਦਰ ਇਕ ਮਹਾਨ ਬਲ ਪੈਦਾ ਹੋ ਜਾਂਦਾ ਹੈ। ਡਾ. ਤਾਰਨ ਸਿੰਘ ਅਨੁਸਾਰ, "ਇਹ ਬਲ ਪਸ਼ੂ ਬਲ ਨਹੀਂ ਹੈ, ਗਿਆਨੀ ਦਾ ਬਲ ਹੈ। ਇਸ ਬਲ ਦਾ ਆਧਾਰ ਸਾਰੀ ਗੁਰੂ ਤੇਗ਼ ਬਹਾਦਰ ਦੀ ਬਾਣੀ ਪੈਦਾ ਕਰਦੀ ਹੈ। ਇਸ ਬਲ ਦਾ ਆਧਾਰ ਗਿਆਨ, ਗਿਆਨ-ਬਿਰਤੀ, ਗਿਆਨੇ ਦੀ ਸੋਝੀ, ਕਰਤੱਵ ਦੀ ਸਪਸ਼ਟਤਾ, ਗੁਰੂ ਦੀ ਮਿਲੀ ਮੁਆਫ਼ੀ ਇਤਿਹਾਸ ਦੀ ਸਾਖ, ਅਟੱਲ ਪਦ ਦੀ ਚੀਝ, ਅਗਿਆਨਤਾ ਤੋਂ ਜਾਗ੍ਰਤੀ, ਮੌਤ ਤੋਂ ਨਿਰਭੈਤਾ ਵਿਚੋਂ ਉਪਜਿਆ ਹੈ। ਇਹ ਸਭ ਗਿਆਨ ਦੇ ਪੱਖ ਹਨ।"[99] ਗੁਰੂ ਤੇਗ਼ ਬਹਾਦਰ ਦੀ ਬਾਣੀ ਦਾ ਮੁਖ ਉਦੇਸ਼ ਹੀ ਮਨੁੱਖ ਨੂੰ ਇੰਨੀ ਆਸ਼ਾਵਾਂ ਦੇ ਘੀਢਤ ਜਗਤ ਵਿਚੋਂ ਬਾਹਰ ਕੱਢਣਾ ਹੈ ਤਾਂ ਜੋ ਮਨੁੱਖ ਆਤਮਿਕ ਤੌਰ ਤੇ ਬਲਵਾਨ ਹੋ ਕੇ ਉਚੇ ਨੈਤਿਕ ਆਦਰਸ਼ਾਂ ਨੂੰ ਪ੍ਰਾਪਤ ਕਰ ਸਕੇ। ਕਿਉਂਕਿ ਤਾਂ ਹੀ ਮਨੁੱਖ ਆਪਣੀ ਮਾਨਵਤਾ ਨੂੰ ਦੁਬਾਰਾ ਪ੍ਰਾਪਤ ਕਰ ਸਕਦਾ ਹੈ। ਜਿਹੜੀ ਮਾਨਵਤਾ ਕਾਮ, ਕ੍ਰੋਧ, ਲੋਭ ਤੇ ਹੰਕਾਰ ਦੀਆਂ ਬਿਰਤੀਆਂ ਕਾਰਨ ਉਸ ਕੋਲੋਂ ਖੁੱਸ ਗਈ ਸੀ ਜਾਂ ਅਗਿਆਨਤਾ ਵੱਸ ਜਿਸ ਮਾਨਵਤਾ ਦਾ ਉਸਨੇ ਖੁਦ ਹੀ ਤਿਆਗ ਕਰ ਦਿੱਤਾ ਸੀ।[100]

## ਹਵਾਲੇ ਅਤੇ ਟਿੱਪਣੀਆਂ


1. ਡਾ. ਅਤਰ ਸਿੰਘ, "ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਵਸਤੂ ਪੜਤਾਲ", <u>ਗੁਰੂ ਤੇਗ ਬਹਾਦਰ ਜੀਵਨ ਸਮਾਂ ਅਤੇ ਰਚਨਾ</u> (ਸੰਪਾ. ਡਾ. ਸੁਰਿੰਦਰ ਸਿੰਘ ਕੋਹਲੀ), ਪੰਨਾ 197
2. ਸਲੋਕ ਮਹਲਾ 9, <u>ਆਦਿ ਗ੍ਰੰਥ</u>, ਪੰਨਾ 1429
3. ਉਹੀ
4. ਉਹੀ, ਪੰਨਾ 1428
5. ਡਾ. ਅਤਰ ਸਿੰਘ, ਉਹੀ ਰਚਨਾ, ਪੰਨਾ 195
6. ਗਉੜੀ ਮਹਲਾ 9, <u>ਆਦਿ ਗ੍ਰੰਥ</u>, ਪੰਨਾ 219
7. ਉਹੀ
8. ਸੋਰਠਿ ਮਹਲਾ 9, <u>ਆਦਿ ਗ੍ਰੰਥ</u>, ਪੰਨਾ 633
9. ਉਹੀ, ਪੰਨਾ 633-34
10. ਗਉੜੀ ਮਹਲਾ 9, <u>ਆਦਿ ਗ੍ਰੰਥ</u>, ਪੰਨਾ 220
11. ਡਾ. ਅਤਰ ਸਿੰਘ, ਉਹੀ ਰਚਨਾ, ਪੰਨਾ 197
12. ਸੋਰਠਿ ਮਹਲਾ 9, <u>ਆਦਿ ਗ੍ਰੰਥ</u>, ਪੰਨਾ 632-33
13. ਜੈਤਸਰੀ ਮਹਲਾ 9, <u>ਆਦਿ ਗ੍ਰੰਥ</u>, ਪੰਨਾ 702
14. ਬਸੰਤੁ ਮਹਲਾ 9, <u>ਆਦਿ ਗ੍ਰੰਥ</u>, ਪੰਨਾ 1186
15. ਸੋਰਠਿ ਮਹਲਾ 9, <u>ਆਦਿ ਗ੍ਰੰਥ</u>, ਪੰਨਾ 632
16. ਡਾ. ਰਮੇਸ਼ ਕੁੰਤਲ ਮੇਘ, "ਗੁਰੂ ਤੇਗ਼ ਬਹਾਦਰ ਦੇ ਦਰਸ਼ਨ ਦੀ ਸਮਾਜਿਕ ਸਾਰਥਕਤਾ", <u>ਗੁਰੂ ਤੇਗ਼ ਬਹਾਦਰ ਚਿੰਤਨ ਕਲਾ ਤੇ ਬਾਣੀ</u> (ਸੰਪਾ. ਰੋਸ਼ਨ ਸਿੰਘ), ਪੰਨਾ 52-53
17. ਸੋਰਠਿ ਮਹਲਾ 9, <u>ਆਦਿ ਗ੍ਰੰਥ</u>, ਪੰਨਾ 632

18. ਗਉੜੀ ਮਹਲਾ 9, ਆਦਿ ਗ੍ਰੰਥ, ਪੰਨਾ 219

19. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 633

20. ਜੈਜਾਵੰਤੀ ਮਹਲਾ 9, ਆਦਿ ਗ੍ਰੰਥ, ਪੰਨਾ 1352

21. ਉਹੀ, ਪੰਨਾ 1352-53

22. ਦੇਵਗੰਧਾਰੀ ਮਹਲਾ 9, ਆਦਿ ਗ੍ਰੰਥ, ਪੰਨਾ 536

23. ਆਸਾ ਮਹਲਾ 9, ਆਦਿ ਗ੍ਰੰਥ, ਪੰਨਾ 411

24. ਪ੍ਰੋ: ਤਿਲਕਰਾਜ ਤਿਵਾੜੀ, "ਗੁਰੂ ਤੇਗ ਬਹਾਦਰ ਕੀ ਬਾਣੀ ਮੇਂ ਜਗਤ ਔਰ ਆਤਮਾ ਕੇ ਤਤਵ", ਗੁਰੂ ਤੇਗ ਬਹਾਦਰ ਜੀਵਨ ਦਰਸ਼ਨ ਔਰ ਵਿਵੇਕ (ਸੰਪਾ. ਪ੍ਰੋ. ਪ੍ਰਕਾਸ਼ ਸਿੰਘ), ਪੰਨਾ 123

25. ਆਸਾ ਮਹਲਾ 9, ਆਦਿ ਗ੍ਰੰਥ, ਪੰਨਾ 411

26. ਗਉੜੀ ਮਹਲਾ 9, ਆਦਿ ਗ੍ਰੰਥ, ਪੰਨਾ 219

27. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 632

28. ਰਾਮਕਲੀ ਮਹਲਾ 9, ਆਦਿ ਗ੍ਰੰਥ, ਪੰਨਾ 902

29. ਧਨਾਸਰੀ ਮਹਲਾ 9, ਆਦਿ ਗ੍ਰੰਥ, ਪੰਨਾ 685

30. ਡਾ. ਰਮੇਸ਼ ਕੁੰਤਲ ਮੇਘ, ਉਹੀ ਰਚਨਾ, ਪੰਨਾ 53-54

31. ਰਾਮਕਲੀ ਮਹਲਾ 9, ਆਦਿ ਗ੍ਰੰਥ, ਪੰਨਾ 902

32. ਧਨਾਸਰੀ ਮਹਲਾ 9, ਆਦਿ ਗ੍ਰੰਥ, ਪੰਨਾ 684

33. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 632

34. ਜੈਤਸਰੀ ਮਹਲਾ 9, ਆਦਿ ਗ੍ਰੰਥ, ਪੰਨਾ 703

35. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 632

36. ਤਿਲੰਗ ਮਹਲਾ 9, ਆਦਿ ਗ੍ਰੰਥ, ਪੰਨਾ 727

37. ਬਸੰਤ ਮਹਲਾ 9, ਆਦਿ ਗ੍ਰੰਥ, ਪੰਨਾ 1186

38. ਅਤਰ ਸਿੰਘ, "ਗੁਰੂ ਤੇਗ਼ ਬਹਾਦਰ ਦਾ ਅਨੁਭਉਤੀਰਣ ਕਾਵਯ-ਵਿਸ਼ਲੇਸ਼ਣ",
ਨਵਮ ਗੁਰੂ ਪਰ ਸਾਹਿਤ ਨਿਬੰਧ (ਸੰਪਾ. ਰਮੇਸ਼ ਕੁੰਤਲ ਮੇਘ), ਪੰਨਾ 40

39. ਧਨਾਸਰੀ ਮਹਲਾ 9, ਆਦਿ ਗ੍ਰੰਥ, ਪੰਨਾ 685

40. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1426

41. ਉਹੀ, ਪੰਨਾ 1427

42. ਤਿਲੰਗ ਮਹਲਾ 9, ਆਦਿ ਗ੍ਰੰਥ, ਪੰਨਾ 727

43. ਬਿਲਾਵਲੁ ਮਹਲਾ 9, ਆਦਿ ਗ੍ਰੰਥ, ਪੰਨਾ 830

44. ਉਹੀ, ਪੰਨਾ 831

45. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1428

46. ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥
ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1429

47. ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥
ਉਹੀ, ਪੰਨਾ 1428

48. ਦੇਵਗੰਧਾਰੀ ਮਹਲਾ 9, ਆਦਿ ਗ੍ਰੰਥ, ਪੰਨਾ 536

49. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 634

50. ਦੇਵਗੰਧਾਰੀ ਮਹਲਾ 9, ਆਦਿ ਗ੍ਰੰਥ, ਪੰਨਾ 536

51. ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ।
ਤਿਲੰਗ ਮਹਲਾ 9, ਆਦਿ ਗ੍ਰੰਥ, ਪੰਨਾ 726

52. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 633

53. ਬਸੰਤੁ ਮਹਲਾ 9, ਆਦਿ ਗ੍ਰੰਥ, ਪੰਨਾ 1187

54. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1428

55. ਬਸੰਤੁ ਮਹਲਾ 9, ਆਦਿ ਗ੍ਰੰਥ, ਪੰਨਾ 1186

56. ਉਹੀ

57. ਸਾਰੰਗ ਮਹਲਾ 9, ਆਦਿ ਗ੍ਰੰਥ, ਪੰਨਾ 1231

58. ਮਾਰੂ ਮਹਲਾ 9, ਆਦਿ ਗ੍ਰੰਥ, ਪੰਨਾ 1008

59. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1428

60. ਅਤਰ ਸਿੰਘ, "ਗੁਰੂ ਤੇਗ਼ ਬਹਾਦਰ ਦਾ [illegible]" , ਨਵਮ ਗੁਰੂ ਪਰ ਪਾਵਨ ਨਿਬੰਧ (ਸੰਪਾ. ਰਮੇਸ਼ ਕੁੰਤਲ ਮੇਘ), ਪੰਨਾ 41

61. ਦੇਵਗੰਧਾਰੀ ਮਹਲਾ 9, ਆਦਿ ਗ੍ਰੰਥ, ਪੰਨਾ 536

62. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 633

63. Dr. Trilochan Singh, Hymns of Guru Tegh Bahadur - Songs of Nirvana, p. 7

64. ਜੈਤਸਰੀ ਮਹਲਾ 9, ਆਦਿ ਗ੍ਰੰਥ, ਪੰਨਾ 702

65. Dr. Trilochan Singh, op.cit., p. 20

66. Fauja Singh, Gurbachan Singh Talib, "Vision, Achievement and impact", Guru Tegh Bahadur, Martyr and Teacher, p. p. 106

67. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 633

68. ਉਹੀ, ਪੰਨਾ 634

69. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1427

70. ਜੈਤਸਰੀ ਮਹਲਾ 9, ਆਦਿ ਗ੍ਰੰਥ, ਪੰਨਾ 702

71. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 632

72. ਸਾਰੰਗ ਮਹਲਾ 9, ਆਦਿ ਗ੍ਰੰਥ, ਪੰਨਾ 1231

73. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1429

74. ਉਹੀ

75. ਉਹੀ, ਪੰਨਾ 1426

76. ਜੈਤਸਰੀ ਮਹਲਾ 9, ਆਦਿ ਗ੍ਰੰਥ, ਪੰਨਾ 703

77. ਮਾਰੂ ਮਹਲਾ 9, ਆਦਿ ਗ੍ਰੰਥ, ਪੰਨਾ 1008

78. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 633

79. ਉਹੀ, ਪੰਨਾ 631

80. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1428

81. ਬਸੰਤ ਮਹਲਾ 9, ਆਦਿ ਗ੍ਰੰਥ, ਪੰਨਾ 1186

82. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1428

83. ਉਹੀ, ਪੰਨਾ 1427

84. ਤਿਲੰਗ ਮਹਲਾ 9, ਆਦਿ ਗ੍ਰੰਥ, ਪੰਨਾ 727

85. ਮਾਈ ਮੈ ਕਿਹਿ ਬਿਧਿ ਲਖਉ ਗੁਸਾਈ
ਮਹਾ ਮੋਹ ਅਗਿਆਨਿ ਤਿਮਰਿ ਮੋ ਮਨੁ ਰਹਿਓ ਉਰਝਾਈ॥
ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 632

ਅਬ ਮੈ ਕਉਨੁ ਉਪਾਉ ਕਰਉ
ਜਿਹ ਬਿਧਿ ਮਨ ਕੋ ਸੰਸਾ ਚੂਕੈ ਭਉਨਿਧਿ ਪਾਰਿ ਪਰਉ।
ਧਨਾਸਰੀ ਮਹਲਾ 9, ਆਦਿ ਗ੍ਰੰਥ, ਪੰਨਾ 685

86. ਡਾ. ਖੜਕ ਸਿੰਘ, "ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਵਸਤੂ ਪਰਤਣ",
ਗੁਰੂ ਤੇਗ ਬਹਾਦਰ ਜੀਵਨ ਸਮਾਂ ਅਤੇ ਰਚਨਾ, ਪੰਨਾ 198

87. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1428

88. ਉਹੀ, ਪੰਨਾ 1427

89. ਆਸਾ ਮਹਲਾ 9, ਆਦਿ ਗ੍ਰੰਥ, ਪੰਨਾ 411

90. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1427

91. ਉਹੀ

92. ਦੇਵ ਗੰਧਾਰੀ ਮਹਲਾ 9, ਆਦਿ ਗ੍ਰੰਥ, ਪੰਨਾ 536

93. ਜੈਤਸਰੀ ਮਹਲਾ 9, ਆਦਿ ਗ੍ਰੰਥ, ਪੰਨਾ 703

94. ਪ੍ਰੋ. ਤਿਲਕਰਾਜ ਤ੍ਰਿਖਾ, "ਗੁਰੂ ਤੇਗ ਬਹਾਦਰ ਕੀ ਬਾਣੀ ਮੇਂ ਪਰਮਾਰਥ ਔਰ ਆਦਰਸ਼ ਕੇ ਤਤਵ", ਗੁਰੂ ਤੇਗ ਬਹਾਦਰ ਜੀਵਨ ਦਰਸ਼ਨ ਔਰ ਵਿਵੇਚਨ (ਸੰਪਾ. ਪ੍ਰੇਮ ਪ੍ਰਕਾਸ਼ ਸਿੰਘ), ਪੰਨਾ 125

95. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 632

96. ਡਾ. ਤਾਰਨ ਸਿੰਘ, "ਗੁਰੂ ਤੇਗ ਬਹਾਦਰ ਦੀ ਕਾਵਿ-ਕਲਾ ਤੇ ਸ਼ੈਲੀ", ਗੁਰੂ ਤੇਗ ਬਹਾਦਰ ਜੀਵਨ ਸਮਾਂ ਅਤੇ ਰਚਨਾ (ਸੰਪਾ. ਡਾ. ਸੁਰਿੰਦਰ ਸਿੰਘ ਕੋਹਲੀ), ਪੰਨਾ 183

97. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1427

98. ਉਹੀ, ਪੰਨਾ 1429

99. ਡਾ. ਤਾਰਨ ਸਿੰਘ, ਉਹੀ ਰਚਨਾ, ਪੰਨਾ 189

100. ਅਤਰ ਸਿੰਘ, "ਗੁਰੂ ਤੇਗ ਬਹਾਦਰ ਕਾ ਆਤਮੋਪ੍ਰੇਰਿਤ ਕਾਵਯ-ਦ੍ਰਿਸ਼ਟੀਕੋਣ", ਨਵਮ ਗੁਰੂ ਪਰ ਆਧਾਰ ਨਿਬੰਧ (ਸੰਪਾ. ਰਮੇਸ਼ ਕੁੰਤਲ ਮੇਘ), ਪੰਨਾ 42

## ਅਧਿਆਇ ਪੰਜਵਾਂ:

# ਗੁਰੂ ਤੇਗ਼ ਬਹਾਦਰ ਦੀ ਬਾਣੀ ਵਿੱਚ ਮਾਨਵੀ ਸੰਕਟ ਦਾ ਨਿਰੂਪਣ ਤੇ ਨਿਰੂਪਣ ਵਿਧੀ

## ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਮਾਨਵੀ ਸੰਕਟ ਦਾ ਨਿਰੂਪਣ ਤੇ ਨਿਰੂਪਣ ਵਿਧੀ

### (1) ਨਿਰੂਪਣ

### (ੳ) ਮੁਕਤੀ ਪ੍ਰਾਪਤੀ ਲਈ ਬੰਧਨ ਤੋਂ ਛੁਟਕਾਰਾ - ਨਿਰਭੈ ਪਦ ਦੀ ਪ੍ਰਾਪਤੀ।

ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਮਨੁੱਖ ਦੀ ਬੰਧਨਯੁਕਤ ਅਵਸਥਾ ਦਾ ਬਰਨਣ ਹੀ ਨਹੀਂ ਮਿਲਦਾ ਸਗੋਂ ਇਸ ਬੰਧਨ ਤੋਂ ਮੁਕਤ ਹੋਣ ਦਾ ਇਕ ਨਿਸ਼ਚਿਤ ਮਾਰਗ ਵੀ ਸੁਝਾਇਆ ਗਿਆ ਹੈ, ਜਿਸ ਦਾ ਅਨੁਸਾਰੀ ਮਨੁੱਖ ਨਿਰਭੈ ਪਦ ਦੀ ਪ੍ਰਾਪਤੀ ਕਰਦਾ ਹੈ।

ਸੰਕਟ ਇਹ ਹੈ ਕਿ ਮਨੁੱਖ ਕਮਜ਼ੋਰ ਹੋ ਗਿਆ ਹੈ। ਆਤਮਿਕ ਤੇ ਮਾਨਸਿਕ ਬਲ ਤੋਂ ਹੀਣਾ ਮਨੁੱਖ ਨਿਰੋਲ ਨਸੂਰੀ ਆ ਗਿਆ ਹੈ।

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤਿ ਉਪਾਇ
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ।[1]

ਯਹ ਮਨੁ ਨੈਕ ਨ ਕਹਿਓ ਕਰੈ
ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ
ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ
ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ
ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ।[2]

ਦਰਅਸਲ ਇਹ ਸੰਕਟ ਤੱਤਕਾਲੀ ਸਮੇਂ ਦੇ ਉਨ੍ਹਾਂ ਧਾਰਮਿਕ ਪੁਜਾਰੀਆਂ ਤੇ ਅੰਧੀ ਉਪਾਸਕੀਆਂ ਦਾ ਹੈ ਜਿਹੜੇ ਵਕਤ ਦੀ ਹਕੂਮਤ ਦੇ ਪਿੱਠੂ ਬਣ, ਸਾਧਾਰਨ ਲੋਕਾਂ ਨਾਲੋਂ ਬਿਲਕੁਲ ਨਿਖੜ ਗਏ ਸਨ। ਮਾਨਸਿਕ ਬਲ ਦੀ ਅਣਹੋਂਦ ਕਾਰਣ ਮਨੁੱਖ ਨਿਰੋਲ ਨਸੂਰ ਆ ਗਿਆ ਹੈ। ਖ਼ੁਦ ਵਕਤ ਦੀ ਹਕੂਮਤ ਤੋਂ ਡਰਦਾ ਹੋਇਆ, ਲੋਕਾਂ ਨੂੰ ਆਪਣੀ ਕੁਰਸੀ ਪ੍ਰਤੀ ਸਦਕਾ ਬਣਾ ਰਿਹਾ ਹੈ।

ਅਜਿਹਾ ਮਨੁੱਖ ਆਪ ਸੰਕਟਗ੍ਰਸਤ ਹੋ ਗਿਆ ਹੈ ਕਿਉਂਕਿ ਉਹ ਆਪਣੇ ਮੂਲ ਆਪੇ ਤੋਂ ਟੁੱਟ ਕੇ ਹਰ ਸਮੇਂ ਡਰ, ਭੈ ਤੇ ਮੌਤ ਦੇ ਬੰਧਨ ਮਹਿਸੂਸਦਾ ਹੈ। ਸੋ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਮਨੁੱਖ ਦੇ ਸੰਕਟ ਦਾ ਕਾਰਣ ਮਨੁੱਖ ਦਾ, ਆਪਣੇ ਆਪ ਨਾਲੋਂ ਟੁੱਟ ਜਾਣਾ ਹੈ। ਮਨੋਬਲ ਦੀ ਅਣਹੋਂਦ ਕਾਰਣ ਮਨੁੱਖ ਹਮੇਸ਼ਾ ਸੰਕਟਮਈ ਅਵਸਥਾ ਵਿਚ ਵਿਚਰਦਾ ਹੈ। ਮਨ ਦੀ ਕੇਂਦਰਮੁਖਤਾ ਵਿਚ ਬੰਧਨ ਚੇਤੰਨਾ ਤੇ ਬੰਧਨ ਹਮੇਸ਼ਾ ਸੰਕਟ ਦਾ ਪ੍ਰਤੀਕ ਹੁੰਦਾ ਹੈ। ਗੁਰੂ ਸਾਹਿਬ ਦੀ ਬਾਣੀ ਵਿਚ ਅਜਿਹੇ ਬੰਧਨ ਦਾ ਜ਼ਿਕਰ ਬਾਰ ਬਾਰ ਮਿਲਦਾ ਹੈ ਜੋ ਮਾਇਆ ਦੇ ਮੋਹ ਤੇ ਇੰਦ੍ਰੀਗਤ ਭੋਗਾਂ ਤੱਕ ਸੀਮਿਤ ਹੋ ਕੇ ਬੰਧਨਾਂ ਵਿਚ ਜਕੜਿਆ ਗਿਆ ਹੈ।

ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ
ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ

ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ
ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ

ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ
ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿ ਨ ਭੀਤਿ।[3]

ਦੁਨਿਆਵੀ ਰਿਸ਼ਤੇ ਤੇ ਸਾਕ ਸੰਬੰਧੀਆਂ ਦਾ ਮੋਹ ਵੀ ਮਨੁੱਖ ਲਈ ਸੰਕਟ ਬਣ ਗਿਆ ਹੈ। ਮਨੁੱਖ ਆਪਣੇ ਆਪ ਨੂੰ ਬਲਸ਼ਾਲੀ ਮਹਿਸੂਸ ਕਰਦਾ ਹੈ। ਅਗਿਆਨੀ ਮਨੁੱਖ ਇਸ ਗੱਲ ਦੀ ਬੇਮੁਹਿਰਤਾ ਨੂੰ ਨਹੀਂ ਸਮਝਦਾ ਕਿਉਂਕਿ ਮਾਇਆ ਦੀ ਸ਼ਕਤੀ ਨੇ ਉਸ ਨੂੰ ਆਪਣੇ ਵੱਸ ਕੀਤਾ ਹੋਇਆ ਹੈ। ਗੁਰੂ ਤੇਗ਼ਬਹਾਦਰ ਮਨੁੱਖ ਨੂੰ ਸਮਝਾਉਂਦੇ ਹਨ।

ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ
ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ।[4]

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ
ਕਹੁ ਨਾਨਕ ਥਿਰੁ ਕਛੂ ਨਹੀ ਸੁਪਨੇ ਜਿਉ ਸੰਸਾਰੁ

ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ
ਇਨ ਮੈ ਕਛੂ ਸੰਗੀ ਨਹੀ ਨਾਨਕ ਸਾਚੀ ਜਾਨਿ।

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ
ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ।[5]

ਉਪਰੋਕਤ ਸਾਰੀਆਂ ਅਵਸਥਾਵਾਂ ਮਨੁੱਖ ਦੀ ਬੰਧਨਯੁਕਤ ਦਸ਼ਾ ਦੀਆਂ ਸੂਚਕ ਹਨ। ਸਾਰੇ ਇਹ ਬੰਧਨ ਮਾਇਆ ਦੇ ਮੋਹ ਦਾ ਹੈ, ਜਦੋਂਕਿ ਮੁਕਤੀ ਜਾਂ ਸੰਪਤੀ ਦਾ ਹੈ। ਮਨੁੱਖ ਨੇ ਇਨ੍ਹਾਂ ਬੰਧਨਾਂ ਤੋਂ ਮੁਕਤ ਹੋਣਾ ਹੈ। ਮੁਕਤ ਹੋਣ ਲਈ ਗੁਰੂ ਤੇਗ਼ ਬਹਾਦਰ ਨੇ ਆਤਮਿਕ ਤੇ ਮਾਨਸਿਕ ਬਲ ਦੀ ਪ੍ਰਾਪਤੀ ਤੇ ਜ਼ੋਰ ਦਿੱਤਾ ਹੈ। ਕਿਉਂਕਿ ਮੁਕਤ ਅਵਸਥਾ ਹੀ ਨਿਰਭੈ ਪਦ ਦੀ ਲਖਾਇਕ ਹੈ ਜਦੋਂ ਕਿ ਮਨੁੱਖ ਹਰ ਕਿਸਮ ਦੇ ਰਾਗ ਦ੍ਵੇਸ਼ ਤੋਂ ਮੁਕਤ ਹੋ ਕੇ ਪਾਰਗਾਮੀ ਅਵਸਥਾ ਵਿਚ ਪਹੁੰਚ ਜਾਂਦਾ ਹੈ।

ਮੁਕਤੀ ਕੀ ਹੈ? ਭਾਰਤੀ ਧਾਰਮਿਕ ਵਿਸ਼ਵਾਸਾਂ ਅਨੁਸਾਰ ਮਨੁੱਖੀ ਜ਼ਿੰਦਗੀ ਦਾ ਅੰਤਿਮ ਲਕਸ਼ ਮੁਕਤੀ ਨੂੰ ਮੰਨਿਆ ਗਿਆ ਹੈ। ਮੁਕਤੀ ਦੇ ਵਿਸਤ੍ਰਿਤ ਰੂਪ ਵਿਚ ਕਈ ਅਰਥ ਕੀਤੇ ਜਾਂਦੇ ਹਨ। ਮੋਕਸ਼ ਉਸ ਸਥਿਤੀ ਦਾ ਸੂਚਕ ਹੈ ਜਦੋਂ ਮਨੁੱਖ ਤ੍ਰਿਵਿਧ ਦੁੱਖਾਂ (ਦੈਹਿਕ, ਭੌਤਿਕ ਤੇ ਦੈਵਿਕ) ਤੋਂ ਛੁਟਕਾਰਾ ਪਾ ਲੈਂਦਾ ਹੈ। ਇਸ ਤਰ੍ਹਾਂ ਮੋਕਸ਼ ਮਨੁੱਖ ਦੇ ਸੰਸਾਰਕ ਦੁੱਖਾਂ ਦਾ ਅਤਿ ਅੰਤਿਕ ਨਿਰੋਧ ਹੈ।[6]

'ਐਨਸਾਈਕਲੋਪੀਡੀਆ ਆਫ਼ ਰਿਲੀਜਨ ਐਂਡ ਐਥਿਕਸ' ਵਿਚ ਨਿਰਵਾਣ ਦਾ ਅਰਥ ਜੀਵਨ ਤੋਂ ਮੁਕਤੀ ਨਹੀਂ ਸਗੋਂ ਪਰਮ ਸ਼ੁੱਧ ਦੀ ਅਨੁਭੂਤੀ ਦੀ ਉਹ ਅਵਸਥਾ ਹੈ ਜੋ ਸਮਸਤ ਇੱਛਾਵਾਂ ਦੇ ਖ਼ਤਮ ਹੋਣ ਤੇ ਮਨੁੱਖ ਨੂੰ ਪ੍ਰਾਪਤ ਹੁੰਦੀ ਹੈ।[7]

ਇਨ੍ਹਾਂ ਵਿਚਾਰਾਂ ਤੋਂ ਮੁਕਤੀ ਦੇ ਦੋ ਪੱਖ ਸਪਸ਼ਟ ਹੁੰਦੇ ਹਨ - ਇਕ ਹੈ ਮਾਇਆ ਦੇ ਬੰਧਨ ਤੋਂ ਛੁਟਕਾਰਾ ਦੂਜਾ ਹੈ ਪਰਮਾਤਮਾ ਨਾਲ ਸਦੀਵੀ ਇਕਲੀਨਤਾ। ਗੁਰਬਾਣੀ ਵਿਸ਼ੇਸ਼ ਤੌਰ ਤੇ ਮਾਇਆ ਦੇ ਬੰਧਨ ਤੋਂ ਮੁਕਤ ਹੋਣ ਤੇ ਬਲ ਦਿੰਦੀ ਹੈ। ਮਾਇਆ ਤੋਂ ਮੁਕਤ ਆਤਮਾ ਹੀ ਪਰਮਾਤਮਾ ਨਾਲ ਇਕਮਿਕ ਹੋ ਸਕਦੀ ਹੈ। ਨੌਵੇਂ ਗੁਰੂ ਦੀ ਬਾਣੀ ਵਿਚ ਮੁਕਤੀ ਲਈ ਮੁਕਤਿ, ਨਿਰਬਾਨ ਪਦੁ, ਮੁਕਤਿ ਪੰਥ ਤੇ ਨਿਰਭੈ ਪਦ ਸ਼ਬਦਾਂ ਦੀ ਵਰਤੋਂ ਕੀਤੀ ਮਿਲਦੀ ਹੈ।

ਬੋਧ ਦਰਸ਼ਨ ਵਿਚ ਮੁਕਤੀ ਦੇ ਲਈ ਨਿਰਵਾਣ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਰਾਗ, ਦ੍ਵੇਸ਼, ਅਵਿਦਿਆ ਆਦਿ ਭਾਵਨਾਵਾਂ ਤੋਂ ਪਾਰਗਾਮੀ ਹੋਣਾ ਹੀ ਨਿਰਵਾਣ ਹੈ। ਨਿਰਵਾਣ ਵਿਚ ਕਿਉਂਕਿ ਦੁੱਖਾਂ ਦੀ ਸਮਾਪਤੀ ਹੋ ਜਾਂਦੀ ਹੈ ਇਸ ਲਈ ਬੋਧ ਦਾਰਸ਼ਨਿਕਾਂ ਨੇ ਦੁਖ-ਨਿਰੋਧ ਦੀ ਅਵਸਥਾ

ਨੂੰ ਹੀ ਨਿਰਵਾਣ ਕਿਹਾ ਹੈ।

ਹੋਰ ਭਾਰਤੀ ਮੱਤ ਮੁਕਤੀ ਦੇ ਵੱਖ ਵੱਖ ਰਾਹ ਸੁਝਾਉਂਦੇ ਹਨ। ਵੇਦਾਂ ਵਿਚ ਮੁਕਤੀ ਪ੍ਰਾਪਤੀ ਲਈ ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਕਰਮਕਾਂਡ ਤੇ ਬਲ ਦਿੱਤਾ ਗਿਆ ਹੈ। ਗੀਤਾ ਦੀ ਫ਼ਿਲਾਸਫ਼ੀ ਕਰਮਯੋਗ ਤੇ ਜ਼ੋਰ ਦਿੰਦੀ ਹੈ। ਜੈਨਮੱਤ ਅਨੁਸਾਰ ਤੱਪ ਅਤੇ ਅਹਿੰਸਾ ਦੇ ਕਰਮਾਂ ਨਾਲ ਜੀਵ ਕਰਮਾਂ ਦੇ ਬੰਧਨ ਤੋਂ ਮੁਕਤ ਹੁੰਦਾ ਹੈ। ਬੁੱਧਮੱਤ ਮੋਖਸ਼ ਪ੍ਰਾਪਤੀ ਲਈ ਅਸ਼ਟਮਾਰਗ ਨੂੰ ਅਪਨਾਉਣ ਤੇ ਜ਼ੋਰ ਦਿੰਦਾ ਹੈ।

ਗੁਰਮੱਤ ਅਧਿਆਤਮ ਨਾਮ ਸਿਮਰਨ ਨੂੰ ਸਰਵਸ਼੍ਰੇਸ਼ਟ ਸਾਧਨ ਮੰਨਦੀ ਹੈ ਜਿਸ ਨਾਲ ਜੀਵ ਹਰ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਹੋ ਕੇ ਨਿਰਵਾਣਪਦ ਨੂੰ ਪ੍ਰਾਪਤ ਕਰਦਾ ਹੈ। ਗੁਰੂ ਤੇਗ਼ਬਹਾਦਰ ਦੀ ਬਾਣੀ ਵਿਚ ਇਸ ਅਵਸਥਾ ਦਾ ਵਰਣਨ ਮਿਲਦਾ ਹੈ। ਸਾਧਕ ਅਤੇ ਸਾਧਨ ਦੀ ਅਭੇਦ ਅਵਸਥਾ ਹੀ ਮੁਕਤੀ ਦੀ ਚਰਮਸੀਮਾ ਹੈ।

ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ।[8]

ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ
ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ।[9]

ਗੁਰੂ ਜੀ ਅਨੁਸਾਰ ਮਨੁੱਖਾ ਜਨਮ ਮੁਕਤੀ ਪ੍ਰਾਪਤ ਕਰਨ ਦਾ ਸਭ ਤੋਂ ਚੰਗਾ ਅਵਸਰ ਹੈ।

ਮਾਨਸ ਦੇਹ ਬਹੁਰਿ ਨਹ ਪਾਵੈ
ਕਛੂ ਉਪਾਉ ਮੁਕਤਿ ਕਾ ਕਰੁ ਰੇ
ਨਾਨਕ ਕਹਤ ਗਾਇ ਕਰੁਨਾ ਮੈ
ਭਵ ਸਾਗਰ ਕੈ ਪਾਰਿ ਉਤਰੁ ਰੇ।[10]

ਮਾਇਆ ਦੇ ਬੰਧਨ ਅਕਸਰ ਜੀਵ ਨੂੰ ਭਟਕਣਾ ਵੱਲ ਧੱਕਦੇ ਹਨ। ਮਨੁੱਖ ਹਰ ਕੁਕਰਮ ਕਰਕੇ ਮਾਇਕ ਪ੍ਰਾਪਤੀਆਂ ਦੀ ਇਕੱਤਰਤਾ ਵਿਚ ਸਾਰਾ ਜੀਵਨ ਅਜਾਈਂ ਗੁਆ ਦਿੰਦਾ ਹੈ। ਸਾਰੀ ਬਾਣੀ ਵਿਚ ਵਾਰ ਵਾਰ ਮਨੁੱਖ ਨੂੰ ਚੇਤਾਵਨੀ ਦਿੱਤੀ ਗਈ ਹੈ।

ਮਨ ਰੇ ਕਉਨੁ ਕੁਮਤਿ ਤੈ ਲੀਨੀ
ਪਰਦਾਰਾ ਨਿੰਦਿਆ ਰਸਿ ਰਚਿਓ
ਰਾਮ ਭਗਤਿ ਨਹਿ ਕੀਨੀ
ਮੁਕਤਿ ਪੰਥੁ ਜਾਨਿਓ ਤੈ ਨਾਹਨਿ
ਧਨ ਜੋਰਨ ਕਉ ਧਾਇਆ
ਅੰਤਿ ਸੰਗੁ ਕਾਹੂ ਨਹੀ ਦੀਨਾ
ਬਿਰਥਾ ਆਪੁ ਬੰਧਾਇਆ।[11]

ਮਨੁੱਖ ਮਾਇਆ ਦੇ ਚੱਕਰ ਵਿਚ ਉਲਝ ਕੇ ਜੋ ਵੀ ਕਰਮ ਕਰਦਾ ਹੈ। ਉਹ ਉਸ ਲਈ ਬੰਧਨ ਬਣ ਜਾਂਦਾ ਹੈ। ਜਿਵੇਂ:

ਭੂਲਿਓ ਮਨੁ ਮਾਇਆ ਉਰਝਾਇਓ
ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ।[12]

ਹਰੀ ਦਾ ਗਿਆਨ ਇਨ੍ਹਾਂ ਸਮਸਤ ਬੰਧਨਾਂ ਤੋਂ ਮੁਕਤ ਹੋਣ ਦਾ ਸਾਧਨ ਹੈ। ਸਪਸ਼ਟ ਹੈ ਕਿ ਸੰਸਾਰਕ ਮੋਹ, ਅਵਿਦਿਆ, ਮਾਇਆ, ਮਨੁੱਖ ਦੀ ਬੰਧਨਯੁਕਤ ਅਵਸਥਾ ਦੇ ਕਾਰਣ ਹਨ ਤੇ ਗਿਆਨ ਦੀ ਪ੍ਰਾਪਤੀ ਇਨ੍ਹਾਂ ਬੰਧਨਾਂ ਤੋਂ ਮੁਕਤ ਹੋਣ ਦਾ ਸਾਧਨ ਹੈ।

ਮਿਥਿਆ ਤਨ ਨੂੰ ਸੱਚ ਮੰਨ ਲੈਣਾ ਵੀ ਮਨੁੱਖ ਦੇ ਅਗਿਆਨੀ ਹੋਣ ਦਾ ਪ੍ਰਤੀਕ ਹੈ ਤੇ ਉਸਦੇ ਬੰਧਨ ਦਾ ਵੱਡਾ ਕਾਰਣ ਵੀ।

ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ।[13]

ਹਉਮੈ ਵੀ ਮਾਇਆ ਦਾ ਹੀ ਇਕ ਰੂਪ ਹੈ। ਇਹ ਮਨੁੱਖ ਤੇ ਰੱਬ ਦੇ ਮਿਲਾਪ ਵਿਚ ਸਭ ਤੋਂ ਵੱਡੀ ਰੁਕਾਵਟ ਹੈ। ਹਉਮੈ, ਮਾਇਆ ਦੇ ਮੋਹ ਦਾ ਤਿਆਗ ਤੇ ਸਮਸਤ ਵਿਕਾਰਾਂ ਤੋਂ ਉਪਰਾਮਤਾ ਦੇ ਪਦ ਦਾ ਧਾਰਨੀ ਮਨੁੱਖ ਹੀ ਮੁਕਤ ਅਵਸਥਾ ਦਾ ਲਖਾਇਕ ਹੈ।

ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ।

ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ
ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ।[14]

ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ
ਨਾਨਕ ਕਹਤ ਮੁਕਤਿ ਪੰਥ ਇਹ ਗੁਰਮੁਖਿ ਹੋਇ ਤੁਮ ਪਾਵਉ।[15]

ਇਸ ਦੇ ਵਿਪਰੀਤ ਵਿਸ਼ੇ ਵਿਕਾਰ, ਮੋਹ ਮਾਇਆ, ਅਭਿਮਾਨ, ਭਰਮ ਆਦਿ ਬੰਧਨਯੁਕਤ ਅਵਸਥਾਵਾਂ ਹਨ।

ਮਹਾ ਮੋਹ ਅਗਿਆਨਿ ਤਿਮਰਿ ਮੋ ਮਨੁ ਰਹਿਓ ਉਰਝਾਈ
ਸਗਲ ਜਨਮ ਭਰਮ ਹੀ ਭਰਮ ਖੋਇਓ ਨਹ ਅਸਥਿਰੁ ਮਤਿ ਪਾਈ।
ਬਿਖਿਆ ਸਕਤ ਰਹਿਓ ਨਿਸ ਬਾਸੁਰ ਨਹ ਛੂਟੀ ਅਧਮਾਈ।[16]

ਜੋ ਮਨੁੱਖ ਹਰ ਤਰ੍ਹਾਂ ਦੇ ਰਾਗ ਦੋਖ ਤੋਂ ਪਾਰਗਾਮੀ ਹੈ, ਮਾਇਆ ਤੋਂ ਨਿਰਲਿਪਤ ਹੈ ਹਮੇਸ਼ਾ ਸੰਤੁਲਿਤ ਅਵਸਥਾ ਵਿਚ ਵਿਚਰਦਾ ਹੈ ਤੇ ਜਿਸਦਾ ਪ੍ਰਮਾਤਮਾ ਦੀ ਹੋਂਦ ਵਿਚ ਅਡੋਲ ਤੇ ਅਟੁੱਟ ਵਿਸ਼ਵਾਸ ਹੈ, ਅਜਿਹੀ ਜੀਵਆਤਮਾ ਹਰ ਤਰ੍ਹਾਂ ਦੇ ਬੰਧਨ ਤੋਂ ਨਵਿਰਤ ਹੋ ਕੇ ਨਿਰਭੈ ਪਦ ਨੂੰ ਪ੍ਰਾਪਤ ਹੁੰਦੀ ਹੈ।

ਸਾਧੋ ਰਾਮ ਸਰਨਿ ਬਿਸਰਾਮਾ
ਬੇਦ ਪੁਰਾਨ ਪੜੇ ਕੋ ਇਹ ਗੁਨ
ਸਿਮਰੇ ਹਰਿ ਕੋ ਨਾਮਾ
ਲੋਭ ਮੋਹ ਮਾਇਆ ਮਮਤਾ ਫੁਨਿ
ਅਉ ਬਿਖਿਅਨ ਕੀ ਸੇਵਾ
ਹਰਖ ਸੋਗ ਪਰਸੈ ਜਿਹ ਨਾਹਨਿ
ਸੋ ਮੂਰਤਿ ਹੈ ਦੇਵਾ।[17]

ਹਰਖ ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨੈ
ਚੰਚਲ ਮਨੁ ਦਹ ਦਿਸਿ ਕਉ ਧਾਵਤ ਅਚਲ ਜਾਹਿ ਠਹਰਾਨੈ
ਕਹੁ ਨਾਨਕ ਇਹ ਬਿਧਿ ਕੋ ਜੋ ਨਰੁ ਮੁਕਤਿ ਤਾਹਿ ਤੁਮ ਮਾਨੋ।[18]

ਜਨਮ ਜਨਮਾਂਤਰਾਂ ਦੀ ਭਟਕਣਾ, ਮੌਤ ਦੇ ਡਰ ਦਾ ਵਿਨਾਸ਼ ਅਤੇ ਫਲਸਰੂਪ ਨਿਰਭੈ ਪਦੁ ਵਿਚ ਨਿਵਾਸ-ਪ੍ਰਾਪਤੀ ਵੀ ਮੁਕਤੀ ਦੀ ਅਵਸਥਾ ਹੈ।

ਜਨਮ ਜਨਮ ਭਰਮਤ ਫਿਰਿਓ ਮਿਟਿਓ ਨ ਜਮ ਕੋ ਤ੍ਰਾਸੁ
ਕਹੁ ਨਾਨਕ ਹਰਿ ਭਜੁ ਮਨਾ ਨਿਰਭੈ ਪਾਵਹਿ ਬਾਸੁ।[19]

ਪੁਨਰ ਜਨਮ ਤੋਂ ਛੁਟਕਾਰਾ ਵੀ ਬੰਧਨ ਤੋਂ ਮੁਕਤ ਹੋਣਾ ਹੈ।

ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ।[20]

ਬੰਧਨਾਂ ਤੋਂ ਮੁਕਤ ਜੀਵ ਨਾਂ ਤਾਂ ਆਪਣੀ ਹਉਮੈ ਭਾਵਨਾ ਅਧੀਨ ਕਿਸੇ ਨੂੰ ਡਰਾਉਂਦਾ ਹੈ ਤੇ ਨਾ ਹੀ ਕਾਇਰ ਬਣ ਕੇ ਕਿਸੇ ਦੇ ਅਧੀਨ ਹੋ ਨੂੰ ਮੰਨਦਾ ਹੈ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ।[21]

ਸਮਸਤ ਸ਼ੰਕਿਆਂ, ਤ੍ਰਿਸ਼ਨਾਵਾਂ ਤੇ ਦੁਰਮਤਿ ਦਾ ਵਿਨਾਸ਼ ਅਤੇ ਇਸ ਦੇ ਫਲਸਰੂਪ ਨਿੱਜ-ਸੁਖ-ਅਵਸਥਾ ਵਿਚ ਸਥਿਤੀ ਵੀ ਮੁਕਤੀ ਦੀ ਹੀ ਅਵਸਥਾ ਹੈ।

ਮਾਈ ਮੈ ਧਨੁ ਪਾਇਓ ਹਰਿ ਨਾਮੁ
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ
ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ
ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ
ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ
ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ।[22]

ਮਾਣ ਅਤੇ ਮੋਹ ਦੇ ਬੰਧਨ ਦੀ ਨਵਿਰਤੀ ਦੇ ਫਲਸਰੂਪ ਅਭੈ ਅਵਸਥਾ ਦੀ ਪ੍ਰਾਪਤੀ ਵੀ ਮੁਕਤ ਅਵਸਥਾ ਦੀ ਹੀ ਲਖਾਇਕ ਹੈ, ਨਿਰਭੈ ਪਦ ਦੀ ਪ੍ਰਾਪਤੀ ਹੈ। ਜਿਵੇਂ:

ਤਜਿ ਅਭਿਮਾਨੁ ਸਰਨਿ ਸੰਤਨ ਗਹੁ ਮੁਕਤਿ ਹੋਹਿ ਛਿਨ ਮਾਹੀ
ਜਨ ਨਾਨਕ ਭਗਵੰਤ ਭਜਨ ਬਿਨੁ ਸੁਖੁ ਸੁਪਨੈ ਭੀ ਨਾਹੀ।[23]

ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ
ਅਉਰ ਸਗਲ ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀਂ ਪਾਵੈ।[24]

ਪਰ ਰੱਬ ਦੀ ਬਖਸ਼ਿਸ਼ ਬਿਨਾਂ ਮੁਕਤ ਪਦ ਨੂੰ ਧਾਰਨ ਕਰਨਾ ਜੀਵ ਲਈ ਸੰਭਵ ਨਹੀਂ। ਗੁਰੂ ਤੇਗ਼ਬਹਾਦਰ ਨੇ ਆਪਣੀ ਬਾਣੀ ਵਿਚ ਇਸ ਵਿਚਾਰ ਤੇ ਵਿਸ਼ੇਸ਼ ਜ਼ੋਰ ਦਿੱਤਾ ਹੈ। ਜਿਵੇਂ:

ਗੁਰ ਕਿਰਪਾ ਜਿਹ ਨਰ ਕਉ ਕੀਨੀ
ਤਿਹ ਇਹ ਜੁਗਤਿ ਪਛਾਨੀ।[25]

ਅਜਿਹੇ ਜੀਵ ਕੇਵਲ ਵਿਅਕਤੀਗਤ ਮੁਕਤੀ ਦੇ ਘੇਰੇ ਤੱਕ ਹੀ ਸੀਮਿਤ ਨਹੀਂ ਰਹਿੰਦੇ ਸਗੋਂ ਹੋਰਨਾਂ ਨੂੰ ਵੀ ਇਸ ਮੋਕਸ਼ ਦਾ ਸੁਆਦ ਬਖਸ਼ਦੇ ਹਨ।

ਅਜਿਹੇ ਜੀਵ ਸੁਖ-ਦੁਖ, ਖੁਸ਼ੀ-ਗ਼ਮੀ, ਉਸਤਤ-ਨਿੰਦਿਆ ਦੇ ਪ੍ਰਭਾਵ ਤੋਂ ਰਹਿਤ, ਨਿਰਸੁਆਰਥ ਭਾਵਨਾ ਸਹਿਤ ਪਰ ਹਿੱਤਾਂ ਲਈ ਜਿਊਣਾ ਆਪਣੀ ਜ਼ਿੰਦਗੀ ਦਾ ਮਨੋਰਥ ਸਮਝਦੇ ਹਨ। ਉਹ ਮੁਕਤ-ਪਦ ਦੇ ਧਾਰਨੀ ਹੁੰਦੇ ਹਨ।

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ, ਅਉਰੁ ਮਾਨੁ ਅਪਮਾਨਾ
ਹਰਖ ਸੋਗ ਤੇ ਰਹੈ ਅਤੀਤਾ, ਤਿਨਿ ਜਗਿ ਤਤੁ ਪਛਾਨਾ
ਉਸਤਤਿ ਨਿੰਦਾ ਦੋਊ ਤਿਆਗੈ, ਖੋਜੈ ਪਦੁ ਨਿਰਬਾਨਾ।[26]

ਗੁਰੂ ਤੇਗ਼ਬਹਾਦਰ ਅਨੁਸਾਰ ਇਸ ਨਿਰਵਾਣ ਅਵਸਥਾ ਨੂੰ ਪ੍ਰਾਪਤ ਕਰਨਾ ਕੋਈ ਆਸਾਨ ਕੰਮ ਨਹੀਂ ਸਗੋਂ ਇਹ ਬੇਹਦ ਕਠਿਨ ਹੈ। ਇਸ ਕਠਿਨ ਪੈਂਡੇ ਨੂੰ ਜਿੱਤਣ ਲਈ ਹਉਮੈਂ ਦਾ ਤਿਆਗ ਤੇ ਦੁਰਮਤਿ ਦਾ ਵਿਨਾਸ਼ ਬਹੁਤ ਜ਼ਰੂਰੀ ਹੈ। ਮਨੁੱਖ ਨੂੰ ਐਸੀ ਬਿਰਤੀ ਦਾ ਧਾਰਨੀ ਹੋਣਾ ਪੈਂਦਾ ਹੈ। ਨਾਮ ਸਿਮਰਨ ਨਾਲ ਦੁਰਮਤਿ ਦਾ ਨਾਸ਼ ਹੁੰਦਾ ਹੈ। ਜੀਵ ਨਿਰਵਾਣ ਪਦ ਨੂੰ ਪ੍ਰਾਪਤ ਕਰਦਾ ਹੈ।

ਰਾਗ ਰਾਮਕਲੀ ਵਿਚ ਇਸ ਵਿਚਾਰ ਨੂੰ ਹੋਰ ਦੁਹਰਾਇਆ ਗਿਆ ਹੈ ਕਿ ਨਿਰਬਾਣ ਪਦ ਦੀ ਵਿਧੀ ਹੀ ਨਾਮ ਸਿਮਰਨ ਦੀ ਵਿਧੀ ਹੈ।

ਮਨ ਮਾਇਆ ਮਹਿ ਉਰਝਿ ਰਹਿਓ ਹੈ
ਬੂਝੈ ਨਹ ਕਛੁ ਗਿਆਨਾ
ਕਉਨੁ ਨਾਮੁ ਜਗੁ ਜਾ ਕੈ ਸਿਮਰੈ
ਪਾਵੈ ਪਦੁ ਨਿਰਬਾਨਾ।[27]

ਗੁਰੂ ਤੇਗ਼ਬਹਾਦਰ ਦੀ ਬਾਣੀ ਦੀ ਸਮੁੱਚੀ ਵਿਚਾਰਧਾਰਾ ਇਸੇ ਤੱਥ ਦੀ ਲਖਾਇਕ ਹੈ ਕਿ ਹਰ ਤਤ੍ਵਾਂ ਦੇ ਦਵੈਤ-ਭਾਵ ਦੇ ਵਿਨਾਸ਼ ਦੇ ਫਲਸਰੂਪ ਬ੍ਰਹਮਸਰੂਪ ਨੂੰ ਧਾਰਨ ਕਰ ਲੈਣਾ ਹੀ ਮੁਕਤੀ ਹੈ। ਮਨੁੱਖ ਨੂੰ ਸਰਵੋਤਮਿਕ ਨਾ ਹੋ ਕੇ ਸਮੂਹਕ ਬਣਨ ਦੀ ਪ੍ਰੇਰਣਾ ਦਿੱਤੀ ਗਈ ਹੈ ਪਰ ਮਨੁੱਖ ਦਾ ਸੰਕਟ ਇਹ ਹੈ ਕਿ ਉਹ ਵਿਸ਼ੇ ਵਿਕਾਰਾਂ ਵਿਚ ਫਸਿਆ ਰਹਿੰਦਾ ਹੈ। ਜਿਸ ਧਨ ਦੀ ਪ੍ਰਾਪਤੀ ਲਈ ਮਨੁੱਖ ਕਮਲਾ ਹੋਇਆ ਰਹਿੰਦਾ ਹੈ, ਉਸ ਧਨ ਦੀ ਅਸਲੀਅਤ ਨੂੰ ਗੁਰੂ ਕਵੀ ਨੇ ਬਾਰ ਬਾਰ ਉਜਾਗਰ ਕੀਤਾ ਹੈ।

ਧਨ ਦਾਰਾ ਸੰਪਤਿ ਗ੍ਰੇਹ
ਕਛੁ ਸੰਗਿ ਨ ਚਾਲੈ ਸਮਝ ਲੇਹ।[29]

ਜੋ ਸੰਪਤਿ ਅਪਨੀ ਕਰ ਮਾਨੀ ਛਿਨ ਮਹਿ ਭਈ ਪਰਾਈ।[30]

ਕਾਹੇ ਤਨੁ ਧਨੁ ਸੰਪਤਿ ਕਾਚੀ ਜਾ ਸਿਉ ਨੇਹੁ ਲਗਾਯੋ
ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਯੋ।[31]

ਇਸ ਦੇ ਨਾਲ ਨਾਲ ਮਨੁੱਖ ਨੂੰ ਚੇਤਾਵਨੀ ਵੀ ਦਿੱਤੀ ਹੈ ਕਿ ਇਹ ਮਨੁੱਖਾ ਜਨਮ ਬਾਰ ਬਾਰ ਨਹੀਂ ਮਿਲਣਾ। ਇਹ ਸਰੀਰ ਕੁਝ ਨਿਸ਼ਚਿਤ ਜਿਹੇ ਸਮੇਂ ਲਈ ਮਿਲਿਆ ਹੈ, ਇਸ ਲਈ ਇਹ ਤਾਂ ਬਹੁਤ ਅਮੁੱਲਾ ਹੈ। ਮਨੁੱਖ ਫੇਰ ਵੀ ਇਸ ਨੂੰ ਵਿਅਰਥ ਗੁਆ ਦਿੰਦਾ ਹੈ। ਇਸੇ ਲਈ ਗੁਰੂ ਤੇਗ਼ ਬਹਾਦਰ ਮਨੁੱਖ ਨੂੰ ਸਮਝਾਉਂਦੇ ਹਨ।

ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ।[32]

ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ।[33]

ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ।[34]

ਗੁਰੂ ਜੀ ਨੇ ਹਰੀ ਦਾ ਜੱਸ ਗਾਉਣ ਤੇ ਬਹੁਤ ਜ਼ੋਰ ਦਿੱਤਾ ਹੈ।

ਨਾਨਕ ਹਰਿ ਜਸੁ ਕਿਉ ਨਹੀ ਗਾਵਤ ਕੁਮਤਿ ਬਿਨਾਸੈ ਤਨ ਕੀ।[35]

ਰੇ ਮਨ ਰਾਮ ਸਿਉ ਕਰਿ ਪ੍ਰੀਤਿ
ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ।[36]

ਹਰੀ ਦਾ ਜੱਸ ਗਾਉਣ ਨਾਲ ਹੀ ਮਨੁੱਖ ਦੀ ਤਕਲੀਫ਼ ਖ਼ਤਮ ਹੋਵੇਗੀ। ਮਾਇਆ ਦਾ ਮੋਹ, ਭਰਮ ਤੇ ਅਗਿਆਨਤਾ ਦਾ ਸ਼ਿਕਾਰ ਮਨੁੱਖ ਬੰਧਨਾਂ ਦੀ ਕੈਦ ਤੋਂ ਮੁਕਤ ਹੋਵੇਗਾ। ਤ੍ਰਿਸ਼ਨਾ, ਹਉਮੈ, ਦੁਰਮਤਿ ਤੇ ਮੌਤ ਦੇ ਡਰ ਦਾ ਵਿਨਾਸ਼, ਜੂਨਿਆਂ ਦੀ ਨਵਿਰਤੀ ਤੇ ਪ੍ਰਭੂ ਦੇ ਦਰਸ਼ਨ ਦਾ ਗਿਆਨ ਹੀ ਮੁਕਤੀ ਹੈ।

ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ
ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ।[37]

ਭਾਵੇਂ ਇਸ ਦੀ ਪ੍ਰਾਪਤੀ ਬੜੀ ਕਠਿਨ ਹੈ ਪਰ ਗੁਰੂ ਦੀ ਸ਼ਰਨ ਵਿਚ ਜਾਣ ਨਾਲ ਇਸ ਦੀ ਪ੍ਰਾਪਤੀ ਸਹਿਜ ਹੋ ਜਾਂਦੀ ਹੈ।

ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ।[38]

ਪ੍ਰਭੂ ਦੀ ਸ਼ਰਨ ਵਿਚ ਆਉਣ ਵਾਲੇ ਗੁਰਮੁਖਿ ਜੀਵ ਮੋਹ ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਕੇ ਨਿਰਭੈ ਪਦ ਨੂੰ ਪ੍ਰਾਪਤ ਕਰਦੇ ਹਨ।

ਪਤਿਤ ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ ਤੁਮ ਆਵਉ

... ... ...

ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ।[39]

ਪਰ ਮਨੁੱਖ ਝੂਠੀਆਂ ਕੀਮਤਾਂ ਨੂੰ ਆਪਣੀ ਸੋਚ ਦਾ ਅਧਾਰ ਬਣਾ ਕੇ ਜ਼ਿੰਦਗੀ ਜਿਊਂਦਾ ਹੈ। ਦੁਨਿਆਵੀ ਵਸਤਾਂ ਦੀ ਚਮਕ ਦਮਕ ਉਸ ਨੂੰ ਅਤਮਿਕ ਖ਼ੁਸ਼ੀ ਪ੍ਰਦਾਨ ਕਰਨ ਤੋਂ ਅਸਮਰੱਥ ਰਹਿੰਦੀ ਹੈ ਕਿਉਂਕਿ ਇਨ੍ਹਾਂ ਤੋਂ ਪ੍ਰਾਪਤ ਹੋਣ ਵਾਲਾ ਅਨੰਦ ਥੋੜ੍ਹਚਿਰਾ ਹੁੰਦਾ ਹੈ ਤੇ ਥੋੜ੍ਹਚਿਰਤਾ ਅਰਥਾਤ ਅਸਥਿਰਤਾ ਦਾ ਭਾਵ ਹਮੇਸ਼ਾਂ ਮਨੁੱਖ ਨੂੰ ਬੇਚੈਨ ਰਖਦਾ ਹੈ। ਇਸੇ ਲਈ ਇਸ ਤੋਂ ਬਚਣ ਲਈ ਗੁਰੂ ਜੀ ਨੇ ਮੁਕਤੀ ਦਾ ਮਾਰਗ ਸੁਝਾਇਆ ਹੈ।

ਮਗਨ ਰਹਿਓ ਮਾਇਆ ਮੈ ਨਿਸਦਿਨਿ ਛੁਟੀ ਨ ਮਨ ਕੀ ਕਾਈ
ਕਹਿ ਨਾਨਕ ਅਬ ਨਾਹਿ ਅਨਤ ਗਤਿ ਬਿਨੁ ਹਰਿ ਕੀ ਸਰਨਾਈ।[40]

ਹੇ ਮਨ ਓਟ ਲੇਹੁ ਹਰਿਨਾਮਾ
ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ
ਬਡਭਾਗੀ ਤਿਹ ਜਨ ਕਉ ਜਾਨਹੁ ਜੋ ਹਰਿ ਕੇ ਗੁਨ ਗਾਵੈ
ਜਨਮ ਜਨਮ ਕੇ ਪਾਪ ਖੋਇ ਕੈ ਫੁਨਿ ਬੈਕੁੰਠਿ ਸਿਧਾਵੈ।[41]

ਬਾਣੀ ਦੀ ਅਧਿਐਨ ਦੁਆਰਾ ਜਦੋਂ ਜੀਵ ਨੂੰ ਨਾਮ ਦੀ ਪ੍ਰਾਪਤੀ ਹੁੰਦੀ ਹੈ ਤਾਂ ਉਹ ਸਭਾਂ ਦੇ ਭੈ ਤੋਂ ਮੁਕਤ ਹੋ ਜਾਂਦਾ ਹੈ, ਚਿੰਤਾ ਮਿਟ ਜਾਂਦੀ ਹੈ ਤੇ ਉਸ ਨੂੰ ਅਤਮਿਕ ਸੁੱਖ ਦੀ ਪ੍ਰਾਪਤੀ ਹੋ ਜਾਂਦੀ ਹੈ।[42]

## (ਅ) ਪਾਰਗਾਮਤਾ (ਰਾਗ ਦ੍ਵੈਖ ਤੋਂ ਸਰਬਪੱਖੀ ਪਾਰਗਾਮਤਾ) - ਪਾਰਗਾਮਤਾ ਦਾ ਲਕਸ਼। ਮਨੁੱਖੀ ਪਤਨ ਦਾ ਨਿਵਾਰਨ (ਭੈ ਅਤੇ ਦ੍ਵੈਖ ਦੀਆਂ ਬਿਰਤੀਆਂ ਤੋਂ ਮੁਕਤ ਕਰਨਾ)

ਗੁਰੂ ਤੇਗ਼ ਬਹਾਦਰ ਦੀ ਬਾਣੀ ਦੀ ਕੇਂਦਰੀ ਸੁਰ ਵੈਰਾਗ ਦੀ ਭਾਵਨਾ ਹੈ ਪਰ ਇਹ ਵੈਰਾਗ ਜ਼ਿੰਦਗੀ ਤੋਂ ਪਲਾਇਨਵਾਦੀ ਭਾਵਨਾ ਦਾ ਲਖਾਇਕ ਨਹੀਂ ਸਗੋਂ ਜੀਵ ਨੂੰ ਪਾਰਗਾਮਤਾ ਦਾ

ਮਾਰਗ ਅਪਨਾਉਣ ਲਈ ਪ੍ਰੇਰਿਤ ਕਰਦਾ ਹੈ। ਪਾਰਗਾਮਤਾ ਦੀ ਅਵਸਥਾ ਨਕਾਰਕ ਨਿਰਲੇਪਤਾ ਦੀ ਅਵਸਥਾ ਨਹੀਂ ਇਹ ਉਹ ਅਵਸਥਾ ਹੈ ਜਿਸ ਵਿਚ ਮਨੁੱਖ ਖ਼ੁਸ਼ੀ-ਗ਼ਮੀ, ਦੁਖ-ਸੁਖ, ਉਸਤਤ-ਨਿੰਦਿਆ ਤੇ ਵੈਰ-ਮਿਤਰਤਾ ਦੀ ਭਾਵਨਾ ਤੋਂ ਵੈਰਾਗਵਾਨ ਹੋ ਜਾਂਦਾ ਹੈ। ਡਾ. ਅਤਰ ਸਿੰਘ ਅਨੁਸਾਰ:

> ਮੁਕਤੀ ਦੇ ਦੋ ਵੱਡੇ ਪੱਖ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਉਜਾਗਰ ਹੋਏ ਹਨ, ਇਕ ਭੈ ਤੋਂ ਮੁਕਤੀ ਭਾਵ ਅਭੈ ਜਾਂ ਨਿਰਭੈ ਪਦ ਦੀ ਪ੍ਰਾਪਤੀ ਤੇ ਦੂਜਾ ਪਾਰਗਾਮਤਾ ... ਜਿਥੇ ਭੈ ਤੋਂ ਛੁਟਕਾਰਾ ਹੀ ਨਹੀਂ ਸਗੋਂ ਰਾਗ ਦੋਖ ਤੋਂ ਹਰ ਪ੍ਰਕਾਰ ਦੀ ਤੇ ਸਰਬਪੱਖੀ ਪਾਰਗਾਮਤਾ ਵੀ ਗੁਰੂ ਤੇਗ਼ ਬਹਾਦਰ ਜੀ ਦੇ ਮੁਕਤੀ ਸੰਕਲਪ ਦਾ ਇਕ ਅਨਿੱਖੜ ਅੰਗ ਹੈ।[43]

ਅਜਿਹੀਆਂ ਜਾਗ੍ਰਿਤ ਅਵਸਥਾਵਾਂ ਦੇ ਚਿਤਰਣ ਲਈ ਗੁਰੂ ਤੇਗ਼ ਬਹਾਦਰ ਵਿਰੋਧਾਂ ਦੇ ਜੁੱਟ ਵਰਤਦੇ ਹਨ ਜੋ ਮੋਹ ਮਾਇਆ ਦੀ ਭਾਵਨਾ ਤੋਂ ਨਿਰਲਿਪਤ ਹੋ ਕੇ ਪਾਰਗਾਮੀ ਅਵਸਥਾ ਵਿਚ ਪਹੁੰਚ ਚੁੱਕੇ ਹਨ।

> ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ ਪੈਸਾ
> ਉਸਤਤਿ ਨਿੰਦਿਆ ਏ ਸਮ ਜਾ ਕੈ ਲੋਭੁ ਮੋਹੁ ਫੁਨਿ ਤੈਸਾ
> ਦੁਖ ਸੁਖ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ
> ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ।[44]

> ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ
> ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ।[45]

ਹਰਖ-ਸੋਗ, ਸੁਰਗ-ਨਰਕ, ਉਸਤਤਿ ਨਿੰਦਿਆ, ਅੰਮ੍ਰਿਤ-ਬਿਖ ਇਨ੍ਹਾਂ ਸਾਰੀਆਂ ਅਵਸਥਾਵਾਂ ਵਿਚ ਮਨੁੱਖ ਦਾ ਸਮ-ਅਵਸਥਾ ਵਿਚ ਵਿਚਰਨਾ, ਨਕਾਰਕ ਨਿਰਲੇਪਤਾ ਦੀ ਭਾਵਨਾ ਨੂੰ ਨਹੀਂ ਪ੍ਰਗਟਾਉਂਦਾ ਸਗੋਂ ਮੁਕਤ ਅਵਸਥਾ ਦਾ ਹੀ ਦੂਜਾ ਰੂਪ ਹੈ।[46]

ਝੂਠੀ ਮੋਹ ਮਾਇਆ, ਸਵਾਰਥ ਪੂਰਤੀ ਤੇ ਨੀਵੀਆਂ ਕਾਮਨਾਵਾਂ ਵਿਚ ਫਸੇ ਮਨੁੱਖ ਨੂੰ ਪਸ਼ੂ ਕਰਾਰ ਦਿੱਤਾ ਹੈ। ਜਿਵੇਂ:

ਸਾਧ ਸੰਗਿ ਕੈ ਮੂਰਖ ਨਾਹਿਓ ਜਨਮੁ ਅਕਾਰਥੁ ਖੋਇਓ
ਕਹਿ ਪਰਮੇਸਰ ਉਦਰ ਜਿਨ ਪੋਖਿਓ ਪਸੁ ਕੀ ਨਿਆਈ ਸੋਇਓ।[47]

ਲੋਭ ਗ੍ਰਸਿਓ ਦਸਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ
ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ।[48]

ਜਿਹੜੇ ਜੀਵ ਲੋਭ ਦੇ ਚੱਕਰ ਵਿਚ ਫਸ ਕੇ, ਝੂਠੇ ਮਾਣ ਦੀ ਕਾਮਨਾ ਹਿੱਤ ਅਕਾਰਥ ਜ਼ਿੰਦਗੀ ਜੀਉਂਦੇ ਹਨ, ਨਿੱਜੀ ਹਿੱਤਾਂ ਦੀ ਪੂਰਤੀ ਲਈ ਹਰ ਕਿਸ ਦੀ ਜੀ ਹਜ਼ੂਰੀ ਕਰਦੇ ਹਨ, ਅਜਿਹੇ ਮਨੁੱਖਾਂ ਤੇ ਪਸ਼ੂਆਂ ਵਿਚ ਕੋਈ ਅੰਤਰ ਨਹੀਂ।

ਇਥੇ ਵਿਚਾਰਨ ਵਾਲੀ ਗਲ ਇਹ ਹੈ ਕਿ ਜਿੱਥੇ ਗੁਰੂ ਸਾਹਿਬ ਝੂਠੇ ਮੋਹ ਮਾਇਆ, ਐਸ਼ਰਾਮ ਮਾਣ ਤਾਣ, ਸਵਾਰਥਪੂਰਤੀ ਅਤੇ ਨੀਵੀਆਂ ਕਾਮਨਾਵਾਂ ਵਿਚ ਫਸੇ ਜੀਵਨ ਲਈ ਪਸ਼ੂਆਂ ਦੇ ਚਿੰਨ੍ਹ ਵਰਤਦੇ ਹਨ ਉਥੇ ਉਨ੍ਹਾਂ ਸਾਰੀਆਂ ਆਤਮਾਵਾਂ ਨੂੰ ਜ਼ਿੰਦਗੀ ਲਈ ਵਿਰਤਾਂ ਦਾ ਸੰਕੇਤ ਕਰਦੇ ਹਨ ਜੋ ਇਸ ਮੋਹ ਮਾਇਆ, ਤੇ ਭਰਮ ਨੂੰ ਉਲੰਘ ਕੇ ਪਰਗਾਮੀ ਅਵਸਥਾ ਵਿਚ ਪੁੱਜ ਜਾਣ। ਪਹਿਲਿਆਂ ਨੂੰ ਗੁਰੂ ਸਾਹਿਬ "ਸੁਆਨ", "ਸੂਕਰ", "ਪਸੂ" ਆਦਿ ਦੇ ਰੂਪ ਵਿਚ ਚਿਤਰਦੇ ਹਨ ਜੋ ਆਪਣੇ ਸੁਖ ਲਈ ਹਰ ਕਿਸੇ ਦੀ ਗੁਲਾਮੀ ਤੇ ਚਾਪਲੂਸੀ ਕਰਦੇ ਫਿਰਦੇ ਹਨ ਤੇ ਪਿਛਲੇਰਿਆਂ ਨੂੰ ਦੇਵ-ਮੂਰਤ ਜਾਂ ਭਗਵਾਨ ਦੀ ਮੂਰਤ ਦੇ ਤੌਰ ਤੇ ਜੋ ਹਰਖ-ਸੋਗ, ਵੈਰ-ਮਿਤਰਤਾ ਤੋਂ ਬੇਪਰਵਾਹ ਹੋ ਜਾਣ। ਸਪਸ਼ਟ ਹੈ ਕਿ ਜੋ ਮਨੁੱਖੀ ਅੰਕਣ ਗੁਰੂ ਸਾਹਿਬ ਦੇ ਸਨਮੁੱਖ ਉਜਾਗਰ ਹੋ ਰਿਹਾ ਸੀ ਉਸ ਵਿਚ ਮਾਨਵਤਾ ਦੇ ਭਵਿੱਖ ਦੇ ਸਾਮਣ ਪਿਛਲੇਰੀ ਪ੍ਰਕਾਰ ਦੇ ਮਹਾਂਪੁਰਸ਼ ਹੀ ਹੋ ਸਕਦੇ ਸਨ।[49]

ਪਾਸ਼ਵਿਕ ਬਿਰਤੀਆਂ ਤੋਂ ਉਪਰ ਉਠ ਕੇ ਜੀਣਾ ਹੀ ਪਰਮਾਤਮਾ ਦਾ ਹੁਕਮ ਹੈ। ਇਸ ਲਈ ਗੁਰੂ ਤੇਗ਼ ਬਹਾਦਰ ਜੀ ਬਾਣੀ ਵਿਚਲਾ ਵੈਰਾਗ ਪਾਰਗਾਮੀ ਪ੍ਰਯੋਜਨ ਨਾਲ ਹੀ ਸੰਬੰਧਿਤ ਹੈ, ਜੋ ਮੋਹ ਮਾਇਆ, ਦੁਖ-ਸੁਖ, ਕੁਸਿਤ ਕੁਟੰਬ ਦੇ ਬੰਧਨਾਂ ਤੋਂ ਨਿਰਲਿਪਤ ਹੈ। ਪਰਮਾਤਮਾ ਦਾ ਹੁਕਮ ਮਨੁੱਖੀ ਪਤਨ ਦਾ ਨਿਵਾਰਣ ਕਰਨਾ ਹੈ। ਮਨੁੱਖ ਨੂੰ ਭੈ ਤੇ ਲੋਭ ਦੀਆਂ ਬਿਰਤੀਆਂ ਤੋਂ ਮੁਕਤ ਕਰਨਾ ਹੈ। ਮੌਤ ਦਾ ਭੈ ਹੋਵੇ, ਜਮਾਂ ਦੇ ਡਰ ਦਾ ਜਾਂ ਜ਼ਿੰਦਗੀ ਦਾ ਭੈ ਹੋਵੇ, ਹਰ ਭੈ ਦਾ ਅਧਾਰ ਬੰਧਨ ਹੈ। ਇਸ ਭੈ ਨੂੰ ਮਨ ਤੋਂ ਨਿਕਾਲਣਾ ਹੋਣਾ ਹੀ ਨਿਰਭੈ ਪਦ ਨੂੰ ਪ੍ਰਾਪਤ ਕਰਨਾ ਹੈ। ਅਜਿਹੇ ਜੀਵ ਹੀ ਹਰ ਤਰ੍ਹਾਂ ਦੇ ਬੰਧਨ ਤੋਂ ਮੁਕਤ ਹੋ ਕੇ ਪਾਰਗਾਮੀ ਅਵਸਥਾ ਵਿਚ ਵਿਚਰਦੇ ਹਨ। ਜਨਮ ਜਨਮਾਂਤਰਾਂ ਦੀ ਭਟਕਣ ਤੋਂ ਆਜ਼ਾਦ ਹੋ ਜਾਂਦੇ ਹਨ। ਫੇਰ ਉਨ੍ਹਾਂ ਨੂੰ ਮੌਤ ਦਾ ਭੈ ਜਾਂ ਜਮਾਂ ਦਾ ਤ੍ਰਾਸ ਪੋਹਦਾ ਨਹੀਂ।

> ਅਚਲ ਅਮਰ ਨਿਰਭੈ ਪਦੁ ਪਾਇਓ ਜਗਤ ਜਾਹਿ ਹੈਰਾਨੋ
> ਨਾਨਕ ਕਹਤ ਭਗਤ ਰਛਕ ਹਰਿ ਨਿਕਟਿ ਤਾਹਿ ਤੁਮ ਮਾਨੋ।[50]

ਇਸ ਲਈ ਮਨੁੱਖ ਨੂੰ ਬਾਰ ਬਾਰ ਚੇਤਾਵਨੀ ਦਿੱਤੀ ਗਈ ਹੈ।

> ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ
> ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ।[51]

ਕੇਵਲ ਭੈ ਦੀ ਭਾਵਨਾ ਤੋਂ ਮੁਕਤ ਹੋਣਾ ਗੁਰੂ ਤੇਗ਼ ਬਹਾਦਰ ਜੀ ਦੀ ਮੁਕਤੀ ਸੰਕਲਪ ਦਾ ਇਕ ਜ਼ਰੂਰੀ ਹਿੱਸਾ ਨਹੀਂ, ਸਗੋਂ ਹਰ ਭੇਖ ਤੋਂ ਸਰਬਪੱਖੀ ਪਰਮਾਤਮਾ ਦੀ ਬਾਣੀ ਵਿਚਲੇ ਮੁਕਤੀ ਦੇ ਪ੍ਰਸੰਗ ਦਾ ਹੀ ਇਕ ਅਟੁੱਟ ਅੰਗ ਹੈ। ਬਾਣੀ ਵਿਚ ਇਕ ਪਾਸੇ ਜਿਥੇ ਪਾਸ਼ਵਿਕ ਮਾਨਵ ਦਾ ਤਸੱਵਰ ਪੇਸ਼ ਹੋਇਆ ਹੈ, ਉਥੇ ਇਨ੍ਹਾਂ ਪਾਸ਼ਵਿਕ ਬਿਰਤੀਆਂ ਤੋਂ ਪਰਮਾਤਮਾ ਦਾ ਸੰਕਲਪ ਵੀ ਪੇਸ਼ ਹੋਇਆ ਹੈ। ਡਾ. ਅਤਰ ਸਿੰਘ ਦੇ ਵਿਚਾਰ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ।

> ਆਪ ਪਦਾਰਥਕ ਤੇ ਸਰੀਰਕ ਮੋਹ ਮਮਤਾ ਨੂੰ ਹੀ ਨਹੀਂ, ਦੁਖ ਸੁਖਾਦ, ਤ੍ਰਿਸ਼ਨਾ ਕਾਮਨਾ, ਲੋਭ ਲਾਲਸਾ, ਜਨ ਜੁਗਤੀ, ਮਾਣ ਮਰਯਾਦਾ ਨਹੀਂ ਭਟਕਣ ਦੇ ਨਾਲ ਸੰਬੰਧਤ ਦੁਬਧਾ ਤੇ ਸੰਸੇ ਤੋਂ ਵੀ ਇਕ ਪਾਰਗਾਮੀ ਦਸ਼ਾ ਦਾ ਸੰਕਲਪ ਪੇਸ਼ ਕਰਦੇ ਹਨ। ਇਸ ਪਰਮਾਤਮਾ ਦਾ ਹੁਕਮ ਮਨੁੱਖ

> ਨੂੰ ਉਸ ਮਾਨਵੀ ਧਰਾਤਲ ਵਿਚੋਂ ਡੇਗਦਾ ਹੈ, ਮਾਨਵ ਦੇ ਉਸ ਪਤਨ ਨੂੰ ਨਿਵਾਰਨਾ ਹੈ, ਜਿਸਨੇ ਉਸਨੂੰ ਦੇਹ ਦਾ ਕੈਦੀ ਬਣਾ ਕੇ ਮਨੁੱਖ ਤੋਂ ਪਸ਼ੂ ਬਣਾ ਦਿੱਤਾ ਹੈ।[32]

ਜੇਕਰ ਕੋਈ ਮਨੁੱਖ ਕਿਸੇ ਲਾਲਚ ਵੱਸ ਦੂਜੇ ਮਨੁੱਖਾਂ ਨੂੰ ਆਪਣੇ ਅਧੀਨ ਰੱਖਣਾ ਚਾਹੁੰਦਾ ਹੈ, ਗੁਰਬਾਣੀ ਅਨੁਸਾਰ ਉਹ ਮਨੁੱਖ ਗ੍ਰੰਥ ਜਾਂ ਸਾਧੂ ਹੈ ਪਰ ਤੇ ਨੂੰ ਮੰਨਣ ਵਾਲਾ ਵੀ ਮਾਨਵੀ ਵਿਰਾਸਤ ਤੋਂ ਵਿਹੂਣਾ ਹੋ ਚੁੱਕਾ ਹੈ ਕਿਉਂਕਿ ਉਸ ਨੂੰ ਆਪਣੀ ਹੋਂਦ ਦੀ ਪਛਾਣ ਹੀ ਨਹੀਂ ਰਹੀ। ਗੁਰੂ ਤੇਗ ਬਹਾਦਰ ਜੀ ਬਾਣੀ ਦੋਹਾਂ ਤਰ੍ਹਾਂ ਦੇ ਜੀਆਂ ਲਈ ਪਾਰਗਾਮਤਾ ਦਾ ਮਾਰਗ ਸੁਝਾਉਂਦੀ ਹੈ ਤਾਂ ਜੋ ਉਹ ਪਸ਼ੂਵਿਰਤਾ ਦੇ ਪੱਧਰ ਤੋਂ ਉਪਰ ਉਠ ਕੇ ਦਿਵਤਾ ਨੂੰ ਪ੍ਰਾਪਤ ਕਰ ਸਕਣ।

(ਝ) <u>ਮਾਨਵੀ ਵਿਰਾਸਤ ਤੋਂ ਵਿਹੀਣ ਹੋ ਚੁੱਕੇ ਮਾਨਵ ਨੂੰ ਮੁੜ ਉਸ ਦੀ ਮਾਨਵਤਾ ਪ੍ਰਦਾਨ ਕਰਨਾ, - ਵਿਕਾਰਗ੍ਰਸਤ ਹੋ ਚੁੱਕੇ ਮਾਨਵ ਨੂੰ ਮੁੜ ਮਾਨਵੀ ਦਿਵਯਤਾ ਦੇ ਯੋਗ ਬਣਾਉਣਾ - ਨਵੇਂ ਮਾਨਵ ਦਾ ਸੰਸਾਰਕ ਭਾਵਨਾਵਾਂ (ਦੁੱਖ-ਸੁੱਖ, ਉਸਤਤ-ਨਿੰਦਿਆ, ਮਾਨ-ਅਪਮਾਨ, ਹਰਖ-ਸੋਗ) ਆਦਿ ਤੋਂ ਪਾਰਗਾਮਤਾ ਦੇ ਰੂਪ ਵਿਚ ਪੇਸ਼ ਹੋਣਾ।</u>

ਮੋਹ ਤੇ ਲੋਭ ਦੋਹਾਂ ਭਾਵਨਾਵਾਂ ਨਾਲ ਜੁੜਿਆ ਜੀਵ ਮਾਨਵਤਾ ਤੋਂ ਵਿਹੂਣਾ ਹੋ ਜਾਂਦਾ ਹੈ। ਅਜਿਹਾ ਮਨੁੱਖ ਹਰ ਵੇਲੇ ਕਾਮਨਾਵਾਂ ਵਿਚ ਭਟਕਦਾ ਰਹਿੰਦਾ ਹੈ। ਦੌਲਤ ਤ੍ਰਿਸ਼ਨਾ, ਮਨੁੱਖ ਦੇ ਸੁਭਾਅ ਵਿਚ ਅਸਥਿਰਤਾ ਲਿਆਉਂਦੀ ਹੈ। ਕ੍ਰੋਧ ਦਾ ਪ੍ਰਚੰਡ ਰੂਪ ਜੀਵ ਨੂੰ ਗਿਆਨ ਵਿਹੂਣਾ ਕਰ ਦਿੰਦਾ ਹੈ। ਵਿਸ਼ੇ ਵਿਕਾਰਾਂ ਦੀ ਕੈਦ ਵਿਚ ਜਕੜਿਆ ਮਨੁੱਖ ਇਸ ਤੱਥ ਨੂੰ ਬਿਲਕੁਲ ਭੁੱਲ ਜਾਂਦਾ ਹੈ ਕਿ ਹਰ ਪਲ ਉਸਦੀ ਉਮਰ ਘੱਟ ਰਹੀ ਹੈ। ਮਾਨਵੀ ਵਿਰਾਸਤ ਤੋਂ ਵਿਹੂਣਾ ਹੋਇਆ ਮਨੁੱਖ ਲੋਭੀ ਕੁੱਤੇ ਵਾਂਗ ਦਰ ਦਰ ਭਟਕਦਾ ਰਹਿੰਦਾ ਹੈ। ਹਰ ਜਾਇਜ਼, ਨਜਾਇਜ਼ ਢੰਗ ਨਾਲ ਧਨ ਜੋੜਦਾ ਹੋਇਆ ਇਸ ਗੱਲ ਨੂੰ ਬਿਲਕੁਲ ਭੁੱਲ ਜਾਂਦਾ ਹੈ ਕਿ ਅੰਤ ਸਮੇਂ ਇਸ ਧਨ ਨੇ ਉਸਦਾ ਸਾਥ ਨਹੀਂ ਦੇਣਾ।

ਇਸ ਤਰ੍ਹਾਂ ਪੈਰ ਪੈਰ ਵਿਚ ਵਿਕਾਰਗ੍ਰਸਤ ਹੋ ਚੁੱਕੇ ਮਨੁੱਖ ਨੂੰ ਮੁੜ ਮਾਨਵੀ ਦਿਵਯਤਾ ਦੇ ਯੋਗ ਬਣਾਉਣ ਲਈ ਗੁਰੂ ਤੇਗ ਬਹਾਦਰ ਦੀ ਬਾਣੀ ਇਕ ਨਿਸ਼ਚਿਤ ਮਾਰਗ ਸੁਝਾਉਂਦੀ ਹੈ, ਤਾਂ ਜੋ

ਮਨੁੱਖ ਹਰ ਤਰ੍ਹਾਂ ਦੀ ਦੁਬਿਧਾ ਤੋਂ ਨਿਜਾਤ ਪਾ ਸਕੇ, ਤੇ ਉਨ੍ਹਾਂ ਪਾਸ਼ਵਿਕ ਬਿਰਤੀਆਂ ਦਾ ਨਿਵਾਰਣ ਹੋ ਸਕੇ ਜੋ ਮਨੁੱਖ ਨੂੰ ਮਨੁੱਖ ਤੋਂ ਪਸ਼ੂ ਬਣਾਉਣ ਲਈ ਜ਼ਿੰਮੇਵਾਰ ਹਨ।

> ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਪਸ਼ੂ ਘਟੇ, ਅਗਿਆਨੀ, ਬੰਧਨ-ਗ੍ਰਸਤ ਮਨੁੱਖ ਦੇ ਅਧਿਆਤਮਕ ਵਿਕਾਸ ਦੇ ਪਿਛੋਕੜ ਵਿਚ ਇਸ ਨਵੇਂ ਸੰਪੂਰਨ ਵਿਕਾਸਤ ਮਾਨਵ ਦਾ ਤਸੱਵਰ ਕਾਇਮ ਨਹੀਂ ਕਰ ਦਿਤਾ, ਸਗੋਂ ਇਸ ਨਵੇਂ ਮੁਕਤ ਮਾਨਵ ਦੀ ਜਿੰਦੀ ਜੋਤ ਵੀ ਆਪ ਦੀ ਬਾਣੀ ਵਿਚ ਸੁਰੱਖਿਤ ਹੈ। ਇਸ ਮਾਨਵ ਦਾ ਪ੍ਰਥਮ ਲਛਣ ਉਸਦੀ ਦੁੱਖ-ਸੁਖ, ਸੁੱਖ ਸਨੇਹ - ਤੇ, ਉਸਤਤ ਨਿੰਦਾ, ਮਾਨ-ਅਪਮਾਨਾ, ਆਸਾ-ਮਨਸਾ, ਹਰਖ-ਸੋਗ, ਵੈਰ-ਮਿਤਰਤਾ, ਕੰਚਨ ਲੋਹ ਤੋਂ ਪਾਰਗਾਮਤਾ ਦੇ ਰੂਪ ਵਿਚ ਹੁੰਦਾ ਹੈ।[53]

> ਜੋ ਨਰੁ ਦੁਖ ਮੈ ਦੁਖੁ ਨਹੀਂ ਮਾਨੈ
> ਸੁਖ ਸਨੇਹੁ ਅਰੁ ਭੈ ਨਹੀਂ ਜਾ ਕੈ ਕੰਚਨ ਮਾਟੀ ਮਾਨੈ
> ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ
> ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ
> ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ
> ਕਾਮੁ ਕ੍ਰੋਧ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮ ਨਿਵਾਸਾ।[54]

ਗੁਰੂ ਤੇਗ਼ ਬਹਾਦਰ ਇਕ ਨਵਾਂ ਆਦਰਸ਼ੀ ਮਨੁੱਖ ਪੈਦਾ ਕਰਨਾ ਚਾਹੁੰਦੇ ਸਨ ਜੋ ਨਾ ਕਿਸੇ ਨੂੰ ਭੈ ਦੇਵੇ ਤੇ ਨਾ ਕਿਸੇ ਦਾ ਭੈ ਮੰਨੇ।[55] ਜੋ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਮਾਨਵੀ ਸੰਕਟ ਦਾ ਨਿਰੂਪਣ ਸੰਤੁਲਿਤ ਮਾਨਵ ਦੇ ਰੂਪ ਵਿਚ ਪੇਸ਼ ਹੋਇਆ ਹੈ ਜਿਸਨੇ ਪਦਾਰਥਕ ਸੁੱਖ ਤੇ ਸਰੀਰਕ ਮੋਹ-ਮਮਤਾ ਦਾ ਤਿਆਗ ਕਰ ਦਿੱਤਾ ਹੈ। ਜਿਹੜੈ ਮਾਨਵ ਪ੍ਰਗਟ ਕਰਨੀ ਸਾਇਆ ਦੀ ਸ਼ੁੱਧਤਾ ਦਰਸਾ ਕੇ ਹਰ ਤਰ੍ਹਾਂ ਦੇ ਬੰਧਨ ਤੋਂ ਮੁਕਤ ਹੋ ਕੇ ਜ਼ਿੰਦਗੀ ਜੀਣ ਦਾ ਸੰਦੇਸ਼ ਦਿੱਤਾ ਹੈ।

ਬਾਣੀ ਵਿਚ ਅਜਿਹੇ ਮਾਨਵ ਦਾ ਚਿੱਤਰ ਵੀ ਥਾਂ ਥਾਂ ਪੇਸ਼ ਹੋਇਆ ਹੈ ਜੋ ਅੰਦਰੂਨੀ ਕਾਮਨਾਵਾਂ ਕਾਰਣ ਅੰਦਰੋਂ ਤਿੜਕਿਆ ਹੋਇਆ ਹੈ, ਜਿਸ ਨੂੰ ਹਰ ਪਲ ਮੌਤ ਦਾ ਭੈ ਤੰਗ ਕਰਦਾ ਹੈ, ਜਿਹੜਾ ਦੁਨਿਆਵੀ ਮੋਹ ਦੇ ਵਿਸ਼ਾਲ ਜਾਲ ਦੇ ਭਰ ਨਾਲ ਗ੍ਰਸਿਆ ਹੋਇਆ ਹੈ। ਅਜਿਹਾ

ਮਨੁੱਖ, ਮਾਨਵਤਾ ਤੋਂ ਵਿਹੂਣਾ ਹੋ ਚੁੱਕਾ ਹੈ। ਉਹ ਤਾਂ ਹੀ ਐਸੀ ਉੱਚੀ ਮਾਨਵਤਾ ਨੂੰ ਪ੍ਰਾਪਤ ਕਰ ਸਕਦਾ ਹੈ ਜੇਕਰ ਇਸ ਵਿਕਾਰਮਈ ਦੀ ਪ੍ਰਕ੍ਰਿਆ ਨੂੰ ਉਲਟਾ ਸਕੇ। ਤਾਂ ਹੀ ਉਹ ਜਿੰਨੀ ਚਿੰਤਾਂ ਦੇ ਦਾਇਰੇ ਵਿਚੋਂ ਨਿਕਲ ਕੇ ਉੱਚੇ ਨੈਤਿਕ ਆਦਰਸ਼ ਸਥਾਪਤ ਕਰ ਸਕੇਗਾ। ਅਜਿਹਾ ਮਨੁੱਖ ਦੁਨਿਆਵੀ ਚਿੰਤਾਂ ਤੋਂ ਉਪਰ ਉਠ ਜਾਂਦਾ ਹੈ, ਉਹ ਦਵੰਦਾਤੀਤ ਹੋ ਜਾਂਦਾ ਹੈ।

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ।[56]

ਹਰਖ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ।[57]

ਦਵੰਦਾਤੀਤ ਮਨੁੱਖ ਹਰ ਤਰ੍ਹਾਂ ਦੇ ਵਿਕਾਰਾਂ ਤੋਂ ਉਪਰ ਉਠ ਕੇ ਸਾਰੀਆਂ ਦੁਸ਼ ਬਿਰਤੀਆਂ ਤੇ ਕਾਬੂ ਪਾ ਲੈਂਦਾ ਹੈ। ਅਜਿਹਾ ਮਨੁੱਖ ਮਾਇਆ ਤੋਂ ਨਿਰਲਿਪਤ ਹੋ ਜਾਂਦਾ ਹੈ।

ਸਾਰ ਰੂਪ ਵਿਚ ਕੇ ਇਉਂ ਕਿਹਾ ਜਾ ਸਕਦਾ ਹੈ ਕਿ ਗੁਰੂ ਤੇਗ ਬਹਾਦਰ ਦੀ ਬਾਣੀ ਵਿਚ ਮਾਨਵੀ ਵਿਰਾਸਤ ਤੋਂ ਵਿਹੂਣੇ ਹੋ ਚੁੱਕੇ ਮਾਨਵ ਨੂੰ ਮੁੜ ਮਾਨਵੀ ਇਕਸਾਰਤਾ ਦੇ ਮੇਲ ਕਰਾ ਕੇ ਇਕ ਨਵੇਂ ਮਾਨਵ ਦਾ ਤਸੱਵਰ ਪੇਸ਼ ਹੋਇਆ ਹੈ ਜਿਹੜਾ ਸੰਸਾਰਕ ਭਾਵਨਾਵਾਂ, ਦੁਖ-ਸੁਖ, ਹਰਖ-ਸੋਗ, ਉਸਤਤ-ਨਿੰਦਿਆ ਆਦਿ ਤੋਂ ਪਾਰਗਾਮਤਾ ਦੇ ਰੂਪ ਵਿਚ ਪੇਸ਼ ਹੁੰਦਾ ਹੈ।

### (ਸ) ਮਨੁੱਖੀ ਸੰਕਟ ਦੇ ਕਾਰਣ (ਅੰਦਰੂਨੀ ਪ੍ਰਾਪਤਾਂ - ਮਨ ਦੀ ਭਟਕਣਾ - ਮੋਹ ਦਾ ਤੈ - ਇਕਲਤਾ ਦਾ ਸੰਤਾਪ - ਦੁਨਿਆਵੀ ਵਿਜੋਗ)

ਮਨੁੱਖ ਦੀਆਂ ਅਤਿਰਿਕਤ ਪ੍ਰਾਪਤਾਂ ਉਸ ਦੀ ਭਟਕਣਾ ਦਾ ਮੁੱਖ ਕਾਰਣ ਹਨ। ਜੀਵ, ਹਰੀ ਸਿਮਰਨ ਨੂੰ ਭੁਲਾ ਕੇ, ਨੀਵੀਆਂ ਕਾਮਨਾਵਾਂ ਵਿਚ ਗ੍ਰਸਤ ਰਹਿਣ ਕਾਰਣ ਦੁਖੀ ਰਹਿੰਦਾ ਹੈ। ਇਨ੍ਹਾਂ ਪ੍ਰਾਪਤਾਂ ਦੇ ਬੰਧਨਾਂ ਵਿਚੋਂ ਪ੍ਰਮੁੱਖ ਬੰਧਨ ਮਾਇਆ ਦਾ ਹੈ।

ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ
ਅਹਿਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ।[58]

ਜਿਨਿ ਚਿਤੁ ਮਾਇਆ ਕਾਰਣੇ ਪ੍ਰਾਣੀ ਚੇਤਨ ਨੀਤ।[59]

ਅਸਲ ਵਿਚ ਮਾਇਆ ਹੀ ਹੈ ਜੋ ਮਨੁੱਖ ਨੂੰ ਹਮੇਸ਼ਾ ਭਟਕਣਾ ਦੇ ਚੱਕਰ ਵਿਚ ਫਸਾਈ ਰੱਖਦੀ ਹੈ। ਕਿਉਂਕਿ ਖ਼ਾਹਸ਼ਾਂ ਦੀ ਕਦੇ ਤ੍ਰਿਪਤੀ ਨਹੀਂ ਹੋ ਸਕਦੀ ਜਿਦੇ ਕਰਕੇ ਮਨੁੱਖ ਸੰਕਟਗ੍ਰਸਤ ਰਹਿੰਦਾ ਹੈ। ਇੱਛਾਵਾਂ ਦਾ ਭਰਮਜਾਲ ਮਨੁੱਖ ਨੂੰ ਹਮੇਸ਼ਾ ਉਲਝਾਈ ਰੱਖਦਾ ਹੈ।

ਸਾਧੋ ਇਹੁ ਜਗੁ ਭਰਮ ਭੁਲਾਨਾ
ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥ ਬਿਕਾਨਾ
ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਪਟਾਨਾ
ਜੋਬਨ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ।[60]

ਸੰਸਾਰਿਕ ਬਿਰਤੀਆਂ ਦੇ ਵੱਸ ਪੈ ਕੇ ਮਨੁੱਖ ਗੋਬਿੰਦ ਦੇ ਨਾਮ ਨੂੰ ਬਿਲਕੁਲ ਭੁੱਲ ਜਾਂਦਾ ਹੈ। ਖ਼ੂਬਸੂਰਤ ਬਨਤਾਂ ਦੇ ਵਿਲਾਸ ਆਦਿ ਤੇ ਬੈਠੇ ਮੌਜ ਮਨਾਉਂਦਾ ਹੈ। ਕਿਉਂਕਿ ਉਸਨੂੰ ਆਪਣੇ ਮੂਲ ਆਪੇ ਦੀ ਸੋਝੀ ਨਹੀਂ, ਉਹ ਜ਼ਿੰਦਗੀ ਦਾ ਕੀਮਤੀ ਸਮਾਂ ਘਰ ਦਾਰਾ ਤੇ ਧਨ ਇਕੱਠਾ ਕਰਨ ਵਿਚ ਬਿਅਰਥ ਗੁਆਉਂਦਾ ਹੈ। ਬਾਰ ਬਾਰ ਸਮਝਾਉਣ ਤੇ ਵੀ ਸਮਝਦਾ ਨਹੀਂ।[61] ਇਹ ਖ਼ਾਹਸ਼ਾਂ ਮਨੁੱਖ ਦੇ ਜੀਵਨ ਦਾ ਮੁੱਖ ਕਾਰਣ ਹਨ ਜਿਸ ਸਦਕਾ ਉਹ ਹਮੇਸ਼ਾ ਅਸੰਤੁਲਿਤ ਅਵਸਥਾ ਵਿਚ ਰਹਿੰਦਾ ਹੈ।

ਅਸਲ ਮਨੁੱਖ ਦੇ ਸੰਕਟ ਦਾ ਮੁੱਖ ਕਾਰਣ ਉਸ ਦੇ ਮਨ ਦੀ ਅਸ਼ਾਂਤਤਾ, ਅੰਦਰੂਨੀ ਖ਼ਾਹਸ਼ਾਂ ਤੇ ਮਾਨਸਿਕ ਅਸੰਤੁਲਨ ਹੈ। ਪਦਾਰਥਕ ਪਦਾਰਥਾਂ ਮਗਰ ਦੌੜ ਕੇ ਜੀਵਨਦੇ ਅਸਲ ਮਾਰਗ ਤੋਂ ਭਟਕਦਾ ਹੈ। ਕਿਉਂਕਿ ਖ਼ਾਹਸ਼ਾਂ ਦਾ ਕਦੇ ਅੰਤ ਨਹੀਂ ਹੋ ਸਕਦਾ, ਇਸ ਲਈ ਮਨੁੱਖ ਦੀ ਭਟਕਣਾ ਹਮੇਸ਼ਾ ਬਣੀ ਰਹਿੰਦੀ ਹੈ। ਇਹ ਸੰਕਟ ਮਾਨਸ ਮਨ ਦੇ ਅਧੂਰੇਪਣ ਦਾ ਸੰਕਟ ਹੈ, ਮਨੁੱਖ ਦੀ ਅਗਿਆਨਤਾ ਦਾ ਸੰਕਟ ਹੈ।

<u>ਮਨ ਦੀ ਭਟਕਣਾ।</u>

ਮਨੁੱਖੀ ਸੰਕਟ ਦਾ ਮੂਲ ਕਾਰਣ ਉਸਦੇ ਮਨ ਦੀ ਭਟਕਣਾ ਹੈ। ਮਾਇਆਗ੍ਰਸਤ ਮਨੁੱਖ ਦਿਨ ਰਾਤ ਭਟਕ ਰਿਹਾ ਹੈ। ਮੋਹ ਮਾਇਆ ਮਨੁੱਖ ਦਾ ਅਜਿਹਾ ਬੁਨਿਆਦੀ ਸੰਸਕਾਰ ਹੈ ਜਿਸ

ਤੋਂ ਮਨੁੱਖ ਛੁਟਕਾਰਾ ਨਹੀਂ ਪਾ ਸਕਦਾ। ਇਹੋ ਕਾਰਣ ਹੈ ਕਿ ਉਹ ਜਗਤ ਦੇ ਪਰਿਵਰਤਨ ਦੇ ਨਿਯਮ ਨੂੰ ਨਹੀਂ ਸਮਝ ਸਕਦਾ। ਅਸਥਿਰ ਵਸਤਾਂ ਦੀ ਅਸਾਰਤਾ ਨੂੰ ਦੇਖ ਕੇ ਦੁਖੀ ਹੁੰਦਾ ਰਹਿੰਦਾ ਹੈ। ਗੁਰੂ ਤੇਗ਼ ਬਹਾਦਰ ਮਨ ਦੀ ਭਟਕਣਾਂ ਦਾ ਵਰਣਨ ਇਉਂ ਕਰਦੇ ਹਨ।

ਮਨ ਰੇ ਕਹਾ ਭਇਓ ਤੈ ਬਉਰਾ
ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ
ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ
ਇਨ ਮੈ ਕਛੂ ਤੇਰੋ ਰੇ ਨਾਹਨਿ ਦੇਖੋ ਸੋਚ ਬਿਚਾਰੀ।[62]

ਮਨੁੱਖ ਆਪਣੇ ਬੁੱਧੀ ਬਲ ਦਾ ਗਰਬ ਕਰਦਾ ਹੈ, ਉਸਨੂੰ ਆਪੂ ਬਲ ਦਾ ਗਰਬ ਹੈ। ਪਰ ਇਸ ਬਲ ਸਦਕਾ ਮਨੁੱਖ ਦੀ ਭਟਕਣਾਂ ਮੁੱਕਦੀ ਨਹੀਂ ਸਗੋਂ ਵੱਧਦੀ ਹੈ ਕਿਉਂਕਿ ਇਸ ਸ਼ਕਤੀ ਦਾ ਬਲ ਬੇਮੁਹਾਰਾ ਹੈ, ਅਜਿਹਾ ਬਲ ਤਾਂ ਸਗੋਂ ਮਨੁੱਖ ਲਈ ਬੰਧਨ ਬਣ ਜਾਂਦਾ ਹੈ। ਮਨੁੱਖ ਇਨ੍ਹਾਂ ਦਾ ਗੁਲਾਮ ਹੋ ਕੇ ਰਹਿ ਜਾਂਦਾ ਹੈ। ਜਵਾਨੀ ਤੇ ਤਾਕਤ ਦਾ ਨਸ਼ਾ ਉਸ ਨੂੰ ਪਾਗਲ ਕਰ ਦਿੰਦਾ ਹੈ। ਅਜਿਹੀ ਅਵਸਥਾ ਵਿਚ ਉਹ ਦੁਨਿਆਵੀ ਸ਼ਕਤੀਆਂ ਨੂੰ ਤਾਂ ਹਾਸਲ ਕਰ ਲੈਂਦਾ ਹੈ ਪਰ ਆਤਮਿਕ ਮੰਡਲ ਤੋਂ ਸੱਖਣਾ ਹੀ ਰਹਿੰਦਾ ਹੈ। ਕਿਉਂਕਿ ਮਨੁੱਖ ਉਸ ਸ਼ਕਤੀ ਨੂੰ ਯਾਦ ਨਹੀਂ ਕਰਦਾ ਜਿਸ ਨੇ ਉਸ ਨੂੰ ਇਹ ਬਲ ਪ੍ਰਦਾਨ ਕੀਤੇ ਹਨ। ਮਨੁੱਖ ਜਗਤ ਰਚਨਾ ਦੇ ਮਰਮ ਨੂੰ ਅਨੁਭਵ ਕਰਨ ਦੀ ਕੋਸ਼ਿਸ਼ ਨਹੀਂ ਕਰਦਾ। ਲਾਲਚ ਵੱਸ ਉਹ ਜੋ ਵੀ ਕਰਮ ਕਰਦਾ ਹੈ ਉਹ ਉਸ ਲਈ ਬੰਧਨ ਬਣ ਜਾਂਦੇ ਹਨ। ਮਾਨਸਿਕ ਸ਼ਾਂਤੀ ਦੀ ਭਾਲ ਲਈ ਉਹ ਜੰਗਲਾਂ ਵੱਲ ਦੌੜਦਾ ਹੈ, ਇਸ ਗੱਲੋਂ ਬਿਲਕੁਲ ਅਣਜਾਣ ਹੋ ਕੇ ਕਿ ਜਿਸ ਚੀਜ਼ ਦੀ ਪ੍ਰਾਪਤੀ ਲਈ ਉਹ ਭਟਕ ਰਿਹਾ ਹੈ, ਉਹ ਉਸਦੇ ਆਪਣੇ ਅੰਦਰ ਹੈ।

ਭੂਲਿਓ ਮਨ ਮਾਇਆ ਉਰਝਾਇਓ
ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ
ਸਮਝ ਨ ਪਰੀ ਬਿਖੈ ਰਸ ਰਚਿਓ ਜਸੁ ਹਰਿ ਕੋ ਬਿਸਰਾਇਓ
ਸੰਗਿ ਸੁਆਮੀ ਸੋ ਜਾਨਿਓ ਨਾਹਿਨ ਬਨੁ ਖੋਜਨ ਕਉ ਧਾਇਓ
ਰਤਨੁ ਰਾਮੁ ਘਟ ਹੀ ਕੇ ਭੀਤਰਿ ਤਾ ਕੋ ਗਿਆਨੁ ਨ ਪਾਇਓ।[63]

ਗੁਰੂ ਤੇਗ਼ ਬਹਾਦਰ ਦੀ ਵਿਚਾਰਧਾਰਾ ਦਾ ਕੇਂਦਰੀ ਨੁਕਤਾ ਇਹ ਹੈ ਕਿ ਹਰੀ ਸਿਮਰਨ ਬਿਨਾਂ ਜੀਵ ਦੁੱਖਾਂ ਦਾ ਭਾਗੀ ਬਣਦਾ ਹੈ। ਕਈ ਤਰ੍ਹਾਂ ਦੇ ਸੰਕਟ ਉਸ ਨੂੰ ਉਲਝਾਈ ਰੱਖਦੇ ਹਨ। ਤੀਰਥਾਂ ਦਾ ਭ੍ਰਮਣ, ਵ੍ਰਤ, ਜੋਗ ਇਹ ਸਾਰੇ ਕਰਮ ਉਸਦੇ ਸੰਕਟ ਨੂੰ ਦੂਰ ਕਰਨ ਵਿਚ ਨਿਸਫਲ ਸਾਬਤ ਹੁੰਦੇ ਹਨ।

ਹਰਿ ਕੇ ਨਾਮ ਬਿਨਾਂ ਦੁਖੁ ਪਾਵੈ
ਭਗਤਿ ਬਿਨਾਂ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ
ਕਹਾਂ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ
ਜੋਗ ਜਗ ਨਿਸਫਲ ਤਿਹ ਮਾਨਉ ਜੋ ਪ੍ਰਭ ਜਸ ਬਿਸਰਾਵੈ।[64]

ਮਨ ਦੀ ਚੰਚਲਤਾ ਕਾਰਨ ਮਨੁੱਖ ਦੀ ਤ੍ਰਿਸ਼ਨਾ ਵੱਧਦੀ ਹੈ। ਪ੍ਰਭੂ ਰੂਪ ਅੰਸ ਮਨੁੱਖ, ਆਪਣੀ ਸੁੱਧ ਬੁੱਧ ਖੋ ਬੈਠਦਾ ਹੈ। ਮਨ ਹਮੇਸ਼ਾ ਇੰਦ੍ਰੀਆਂ ਵਿਕਾਰੀਆਂ ਕੋਲ ਪ੍ਰੇਰਿਤ ਹੁੰਦਾ ਹੈ। ਮਨੁੱਖ ਦਾ ਸੰਕਟ ਇਹ ਹੈ ਕਿ ਉਹ ਜਾਣਦਾ ਹੋਇਆ ਵੀ ਇਸ ਚੱਕਰ ਵਿਚੋਂ ਨਿਕਲ ਨਹੀਂ ਸਕਦਾ। ਉਹ ਬੇਵੱਸ ਹੋ ਕੇ ਰਹਿ ਜਾਂਦਾ ਹੈ।

ਸਾਧੋ ਕਉਨ ਜੁਗਤਿ ਅਬ ਕੀਜੈ
ਜਾ ਤੇ ਦੁਰਮਤਿ ਸਗਲ ਬਿਨਾਸੈ ਰਾਮ ਭਗਤਿ ਮਨੁ ਭੀਜੈ
ਮਨ ਮਾਇਆ ਮਹਿ ਉਰਝਿ ਰਹਿਓ ਹੈ ਬੂਝੈ ਨਹ ਕਛੁ ਗਿਆਨਾ
ਕਉਨੁ ਨਾਮੁ ਜਗੁ ਜਾ ਕੈ ਸਿਮਰੈ ਪਾਵੈ ਪਦੁ ਨਿਰਬਾਨਾ।[65]

ਮਨੁੱਖ ਦੇ ਸੰਕਟ ਦੇ ਕਾਰਨਾਂ ਵਿਚੋਂ ਪ੍ਰਮੁੱਖ ਕਾਰਨ ਮਨ ਦੀ ਭਟਕਣਾ ਹੀ ਹੈ। ਕਿਉਂਕਿ ਇਸ ਦੀ ਤ੍ਰਿਸ਼ਨਾ ਕਦੇ ਸੰਤੁਸ਼ਟ ਨਹੀਂ ਹੁੰਦੀ। ਸੰਸਾਰਕ ਵਸਤੂਆਂ ਦਾ ਆਕਰਸ਼ਣ ਮਨ ਦੀ ਅਸਥਿਰਤਾ ਦਾ ਪ੍ਰਮੁੱਖ ਕਾਰਨ ਹੈ। ਮਨੁੱਖ ਦੀ ਇਸ ਸੰਕਟਮਈ ਅਵਸਥਾ ਦਾ ਵਰਣਨ ਬਾਣੀ ਵਿਚ ਬਾਰ ਬਾਰ ਮਿਲਦਾ ਹੈ।

ਮਾਈ ਮੈ ਕਿਹਿ ਬਿਧਿ ਲਖਉ ਗੁਸਾਈ
ਮਹਾਂ ਮੋਹ ਅਗਿਆਨਿ ਤਿਮਰਿ ਮੋ
ਮਨੁ ਰਹਿਓ ਉਰਝਾਈ।[66]

ਮਨੁੱਖੀ ਮਨ ਬੜਾ ਹਠੀਲਾ ਤੇ ਜ਼ਿੱਦੀ ਹੈ। ਕਿਸੀ ਦੀ ਸਿੱਖਿਆ ਕਬੂਲਣ ਤੋਂ ਗੁਰੇਜ਼ ਹੀ ਕਰਦਾ ਹੈ। ਜਿਸ ਸਦਕਾ ਮਨ ਦੀ ਭਟਕਣਾ ਬਰਾਬਰ ਕਾਇਮ ਰਹਿੰਦੀ ਹੈ।

ਯਹ ਮਨੁ ਨੈਕ ਨ ਕਹਿਓ ਕਰੈ
ਸੀਖ ਸਿਖਾਇ ਰਹਿਓ ਅਪਨੀ ਸੀ
ਦੁਰਮਤਿ ਤੇ ਨਾ ਟਰੈ।[67]

ਮਨੁੱਖੀ ਮਨ ਦੀ ਪ੍ਰਕਿਰਤੀ ਹੀ ਅਜਿਹੀ ਹੈ ਕਿ ਮਨੁੱਖ ਚਾਹੁੰਦਿਆਂ ਹੋਇਆਂ ਵੀ ਇਸ ਬੇਲਗਾਮ ਮਨ ਤੇ ਕਾਬੂ ਨਹੀਂ ਪਾ ਸਕਦਾ। ਹਰ ਤਰ੍ਹਾਂ ਦੇ ਕਰਮ ਨਿਰਾਰਥਕ ਸਿੱਧ ਹੁੰਦੇ ਹਨ। ਇਹ ਕੁਕਰਮ ਬੁਰਾਈਆਂ ਨੂੰ ਛੇਤੀ ਅਪਣਾਉਂਦਾ ਹੈ ਤੇ ਵੇਦ ਲੋਕ ਪਠਨ ਕਰਨ ਤੇ ਵੀ ਉਧਰੋਂ ਨਹੀਂ ਮੁੜਦਾ। ਬਲਕਿ ਮਨ ਦੀ ਚੰਚਲਤਾ, ਬੇਲਗਾਮਪਨ, ਕਠੋਰਤਾ, ਢੀਠਤਾ, ਮਨੁੱਖ ਦੇ ਸੰਕਟ ਦੇ ਮੂਲ ਕਾਰਨ ਹਨ।

ਮੌਤ ਦਾ ਭੈ।

ਮਨੁੱਖ ਲਈ ਸਭ ਤੋਂ ਵੱਡਾ ਸੰਕਟ ਸਰੀਰਕ ਦੇਹ ਦੇ ਵਿਨਾਸ਼ ਜਾਣ ਦਾ ਭੈ ਹੈ। ਗੁਰੂ ਤੇਗ਼ਬਹਾਦਰ ਦੀ ਬਾਣੀ ਵਿਚ ਥਾਂ ਥਾਂ ਮੌਤ ਦੇ ਚਿੱਤਰ ਉਲੀਕੇ ਮਿਲਦੇ ਹਨ, ਜਿਨ੍ਹਾਂ ਨੂੰ ਵੇਖ ਕੇ ਮਨੁੱਖ ਸੰਕਟਗ੍ਰਸਤ ਹੋ ਜਾਂਦਾ ਹੈ।

ਮਨ ਕਹਾ ਬਿਸਾਰਿਓ ਰਾਮਨਾਮੁ
ਤਨੁ ਬਿਨਸੈ ਜਮਸਿਉ ਪਰੈ ਕਾਮੁ।[68]

ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ
ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ।[69]

ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ
ਕਾਲ ਫਾਸ ਜਬ ਗਲਿ ਪਰੀ ਸਭ ਭਇਓ ਪਰਾਇਓ।[70]

ਡਾ. ਕੇਸਰ ਸਿੰਘ ਅਨੁਸਾਰ, "ਇਹ ਕੇਵਲ ਸੰਸਕ੍ਰਿਤੀ-ਮੂਲਕ ਵਿਅਕਤੀ (Individual) ਦੀ ਸਮੱਸਿਆ ਨਹੀਂ, ਸਗੋਂ ਪ੍ਰਕਿਰਤੀ ਮੂਲਕ ਪ੍ਰਾਣੀ (Being) ਦੀ ਸਮੱਸਿਆ ਵੀ ਹੈ।"[71]

ਭਾਵੇਂ ਗੁਰੂ ਤੇਗ਼ ਬਹਾਦਰ ਦੀ ਬਾਣੀ ਦਾ ਮਕਸਦ ਮੌਤ ਦੇ ਡਰ ਦਾ ਜ਼ਿਕਰ ਕਰਕੇ ਮਨੁੱਖ ਨੂੰ ਡਰਾਉਣਾ ਨਹੀਂ ਸਗੋਂ ਗੋਬਿੰਦ ਨਾਮ ਦੇ ਸਿਮਰਨ ਦੁਆਰਾ ਅਜਿਹਾ ਆਤਮਿਕ ਬਲ ਪ੍ਰਾਪਤ ਕਰਨ ਦੀ ਪ੍ਰੇਰਣਾ ਦੇਣਾ ਹੈ ਜਿਸ ਨਾਲ ਮਨੁੱਖ ਇਸ ਡਰ ਤੋਂ ਨਵਿਰਤ ਹੋ ਸਕੇ।[72]

ਪਰ ਮੌਤ ਦਾ ਡਰ ਮਨੁੱਖ ਲਈ ਇਕ ਅਜਿਹੀ ਸਚਾਈ ਹੈ ਜਿਸ ਕਾਰਨ ਜੀਵ ਹਮੇਸ਼ਾ ਸੰਕਟਗ੍ਰਸਤ ਰਹਿੰਦਾ ਹੈ। ਜਮਾਂ ਦੀਆਂ ਭਿਆਨਕ ਸਜਾਵਾਂ ਮਨੁੱਖ ਨੂੰ ਝੰਜੋੜ ਕੇ ਰੱਖ ਦਿੰਦੀਆਂ ਹਨ।

ਮਾਇਆ ਕੇ ਮਦਿ ਜਨਮੁ ਸਿਰਾਇਓ ਰਾਮ ਭਜਨਿ ਨਹੀ ਲਾਗਿਓ
ਜਮ ਕੋ ਡੰਡੁ ਪਰਿਓ ਸਿਰ ਊਪਰਿ ਤਬ ਸੋਵਤ ਤੈ ਜਾਗਿਓ।[73]

ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ।[74]

ਮੌਤ ਦੀ ਅਚਾਨਕਤਾ ਵੀ ਮਨੁੱਖ ਦੇ ਸੰਕਟ ਦਾ ਇਕ ਵੱਡਾ ਕਾਰਣ ਹੈ। ਮਨੁੱਖ ਕਿੰਨੀਆਂ ਯੋਜਨਾਵਾਂ ਘੜਦਾ ਹੈ ਪਰ ਮੌਤ ਅਚਾਨਕ ਆ ਕੇ ਉਸ ਨੂੰ ਝਪਟ ਲੈਂਦੀ ਹੈ। ਮੌਤ ਦੀ ਅਟੱਲ ਹਕੀਕਤ ਤੋਂ ਮਨੁੱਖ ਹਮੇਸ਼ਾ ਹੀ ਘਬਰਾਇਆ ਰਹਿੰਦਾ ਹੈ। ਧਨ, ਧਰਨੀ ਤੇ ਸੰਪਤੀ ਦਾ ਅਭਿਮਾਨ ਕਰਨ ਵਾਲੇ ਲੋਕਾਂ ਦਾ ਅੰਤ ਬੜਾ ਮੰਦਾ ਹੁੰਦਾ ਹੈ, ਕਿਉਂਕਿ ਅੰਤ ਸਮੇਂ ਸਾਰਾ ਕੁਝ ਇੱਥੇ ਹੀ ਰਹਿ ਜਾਂਦਾ ਹੈ।

ਧਨੁ ਧਰਨੀ ਅਰੁ ਸੰਪਤਿ ਸਗਰੀ ਜੋ ਮਾਨਿਓ ਅਪਨਾਈ
ਤਨ ਛੂਟੈ ਕਛੁ ਸੰਗਿ ਨ ਚਾਲੈ ਕਹਾ ਤਾਹਿ ਲਪਟਾਈ।[75]

ਬੁਢਾਪੇ ਦੇ ਕਰੁਣਾਮਈ ਚਿੱਤਰ ਉਲੀਕ ਕੇ ਮਨੁੱਖ ਨੂੰ ਮੌਤ ਯਾਦ ਕਰਵਾਈ ਗਈ ਹੈ। ਗੁਰੂ ਕਵੀ ਨੇ ਮੌਤ ਦੇ ਭਿਆਨਕ ਚਿੱਤਰ ਉਲੀਕ ਕੇ ਮਨੁੱਖ ਨੂੰ ਦੁਨਿਆਵੀ ਝੂਠੇ ਰਿਸ਼ਤਿਆਂ ਦੀ ਅਸਲੀਅਤ ਤੋਂ ਜਾਣੂ ਕਰਵਾਇਆ ਹੈ।

ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ
ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ।[76]

ਰਤਨਾਂ ਦਾ ਵਿਸ਼ਾਲ ਮਾਲਕ ਆਪਣੀ ਸਰੀਰਕ ਤਾਕਤ ਤੇ ਜਾਇਦਾਦ ਤੇ ਬੜਾ ਭਰੋਸਾ ਕਰਦਾ ਹੈ ਪਰ ਮੌਤ ਦਾ ਭੈ ਇਸ ਭਰੋਸੇ ਨੂੰ ਤੋੜ ਦਿੰਦਾ ਹੈ।

ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ
ਕਾਲ ਫਾਸ ਜਬ ਗਲਿ ਪਰੀ ਸਭੁ ਭਇਓ ਪਰਾਇਓ।[77]

ਦਰਅਸਲ ਗ੍ਰਿਹਸਤੀ ਜੀਵਨ ਬਤੀਤ ਕਰਦਿਆਂ, ਸੰਸਾਰਕ ਰਿਸ਼ਤਿਆਂ ਤੇ ਦੌਲਤ ਪ੍ਰਤੀ ਉਦਾਸੀਨਤਾ ਦਾ ਵਤੀਰਾ ਧਾਰਨ ਕਰਨਾ ਅਸੰਭਵ ਜਿਹਾ ਜਾਪਦਾ ਹੈ। ਇਸ ਲਈ ਮੌਤ ਸਾਧਾਰਨ ਜੀਵ ਨੂੰ ਡਰਾਉਂਦੀ ਜ਼ਰੂਰ ਹੈ। ਮਨੁੱਖ ਮਾਨਸਿਕ ਵਿਕਾਰਾਂ ਦੀ ਜਾਲ ਵਿਚ ਫਸਿਆ ਰਹਿੰਦਾ ਹੈ ਤੇ ਦੁਨਿਆਵੀ ਮੋਹ ਨੂੰ ਤਿਆਗ ਨਹੀਂ ਸਕਦਾ। ਗੁਰੂ ਤੇਗ਼ ਬਹਾਦਰ ਨੇ ਬਾਰ ਬਾਰ ਮਨੁੱਖ ਨੂੰ ਮੌਤ ਦੇ ਆਗਮਨ ਦਾ ਅਹਿਸਾਸ ਕਰਵਾਇਆ ਹੈ ਕਿ ਜਿਨ੍ਹਾਂ ਲੋਕਾਂ ਨੂੰ ਮਨੁੱਖ ਸਾਥੀ ਸਮਝਦਾ ਹੈ, ਉਹ ਸਾਥੀ ਨਹੀਂ, ਬੇਮੁਖੀਏ ਹਨ। ਸਭ ਨੂੰ ਮੌਤ ਨੇ ਖੁਸ ਲੈਣਾ ਹੈ। ਇਸ ਨਾਸ਼ਵਾਨ ਸੰਸਾਰ ਨਾਲ ਮੋਹ ਅੰਤ ਵਿਚ ਦੁਖਦਾਈ ਸਿੱਧ ਹੁੰਦਾ ਹੈ। ਪਰ ਮਨੁੱਖ ਦਾ ਸੰਕਟ ਇਹ ਹੈ ਕਿ ਇਸ ਅਸਲੀਅਤ ਨੂੰ ਜਾਣਦਿਆਂ ਹੋਇਆਂ ਵੀ, ਉਹ ਅਣਜਾਣ ਹੀ ਰਹਿੰਦਾ ਹੈ। ਅਜਿਹੇ ਜੀਵਾਂ ਨੂੰ ਗੁਰੂ ਤੇਗ਼ ਬਹਾਦਰ ਮੌਤ ਦੇ ਭੈ ਦਾ ਅਹਿਸਾਸ ਕਰਾਉਂਦੇ ਹਨ।

ਜੰਮ ਕੋ ਤ੍ਰਾਸੁ ਪਰਿਓ ਜਬ ਊਪਰਿ
ਤਬ ਸੋਵਤ ਤੈ ਜਾਗਿਓ
ਕਹਾ ਹੋਤ ਅਬ ਕੈ ਪਛੁਤਾਏ
ਛੂਟਤ ਨਾਹਿਨ ਭਾਗਿਓ।[78]

ਮਨੁੱਖ ਮਿਥਿਆ ਜਗਤ ਨੂੰ ਸੱਚ ਜਾਣ ਕੇ ਇਸ ਨਾਲ ਮੋਹ ਪਾਲਦਾ ਹੈ। ਇਸ ਭੁਲੇਖੇ ਵਿਚ ਫਸ ਕੇ ਨਿਰੰਤਰ ਦੁੱਖ ਭੋਗਦਾ ਹੈ ਤੇ ਹਰ ਵੇਲੇ ਸੰਕਟਗ੍ਰਸਤ ਰਹਿੰਦਾ ਹੈ। ਸੰਸਾਰ ਦੀ ਝੂਠੀ ਸਚਾਈ ਦਾ ਉਸ ਨੂੰ ਕਦੀ ਅਹਿਸਾਸ ਨਹੀਂ ਹੁੰਦਾ ਕਿਉਂਕਿ ਇੰਦਰੀਆਂ ਦੇ ਰਸ ਵਿਚ ਖਚਿਤ ਹੋਇਆ ਜੀਵ ਹਮੇਸ਼ਾ ਬਾਹਰਮੁਖੀ ਦ੍ਰਿਸ਼ਟੀ ਤੋਂ ਹੀ ਸੀਮਿਤ ਰਹਿੰਦਾ ਹੈ। ਅਜਿਹੇ ਜੀਵ ਦਾ ਅੰਤ ਦੁਖਾਂਤਕ ਹੋ ਨਿਬੜਦਾ ਹੈ।

ਮਨੁੱਖ ਨਿਤਾਪ੍ਰਤੀ ਦੀ ਜ਼ਿੰਦਗੀ ਵਿਚ ਆਪਣੇ ਨਿਕਟੀ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ, ਸਕੇ ਸੰਬੰਧੀਆਂ ਦੀ ਮੌਤ ਦੇਖਦਾ ਹੈ। ਬੇਵਕਤ ਮੌਤ ਦਾ ਸਦਮਾ ਅਚੇਤ ਤੌਰ ਤੇ ਮਨੁੱਖ ਦੇ ਮਨ ਤੇ ਅਸਰ ਕਰਦਾ ਰਹਿੰਦਾ ਹੈ। ਮਨੁੱਖ ਦੁਨਿਆਵੀ ਧੰਦਿਆਂ ਵਿਚ ਲਿਪਤ ਰਹਿੰਦਾ ਹੈ ਪਰ ਮੌਤ ਅਚਾਨਕ ਆ ਕੇ ਉਸ ਨੂੰ ਜਕੜ ਲੈਂਦੀ ਹੈ:

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ
ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ।[79]

ਗੁਰੂ ਤੇਗ਼ ਬਹਾਦਰ ਨੇ ਮੌਤ ਦੇ ਭੈ ਦੇ ਭਾਵ ਨੂੰ ਕੇਵਲ ਮਨੁੱਖ ਦੇ ਨਿੱਜ ਤੱਕ ਹੀ ਸੀਮਿਤ ਨਹੀਂ ਰੱਖਿਆ ਸਗੋਂ ਸਮੁੱਚੇ ਜਗਤ ਦੀ ਬਿਨਾਸ਼ਸ਼ੀਲਤਾ ਦੇ ਚਿੱਤਰ ਉਲੀਕ ਕੇ ਇਸ ਭਾਵ ਨੂੰ ਹੋਰ ਵੀ ਤੀਖਣਤਾ ਪ੍ਰਦਾਨ ਕੀਤੀ ਹੈ:

ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ।[80]

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ।[81]

ਪਰ ਮਨੁੱਖ ਦੀ ਸਮੱਸਿਆ ਇਹ ਹੈ ਕਿ ਉਹ ਇਸ ਸਾਰੀ ਅਸਲੀਅਤ ਤੋਂ ਜਾਣੂ ਹੁੰਦੇ ਹੋਏ ਵੀ ਇਸ ਝੂਠੇ ਮੋਹ ਦਾ ਤਿਆਗ ਨਹੀਂ ਕਰ ਸਕਦਾ। ਭਾਵੇਂ ਉਹ ਜਾਣਦਾ ਹੈ ਕਿ ਸਾਰੇ ਸੰਸਾਰਕ ਰਿਸ਼ਤੇ ਸੁਆਰਥ ਭਰਪੂਰ ਹਨ ਪਰ ਜਿਉਂਦਿਆਂ ਜੀ ਉਹ ਇਨ੍ਹਾਂ ਨੂੰ ਆਪਣੇ ਜੀਵਨ ਦਾ ਇਕ ਮਾਤਰ ਸਹਾਰਾ ਸਮਝਦਾ ਹੈ। ਨਿਰਲੇਪਤਾ ਦਾ ਤਰੀਕਾ ਧਾਰਨ ਕਰਨਾ ਸਚਮੁੱਚ ਖੰਡੇ ਦੀ ਤਿੱਖੀ ਧਾਰ ਉਤੇ ਚਲਣਾ ਹੈ ਕਿਉਂਕਿ ਇਸ ਦੀ ਪ੍ਰਾਪਤੀ ਲਈ ਮਨ ਦੀ ਭਟਕਣਾ ਉਤੇ ਕਾਬੂ ਪਾਉਣਾ ਜ਼ਰੂਰੀ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਵਿਕਾਰਾਂ ਕੋਲੋਂ ਜੀਵ ਪਰਾਜਿਤ ਹੋ ਜਾਂਦਾ ਹੈ। ਮਾਨਸਿਕ ਬਿਰਤੀਆਂ ਮਨੁੱਖ ਨੂੰ ਕਾਬੂ ਵਿਚ ਰੱਖਣ ਲਈ ਅਨੇਕਾਂ ਹੱਥਕੰਡੇ ਵਰਤਦੀਆਂ ਹਨ। ਸਿੱਟੇ ਵਜੋਂ ਜੀਵ ਇਨ੍ਹਾਂ ਦਾ ਸ਼ਿਕਾਰ ਹੋ ਕੇ ਰਹਿ ਜਾਂਦਾ ਹੈ।

## ਇਕੱਲਤਾ ਦਾ ਸੰਤਾਪ।

ਮਨੁੱਖ ਦੁਨਿਆਵੀ ਤੌਰ ਤੇ ਸਮਾਜਿਕ ਤੇ ਪ੍ਰਵਾਰਕ ਹੈ। ਪਰ ਮਨੁੱਖ ਨਿੱਜੀ ਹਿੱਤਾਂ ਦੀ ਪੂਰਤੀ ਹਿਤ ਦੁਨੀਆਂ ਨਾਲ ਜੁੜਿਆ ਹੋਇਆ ਹੈ। ਵਾਸਤਵ ਵਿਚ ਮਨੁੱਖ ਬਿਲਕੁਲ ਇਕੱਲਾ ਹੈ ਕਿਉਂਕਿ ਮੁਸੀਬਤ ਵੇਲੇ ਸਾਰੇ ਉਸਦਾ ਸਾਥ ਛੱਡ ਜਾਂਦੇ ਹਨ।

ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ
ਜਬ ਹੀ ਨਿਰਧਨੁ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ।[82]

ਪ੍ਰੀਤਮ ਜਾਨਿ ਲੇਹੁ ਮਨ ਮਾਹੀ
ਅਪਨੇ ਸੁਖ ਸਿਉ ਹੀ ਜਗੁ ਫਾਂਧਿਓ, ਕੋ ਕਾਹੂ ਕੋ ਨਾਹੀ
ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ।[83]

ਬਿਪਤਾ ਦਾ ਸਮਾਂ ਜੀਵ ਨੂੰ ਇਕੱਲਿਆਂ ਹੀ ਭੁਗਤਣਾ ਪੈਂਦਾ ਹੈ। ਫੇਰ ਇਨ੍ਹਾਂ ਦੁਨਿਆਵੀ ਰਿਸ਼ਤਿਆਂ ਦਾ ਕੀ ਅਰਥ ਹੈ? ਇਸੇ ਲਈ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਬਾਰ ਬਾਰ ਇਨ੍ਹਾਂ ਦੁਨਿਆਵੀ ਰਿਸ਼ਤਿਆਂ ਦੀ ਅਸਾਰਤਾ ਨੂੰ ਪੇਸ਼ ਕੀਤਾ ਗਿਆ ਹੈ।

ਮਨੁੱਖ ਦਾ ਸੰਕਟ ਹੀ ਇਹ ਹੈ ਕਿ ਉਹ ਆਪਣੇ ਸਕੇ ਸੰਬੰਧੀਆਂ ਅਤੇ ਬੀਵੀ ਬੱਚਿਆਂ ਲਈ ਸੁਆਰਥਕ ਤੌਰ ਤੇ ਮੋਹ ਰੱਖਦਾ ਹੈ। ਮੂਰਖ ਜੀਵ ਇਸ ਗੱਲ ਨੂੰ ਬਿਲਕੁਲ ਭੁੱਲ ਜਾਂਦਾ ਹੈ ਕਿ ਇਨ੍ਹਾਂ ਦੀ ਪ੍ਰੀਤ ਸੁਆਰਥ ਭਰੀ ਹੈ। ਇਹ ਉਸ ਨੂੰ ਮੁਕਤੀ ਦਿਵਾਉਣ ਵਿਚ ਸਹਾਇਕ ਨਹੀਂ ਹੋ ਸਕਦੇ। ਇਸੇ ਲਈ ਮਨੁੱਖ ਨੂੰ ਚੇਤਾਵਨੀ ਦਿੱਤੀ ਗਈ ਹੈ।

ਤਨ ਛੂਟੈ ਕਛੂ ਸੰਗਿ ਨ ਚਾਲੈ ਕਹਾ ਤਾਹਿ ਲਪਟਾਈ

... ... ...

ਹਰਿ ਬਿਨੁ ਤੇਰੋ ਕੋ ਨ ਸਹਾਈ।[84]

ਵਾਸਤਵ ਵਿਚ ਮਨੁੱਖ ਸ਼ੁਰੂ ਤੋਂ ਇਕੱਲਾ ਹੈ ਤੇ ਇਕੱਲਤਾ ਦਾ ਸੰਤਾਪ ਉਸ ਨੂੰ ਇਕੱਲਿਆਂ ਹੀ ਭੋਗਣਾ ਪੈਂਦਾ ਹੈ। ਇਸਤ੍ਰੀ 'ਪੁੱਤਰ' ਮਿੱਤਰ ਸੰਬੰਧੀ ਜਦੋਂ ਮਨੁੱਖ ਨੂੰ ਧਨਹੀਣ

ਰੋਇਆ ਦੇਖਦੇ ਹਨ ਤਾਂ ਉਸ ਦਾ ਸਾਥ ਛੱਡ ਜਾਂਦੇ ਹਨ। ਅਜਿਹੀ ਹਾਲਤ ਵਿਚ ਮਨੁੱਖ ਇਕੱਲਾ ਰੈਂਦਾ ਤੇ ਦੁਖੀ ਹੁੰਦਾ ਹੈ। ਉਸ ਨੂੰ ਧਰਵਾਸ ਦੇਣ ਵਾਲਾ ਕੋਈ ਨਹੀਂ ਹੁੰਦਾ। ਇਸੇ ਲਈ ਬਾਰ ਬਾਰ ਮਨੁੱਖ ਨੂੰ ਇਨ੍ਹਾਂ ਬਿਰਤੀਆਂ ਦੀ ਅਸਲੀਅਤ ਤੋਂ ਗਿਆਤ ਕਰਵਾਇਆ ਗਿਆ ਹੈ।

ਜਗਤ ਮੈ ਝੂਠੀ ਦੇਖੀ ਪ੍ਰੀਤਿ
ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ
ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ
ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ।[85]

ਜਦੋਂ ਕਾਲ ਦੀ ਫਾਹੀ ਮਨੁੱਖ ਦੇ ਗਲ ਵਿਚ ਪੈਂਦੀ ਹੈ ਤਾਂ ਉਸਦਾ ਸਭ ਕੁਝ ਆਪਣਾ, ਬੇਗਾਨਾ ਹੋ ਜਾਂਦਾ ਹੈ। ਫੇਰ ਆਪਣੇ ਹੀ ਮਿੱਤਰ ਸੰਬੰਧੀ, ਮਾਂ ਪਿਓ, ਭੈਣ ਭਰਾ ਉਸੇ ਸਰੀਰ ਨੂੰ ਫੂੱਕ ਕੇ ਸਾੜ ਦਿੰਦੇ ਹਨ। ਅੱਗਾ ਸਫ਼ਰ ਫੇਰ ਜੀਵ ਨੂੰ ਇਕੱਲਿਆਂ ਹੀ ਤਹਿ ਕਰਨਾ ਪੈਂਦਾ ਹੈ।

ਮਨੁੱਖ ਇਸ ਅਸਲੀਅਤ ਨੂੰ ਜਾਣਦਾ ਜ਼ਰੂਰ ਹੈ, ਪਰ ਜਾਣਦਾ ਹੋਇਆ ਵੀ ਦੁਨਿਆਵੀ ਮੋਹ ਜਾਲ ਵਿਚ ਫਸਿਆ ਰਹਿੰਦਾ ਹੈ। ਇਵੇਂ ਉਸ ਲਈ ਸੰਕਟ ਬਣ ਜਾਂਦਾ ਹੈ। ਮਨੁੱਖ ਉਸ ਆਸਰੇ ਦੀ ਟੇਕ ਨਹੀਂ ਲੈਂਦਾ ਜੋ ਉਸਦੀ ਇਕੱਲਤਾ ਵਿਚ ਉਸ ਦਾ ਸਾਥ ਦੇ ਸਕੇ। ਹਰੀ ਨਾਮ ਦੇ ਸਿਮਰਨ ਬਿਨਾਂ ਮਨੁੱਖ ਦੇ ਸੰਸੇ ਦੂਰ ਨਹੀਂ ਹੁੰਦੇ, ਇਸੇ ਲਈ ਉਹ ਹਮੇਸ਼ਾ ਭਟਕਦਾ ਰਹਿੰਦਾ ਹੈ।

<u>ਦੁਨਿਆਵੀ ਵਿਜੋਗ।</u>

ਦੁਨੀਆਂ ਦੀ ਹੋਂਦ ਨਿਰੋਲ ਵਿਰੋਧਾਭਾਸੀ ਹੈ। ਇਹ ਹੈ ਵੀ ਤੇ ਨਹੀਂ ਵੀ। ਵੇਖਣ ਨੂੰ ਨਜ਼ਰ ਜ਼ਰੂਰ ਆਉਂਦੀ ਹੈ ਪਰ ਕਿਉਂਕਿ ਸਭ ਕੁਝ ਅਸਥਿਰ ਹੈ ਇਸ ਲਈ ਇਹ ਇਕ ਦਿਖਾਵਾ ਤੇ ਭੁਲੇਖਾ ਹੈ। ਰਹੱਸਵਾਦੀ ਵਿਚਾਰਧਾਰਾ ਦੇ ਚਿੰਤਕ ਇਸ ਵਿਚਾਰ ਦੇ ਧਾਰਨੀ ਹਨ ਕਿ ਜਗਤ ਦੀ ਹੋਂਦ ਦਾ ਸੰਕਲਪ, ਮਾਇਆ ਦੇ ਸੰਕਲਪ ਨਾਲ ਮਿਲਦਾ ਹੈ ਕਿਉਂਕਿ ਮਾਇਆ ਵੀ ਇਕ ਪਰਪੰਚ ਤੇ ਧੋਖਾ ਹੈ। ਕੁਝ ਲੇਖਕ ਲਿਖਿਆ ਹੈ ਕਿ ਇਨ੍ਹਾਂ ਦੀ ਪ੍ਰਕਿਰਤੀ ਇਕ ਦੂਜੇ ਦੇ ਬਿਲਕੁਲ ਉਲਟ ਹੈ। ਦੁਨੀਆਂ ਦਿਸਦੀ ਹੈ ਪਰ ਵਾਸਤਵ ਵਿਚ ਹੈ ਨਹੀਂ। ਮਾਇਆ ਦਿਸਦੀ ਨਹੀਂ ਪਰ ਵਾਸਤਵ ਵਿਚ ਇਹ ਹੈ ਜ਼ਰੂਰ।

ਗੁਰੂ ਤੇਗ਼ ਬਹਾਦਰ ਨੇ ਮਿਥਿਆ ਜਗਤ ਦੀ ਪ੍ਰਕਿਰਤੀ ਨੂੰ ਧੂੰਏਂ, ਬੱਦਲ, ਸੁਪਨਾ, ਰੇਤ ਦੀ ਕੰਧ ਆਦਿ ਰੂਪਕਾਂ ਦੁਆਰਾ ਪ੍ਰਗਟ ਕੀਤਾ ਹੈ। ਜਗਤ ਦੀ ਅਸਾਰਤਾ ਨੂੰ ਭਿੰਨ ਭਿੰਨ ਰੂਪਕਾਂ ਰਾਹੀਂ ਦਰਸਾਉਣ ਤੋਂ ਗੁਰੂ ਸਾਹਿਬ ਦਾ ਭਾਵ ਮਨੁੱਖ ਨੂੰ ਇਸ ਅਸਲੀਅਤ ਤੋਂ ਜਾਣੂੰ ਕਰਵਾਉਣਾ ਹੈ ਕਿ ਸਾਰੀਆਂ ਮਾਇਆ ਤੇ ਪਦਾਰਥ ਵਸਤਾਂ ਬੇਬੁਨਿਆਦੀਆਂ ਹਨ। ਵਾਸਤਵ ਵਿਚ ਇਹ ਜਗਤ ਛਲ ਹੈ ਦਿਖਾਵਾ ਹੀ। ਸਭ ਕੁਝ ਅੰਤ ਅਲੋਪ ਤੇ ਖ਼ਤਮ ਹੋ ਜਾਂਦਾ ਹੈ।

ਜਗਤ ਸੁਪਨ ਮਾਤ੍ਰ ਮਿਥਿਆ ਝੂਠ ਸਭ ਸਾਜੁ ਹੈ।[86]

ਮਨੁੱਖ ਆਪਣੇ ਆਪ ਨੂੰ ਝੂਠੇ ਦੁਨਿਆਵੀ, ਪਦਾਰਥਕ ਮੋਹ ਵਿਚ ਫਸੇ ਰੱਖਦਾ ਹੈ। ਮਾਤਾ ਪਿਤਾ, ਪੁੱਤਰ, ਪਤਨੀ ਦਾ ਵਿਜੋਗ ਉਸ ਲਈ ਅਸਹਿ ਹੋ ਜਾਂਦਾ ਹੈ। ਪਦਾਰਥਕ ਸੁੱਖ ਪਲਾਂ ਵਿਚ ਖ਼ਤਮ ਹੋ ਜਾਂਦੇ ਹਨ। ਅੰਤ ਵੇਲੇ ਜਦੋਂ ਸਰੀਰ ਤੋਂ ਆਤਮਾ ਛੁੱਟ ਜਾਂਦੀ ਹੈ ਤਾਂ ਕੁਝ ਵੀ ਨਾਲ ਨਹੀਂ ਜਾਂਦਾ ਅਰਥਾਤ ਇਹ ਸਰੀਰ ਜੋ ਆਤਮਾ ਦੇ ਨਾਲ ਹੀ ਉਪਜਿਆ, ਇਹ ਵੀ ਆਤਮਾ ਦੇ ਨਾਲ ਨਹੀਂ ਨਿਭਦਾ, ਇਸ ਦਾ ਵਿਚਕਾਰ ਹੀ ਸਾਥ ਛੋੜ ਗਿਆ, ਕਿਉਂਕਿ ਆਤਮਾ ਅਮਰ ਵਸਤੂ ਹੈ ਪਰ ਸਰੀਰ ਨਾਸ਼ਵਾਨ ਹੈ।

ਜੋ ਤਨੁ ਉਪਜਿਆ ਸੰਗ ਹੀ
ਸੋ ਭੀ ਸੰਗਿ ਨ ਹੋਇਆ।[87]

ਮਨੁੱਖ ਇਸ ਸੱਚਾਈ ਨੂੰ ਜਾਣਦਾ ਜ਼ਰੂਰ ਹੈ ਕਿ ਸੰਸਾਰ ਵਿਚ ਜੋ ਕੁਝ ਵੀ ਉਪਜਦਾ ਹੈ ਉਹ ਜ਼ਰੂਰ ਨਾਸ਼ਵੰਤ ਹੈ। ਇਕ ਨਿਸ਼ਚਿਤ ਸਮੇਂ ਦੇ ਬਾਅਦ ਉਸ ਦਾ ਅੰਤ ਅਵੱਸ਼ਕ ਹੈ।

ਕਹੁ ਨਾਨਕ ਸੁਨ ਰੇ ਮਨਾ
ਅਉਧ ਘਟਤ ਹੈ ਨੀਤ।[88]

ਪਰ ਕਿਉਂਕਿ ਮਨੁੱਖ ਕਾਮੁਕ ਬਿਰਤੀਆਂ ਦਾ ਗੁਲਾਮ ਹੈ, ਲੋਭ ਉਸ ਦਾ ਪਿੱਛਾ ਨਹੀਂ ਛੱਡਦਾ। ਇਸ ਲਈ ਝੂਠੇ ਸਰੀਰ ਨੂੰ ਸੱਚ ਸਮਝ ਕੇ ਮੋਹ-ਮਾਇਆ ਦੇ ਜਾਲ ਵਿਚ ਫਸਿਆ ਰਹਿੰਦਾ ਹੈ। ਪਦਾਰਥਕ ਵਸਤਾਂ ਦੇ ਖਿਸਕ ਜਾਣ ਦੇ ਵਿਜੋਗ ਵਿਚ ਤੜਪਦਾ ਹੈ। ਗੁਰੂ ਸਾਹਿਬ ਮਨੁੱਖ ਨੂੰ

ਇਸ ਅਸਲੀਅਤ ਤੋਂ ਜਾਣੂੰ ਕਰਵਾਉਂਦੇ ਹਨ।

ਕਹਾਂ ਮਨ ਬਿਖਿਆਸਿਉ ਲਪਟਾਹੀ
ਯਾਂ ਜਗ ਮਹਿ ਕੋਊ ਰਹਨੁ ਨ ਪਾਵੈ ਇਕਿ ਆਵਹਿ ਇਕਿ ਜਾਹੀ
ਕਾਂਕੋ ਤਨੁ ਧਨੁ ਸੰਪਤਿ ਕਾਂਕੀ ਕਾਂ ਸਿਉ ਨੇਹੁ ਲਗਾਹੀ
ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ।[੮੯]

ਮਨੁੱਖ ਦੀ ਸਮੱਸਿਆ ਇਹੋ ਹੈ ਕਿ ਉਹ ਕੁਦਰਤ ਰੁਚੀਆਂ ਦੇ ਅਧੀਨ ਹੋ ਕੇ ਸਾਰਾ ਜੀਵਨ ਅਕਾਰਥ ਗੁਆ ਦਿੰਦਾ ਹੈ। ਮਾਇਆ ਦਾ ਗੁਲਾਮ ਮਨੁੱਖ ਹਰ ਵੇਲੇ ਦੁਨਿਆਵੀ ਵਿਜੋਗ ਵਿਚ ਤੜਪਦਾ ਹੈ। ਮਨੁੱਖ ਸਥਿਰਤਾ ਨੂੰ ਭਾਲਣ ਦੀ ਕੋਸ਼ਿਸ਼ ਨਹੀਂ ਕਰਦਾ। ਸਥਿਰਤਾ ਕੇਵਲ ਪ੍ਰਮਾਤਮਾ ਤੇ ਉਸਦੇ ਨਾਮ ਵਿਚ ਹੀ ਹੈ। ਉਸ ਤੋਂ ਸਿਵਾਏ ਸਭ ਮਿੱਥਿਆ ਹੈ।

ਅਵਰ ਸਗਲ ਮਿਥਿਆ ਏ ਜਾਨਉ
ਭਜਨੁ ਰਾਮੁ ਕੋ ਸਚੋ।[੯੦]

(ਧ) <u>ਮਨੁੱਖ ਦਾ ਮਾਨਵਤਾ ਦੀ ਪ੍ਰਾਪਤੀ ਲਈ ਪਾਰਗਾਮਤਾ ਦਾ ਮਾਰਗ ਅਪਨਾਉਣਾ</u> - <u>ਵਿਅਕਤੀਗਤ ਭਾਵਨਾਵਾਂ ਦੇ ਜਗਤ ਵਿਚੋਂ ਬਾਹਰ ਆ ਕੇ ਸਮੂਹਕ ਭਾਵਨਾਵਾਂ ਨਾਲ ਜੁੜ ਕੇ ਉਚੇ ਨੈਤਿਕ ਆਦਰਸ਼ਾਂ ਦੀ ਪ੍ਰਾਪਤੀ ਕਰਨਾ।</u>

ਗੁਰੂ ਤੇਗ ਬਹਾਦਰ ਦੀ ਬਾਣੀ ਦਾ ਮੁੱਖ ਮੰਤਵ ਮਨੁੱਖ ਨੂੰ ਮਾਨਵਤਾ ਪ੍ਰਦਾਨ ਕਰਨਾ ਹੈ ਤਾਂ ਜੋ ਮਨੁੱਖ ਮੋਹ ਮਾਇਆ ਤੇ ਹੈ ਭਰਮ ਦੀ ਭਾਵਨਾ ਨੂੰ ਉਲੰਘ ਕੇ ਪਾਰਗਾਮੀ ਅਵਸਥਾ ਵਿਚ ਪਹੁੰਚ ਸਕੇ। ਅਜਿਹੀ ਅਵਸਥਾ ਵਿਚ ਵਿਅਕਤੀ ਨਿੱਜੀ ਹਿੱਤਾਂ ਦੀ ਪੂਰਤੀ ਤੱਕ ਸੀਮਿਤ ਨਹੀਂ ਰਹਿੰਦਾ ਸਗੋਂ ਸਮੂਹਕ ਭਾਵਨਾਵਾਂ ਨਾਲ ਜੁੜ ਕੇ ਉਚੇ ਆਦਰਸ਼ ਸਥਾਪਤ ਕਰਦਾ ਹੈ। ਅਜਿਹੇ ਮਨੁੱਖ ਲਈ ਖੁਸ਼ੀ-ਗ਼ਮੀ, ਦੁਖ-ਸੁਖ, ਹਰਖ-ਸੋਗ, ਵੈਰ-ਮਿਤਰਤਾ ਸਭ ਅਵਸਥਾਵਾਂ ਇਕ ਸਮਾਨ ਹੋ ਜਾਂਦੀਆਂ ਹਨ। ਫੇਰ ਮਨੁੱਖ ਇਨ੍ਹਾਂ ਸਾਰੀਆਂ ਭਾਵਨਾਵਾਂ ਤੋਂ ਵੈਰਾਗਵਾਨ ਹੋ ਜਾਂਦਾ ਹੈ। ਪਰ ਇਹ ਵੈਰਾਗ ਕਿਸੇ ਨਕਾਰਕ ਨਿਰਲੇਪਤਾ ਦਾ ਲਖਾਇਕ ਨਹੀਂ ਸਗੋਂ ਸਕਾਰਕ ਪਾਰਗਾਮਤਾ

ਦਾ ਪ੍ਰਤੀਕ ਹੈ।[91] ਅਜਿਹੀ ਪਾਰਗਾਮੀ ਭਾਵਨਾ ਜੋ ਮਨੁੱਖ ਨੂੰ ਹਰ ਤਰ੍ਹਾਂ ਦੇ ਬੰਧਨਾਂ ਤੋਂ ਨਿਜਾਤ ਦੁਆਉਂਦੀ ਹੈ।

ਇਸ ਲਈ ਜੇਕਰ ਗੁਰੂ ਤੇਗ਼ਬਹਾਦਰ ਦੀ ਬਾਣੀ ਨੂੰ ਵੈਰਾਗਮਈ ਬਾਣੀ ਕਿਹਾ ਜਾਂਦਾ ਹੈ ਤਾਂ ਇਹਨਾਂ ਕਿਸੇ ਮੁੱਦੇ ਦੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਵੈਰਾਗ ਜ਼ਿੰਦਗੀ ਤੋਂ ਭਾਂਜਵਾਦੀ ਦ੍ਰਿਸ਼ਟੀ ਦਾ ਸੂਚਕ ਨਹੀਂ ਸਗੋਂ ਮੁਕਤੀ ਦੀ ਭਾਵਨਾ ਦੇ ਸਮਾਨਾਰਥਕ ਹੈ।

ਮੁਕਤੀ ਦਾ ਹੀ ਦੂਜਾ ਪਾਸਾਰ ਪਾਰਗਾਮਤਾ ਹੈ। ਹਰ ਤਰ੍ਹਾਂ ਦੇ ਭੈ ਤੇ ਰਾਗਦ੍ਵੈਸ਼ ਤੋਂ ਪਾਰਗਾਮੀ ਹੋ ਕੇ ਹੀ ਮਨੁੱਖ ਮਾਨਵਤਾ ਦੀ ਪ੍ਰਾਪਤੀ ਕਰ ਸਕਦਾ ਹੈ। ਪਾਰਗਾਮਤਾ ਦਾ ਮਾਰਗ ਮਨੁੱਖ ਨੂੰ ਪਾਸ਼ਵਿਕ ਬਿਰਤੀਆਂ ਤੋਂ ਉਚਿਆਂ ਉਠਾ ਕੇ ਦਿਬਤਾ ਦੀ ਪ੍ਰਾਪਤੀ ਲਈ ਪ੍ਰੇਰਦਾ ਹੈ। ਗੁਰੂ ਤੇਗ਼ਬਹਾਦਰ ਦੀ ਬਾਣੀ ਵਿਚ ਹਰ ਤਰ੍ਹਾਂ ਦੇ ਪਦਾਰਥਕ ਤੇ ਸਰੀਰਕ ਮੋਹ ਤੋਂ ਪਾਰਗਾਮੀ ਦਸ਼ਾ ਦਾ ਸੰਕਲਪ ਪੇਸ਼ ਕੀਤਾ ਗਿਆ ਹੈ; ਤਾਂ ਜੋ ਮਨੁੱਖ ਦੀ ਸੋਚ ਦਾ ਦਾਇਰਾ ਸੀਮਿਤਤਾ ਦੀਆਂ ਹੱਦਬੰਦਾਂ ਵਿਚੋਂ ਨਿਕਲ ਕੇ ਵਿਸਤ੍ਰਿਤ ਹੋ ਸਕੇ। ਮਨੁੱਖ ਭੈ ਤੇ ਲੋਭ ਵਰਗੀਆਂ ਬਿਰਤੀਆਂ ਤੋਂ ਨਿਜਾਤ ਪਾ ਸਕੇ, ਕਿਉਂਕਿ ਭੈ ਤੇ ਲੋਭ ਅਜਿਹੀਆਂ ਬਿਰਤੀਆਂ ਹਨ ਜਿਹੜੀਆਂ ਮਨੁੱਖ ਕੋਲੋਂ ਮਨੁੱਖ ਹੋਣ ਦਾ ਪ੍ਰਮਾਣ ਖੋਹਦੀਆਂ ਹਨ।

ਮਾਨਵਤਾ ਤੋਂ ਵਿਛੁੜੇ ਹੋ ਚੁੱਕੇ ਮਾਨਵ ਨੂੰ ਮੁੜ ਉਸਦੀ ਮਾਨਵਤਾ ਪ੍ਰਦਾਨ ਕਰਨੀ ਗੁਰੂ ਤੇਗ਼ਬਹਾਦਰ ਦੀ ਬਾਣੀ ਦਾ ਮੁੱਖ ਮੰਤਵ ਹੈ। ਪਰ ਇਸ ਦੀ ਪ੍ਰਾਪਤੀ ਲਈ ਪਾਰਗਾਮਤਾ ਦਾ ਮਾਰਗ ਅਪਨਾਉਣ ਦੀ ਜ਼ਰੂਰਤ ਹੈ। ਡਾ. ਅਤਰ ਸਿੰਘ ਦੇ ਕਥਨ ਅਨੁਸਾਰ, "ਇਸ ਮਾਨਵ ਦਾ ਪ੍ਰਥਮ ਲੱਛਣ ਉਸਦੀ ਦੁਖ-ਸੁਖ, ਸੁਖ-ਸਨੇਹ-ਭੈ, ਉਸਤਤ-ਨਿੰਦਿਆ, ਮਾਨ-ਅਪਮਾਨ, ਆਸਾ ਮਨਸਾ, ਹਰਖ-ਸੋਗ, ਬੈਰ-ਮਿਤਰਤਾ, ਕੰਚਨ ਲੋਹ ਤੋਂ ਪਾਰਗਾਮਤਾ ਦੇ ਰੂਪ ਵਿਚ ਰੂਪਿਆ ਹੈ। ਇਨ੍ਹਾਂ ਸਾਰੇ ਵਿਰੋਧ-ਜੁੱਟਾਂ ਦਾ ਵਿਸ਼ਲੇਸ਼ਣ ਕੀਤਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਜਿਥੇ ਮਨ ਤਨ ਦੇ ਭਾਵੁਕ ਦੁਵੰਦਾਂ ਜਿਵੇਂ ਸੁਖ-ਦੁਖ ਵਿਚਾਲੇ ਜਾਂ ਉਸਤਤ-ਨਿੰਦਿਆ ਵਿਚਾਲੇ, ਪਦਾਰਥਕ ਦੁਵੰਦਾਂ ਜਿਵੇਂ ਕਿ ਸੋਨੇ-ਮਿੱਟੀ ਜਾਂ ਸੋਨੇ-ਲੋਹੇ ਵਿਚਾਲੇ ਤੇ ਸਮਾਜਕ ਦੁਵੰਦਾਂ ਜਿਵੇਂ ਕਿ ਮਿੱਤਰ-ਵੈਰੀ ਵਿਚਾਲੇ, ਤੋਂ ਪਾਰਗਾਮੀ ਹੋਣ ਦਾ ਆਦੇਸ਼ ਕਰਦੇ ਹਨ, ਉਥੇ ਸੱਚ/ਝੂਠ ਦੇ ਨੈਤਿਕ ਤੇ ਅਧਿਆਤਮਕ ਦੁਵੰਦਾਂ ਨੂੰ ਨਹੀਂ ਭੁਲਾਉਂਦੇ।"[92]

ਪਾਰਗਾਮੀ ਮੰਡਲ ਦਾ ਸਿੱਧਾ ਸੰਬੰਧ ਅਧਿਆਤਮਕ ਤੇ ਨੈਤਿਕ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਗੁਰੂ ਤੇਗ਼ਬਹਾਦਰ ਦੀ ਬਾਣੀ ਵਿਚ ਜਿਸ ਮਾਨਵ ਦਾ ਬਾਰ ਬਾਰ ਜ਼ਿਕਰ ਆਉਂਦਾ ਹੈ,

ਉਸ ਨੂੰ ਇਕੱਲੇ ਹੋਣ ਦਾ ਸੰਤਾਪ ਵੀ ਦੁਖੀ ਕਰਦਾ ਹੈ ਤੇ ਮੌਤ ਦੀ ਭਿਆਨਕਤਾ ਵੀ ਡਰਾਉਂਦੀ ਹੈ। ਅੰਦਰੂਨੀ ਖਾਹਸ਼ਾਂ, ਮਨ ਦੀ ਤਰੰਗਾਂ ਤੇ ਕਾਮਾਦਿਕ ਬਿਰਤੀਆਂ ਦਾ ਗੁਲਾਮ ਮਾਨਵ ਵਿਕਾਗਰਤਾ ਦੀ ਅਵਸਥਾ ਵਿਚ ਜਿਉਂਦਾ ਹੈ। ਪਰਮਾਤਮਾ ਦੇ ਮਾਰਗ ਤੇ ਚੱਲਕੇ ਹੀ ਮਾਨਵ ਇਸ ਵਿਕਾਗਰਤਾ ਨੂੰ ਇਕਾਗਰਤਾ ਵਿਚ ਬਦਲਕੇ ਉਚੇ ਨੈਤਿਕ ਆਦਰਸ਼ ਸਥਾਪਤ ਕਰ ਸਕਦਾ ਹੈ।

ਜਾਗ੍ਰਿਤ ਆਤਮਾਵਾਂ ਦੇ ਚਿਤਰਣ ਲਈ ਗੁਰੂ ਤੇਗ਼ਬਹਾਦਰ ਨੇ ਦਿਵਤਾ ਦੇ ਚਿੰਨ੍ਹ ਵਰਤੇ ਹਨ ਜੋ ਹਰ ਤਰ੍ਹਾਂ ਦੇ ਹੀ ਕਾਮ, ਮੋਹ ਮਾਇਆ, ਦੁਖ-ਸੁਖ, ਖੁਸ਼ੀ-ਗ਼ਮੀ ਤੋਂ ਨਿਰਲਿਪਤ ਹੋ ਕੇ ਪਾਰਗਾਮੀ ਅਵਸਥਾ ਵਿਚ ਪਹੁੰਚ ਚੁੱਕੇ ਹੋਣ। ਅਜਿਹੇ ਮਾਨਵ ਲਈ ਗੁਰੂ ਜੀ ਨੇ ਦੇਵਮੂਰਤ ਤੇ ਭਗਵਾਨ ਦੀ ਮੂਰਤ ਦੇ ਚਿੰਨ੍ਹ ਵਰਤੇ ਹਨ। ਜਿਵੇਂ:

ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ
ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ।[93]

ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ
ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ

ਜਿਹ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ
ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸ।[94]

ਕੁਲ ਮਿਲਾ ਕੇ, ਮਾਨਵਤਾ ਦੀ ਪ੍ਰਾਪਤੀ ਲਈ ਪਰਮਾਤਮਾ ਦੇ ਮਾਰਗ ਨੂੰ ਤਾਂ ਹੀ ਅਪਣਾਇਆ ਜਾ ਸਕਦਾ ਹੈ ਜੇਕਰ ਮਨੁੱਖ ਅੰਦਰੂਨੀ ਖਾਹਸ਼ਾਂ ਤੇ ਮਨ ਦੀ ਤਰੰਗਾਂ ਨੂੰ ਖ਼ਤਮ ਕਰ ਸਕੇ। ਪਰਮਾਤਮਾ ਦਾ ਸੰਕਲ ਨੈਤਿਕ ਤੇ ਅਧਿਆਤਮਕ ਕੀਮਤਾਂ ਦਾ ਸੰਕਲ ਹੈ। ਇਹ ਨਿੱਜ ਤੋਂ ਪਰ ਤੱਕ ਦਾ ਸਫ਼ਰ ਹੈ ਜਿਥੇ ਮਨੁੱਖ ਸੁਆਰਥੀ ਕੀਮਤਾਂ ਦਾ ਤਿਆਗ ਕਰਕੇ ਉਚੇ ਨੈਤਿਕ ਆਦਰਸ਼ਾਂ ਨਾਲ ਜਾ ਜੁੜਦਾ ਹੈ।

## (ੲ) ਨਿਰੂਪਣ ਵਿਧੀ

(ਉ) ਵਿਲੱਖਣ ਭਾਸ਼ਾ ਜੁਗਤ - ਅਮੂਰਤ ਸੰਕਲਪਨਾਵਾਂ ਨੂੰ ਨਿੱਜੀ ਅਨੁਭਵ ਦੀ ਪ੍ਰਕ੍ਰਿਆ ਰਾਹੀਂ ਲੰਘਾ ਕੇ ਉਹਨਾਂ ਦਾ ਸੰਬੰਧ ਜਗਤ ਦੀ ਪ੍ਰੇਮ ਅਪ੍ਰੇਮ ਕਿਰਿਆ ਨਾਲ ਜੋੜਨਾ - ਸੰਵਾਦ ਰਚਾਉਣ ਵਾਲੇ ਤੇ ਸੰਬੋਧਿਤ ਹੋਣ ਵਾਲੇ ਵਿਚ ਤਦਰੂਪਤਾ - ਸੰਬੋਧਨਮੂਲਕ ਬਾਣੀ - ਅਨਾਮ ਸੰਬੋਧਿਤ ਧਿਰ - ਉਪਦੇਸ਼ਾਤਮਿਕ ਵਿਰਤੀ।

ਗੁਰੂ ਤੇਗ਼ ਬਹਾਦਰ ਦੀ ਬਾਣੀ ਭਾਵੇਂ ਆਕਾਰ ਵਿਚ ਬਹੁਤੀ ਵਿਸ਼ਾਲ ਨਹੀਂ ਪਰ ਵਿਚਾਰ ਪ੍ਰਕ੍ਰਤੀ ਤੇ ਕਾਵਿ-ਕਲਾ ਦੇ ਪੱਖ ਤੋਂ ਇਹ ਵਿਲੱਖਣ ਹੋਣ ਦੀ ਧਾਰਨੀ ਹੈ। ਭਾਵੇਂ ਗੁਰੂ ਤੇਗ਼ ਬਹਾਦਰ ਦੀ ਬਾਣੀ ਗੁਰਮਤਿ ਪਰੰਪਰਾ ਦਾ ਹੀ ਇਕ ਅੰਗ ਹੈ, ਪਰ ਇਸ ਬਾਣੀ ਵਿਚੋਂ ਬਾਣੀ ਸ਼ੈਲੀ ਦੀਆਂ ਵਿਲੱਖਣ ਜੁਗਤਾਂ ਦੀ ਨੁਹਾਰ ਵੀ ਦਿਖਾਈ ਦਿੰਦੀ ਹੈ। ਇਹੋ ਕਾਰਣ ਹੈ ਕਿ ਇਹ ਬਾਣੀ ਪਰੰਪਰਾ ਵਿਚ ਗੁਆਚੀ ਨਹੀਂ ਸਗੋਂ ਗੁਰੂ ਤੇਗ਼ ਬਹਾਦਰ ਦੀ ਨਿੱਜੀ ਨਿਵੇਕਲੀ ਹੋਂਦ ਦਾ ਪ੍ਰਮਾਣ ਹੈ। ਗੁਰੂ ਤੇਗ਼ਬਹਾਦਰ ਤੋਂ ਪਹਿਲਾਂ ਗੁਰਬਾਣੀ ਵਿਚ ਸਮੇਂ ਦੀ ਲੋੜ ਅਨੁਸਾਰ ਕਈ ਵੰਨ ਸੁਵੰਨ ਕਿਸਮ ਦੇ ਪ੍ਰਯੋਗ ਹੋ ਚੁੱਕੇ ਸਨ। ਡਾ. ਹਰਿਭਜਨ ਸਿੰਘ ਅਨੁਸਾਰ, "ਗੁਰੂ ਤੇਗ਼ਬਹਾਦਰ ਦੀ ਰਚਨਾ ਵਿਚ ਬਾਣੀ ਦਾ ਰੂਪ ਤੱਤ ਸਪਸ਼ਟ ਰੂਪ ਵਿਚ ਉਜਾਗਰ ਹੋਇਆ ਹੈ ਜੋ ਬਾਣੀ ਦੇ ਆਦਿ ਤੋਂ ਅੰਤ ਤੱਕ ਅਨੇਕ ਵਿਲੱਖਣਤਾਵਾਂ ਦੇ ਬਾਵਜੂਦ ਸਾਂਝਾ ਰੂਪ ਵਿਚ ਪਇਆ ਹੋਇਆ ਹੈ। ਲਗਦਾ ਹੈ ਜਿਵੇਂ ਸਾਮਿਅਕ ਅਤੇ ਸਥਾਨਕ ਲੋੜਾਂ ਦੇ ਮੁਤਾਬਕ ਵਿਲੱਖਣ ਉਚਾਰ ਉਚਾਰਨ ਸਮੇਂ ਬਾਣੀ ਆਪਣੇ ਸਾਂਝੇ ਅਤੇ ਕੇਂਦਰੀ ਤੱਤ ਉਪਰ ਜ਼ੋਰ ਦੇ ਰਹੀ ਹੈ। ਪ੍ਰਯੋਗਾਂ ਦੀ ਉਛਲ ਕੁੱਦ ਸਮਾਪਤ ਹੈ ਅਤੇ ਪਰੰਪਰਾ ਵਿਚ ਪ੍ਰਕਟ ਟਿਕਾਓ ਆ ਚੁੱਕਾ ਹੈ।"[95]

ਗੁਰੂ ਤੇਗ਼ਬਹਾਦਰ ਨੇ ਬਾਣੀ ਪਰੰਪਰਾ ਅਨੁਸਾਰ ਗੁਰੂ ਦੇ ਮਹੱਤਵ ਨੂੰ ਸਵੀਕਾਰਿਆ ਜ਼ਰੂਰ ਹੈ ਪਰ ਵਾਰ ਵਾਰ ਉਸ ਦੀ ਅਨਿੱਜਕਤਾ ਨੂੰ ਦੁਹਰਾਇਆ ਨਹੀਂ। ਬਾਣੀ ਵਿਚ ਗੁਰੂ ਸ਼ਬਦ ਦੀ ਵਰਤੋਂ ਇਸ ਪ੍ਰਕਾਰ ਹੋਈ ਹੈ।

ਨਾਨਕ ਕਹਤ ਮੁਕਤਿ ਪੰਥ ਇਹੁ
ਗੁਰਮੁਖਿ ਹੋਇ ਤੁਮ ਪਾਵਹੁ।[96]

ਬਾਹਰਿ ਭੀਤਰਿ ਏਕੋ ਜਾਨਹੁ
ਇਹੁ ਗੁਰ ਗਿਆਨੁ ਬਤਾਈ।[97]

ਜਨ ਸੋ ਮੁਕਤਿ ਨਾਮ ਤੇ ਪਾਵਤ
ਗੁਰੁ ਯਹ ਭੇਦੁ ਬਤਾਵੈ।[98]

ਗੁਰ ਉਪਦੇਸੁ ਸੁਨਿਓ ਨਹਿ ਕਾਨਨਿ
ਪਰ ਦਾਰਾ ਲਪਟਾਇਓ।[99]

ਮੁਕਤੀ ਪ੍ਰਾਪਤੀ ਲਈ ਗੁਰੂ ਦੇ ਉਪਦੇਸ਼ ਤੇ ਗੁਰੂ ਦੇ ਚਰਨਾਂ ਦੀ ਓਟ ਦਰਸਾ ਕੇ ਗੁਰੂ ਤੇਗ਼ਬਹਾਦਰ ਨੇ ਬਾਣੀ ਪ੍ਰਬੰਧ ਦੇ ਕੇਂਦਰੀ ਨੁਕਤੇ ਨੂੰ ਉਜਾਗਰ ਕੀਤਾ ਹੈ ਪਰ ਗੁਰੂ ਤੇਗ਼ਬਹਾਦਰ ਦੀ ਕੁਲ ਬਾਣੀ ਵਿਚ ਗੁਰੂ ਪਦ ਦੀ ਵਰਤੋਂ ਬੜੀ ਅਲਪ ਮਾਤਰਾ ਵਿਚ ਹੋਈ ਹੈ। ਇਸ ਦਾ ਸਿੱਧਾ ਸਪਸ਼ਟ ਕਾਰਨ ਇਹੋ ਹੈ ਕਿ ਗੁਰੂ ਤੇਗ਼ਬਹਾਦਰ ਤੋਂ ਪਹਿਲਾਂ ਗੁਰਮਤ ਪਰੰਪਰਾ ਨੇ ਲੋਕਾਂ ਦੇ ਮਨਾਂ ਵਿਚ ਗੁਰੂ ਦੇ ਮਹੱਤਵ ਨੂੰ ਇਸ ਹੱਦ ਤੱਕ ਦ੍ਰਿੜ ਕਰ ਦਿੱਤਾ ਸੀ ਕਿ ਗੁਰੂ ਤੇਗ਼ਬਹਾਦਰ ਨੇ ਉਸ ਦੇ ਦੁਹਰਾਓ ਦੀ ਜ਼ਰੂਰਤ ਨਹੀਂ ਸਮਝੀ, ਪਰ ਇਸ ਰਚਨਾ ਪ੍ਰਬੰਧ ਦਾ ਅੰਦਰਲਾ ਜਾਇਜ਼ਾ ਇਹ ਪ੍ਰਤੀਤ ਹੁੰਦਾ ਹੈ ਕਿ ਗੁਰੂ-ਸਿੱਖ ਅਤੇ ਸਾਧ-ਸੰਗਤਿ ਤੱਤਾਂ ਵਿਚੋਂ ਗੁਣ ਰਸ ਸਹਿਤ ਉਜਾਗਰ ਦੱਸਿਆ ਗਿਆ ਹੈ। ਗੁਰਬਾਣੀ ਵਿਚ ਸ਼ਾਸਤ੍ਰ ਦਾ ਆਲੰਕਾਰੀਕਰਣ ਨਹੀਂ ਕੀਤਾ ਗਿਆ ਸਗੋਂ ਗੁਰਬਾਣੀ ਦੀ ਅਧਿਆਤਮਕ ਅਤੇ ਸ਼ਾਸਤ੍ਰਕ ਪੱਧਰ ਸਰਲੀਕਰਣ (Simplification) ਕੀਤਾ ਹੈ। ਗੁਰੂ ਤੇਗ਼ਬਹਾਦਰ ਦੇ ਬਾਣੀ ਰਚਨ ਨਾਲ ਸਰਲੀਕਰਣ ਦੀ ਇਹ ਪ੍ਰਕਿਰਿਆ ਆਪਣੀ ਚਰਮਸੀਮਾ ਨੂੰ ਛੂੰਹਦੀ ਹੈ। ਗੁਰੂ ਪਦ ਦੀ ਅਲਪ ਮਾਤਰਾ ਵਿਚ ਵਰਤੋਂ ਅਤੇ ਸੰਗੀਤ ਪਦ ਉਤੇ ਵਧੇਰੇ ਬਲ ਇਸੇ ਸਰਲੀਕਰਣ ਦਾ ਸਿੱਟਾ ਹਨ।[100]

ਗੁਨ ਗੋਬਿੰਦ ਗਾਇਓ ਨਹੀ
ਜਨਮੁ ਅਕਾਰਥ ਕੀਨੁ
ਕਹੁ ਨਾਨਕ ਹਰਿ ਭਜੁ ਮਨਾ
ਜਿਹ ਬਿਧਿ ਜਲ ਕਉ ਮੀਨੁ।[101]

ਕੀਰਤਨ ਦੇ ਕਲਾਤਮਕ ਮਹੱਤਵ ਨੂੰ ਅਧਿਆਤਮਕ ਅਨੁਭਵ ਦਾ ਅਨਿੱਖੜ ਅੰਗ ਬਣਾਉਣ ਦਾ ਸੁਚੇਤ ਯਤਨ ਗੁਰਬਾਣੀ ਵਿਚ ਹੀ ਹੋਇਆ। ਗੋਬਿੰਦ-ਗੁਣ ਨਾ ਤਾਂ ਬਿਰਤਾਂਤ ਰਾਹੀਂ ਉਗਮਾਇਆ ਜਾ ਸਕਦਾ ਹੈ ਤੇ ਨਾ ਵਰਨਣ ਰਾਹੀਂ ਉਹ ਕਲਪਣਾ ਅਤੇ ਸੰਕਲਪਣਾ ਦੋਹਾਂ ਦੀ ਪਕੜ ਤੋਂ ਬਾਹਰ ਹੈ। ਗੁਰੂ ਤੇਗ਼ ਬਹਾਦਰ ਦੀ ਬਾਣੀ ਦਾ ਬਲ ਕੀਰਤਨ, ਭਜਨ, ਜਸ, ਸਿਮਰਨ ਆਦਿ ਦੀ ਵਿਧੀ ਉਪਰ ਹੈ।

ਗੁਰਬਾਣੀ ਵਿਚ ਇਕ ਵਿਸ਼ੇਸ਼ ਕਿਸਮ ਦੀ ਪਰਿਭਾਸ਼ਕ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ। ਮਹਿੰਦਰ ਕੌਰ ਗਿੱਲ ਅਨੁਸਾਰ,

> ਗੁਰੂ ਨਾਨਕ ਦੇਵ ਜੀ ਦਾ ਮੁਖ ਬਲ ਅਮੂਰਤ ਸੰਕਲਪਨਾਵਾਂ (Abstract-concepts) ਨੂੰ ਕਥਨ ਦੀ ਪੱਧਰ ਉਪਰ ਪੇਸ਼ ਕਰਨ ਵਿਚ ਹੈ। ਇਸ ਢੰਗ ਦੇ ਪ੍ਰਮੁਖ ਪ੍ਰਮਾਣ ਜਪੁਜੀ, ਸਿਧ ਗੋਸਟਿ, ਦਖਣੀ ਓਅੰਕਾਰ ਆਦਿ ਰਚਨਾਵਾਂ ਹਨ। ਗੁਰੂ ਅਰਜਨ ਦੇਵ ਜਿਨ੍ਹਾਂ ਦਾਰਸ਼ਨਿਕ ਸੰਕਲਪਨਾਵਾਂ (Phil phic concepts) ਦੀ ਵਿਆਖਿਆ ਦਾ ਪ੍ਰਕਾਰ ਉਦਾਹਰਣ ਸਹਿਤ ਕਰਦੇ ਹਨ। ਗੁਰੂ ਤੇਗ਼ ਬਹਾਦਰ ਨਾ ਤਾਂ ਅਮੂਰਤ ਸੰਕਲਪਨਾਵਾਂ ਦੀ ਵਸਤੂ ਪੇਸ਼ਕਾਰੀ ਵੱਲ ਰੁਚਿਤ ਹਨ ਤੇ ਨਾ ਹੀ ਦਾਰਸ਼ਨਿਕ ਸੰਕਲਪਨਾਵਾਂ ਦੀ ਆਪਣਾ Interpretation ਦੇਣ। ਉਹ ਅਮੂਰਤ ਸੰਕਲਪਨਾਵਾਂ ਨੂੰ ਆਪਣੇ ਅਨੂਠੇ ਵਿਸ਼ੇਸ਼ਣ ਤੇ ਨਿੱਜੀ ਅਨੁਭਵ ਦੀ ਪ੍ਰਕਿਰਿਆ ਰਾਹੀਂ ਲੰਘਾ ਕੇ ਉਹਨਾਂ ਦਾ ਸੰਬੰਧ ਜਗਤ ਦੀ ਪ੍ਰੇਮ ਅਧੀਨ ਕਿਰਿਆ ਨਾਲ ਜੋੜਦੇ ਹਨ।[102]

ਇਹੋ ਕਾਰਣ ਹੈ ਕਿ ਗੁਰਮਤਿ ਪਰੰਪਰਾ ਅਨੁਸਾਰ ਉਨ੍ਹਾਂ ਦੀ ਬਾਣੀ ਵਿਚ ਗੁਰਮੁਖ, ਮਨਮੁਖ, ਗਿਆਨੀ, ਸੰਤ ਆਦਿ ਸ਼ਬਦਾਂ ਦੀ ਵਿਆਖਿਆ ਨਹੀਂ ਕੀਤੀ ਗਈ। ਹਰੀ ਸਿਮਰਨ ਦੀ

ਬਾਂ ਗੁਰਬਾਣੀ ਵਿਚ ਨਾਮ ਸ਼ਬਦ ਦੀ ਵਰਤੋਂ ਬਾਰ ਬਾਰ ਕੀਤੀ ਗਈ ਹੈ। ਪਰ ਗੁਰੂ ਤੇਗ਼ਬਹਾਦਰ ਦੀ ਬਾਣੀ ਵਿਚ 'ਨਾਮ' ਸ਼ਬਦ ਦੀ ਥਾਂ ਰਾਮ ਰਸ, ਸਾਚ ਨਾਮ, ਹਰਿ ਜਸ ਚਿੰਤਾਮਨਿ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਅਮੂਰਤ ਸੰਕਲਪਨਾਵਾਂ ਜਿਵੇਂ ਨਿਰੰਕਾਰ, ਨਿਰਵੈਰ, ਨਿਰਭਉ, ਅਜੂਨੀ, ਸਾਹਿਬ ਆਦਿ ਦਾ ਪ੍ਰਯੋਗ ਵੀ ਗੁਰੂ ਤੇਗ਼ਬਹਾਦਰ ਦੀ ਬਾਣੀ ਵਿਚ ਵਿਰਲੇ ਘੱਟ ਹੀ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਬਾਣੀ ਵਿਚ ਕੁਝ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਸੀ ਜੋ ਇਕ ਖ਼ਾਸ ਭਾਵ ਨੂੰ ਪ੍ਰਗਟਾਉਂਦੇ ਸਨ, ਬਾਰ ਬਾਰ ਉਸ ਸ਼ਬਦ ਦੀ ਵਰਤੋਂ ਉਸੇ ਅਰਥ ਦੇ ਪ੍ਰਗਟਾਵੇ ਲਈ ਕੀਤੀ ਜਾਂਦੀ ਸੀ। ਜਿਵੇਂ ਜਿਥੇ ਵੀ 'ਹੰਸ' ਸ਼ਬਦ ਦੀ ਵਰਤੋਂ ਕੀਤੀ ਗਈ ਹੈ ਉਹ 'ਆਤਮਾ' ਸ਼ਬਦ ਦੇ ਭਾਵ ਨੂੰ ਪ੍ਰਗਟਾਉਂਦਾ ਹੈ। ਗੁਰੂ ਤੇਗ਼ਬਹਾਦਰ ਦੀ ਬਾਣੀ ਵਿਚ ਅਜਿਹੇ ਸ਼ਬਦਾਂ ਦਾ ਪ੍ਰਯੋਗ ਬਹੁਤ ਘੱਟ ਮਿਲਦਾ ਹੈ। ਇਸ ਬਾਣੀ ਵਿਚ ਪਰਿਆਇ, ਪ੍ਰਤੀਕ, ਅਲੰਕਾਰਿਕਤਾ ਵਿਚੋਂ ਕਿਸੇ ਨੂੰ ਵੀ ਵਿਸ਼ੇਸ਼ ਸਥਾਨ ਨਹੀਂ ਮਿਲਿਆ। ਇਸ ਬਾਣੀ ਦੀ ਨਿਰੂਪਣ ਵਿਧੀ ਦਾ ਇਕ ਵਿਸ਼ੇਸ਼ ਗੁਣ ਹੈ ਕਿ ਵਿਰੋਧੀ ਜੁੱਟਾਂ ਜਿਵੇਂ ਸੁਖ-ਦੁਖ, ਹਰਖ-ਸੋਗ, ਉਸਤਤ-ਨਿੰਦਿਆ ਆਦਿ ਰਾਹੀਂ ਗੁਰੂ ਜੀ ਨੇ ਆਪਣੇ ਭਾਵਾਂ ਦੀ ਅਭਿਵਿਅਕਤੀ ਕੀਤੀ ਹੈ। ਇਨ੍ਹਾਂ ਵਿਰੋਧੀ ਜੁੱਟਾਂ ਦੀ ਖ਼ਾਸੀਅਤ ਇਹ ਹੈ ਕਿ ਇਕ ਦੂਜੇ ਦੇ ਵਿਰੋਧੀ ਹੋਣ ਤੇ ਵੀ ਇਕ ਦੂਜੇ ਦੇ ਖ਼ਿਲਾਫ਼ ਨਹੀਂ ਉਹ ਸਮਾਨ ਰੂਪ ਵਿਚ ਤਿਆਗਣਯੋਗ ਹਨ। ਸੁਖ ਅਤੇ ਦੁਖ ਦੋਨੋਂ ਸਮਾਨ ਅਵਸਥਾਵਾਂ ਹਨ, ਹਰਖ ਅਤੇ ਸੋਗ ਦੋਨੋਂ ਤਿਆਗਣਯੋਗ ਬੁਰਾਈਆਂ ਹਨ। ਇਸ ਕਿਸਮ ਦੀ ਭਾਵ-ਸੰਗਤਿ ਗੁਰੂ ਤੇਗ਼ਬਹਾਦਰ ਦੀ ਬਾਣੀ ਦਾ ਵਿਸ਼ੇਸ਼ ਲੱਛਣ ਹੈ।

ਗੁਰੂ ਤੇਗ਼ਬਹਾਦਰ ਦੀ ਰਚਨਾ ਸ਼ਾਇਰੀ ਅਤੇ ਬਾਣੀ ਦਾ ਸੁਮੇਲ ਹੈ। ਸ਼ਬਦ ਦੇ ਅਰੰਭ ਵਿਚ ਗੀਤ-ਕਾਵਿ ਵਾਲੀ ਖ਼ੂਬਸੂਰਤੀ ਨਜ਼ਰ ਆਉਂਦੀ ਹੈ, ਸ਼ਬਦ ਦੇ ਅੰਤ ਉਤੇ ਉਪਦੇਸ਼ ਕਾਵਿ ਵਾਲੀ ਵਿਰਤੀ ਘਟ ਜਾਂਦੀ ਹੈ। ਅਜਿਹਾ ਹੋਣਾ ਬਿਲਕੁਲ ਸੁਭਾਵਕ ਹੈ ਕਿਉਂਕਿ ਸ਼ਾਇਰ ਗੁਰੂ ਹੈ। ਸ਼ਾਇਰ ਲਈ ਕੋਈ ਜ਼ਰੂਰੀ ਨਹੀਂ ਕਿ ਉਹ ਕਥਨ ਲਈ ਜਵਾਬਦੇਹ ਹੋਵੇ ਪਰ ਗੁਰੂ ਲਈ ਜਵਾਬਦੇਹ ਹੋਣਾ ਜ਼ਰੂਰੀ ਹੈ। ਬਾਣੀ ਵਿਚ ਸਮੁੱਚਤ ਕਥਨ ਦੀ ਮਰਿਆਦਾ ਸੰਭਾਲਣਾ ਹੈ।

ਗੁਰੂ ਤੇਗ਼ਬਹਾਦਰ ਦੀ ਬਾਣੀ ਵਿਚ ਸੰਸਾਰ ਦਾ ਸੁਰ ਕਿਸ ਨਾਲ ਸੰਬੰਧਿਤ ਹੋ ਗਿਆ ਹੈ। ਜਿਵੇਂ:

(ੳ) ਬਿਰਥਾ ਕਹਉ ਕਉਨ ਸਿਉ ਮਨ ਕੀ
ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ।[103]

(ਅ) ਮਨ ਕਹਾ ਬਿਸਾਰਿਓ ਰਾਮ ਨਾਮੁ

ਤਨੁ ਬਿਨਸੈ ਜਮ ਸਿਉ ਪਰੈ ਕਾਮੁ।[104]

(ੲ) ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ

ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ।[105]

(ਸ) ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ।[106]

ਸੋ, ਸਪਸ਼ਟ ਹੈ ਕਿ ਗੁਰੂ ਤੇਗ਼ਬਹਾਦਰ ਦੀ ਬਾਣੀ ਵਿਚਲਾ ਸੰਵਾਦ ਇੰਜ ਨਾਲ ਸੰਬੰਧਿਤ ਹੈ। ਸੰਵਾਦ ਰਚਾਉਣ ਵਾਲੇ ਤੇ ਸੰਬੋਧਿਤ ਹੋਣ ਵਾਲੇ ਵਿੱਚ ਤਦਰੂਪਤਾ ਹੈ। ਪ੍ਰਸ਼ਨ ਕਰਤਾ ਤੇ ਉੱਤਰ ਦੇਣ ਵਾਲਾ ਇਕੋ ਹੀ ਹੈ। ਪਹਿਲੀ ਤੁੱਕ ਵਿਚ ਉਥਾ ਪ੍ਰਸ਼ਨ ਹੈ ਤੇ ਦੂਜੀ ਤੁੱਕ ਉਸ ਪ੍ਰਸ਼ਨ ਦਾ ਤਰਕਪੂਰਨ ਉੱਤਰ ਹੈ।

ਕਾਹੇ ਰੇ ਬਨ ਖੋਜਨ ਜਾਈ?

ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ।[107]

ਪ੍ਰਸ਼ਨ ਕਰਨ ਵਾਲਾ ਤੇ ਪ੍ਰਸ਼ਨ ਸੁਣਨ ਵਾਲਾ ਦੋਵੇਂ ਇਕ ਰੂਪ ਹੀ ਹਨ।

ਕਹਾ ਨਰ ਅਪਨੋ ਜਨਮੁ ਗਵਾਵੈ

ਮਾਇਆ ਮਦਿ ਬਿਖਿਆ ਰਸਿ ਰਚਿਓ ਰਾਮ ਸਰਨਿ ਨਹੀਂ ਆਵੈ

ਇਹੁ ਸੰਸਾਰੁ ਸਗਲ ਹੈ ਸੁਪਨੈ ਦੇਖਿ ਕਹਾ ਲੋਭਾਵੈ।[108]

ਪ੍ਰਸ਼ਨ ਹੈ ਕਿ ਨਰ ਤੂੰ ਆਪਣਾ ਅਮੋਲਾ ਜੀਵਨ ਕਿਉਂ ਵਿਅਰਥ ਗੁਆ ਰਿਹਾ ਹੈਂ? ਮਾਇਆ ਦੇ ਨਸ਼ੇ ਵਿਚ ਗਲਤਾਨ ਹੋ ਕੇ ਹਰੀ ਨਾਮ ਨੂੰ ਭੁੱਲ ਚੁੱਕਾ ਹੈਂ। ਅਗਲੀ ਤੁੱਕ ਵਿਚ ਗੁਰੂ ਜੀ ਨੇ ਆਪ ਹੀ ਸਪਸ਼ਟ ਕਰ ਦਿੱਤਾ ਹੈ ਕਿ ਇਹ ਜਗਤ ਸੁਪਨੇ ਦੇ ਸਮਾਨ ਹੈ, ਇਸ ਦੀ ਚਮਕ ਦਮਕ ਨੂੰ ਦੇਖ ਕੇ ਤੂੰ ਲਾਲਚ ਵਿਚ ਨਾ ਫਸ। ਗੁਰੂ ਤੇਗ਼ਬਹਾਦਰ ਦੀ ਬਾਣੀ ਦੀ ਇਹ ਵਿਸ਼ੇਸ਼ਤਾ ਹੈ ਕਿ ਰਬ

ਪ੍ਰਸ਼ਨ ਦਾ ਉੱਤਰ ਕੇਵਲ ਉੱਤਰ ਦੀ ਪੱਧਰ ਤੱਕ ਹੀ ਸੀਮਿਤ ਨਹੀਂ, ਸਗੋਂ ਇਸ ਦਾ ਸੰਬੰਧ ਜੀਵ ਜਗਤ ਦੀ ਅੰਤਿਮ ਹੋਣੀ ਨਾਲ ਜੋੜਿਆ ਗਿਆ ਹੈ। ਪ੍ਰਸ਼ਨ ਕਰਤਾ ਤੇ ਪ੍ਰਸ਼ਨ ਸੁਣਨ ਵਾਲਾ ਦੋਵੇਂ ਇਕ ਦੂਜੇ ਵਿਚ ਅਭੇਦ ਹਨ। ਸੰਵਾਦ ਦੀ ਇਸ ਵਿਧੀ ਨੂੰ ਨਿੱਜ ਆਤਮ ਸੰਵਾਦ ਦੀ ਵਿਧੀ ਕਿਹਾ ਜਾਂਦਾ ਹੈ। ਉਂਜ ਤਾਂ ਸੰਵਾਦ ਵਿਚ ਦੂਸਰੀ ਧਿਰ ਦਾ ਹੋਣਾ ਜ਼ਰੂਰੀ ਹੈ ਪਰ ਇਸ ਬਾਣੀ ਵਿਚ ਜੀਵ ਆਪਣੇ ਹੀ ਮਨ ਨਾਲ ਸੰਵਾਦ ਰਚਾ ਰਿਹਾ ਹੈ। ਬਹੁਤੀ ਥਾਵੇਂ ਆਤਮ ਤਰਾਂਗ ਦੀ ਅਵਸਥਾ ਪੇਸ਼ ਕੀਤੀ ਗਈ ਹੈ। ਨਿੱਜ, ਨਿੱਜ ਨਾਲ ਹੀ ਸੰਵਾਦ ਰਚਾ ਰਿਹਾ ਹੈ।

ਯਹ ਮਨੁ ਨੈਕ ਨ ਕਹਿਓ ਕਰੈ।।
ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ।[109]

ਮਨ ਦੇ ਹਠੀਲੇਪਨ ਦਾ ਜ਼ਿਕਰ ਹੈ। ਮਨ ਆਪਣੀ ਮਰਜ਼ੀ ਕਰਦਾ ਹੈ। ਇਉਂ ਜਾਪਦਾ ਹੈ ਜਿਵੇਂ ਮਨ ਦੀ ਇਹ ਅਵਸਥਾ ਕਿਸੇ ਦੂਜੇ ਮਨੁੱਖ ਨਾਲ ਸਾਂਝੀ ਕੀਤੀ ਜਾ ਰਹੀ ਹੈ। ਪਰ ਅਗਲੀ ਹੀ ਤੁਕ ਤੋਂ ਪਤਾ ਲੱਗਦਾ ਹੈ ਕਿ ਕੋਈ ਦੂਜਾ ਵਿਅਕਤੀ ਮੌਜੂਦ ਨਹੀਂ। ਮਨ ਦੀ ਅਵਸਥਾ ਦਾ ਹੀ ਵਿਸ਼ਲੇਸ਼ਣ ਹੈ ਕਿ ਮਨ ਦੁਰਮਤਿ ਦਾ ਸ਼ਿਕਾਰ ਹੈ, ਹਰ ਇਕ ਨਾਲ ਵੈਰ ਕਰਦਾ ਹੈ, ਮਾਇਆ ਦੇ ਨਸ਼ੇ ਵਿਚ ਪਾਗਲ ਹੋਇਆ ਹਰੀ ਨਾਮ ਦਾ ਉਚਾਰਣ ਮੂਲੋਂ ਨਹੀਂ ਕਰਦਾ। ਸਪਸ਼ਟ ਹੈ ਕਿ ਸੰਵਾਦ ਰਚਾਉਣ ਵਾਲਾ, ਆਤਮ ਸੰਵਾਦ ਰਾਹੀਂ ਇਸ ਸਿੱਟੇ ਤੇ ਪੁੱਜਦਾ ਹੈ ਕਿ ਮਨ ਦੀ ਭਟਕਣਾ ਦਾ ਕਾਰਣ ਮਾਇਆ ਹੈ। ਆਤਮ ਸੰਵਾਦ ਦੀ ਵਿਧੀ ਰਾਹੀਂ ਗੁਰੂ ਤੇਗ਼ਬਹਾਦਰ ਦੀ ਬਾਣੀ ਵਿਚ ਹੋਰ ਵੀ ਗੰਭੀਰਤਾ ਆ ਗਈ ਹੈ।

### ਸੰਬੋਧਨ ਮੂਲਕ ਬਾਣੀ।

ਗੁਰੂ ਤੇਗ਼ਬਹਾਦਰ ਦੀ ਬਾਣੀ ਵਿਚ ਬਹੁਤੇ ਸੰਬੋਧਨਕਾਰੀ ਵਿਧੀ ਦੀ ਵਰਤੋਂ ਕੀਤੀ ਗਈ ਹੈ। ਸੰਵਾਦ ਅਤੇ ਸੰਬੋਧਨ ਲਈ ਦੂਜੀ ਧਿਰ ਦਾ ਹੋਣਾ ਜ਼ਰੂਰੀ ਹੈ। ਬਾਣੀ ਵਿਚ ਕਈ ਥਾਵੇਂ ਤਾਂ ਜੀਵ ਅਤੇ ਮਾਇਆ, ਜਾਂ ਜੀਵ ਅਤੇ ਮਨ ਦਾ ਆਪੋ ਵਿਚ ਸੰਵਾਦ ਰਚਾਇਆ ਗਿਆ ਹੈ ਜਾਂ ਫੇਰ ਜੀਵ ਦੂਜੀ ਧਿਰ ਨੂੰ ਸੰਬੋਧਨ ਕਰਕੇ ਆਪਣੇ ਮਨ ਦੀ ਅਵਸਥਾ ਸਾਂਝੀ ਕਰਦਾ ਹੈ। ਉਂਜ ਤਾਂ ਸੰਵਾਦ ਵੀ ਸੰਬੋਧਨ ਦੁਆਰਾ ਹੀ ਕੀਤਾ ਜਾ ਸਕਦਾ ਹੈ। ਸਮੁੱਚੀ ਬਾਣੀ ਵਿਚ ਸੰਬੋਧਨ ਦੀ ਸੁਰ, ਸੰਵਾਦ ਨਾਲੋਂ ਬਹੁਤੇ ਉਚੀ ਹੈ। ਗੁਰਬਾਣੀ ਵਿਚ ਸੰਬੋਧਨ ਕਰਨ ਦੀ ਵਿਰਤ ਪਹਿਲੇ

ਗੁਰੂ ਨਾਨਕ ਦੇਵ ਨੇ ਪਾਈ। ਅਗਲੇ ਗੁਰੂਆਂ ਦੁਆਰਾ ਵੀ ਇਹ ਪਿਰਤ ਪ੍ਰਚੱਲਤ ਰਹੀ। ਸੰਬੋਧਨ ਦੁਆਰਾ ਗੁਰੂ ਕਵੀਆਂ ਨੇ ਸਿੱਖਾਂ ਨੂੰ ਉਪਦੇਸ਼ ਦੇ ਕੇ ਇਕ ਵਿਸ਼ੇਸ਼ ਢੰਗ ਦੀ ਜੀਵਨ ਜਾਚ ਅਪਨਾਉਣ ਲਈ ਪ੍ਰੇਰਿਆ। ਸ੍ਰੋਤਿਆਂ ਨੂੰ ਸੰਬੋਧਨ ਕਰਨ ਦੀ ਪਿਰਤ ਗੁਰੂ ਨਾਨਕ ਦੇਵ ਨੇ ਪਾਈ। ਕਹਿਣ ਤੋਂ ਭਾਵ ਕਿ ਗੁਰੂ ਤੇਗ਼ਬਹਾਦਰ ਤੋਂ ਬਹੁਤ ਦੇਰ ਪਹਿਲਾਂ ਸੰਬੋਧਨ ਕਰਨ ਦੀ ਪਿਰਤ ਪੈ ਚੁੱਕੀ ਸੀ। ਦੂਸਰਾ ਦੇਖਣ ਇਹ ਹੈ ਕਿ ਕਿਧਰੇ ਇਹ ਸੰਬੋਧਨ ਸਾਧਾਰਣ ਸੰਸਾਰੀਆਂ ਨੂੰ ਹੈ ਤੇ ਕਿਤੇ ਗੁਰੂ ਸੰਗਤ ਨੂੰ ਹੈ। ਬਲਕਿ ਸੰਬੋਧਨ ਗੁਰਬਾਣੀ ਦਾ ਮੁੱਖ ਲੱਛਣ ਰਿਹਾ ਹੈ। ਨੌਵੇਂ ਗੁਰੂ ਦੀ ਸਾਰੀ ਬਾਣੀ ਸੰਬੋਧਨਮੂਲਕ ਹੈ। ਰੂਪਕ ਪੱਖੋਂ ਇਹ ਵਿਸ਼ੇਸ਼ਤਾ ਬਾਣੀ ਨੂੰ ਵਿਲੱਖਣਤਾ ਪ੍ਰਦਾਨ ਕਰਦੀ ਹੈ। ਇਸ ਬਾਣੀ ਵਿਚ ਪ੍ਰਭੂ ਤੋਰ ਤੇ ਸਾਈ, ਮਨ ਰੇ, ਸਾਧੋ, ਰੇ ਮਨ, ਰੇ ਅਜਾਨ ਆਦਿ ਸੰਬੋਧਨਾਂ ਦੀ ਵਰਤੋਂ ਕੀਤੀ ਗਈ ਹੈ। ਸਭ ਤੋਂ ਵਧੇਰੇ ਸੰਬੋਧਨ ਮਨ ਨੂੰ ਕੀਤਾ ਗਿਆ ਹੈ ਤਾਂ ਜੁ ਮਨ ਦੁਆਰਾ ਸਾਧਨਾ ਤੇ ਦੁਬਿਧਾ ਦੂਰ ਕੇ ਵਧੀਏ ਨਕਸ਼ ਨਾਲ ਜੁੜ ਸਕੇ।

(ੳ) ਮਨ ਰੇ ਗਹਿਓ ਨ ਗੁਰ ਉਪਦੇਸੁ।[110]

(ਅ) ਰੇ ਮਨ ਰਾਮ ਸਿਉ ਕਰਿ ਪ੍ਰੀਤਿ।[111]

(ੲ) ਮਨ ਰੇ ਕਹਾ ਭਇਓ ਤੈ ਬਉਰਾ।[112]

(ਸ) ਮਨ ਰੇ ਪ੍ਰਭ ਕੀ ਸਰਨਿ ਬਿਚਾਰੋ।[113]

(ਹ) ਮਨ ਰੇ ਸਾਚਾ ਗਹੋ ਬਿਚਾਰਾ।[114]

(ਕ) ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ।[115]

ਡਾ. ਮਹਿੰਦਰ ਕੌਰ ਗਿੱਲ ਅਨੁਸਾਰ, "ਗੁਰੂ ਨਾਨਕ ਦੇਵ ਦੇ ਉਪਦੇਸ਼ ਦਾ ਮੁੱਖ ਪਾਤਰ ਵਰਗ ਉਧਾਰ ਹੈ। ਭਾਵੇਂ ਉਹ 'ਰਾਜਾ' ਵਰਗ ਹੈ 'ਬ੍ਰਾਹਮਣ' ਜਾਂ 'ਕਾਜ਼ੀ ਵਰਗ' ਹੈ। ਗੁਰੂ ਅਰਜਨ ਦੇਵ ਦੀ ਬਿਰਤੀ ਸੰਸਾਰਮੁਖਤ ਹੈ ... ਇਸ ਤੋਂ ਉਲਟ ਗੁਰੂ ਤੇਗ਼ਬਹਾਦਰ ਦਾ ਉਪਦੇਸ਼ ਪਾਤਰ ਨਾ ਵਰਗ ਹੈ ਤੇ ਨਾ ਜਨ ਸਾਧਾਰਣ ਜੀਵ। ਇਨ੍ਹਾਂ ਦਾ ਉਪਦੇਸ਼ ਪਾਤਰ ਨਿੱਜ-ਆਤਮ ਹੈ।

ਇਨ੍ਹਾਂ ਦੇ ਲੱਗਭੱਗ ਸਾਰੇ ਪਦੇ ਆਤਮ ਸੰਬੋਧਿਤ ਹਨ। ਜਦੋਂ ਉਹ ਸਾਧੋ ਜਾਂ ਮਾਈ ਆਦਿ ਸੰਬੋਧਨਾਂ ਦਾ ਪ੍ਰਯੋਗ ਕਰਦੇ ਹਨ ਉਦੋਂ ਵੀ ਉਹ ਆਤਮ-ਕੇਂਦਰਿਤ ਹੀ ਰਹਿੰਦੇ ਹਨ।"[116] ਜਦਕਿ ਗੁਰੂ [illegible] ਦੀ ਬਾਣੀ ਵਿਚ ਸਾਰੇ ਪਦਿਆਂ ਦਾ ਉਪਦੇਸ਼ ਪਾਤਰ ਗੈਰ-ਆਤਮ ਹੈ। ਇਹ ਇਸ ਬਾਣੀ ਦੀ ਵਿਸ਼ੇਸ਼ ਵਿਲੱਖਣਤਾ ਹੈ।

ਭਾਵੇਂ ਨੌਵੇਂ ਗੁਰੂ ਦੀ ਬਾਣੀ ਵਿਚ ਮਨ ਸੰਬੋਧਨ ਦੀ ਵਰਤੋਂ ਵਧੇਰੇ ਕੀਤੀ ਗਈ ਹੈ ਪਰ ਇਸ ਤੋਂ ਇਲਾਵਾ ਕੁਝ ਹੋਰ ਸੰਬੋਧਨ ਜਿਵੇਂ ਨਰ, ਸਾਧੋ, ਮਾਈ ਆਦਿ ਦੀ ਵਰਤੋਂ ਵੀ ਆਮ ਕੀਤੀ ਮਿਲਦੀ ਹੈ।

(ੳ) ਨਰ ਅਚੇਤ ਪਾਪ ਤੇ ਡਰੁ ਰੇ
ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ।[117]

(ਅ) ਕਹਾ ਨਰ ਅਪਨੋ ਜਨਮੁ ਗਵਾਵੈ
ਮਾਇਆ ਮਦਿ ਬਿਖਿਆ ਰਸਿ ਰਚਿਓ ਰਾਮ ਸਰਨਿ ਨਹੀ ਆਵੈ।[118]

(ੲ) ਅਬ ਮੈ ਕਹਾ ਕਰਉ ਰੀ ਮਾਈ
ਸਗਲ ਜਨਮੁ ਬਿਖਿਅਨ ਸਿਉ ਖੋਇਆ ਸਿਮਰਿਓ ਨਾਹਿ ਕਨ੍ਹਾਈ।[119]

(ਸ) ਸਾਧੋ ਮਨ ਕਾ ਮਾਨੁ ਤਿਆਗਉ
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ।[120]

ਉਪਰੋਕਤ ਪਦਿਆਂ ਦੀ ਮੁੱਖ ਸੁਰ ਉਪਦੇਸ਼ਾਤਮਕ ਹੈ ਮਨੁੱਖ ਨੂੰ ਪਾਸ਼ਵਿਕਤਾ ਤੋਂ ਉਪਰ ਉਠ ਕੇ ਦਿਵਤਾ ਦੀ ਪ੍ਰਾਪਤੀ ਲਈ ਸੁਚੇਤ ਕੀਤਾ ਗਿਆ ਹੈ। ਉਸ ਸਰਬਉੱਚ ਸ਼ਕਤੀ ਦੇ ਨਾਲ ਜੁੜਨ ਦੀ ਪ੍ਰੇਰਣਾ ਦਿੱਤੀ ਗਈ ਹੈ ਜੋ ਦੁੱਖ ਹਰਤਾ ਹੈ, ਜਿਸ ਦਾ ਸਾਰੇ ਜਸ ਗਾਉਂਦੇ ਹਨ। ਉਸ ਹਰੀ ਦੇ ਸਿਮਰਨ ਨਾਲ ਹੀ ਜੀਵ ਨੂੰ ਆਤਮਿਕ ਸੁੱਖ ਮਿਲਦਾ ਹੈ।

ਗੁਰੂ ਤੇਗ਼ਬਹਾਦਰ ਦੀ ਬਾਣੀ ਵਿਚ 'ਪ੍ਰਾਨੀ' ਸੰਬੋਧਨ ਦਾ ਜ਼ਿਕਰ ਵੀ ਕਾਫ਼ੀ ਮਾਤਰਾ ਵਿਚ ਮਿਲਦਾ ਹੈ। ਮਾਇਆ ਵਿਚ ਡੁੱਬੇ ਜੀਵ ਨੂੰ ਇਸ ਅਵਸਥਾ ਤੋਂ ਜਾਣੂੰ ਕਰਵਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਹਰ ਤਰ੍ਹਾਂ ਮੋਹ ਮਨੁੱਖ ਨੂੰ ਚਿੰਤਾਗ੍ਰਸਤ ਕਰਦਾ ਹੈ। ਮਨੁੱਖ ਇਸ ਜਗਤ ਦੀ ਨਿਰਾਰਥਕਤਾ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦਾ।

ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ
ਅਹਿਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ।[121]

'ਪ੍ਰਾਨੀ' ਸੰਬੋਧਨ ਦੀ ਵਰਤੋਂ ਕਿਸੇ ਵਿਸ਼ੇਸ਼ ਪ੍ਰਾਨੀ ਮਾਤਰ ਲਈ ਨਹੀਂ ਕੀਤੀ ਗਈ ਸਗੋਂ ਆਪਣੇ ਆਪ ਨੂੰ ਸਮਝਾ ਕੇ ਸਾਧਾਰਣ ਜੀਵ ਨੂੰ ਅਵਸਥਾ ਤੋਂ ਜਾਣੂੰ ਕਰਾਉਣ ਦੀ ਕੋਸ਼ਿਸ਼ ਕੀਤੀ ਹੈ।

ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ
ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ

ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ
ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ

ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ
ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ।[122]

ਡਾ. ਹਰਿਭਜਨ ਸਿੰਘ ਅਨੁਸਾਰ, "ਉਸਨੇ ਆਪਣੀ ਸੰਬੋਧਨ-ਜੁਗਤਿ ਨੂੰ ਵੀ ਸਰਲ ਕੀਤਾ ਹੈ, ਸਰਲ ਹੀ ਨਹੀਂ ਇਕਸਾਰ ਵੀ ਜਿਹੜਾ ਪਦਾ ਜਾਂ ਸਲੋਕ ਜਿਸ ਕਿਸੇ ਨੂੰ ਵੀ ਸੰਬੋਧਿਤ ਹੈ, ਆਦਿ ਤੋਂ ਅੰਤ ਤੱਕ ਇਕੋ ਸੰਬੋਧਨ-ਬਿੰਦੂ ਕੇਂਦਰਿਤ ਬਣਿਆ ਰਹਿਆ ਹੈ। ਇਸੇ ਸਰਲ-ਇਕਸਾਰ ਸੰਬੋਧਨ ਵਿਧੀ ਦਾ ਸਿੱਟਾ ਇਹ ਹੈ ਕਿ ਗੁਰੂ ਤੇਗ਼ਬਹਾਦਰ ਨੇ ਆਪਣਾ ਸਾਰਾ ਉਚਾਰ ਇਕੋ ਰੂਪਾਕਾਰ 'ਪ੍ਰਗੀਤ' ਰਾਹੀਂ ਪੇਸ਼ ਕਰ ਦਿੱਤਾ ਹੈ। ਹਰ ਪਦੇ ਦੀ ਇਕੋ ਸੰਰਚਨਾ ਹੈ, ਇਕ ਬੋਲਾ ਮਨੁੱਖ ਆਪਣੇ ਆਪ ਨੂੰ ਜਾਂ ਦੂਜੇ ਕਹੇ ਮਨੁੱਖ ਜਾਂ ਮਨੁੱਖਾਂ ਨੂੰ ਕਹਿੰਦਾ ਹੈ ਅਤੇ ਇਕੋ ਗੱਲ ਕਹਿੰਦਾ ਹੈ ਕਿ ਆਪਣੇ ਸੰਸਾਰੀ ਦੁਬਿਧਾਵੀ ਜਾਂ ਬੰਧਨ ਨੂੰ ਕੱਟ ਕੇ ਮੁਕਤੀ ਦਸ਼ਾ ਨੂੰ ਪ੍ਰਾਪਤ

ਕੀਤਾ ਜਾਵੇ। ਏਨੋ ਤੂ ਕਥਨ ਸ਼ੈਲੀ ਦੀ ਸਰਲੀਕਰਨ ਤੋਂ ਕੰਮ ਲਿਆ ਗਿਆ ਹੈ। ਰਚਨੀ ਅਤੇ ਸਰੋਤੇ ਵਿਚ ਵੀ ਸਰਲ-ਵਿਚਾਰਕ ਸੰਬੰਧ ਹੈ। ਬਹੁਤੀ ਥਾਈਂ ਦੋਵੇਂ ਇਕੋ ਹੀ ਹਨ। ਇਉਂ ਪ੍ਰਤੀਤ ਹੁੰਦਾ ਹੈ ਕਿ ਵਕਤਾ ਆਪਣੇ ਆਪ ਨੂੰ ਆਤਮਾ ਦੀ ਭੂਮਿਕਾ ਵਿਚ ਕਲਪਿਆ ਹੈ ਅਤੇ ਤੱਥ ਪੇਸ਼ ਕਰਦਾ ਹੈ। ਧਾਰਮਿਕ ਪ੍ਰਗੀਤਾਂ ਵਿਚ ਅਜਿਹਾ ਵਿਧਾਨ ਬਹੁਤਾ ਮਿਲਦਾ ਹੈ। ਗੁਰੂ ਤੇਗ਼ਬਹਾਦਰ ਬਾਣੀ ਵਿਚ ਇਹੋ ਵਿਧਾਨ ਥਾਂ ਥਾਂ ਦ੍ਰਿਸ਼ਟੀਗੋਚਰ ਹੁੰਦਾ ਹੈ।"[123]

ਸਾਧੋ ਸੰਬੋਧਨ ਵਾਲੇ ਪਦਿਆਂ ਦੀ ਕਿਰਤੀ ਮੁਖ ਤੌਰ ਤੇ ਉਪਦੇਸ਼ਾਤਮਕ ਹੈ। ਇਨ੍ਹਾਂ ਪਦਿਆਂ ਵਿਚ ਸੰਸਾਰੀ ਕਰਮ-ਅਭਿਲਾਸ਼ਾਂ ਤੇ ਝੂਠੀ ਸਾਧੂਆਂ ਦੀ ਨਿੰਦਾ ਕੀਤੀ ਗਈ ਹੈ। ਜਿਨ੍ਹਾਂ ਜੀਵਾਂ ਨੂੰ ਲੋਭ ਮੋਹ ਮਾਇਆ ਦੇ ਦੁੱਖ ਪੋਂਹਦੇ ਨਹੀਂ, ਜਿਨ੍ਹਾਂ ਲਈ ਖੁਸ਼ੀ ਤੇ ਗ਼ਮੀ, ਸੁਰਗ ਤੇ ਨਰਕ, ਅੰਮ੍ਰਿਤ ਤੇ ਜ਼ਹਿਰ ਸਭ ਬਰਾਬਰ ਹਨ, ਉਹ ਪ੍ਰਭੂ ਰੂਪ ਬਣ ਜਾਂਦੇ ਹਨ ਜੋ ਸੰਸਾਰਿਕ ਬਾਜ਼ਾਰ ਵਿਚ ਵਿਚਰਦੇ ਹਨ ਉਹ ਅਸਲੀ ਗਿਆਨੀ ਪੁਰਖ ਹਨ।

(ੳ) ਸਾਧੋ ਰਚਨਾ ਰਾਮ ਬਨਾਈ  
ਇਕਿ ਬਿਨਸੈ ਇਕ ਅਸਥਿਰੁ ਮਾਨੈ  
ਅਚਰਜੁ ਲਖਿਓ ਨ ਜਾਈ  
ਕਾਮ ਕ੍ਰੋਧ ਮੋਹ ਬਸਿ ਪ੍ਰਾਨੀ  
ਹਰਿ ਮੂਰਤਿ ਬਿਸਰਾਈ

... ...  
... ...

ਜਨ ਨਾਨਕ ਸਭੁ ਜਾਨਿਓ ਮਿਥਿਆ  
ਰਹਿਓ ਰਾਮ ਸਰਨਾਈ।[124]

(ਅ) ਸਾਧੋ ਰਾਮ ਸਰਨਿ ਬਿਸਰਾਮਾ  
ਬੇਦ ਪੁਰਾਨ ਪੜੇ ਕੋ ਇਹ ਗੁਨ ਸਿਮਰੇ ਹਰਿ ਕੋ ਨਾਮਾ  
ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ  
ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ।[125]

ਦੁਖ-ਸੁਖ, ਉਸਤਤ-ਨਿੰਦਿਆ, ਹਰਖ-ਸੋਗ, ਮਾਨ-ਅਪਮਾਨ ਆਦਿ ਸਾਰੀਆਂ ਅਵਸਥਾਵਾਂ ਨੂੰ ਨਕਾਰਨ ਵਾਲੀ ਰਚਨਾ ਗੁਰੂ ਤੇਗ਼ਬਹਾਦਰ ਦੀ ਸੰਵੇਦਨਾ ਦੀ ਪ੍ਰਮਾਣਿਕ ਗਵਾਹ ਹੈ। ਗੁਰਬਾਣੀ ਵਿਚ ਧਾਰਮਕ ਪਖੰਡੀਆਂ ਤੇ ਭ੍ਰਿਸ਼ਟ ਰਾਜਿਆਂ ਉਤੇ ਭਰਪੂਰ ਟਿੱਪਣੀ ਹੋਈ ਹੈ। ਇਹ ਠੀਕ ਹੈ ਕਿ ਬਾਣੀ ਦਾ ਕੇਂਦਰੀ ਵਿਸ਼ਾ ਕੋਈ ਸਮਾਜਕ ਆਲੋਚਨਾ ਕਰਨਾ ਨਹੀਂ, ਕੇਂਦਰੀ ਮਕਸਦ ਤਾਂ ਜੀਵ, ਬ੍ਰਹਮ ਦੇ ਸੰਬੰਧ ਨੂੰ ਹੀ ਪ੍ਰਗਟ ਹੈ। ਡਾ. ਹਰਿਭਜਨ ਸਿੰਘ ਅਨੁਸਾਰ, "ਗੁਰੂ ਤੇਗ਼ ਬਹਾਦਰ ਦੀ ਸਰਲ ਸੰਵੇਦਨਾ ਦਾ ਸਿੱਟਾ ਇਹ ਹੈ ਕਿ ਇਸ ਵਿਚ ਬਾਣੀ ਦੇ ਕੇਂਦਰੀ ਤੱਤ ਤੋਂ ਸਿਵਾ ਬਾਕੀ ਸਭ ਕੁਝ ਛਾਂਟ ਦਿੱਤਾ ਗਿਆ ਹੈ। ਨਿੰਦਿਆ ਹੀ ਨਹੀਂ ਉਸਤਤਿ ਨੂੰ ਵੀ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਕੋਈ ਸਥਾਨ ਨਹੀਂ। ਉਸਤਤਿ-ਤਿਆਗ, ਨਿੰਦਿਆ- ਤਿਆਗ ਤੋਂ ਵੀ ਵਧੇਰੇ ਮਹੱਤਵ ਭਰਪੂਰ ਹੈ। ਨਾਮ - ਮਹਿਮਾ ਵਿਚ ਵੀ ਨੌਵੇਂ ਮਹਲੇ ਦੀ ਬਾਣੀ ਬਹੁਤ ਵਿਲੱਖਣ ਹੈ। ਨੌਵੇਂ ਮਹਲੇ ਦੀ ਬਾਣੀ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਨਾਲ ਪੂਰੀ ਤਰ੍ਹਾਂ ਇਕਸੁਰ ਹੈ। ਪਰ ਸਰਲ-ਪਨ ਇਸ ਬਾਣੀ ਦਾ ਆਪਣਾ ਹੈ। ਮੂਲ ਅੰਤਰ ਇਹ ਹੈ ਕਿ ਇਸਨੇ ਕੇਂਦਰ ਨੂੰ ਏਨਾ ਇਕਾਗਰ ਇਕ ਚਿੱਤ ਹੋ ਕੇ ਵੇਖਿਆ ਹੈ ਕਿ ਵਿਰੋਧੀ ਵੇਰਵੇ ਆਪਣੇ ਆਪ ਨਕਾਰੇ ਗਏ ਹਨ।"[126]

ਜੋ ਨਰੁ ਦੁਖ ਮੈ ਦੁਖੁ ਨਹੀਂ ਮਾਨੈ
ਸੁਖ ਸਨੇਹੁ ਅਰੁ ਭੈ ਨਹੀਂ ਜਾ ਕੈ
ਕੰਚਨ ਮਾਟੀ ਮਾਨੈ।।1।। ਰਹਾਉ।।
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ।।
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ।।2।।
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ।।
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗ ਪਾਨੀ।।[127]

ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਸਾਰੀ ਸੰਜੀਦਗੀ ਕੁਦਰਤ ਅਤੇ ਮਨੁੱਖ ਦੀ ਮਨੋਸਥਿਤੀਆਂ ਨੂੰ ਪੇਸ਼ ਕਰਦੇ ਹਨ। ਸਾਹਿਤਕ ਪ੍ਰਤੀ ਆਦਰਸ਼ਕ ਮਨੁੱਖ ਦੀ ਸੁਤੰਤਰ ਪ੍ਰਵਿਰਤੀ ਹੈ।

'ਸਤਿ ਸਰੂਪ' ਨੂੰ ਜਾਣਦਿਆਂ ਹੋਇਆਂ ਵੀ ਮਨੁੱਖ ਮਾਇਆ ਜਾਲ ਤੋਂ ਮੁਕਤ ਨਹੀਂ ਹੁੰਦਾ। ਦੁਨਿਆਵੀ ਵਿਸ਼ਿਆਂ ਪ੍ਰਤੀ ਉਸਦੀ ਭਟਕਣਾ ਮਿਟਦੀ ਨਹੀਂ, ਪਰ ਇਹ ਅਵਸਥਾ ਕਿਸੇ ਇਕ ਵਿਅਕਤੀ ਵਿਸ਼ੇਸ਼ ਦੀ ਨਹੀਂ ਸਗੋਂ ਪੂਰੀ ਮਾਨਵ ਦੀ ਹੈ। ਨਾਮ ਵਿਹੂਣਾ ਮਨ ਹਮੇਸ਼ਾ ਭਟਕਦਾ ਤੇ ਸੰਕਟਗ੍ਰਸਤ ਰਹਿੰਦਾ ਹੈ।

(ੳ) ਮਾਈ ਮੈ ਕਿਹਿ ਬਿਧਿ ਲਖਉ ਗੁਸਾਈ
ਮਹਾ ਮੋਹ ਅਗਿਆਨਿ ਤਿਮਰਿ ਮੋ ਮਨੁ ਰਹਿਓ ਉਰਝਾਈ॥੧॥ਰਹਾਉ॥
ਸਗਲ ਜਨਮ ਭਰਮ ਹੀ ਭਰਮ ਖੋਇਓ ਨਹ ਅਸਥਿਰੁ ਮਤਿ ਪਾਈ॥
ਬਿਖਿਆ ਸਕਤ ਰਹਿਓ ਨਿਸ ਬਾਸੁਰ ਨਹ ਛੂਟੀ ਅਧਮਾਈ॥੧॥
ਸਾਧ ਸੰਗੁ ਕਬਹੂ ਨਹੀ ਕੀਨਾ ਨਹ ਕੀਰਤਿ ਪ੍ਰਭ ਗਾਈ॥[128]

(ਅ) ਮਾਈ ਮਨੁ ਮੇਰੋ ਬਸਿ ਨਾਹਿ
ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ॥੧॥ਰਹਾਉ॥
ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ ਨਿਮਖ ਨ ਹੀਏ ਬਸਾਵੈ॥
ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ॥੧॥[129]

(ੲ) ਮਾਈ ਮੈ ਮਨ ਕੋ ਮਾਨੁ ਨ ਤਿਆਗਿਓ॥
ਮਾਇਆ ਕੇ ਮਦਿ ਜਨਮੁ ਸਿਰਾਇਓ ਰਾਮ ਭਜਨਿ ਨਹੀ ਲਾਗਿਓ॥੧॥ਰਹਾਉ॥
ਜਮ ਕੋ ਡੰਡੁ ਪਰਿਓ ਸਿਰ ਊਪਰਿ ਤਬ ਸੋਵਤ ਤੈ ਜਾਗਿਓ॥
ਕਹਾ ਹੋਤ ਅਬ ਕੈ ਪਛੁਤਾਏ ਛੂਟਤ ਨਾਹਿਨ ਭਾਗਿਓ॥੧॥[130]

ਗੁਰੂ ਤੇਗ਼ ਬਹਾਦਰ ਨੇ 'ਮਾਈ' ਸੰਬੋਧਨ ਨਾਲ ਹੀ ਮਾਇਆ ਮੁਕਤ ਮਨ ਦੀ ਅਵਸਥਾ ਦਾ ਵਰਣਨ ਵੀ ਕੀਤਾ ਹੈ। ਹਰੀ ਸਿਮਰਨ ਨਾਲ ਮਨ ਹਰ ਕਿਸਮ ਦੀ ਭਟਕਣਾ ਤੋਂ ਮੁਕਤ ਹੋ ਗਿਆ ਹੈ। ਦੁਨਿਆਵੀ ਪਦਾਰਥਾਂ ਦੀ ਖਿੱਚ ਮਨ ਨੂੰ ਭਰਮਾਉਂਦੀ ਨਹੀਂ। ਇਸ ਸਿਮਰਨ ਦੀ ਪ੍ਰਾਪਤੀ ਨਾਲ ਮਨੁੱਖ ਸਭ ਤਰ੍ਹਾਂ ਦੀ ਇੱਛਿਆਵਾਂ ਤੇ ਦੁਨਿਆਵੀ ਖਿੱਚ ਤੋਂ ਨਿਜਾਤ ਪਾ ਕੇ ਸਹਿਜ ਟਿਕਾਓ ਵਿਚ ਆ ਗਿਆ ਹੈ।

ਮਾਈ ਮੈ ਧਨੁ ਪਾਇਓ ਹਰਿਨਾਮੁ।।

ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ।।੧।।ਰਹਾਉ।।

ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ।

ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ।।੧।।

ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ।

ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ।[131]

ਡਾ. ਮਹਿੰਦਰ ਕੌਰ ਗਿੱਲ ਅਨੁਸਾਰ, "ਗੁਰੂ ਤੇਗ਼ ਬਹਾਦਰ ਆਪਣੀ ਸੰਖਿਪਤ ਨਾਲ ਢੁਕਵੇਂ ਪਦਿਆਂ ਰਾਹੀ ਆਪਣੀ ਮਨੋਵਿਗਿਆਨਕ ਸੂਝ ਦੇ ਆਤਮਿਕ ਸਰੂਪ ਨੂੰ ਸੰਖਿਪਤ ਕਰਕੇ ਕਰਦੇ ਹਨ। ਇਨ੍ਹਾਂ ਸ਼ਬਦਾਂ ਨੂੰ ਪੜ੍ਹਨ ਉਪਰੰਤ ਇੰਜ ਜਾਪਦਾ ਹੈ ਜਿਵੇਂ ਕੋਈ ਅਨੇਕ ਸਾਧਕ ਆਪਣੇ ਮਨ ਦੀ ਹਾਲਤ ਆਪਣੀ ਮਾਈ ਅਰਥਾਤ ਮਾਂ ਕੋਲ ਨਿਰਸੰਗ ਨਿਰਸੰਕੋਚ ਹੋ ਕੇ ਆਖ ਰਿਹਾ ਹੈ। ਗੁਰੂ ਸਾਹਿਬ ਆਪਣੇ ਕਥਿਣ ਦੇ ਸੰਚਾਰ ਵਿਚ ਇਤਨੇ ਸਫਲ ਅਤੇ ਭਾਵੁਕ ਹਨ ਕਿ ਉਨ੍ਹਾਂ ਦੀ ਆਖੀ ਗੱਲ ਦਾ ਜਿਵੇਂ ਸਾਧਾਰਣੀਕਰਣ ਹੋ ਕੇ ਇਹ ਵਿਗਿਆਨ ਕੇਵਲ ਉਨ੍ਹਾਂ ਦੀ ਹੀ ਨਹੀਂ ਸਗੋਂ ਸਾਰੇ ਪਾਠਕਾਂ ਦੀ ਬਣ ਗਈ ਹੋਵੇ। ਉਚੇਰੀ ਕਵਿਤਾ ਦਾ ਪ੍ਰਮੁੱਖ ਗੁਣ ਵੀ ਇਹੋ ਹੁੰਦਾ ਹੈ ਕਿ ਉਹ ਪਾਠਕਾਂ ਦੇ ਅਨੁਭਵ ਨਾਲ ਆਪਣੀ ਸਾਂਝ ਜਾਂ ਪਛਾਣ ਪੈਦਾ ਕਰ ਲੈਂਦੀ ਹੈ। ਗੁਰੂ ਤੇਗ਼ਬਹਾਦਰ ਜੀ ਇਨ੍ਹਾਂ ਪਦਿਆਂ ਰਾਹੀਂ ਕੁਝ ਇਸੇ ਤਰ੍ਹਾਂ ਦੀ ਪਛਾਣ ਪੈਦਾ ਕਰਦੇ ਹਨ।"[132]

ਕੁਲ ਮਿਲਾ ਕੇ ਇਉਂ ਕਿਹਾ ਜਾ ਸਕਦਾ ਹੈ ਕਿ ਗੁਰੂ ਤੇਗ਼ ਬਹਾਦਰ ਦੀ ਸੰਪੂਰਨ ਸਾਰੀ ਬਾਣੀ ਅਧਿਆਤਮ ਸੰਬੰਧਿਤ ਹੈ। ਬਾਣੀ ਦੀ ਮੂਲ ਸੁਰ ਉਪਦੇਸ਼ਾਤਮਕ ਹੈ। ਮਨੁੱਖ ਨੂੰ ਨਿਸੁਆਰਥ, ਨਿਰਕਪਟ ਤੇ ਨਿਰਮਲ ਜੀਵਨ ਜੀਊਣ ਦੀ ਪ੍ਰੇਰਣਾ ਦਿੱਤੀ ਗਈ ਹੈ। ਅਜਿਹੇ ਜੀਵਾਂ ਨੂੰ ਹੀ ਮੁਕਤ ਜਨ ਕਿਹਾ ਗਿਆ ਹੈ।

ਗੁਰੂ ਤੇਗ਼ਬਹਾਦਰ ਭਾਵੇਂ ਗੁਰਮਤਿ ਪਰੰਪਰਾ ਦੇ ਹੀ ਅਨੁਯਾਈ ਹਨ ਪਰ ਫੇਰ ਵੀ ਸੰਪਰਦਾਮੂਲਕ ਬਿਰਤੀ ਤੋਂ ਮੁਕਤ ਹਨ। ਚਲੀ ਆ ਰਹੀ ਗੁਰਮਤ ਪਰੰਪਰਾ ਵਾਂਗ ਕਈ ਨੇ ਪਰੰਪਰਾਗਤ ਪਰਿਭਾਸ਼ਕ ਸ਼ਬਦਾਂ ਦਾ ਬਹੁਤਾ ਪ੍ਰਯੋਗ ਨਹੀਂ ਕੀਤਾ। ਸਾਰੀ ਬਾਣੀ ਵਿਚ ਉਪਦੇਸ਼ ਦੇਣ ਵਾਲਾ ਤੇ ਉਪਦੇਸ਼ ਸੁਣਨ ਵਾਲਾ ਦੋਵੇਂ ਇਕ ਰੂਪ ਹੀ ਹਨ। ਸੰਸਾਰ ਦੀ ਅਸਾਰਤਾ ਤੇ ਬੇਰੁਖ਼ੀਆਂ ਦਾ ਬਾਰ ਬਾਰ ਵਰਣਨ ਕਿਸੇ ਪੂਰੀ ਤਿਆਗਵਾਦੀ ਬਿਰਤੀ ਦਾ ਲਖਾਇਕ ਨਹੀਂ ਸਗੋਂ ਸਾਧਾਰਣ ਜੀਵਨ ਵਿਚ

ਵਾਧਕਣ ਵਾਲੀ ਇਕ ਮੂਲ ਕਿਰਿਆ ਬਣਕੇ ਸਾਹਮਣੇ ਆਉਂਦੀ ਹੈ। "ਗੁਰੂ ਤੇਗ਼ਬਹਾਦਰ ਦੇ ਪਦਿਆਂ ਦਾ ਮੁਹਾਂਦਰਾ ਵਾਰਾਂ ਵਾਲਾ ਹੈ। ਪਦੇ ਦੇ ਰੂਪਾਕਾਰ ਨੂੰ ਵਾਰ ਦਾ ਮੁਹਾਂਦਰਾ ਦੇ ਕੇ ਗੁਰੂ ਸਾਹਿਬ ਨੇ ਪੂਰਬਲੀ ਬਾਣੀ ਨਾਲ ਇਕਰੂਪਤਾ ਰੱਖਦੇ ਹੋਏ, ਆਪਣੀ ਮਰਜ਼ੀ ਦੇ ਬਲ-ਅਸਥਾਨ ਰਾਹੀਂ ਵਿਲੱਖਣ ਰਚਨਾ ਕੀਤੀ ਹੈ। ਬਲ-ਅਸਥਾਨ ਦੀ ਇਹੋ ਮਨਮਰਜ਼ੀ ਛੋਟ ਗੁਰੂਆਂ ਦੇ ਭਾਵ-ਪ੍ਰਬੰਧ ਦੀ ਵਿਲੱਖਣਤਾ ਨੂੰ ਵੀ ਉਜਾਗਰ ਕਰਦੀ ਹੈ। ਗੁਰੂ ਤੇਗ਼ਬਹਾਦਰ ਦਾ ਪਿਆਰ ਵਿਕਾਸਸ਼ੀਲ ਹੈ, ਬ੍ਰਿਧੀਸ਼ੀਲ ਨਹੀਂ।"[133]

(ਅ) <u>ਕਾਵਿ ਛੰਦ ਤੇ ਕਾਵਿ ਰੂਪ: ਬਿੰਬ - ਅਲੰਕਾਰ - ਪ੍ਰਤੀਕ ਵਿਧਾਨ, ਰਾਗ ਪ੍ਰਦੇਸ਼ ਸਹਿਤ ਬਾਣੀ ਵਿਚ ਮੁਕਤ ਕਾਵਿ-ਰੂਪ ਦਾ ਪ੍ਰਯੋਗ</u>

<u>ਬਿੰਬ ਵਿਧਾਨ:</u>

ਗੁਰੂ ਤੇਗ਼ ਬਹਾਦਰ ਦੀ ਬਾਣੀ ਦਾ ਸੰਦੇਸ਼ ਬੜੇ ਢੁਕਵੇਂ ਬਿੰਬਾਂ ਰਾਹੀਂ ਅਭਿਵਿਅਕਤ ਹੋਇਆ ਹੈ। ਬਿੰਬ, ਭਾਵਾਂ ਨੂੰ ਪ੍ਰਗਟਾਉਣ ਵਿਚ ਸਹਾਈ ਹੁੰਦੇ ਹਨ ਜਾਂਕਿ ਕਵੀ ਜੋ ਕੁਝ ਮਹਿਸੂਸ ਕਰਦਾ ਹੈ, ਉਹ ਬਿੰਬਾਂ ਦੀ ਸਹਾਇਤਾ ਰਾਹੀਂ ਉਹੀ ਪ੍ਰਭਾਵ ਪਾਠਕ ਤੇ ਪਾਉਣਾ ਚਾਹੁੰਦਾ ਹੈ। ਗੁਰੂ ਤੇਗ਼ਬਹਾਦਰ ਦੀ ਬਾਣੀ ਵਿਚਲੇ ਕਾਵਿ-ਬਿੰਬ ਭਾਵਾਂ ਨੂੰ ਉਜਾਗਰ ਕਰਦੇ ਹਨ। ਕਵੀ ਨੇ ਬੇਸਥਿਰਤਾ ਦੇ ਭਾਵ ਨੂੰ ਉਦੀਪਤ ਕਰਨ ਲਈ ਬੁਲਬੁਲੇ ਬਿੰਬ ਦੀ ਵਰਤੋਂ ਇਸ ਤਰ੍ਹਾਂ ਕੀਤੀ ਹੈ ਕਿ ਪਾਠਕ ਪੜ੍ਹਦਿਆਂ ਸਾਰ ਉਸ ਵਿਚਾਰ ਨਾਲ ਸਾਂਝ ਪਾ ਲੈਂਦਾ ਹੈ। ਜਿਵੇਂ:

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ।[134]

ਨੌਵੇਂ ਗੁਰੂ ਦੀ ਬਾਣੀ ਵਿਚ ਜਗ ਦੀ ਨਾਸ਼ਮਾਨਤਾ ਦਾ ਵਰਨਣ ਤਿਆਗਵਾਦੀ ਦ੍ਰਿਸ਼ਟੀ ਦਾ ਲਖਾਇਕ ਨਹੀਂ ਸਗੋਂ ਇਹ ਸਮੇਂ ਦੀ ਸਥਿਤੀ ਦੀ ਵਿਸ਼ੇਸ਼ ਲੋੜ ਸੀ। ਮਨੁੱਖ ਲੋਭ ਤੇ ਮਾਇਆ ਦੇ ਮੋਹ ਵਿਚ ਬੁਰੀ ਤਰ੍ਹਾਂ ਗ੍ਰਸਤ ਸੀ ਗੁਰੂ ਕਵੀ ਮਨੁੱਖ ਨੂੰ ਇਸ ਦਲਦਲ ਚੋਂ ਕੱਢ ਕੇ ਇਕ ਉਚੇਰੇ

ਮਾਨਵਵਾਦੀ ਸਮਾਜ ਦੀ ਪ੍ਰੇਰਣਾ ਦੇਣੀ ਜ਼ਰੂਰੀ ਸਨ। ਇਸੇ ਲਈ ਮਨੁੱਖ ਨੂੰ ਵਾਰ ਵਾਰ ਸਮਝਾਇਆ ਗਿਆ ਹੈ ਕਿ ਪਦਾਰਥਕ ਸੁੱਖ ਜਿਨ੍ਹਾਂ ਦੇ ਮੋਹ ਵਿਚ ਉਹ ਬੁਰੀ ਤਰ੍ਹਾਂ ਖਚਿਤ ਹੈ, ਵਾਸਤਵ ਵਿਚ ਉਹ ਭਰਮ ਹਨ। ਗੁਰੂ ਤੇਗ਼ਬਹਾਦਰ ਦਾ ਮਨੋਰਥ ਮਨੁੱਖ ਨੂੰ ਲੌਕਿਕ ਤੋਂ ਪਰਾਲੌਕਿਕ ਲਕਸ਼ ਵੱਲ ਤੋਰਨ ਦਾ ਸੀ। ਮਾਇਆ ਗ੍ਰਸਤ ਜੀਵ ਨੂੰ ਕਵੀ ਨੇ ਵੱਖ ਵੱਖ ਵਿਧੀਆਂ ਰਾਹੀਂ ਵਿਅਕਤ ਕੀਤਾ ਹੈ। ਮਾਇਆ ਨੂੰ ਸ਼ਰਾਬ ਦੇ ਨਸ਼ੇ ਨਾਲ ਤੁਲਨਾਇਆ ਹੈ। ਸ਼ਰਾਬ ਦੇ ਨਸ਼ੇ ਵਾਂਗ ਮਾਇਆ ਦਾ ਨਸ਼ਾ ਵੀ ਘਾਤਕੀ ਹੈ। ਮਨੁੱਖ ਦਾ ਸੰਕਟ ਇਹ ਹੈ ਕਿ ਉਹ ਇਸ ਘਾਤਕੀ ਨਸ਼ੇ ਵਿਚ ਅੰਨ੍ਹਾਂ ਹੋ ਕੇ ਆਪਣੇ ਅਸਲੀ ਮਾਰਗ ਤੋਂ ਥਿੜਕਿਆ ਰਹਿੰਦਾ ਹੈ।

ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ।[135]

ਤੱਤਕਾਲੀ ਮਨੁੱਖ ਮਾਇਆ ਦੇ ਨਸ਼ੇ ਵਿਚ ਇਸ ਤਰ੍ਹਾਂ ਮਖ਼ਮੂਰ ਸੀ ਕਿ ਉਹ ਸੁਆਰਥ ਭਾਵਨਾ ਤੋਂ ਉਚੇਰਾ ਸੋਚ ਹੀ ਨਹੀਂ ਸੀ ਸਕਦਾ। ਅਜਿਹੇ ਮਨੁੱਖ ਦੇ ਚਿਤਰਣ ਲਈ ਕਵੀ ਨੇ ਦ੍ਰਿਸ਼ਟਾਂਤ ਵਿਧੀ ਦੀ ਵਰਤੋਂ ਕੀਤੀ ਹੈ। ਜਿਵੇਂ ਕਿਸੇ ਦੀਵਾਰ ਤੇ ਉਲੀਕਿਆ ਚਿੱਤਰ ਉਸ ਦੀਵਾਰ ਨੂੰ ਕਦੀ ਨਹੀਂ ਛੱਡਦਾ, ਇਸੇ ਤਰ੍ਹਾਂ ਦੀ ਅਵਸਥਾ ਮਾਇਆ ਗ੍ਰਸਤ ਮਾਨਵ ਦੀ ਹੈ।

ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ
ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ।[136]

ਨਾਸ਼ਮਾਨਤਾ ਦਾ ਭਾਵ ਪ੍ਰਗਟਾਉਣ ਲਈ 'ਸੁਪਨੇ ਦਾ ਬਿੰਬ' ਵਧੇਰੇ ਕਰਕੇ ਵਰਤਿਆ ਗਿਆ ਹੈ। ਇਸੇ ਭਾਵ ਦੇ ਪ੍ਰਗਟਾਵੇ ਲਈ 'ਬੱਦਲ ਦੀ ਛਾਂ' ਬਿੰਬ ਦੀ ਵਰਤੋਂ ਵੀ ਕੀਤੀ ਗਈ ਹੈ।

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ।[137]

ਮਾਇਆ ਦੇ ਥੋੜ੍ਹਚਿਰੇ ਸੁੱਖ ਨੂੰ ਰੇਤ ਦੀ ਕੰਧ ਨਾਲ ਤੁਲਨਾਇਆ ਗਿਆ ਹੈ।

ਬਾਲੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ
ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ।[138]

ਮਨੁੱਖ ਦੀ ਪ੍ਰਕਿਰਤੀ ਮਾਇਆ ਰੂਪ ਹੈ। ਉਸ ਉਤੇ ਕਿਸੇ ਉਪਦੇਸ਼ ਦਾ ਰੱਤੀ ਭਰ ਵੀ ਅਸਰ ਨਹੀਂ ਹੁੰਦਾ। ਪਦਾਰਥਕ ਵਸਤਾਂ ਦੀ ਖਿੱਚ ਕਾਰਨ ਉਸ ਨੂੰ ਹਰ ਵੇਲੇ ਭਟਕਣਾ ਲੱਗੀ ਰਹਿੰਦੀ ਹੈ। ਅਜਿਹੇ ਮਾਇਆਗ੍ਰਸਤ ਮਨੁੱਖ ਲਈ ਅਜਿਹੇ ਵਿਰਲ ਬਿੰਬਾਂ ਦੀ ਲੋੜ ਸੀ ਜੋ ਮਨੁੱਖ ਨੂੰ ਇਸ ਮਾਇਆ ਤੋਂ ਉਪਰਾਮ ਕਰ ਸਕਣ। ਇਸ ਲਈ ਕਵੀ ਨੇ ਵਾਰ ਵਾਰ ਨਾਸ਼ਮਾਨਤਾ ਦੇ ਭਾਵ ਨੂੰ ਉਦੀਪਤ ਕੀਤਾ ਹੈ। ਇਸ ਭਾਵ ਦੀ ਵਿਅੰਜਨਾ ਲਈ ਸੁਪਨੇ ਦੇ ਬਿੰਬ ਦੀ ਵਰਤੋਂ ਵਧੇਰੇ ਕੀਤੀ ਹੈ।

ਝੂਠਾ ਤਨੁ ਸਾਚਾ ਕਰਿ ਮਾਨਿਓ
ਜਿਉ ਸੁਪਨਾ ਰੈਨਾਈ।[139]

ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨੁ
ਇਨ ਮੈ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ।[140]

ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰਿ।[141]

ਗੁਰੂ ਕਵੀ ਨੇ ਰੱਬ ਦੀ ਸਰਬਵਿਆਪਕਤਾ ਦਰਸਾਉਣ ਲਈ ਕਈ ਦ੍ਰਿਸ਼ਟਾਂਤ ਬਿੰਬਾਂ ਦੀ ਵਰਤੋਂ ਕੀਤੀ ਹੈ। 'ਰੱਬ' ਦੀ ਹੋਂਦ ਨੂੰ ਫੁੱਲ ਵਿਚ 'ਸੁਗੰਧੀ' ਦੀ ਹੋਂਦ ਨਾਲ ਤੁਲਨਾਇਆ ਹੈ।

ਪੁਹਪ ਮਧਿ ਜਿਉ ਬਾਸੁ ਬਸਤੁ ਹੈ
ਮੁਕਰ ਮਾਹਿ ਜੈਸੇ ਛਾਈ
ਤੈਸੇ ਹੀ ਹਰਿ ਬਸੇ ਨਿਰੰਤਰਿ
ਘਟ ਹੀ ਖੋਜਹੁ ਭਾਈ।[142]

ਗੁਰੂ ਤੇਗ਼ਬਹਾਦਰ ਦੀ ਬਾਣੀ ਵਿਚ ਵਧੇਰੇ ਕਰਕੇ ਇੰਦ੍ਰਿਆਵੀ ਬਿੰਬਾਂ ਦੀ ਵਰਤੋਂ ਕੀਤੀ ਮਿਲਦੀ ਹੈ। ਆਧੁਨਿਕ ਕਾਵਿ-ਸ਼ਾਸਤਰੀ ਬਿੰਬ ਨੂੰ ਵਿਸ਼ੇਸ਼ ਤੌਰ ਤੇ ਇੰਦ੍ਰਿਆਵੀ ਅਨੁਭੂਤੀ ਨਾਲ ਜੋੜ ਕੇ ਪਰਿਭਾਸ਼ਤ ਕਰਦੇ ਹਨ। ਬਾਣੀ ਵਿਚ ਦ੍ਰਿਸ਼ ਬਿੰਬ ਜਾਂ ਰੂਪ ਬਿੰਬ ਵਧੇਰੇ ਮਾਤਰਾ ਵਿਚ ਸਿਰਜੇ ਮਿਲਦੇ ਹਨ।

ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ
ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ।[143]

ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ
ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ।[144]

'ਸੱਪ' ਦੇ ਦ੍ਰਿਸ਼ ਬਿੰਬ ਦੀ ਵਰਤੋਂ ਰਾਹੀਂ ਕਵੀ ਨੇ ਮੌਤ ਦੀ ਭਿਆਨਕਤਾ ਦਾ ਵਰਨਣ ਕੀਤਾ ਹੈ। ਇਸੇ ਤਰ੍ਹਾਂ ਹੋਰ ਕਈ ਦ੍ਰਿਸ਼ ਬਿੰਬਾਂ ਦੀ ਵਰਤੋਂ ਰਾਹੀਂ ਗੁਰੂ ਕਵੀ ਨੇ ਭਾਵਾਂ ਨੂੰ ਬੜੇ ਭਾਵਪੂਰਤ ਢੰਗ ਨਾਲ ਬਿਆਨ ਕੀਤਾ ਹੈ।

ਮਨ ਕੀ ਮਨ ਹੀ ਮਾਹਿ ਰਹੀ
ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ।[145]

ਗੁਰੂ ਤੇਗ਼ ਬਹਾਦਰ ਨੇ ਦ੍ਰਿਸ਼ ਬਿੰਬਾਂ ਦੀ ਵਰਤੋਂ ਰਾਹੀਂ ਬੜੇ ਪ੍ਰਭਾਵਸ਼ਾਲੀ ਚਿੱਤਰ ਉਲੀਕ ਕੇ ਕਠਿਨ ਸਚਾਈਆਂ ਦਾ ਬਿਆਨ ਕੀਤਾ ਹੈ।

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ।[146]

ਸੁਣਨ ਰਸੀ ਬਿੰਬਾਂ ਦੀ ਸਹਾਇਤਾ ਰਾਹੀਂ ਜੀਵਨ ਪਲਾਂ ਵਿਚ ਸਾਕ ਸਾਕ ਸਕਤ ਦੀ ਨਾਸ਼ਮਾਨਤਾ ਦਾ ਵਰਨਣ ਮਿਲਦਾ ਹੈ ਤਾਂ ਉਹ ਵੈਰਾਗ ਭਾਵਨਾ ਨੂੰ ਉਪਜਾਉਣ ਦੇ ਪ੍ਰਤਿ ਵਿਚ ਵੀ ਕੀਤਾ ਗਿਆ ਹੈ।

ਸਭ ਕਿਛੁ ਜੀਵਤ ਕੋ ਬਿਵਹਾਰ
ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ
ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ
ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਤ ਨਿਕਾਰਿ।[147]

ਘਟੇ ਇਸੇ ਤਰ੍ਹਾਂ।

ਸੰਗਿ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ
ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ।[148]

ਰੱਬ ਦੀ ਅਦਭੁਤ ਲੀਲਾ ਦਾ ਵਰਣਨ ਕਰਦਿਆਂ, ਗੁਰੂ ਕਵੀ ਨੇ ਅਦਭੁੱਤ ਰਸ ਦੁਆਰਾ ਵੀ ਇਸ ਦੀ ਵਰਤੋਂ ਕੀਤੀ ਹੈ।

ਜਿਨ ਮਹਿ ਆਪੁ ਏਕ ਕਹੁ ਕਹਹੀ ਆਪੁ ਏਕ ਕਰਿ ਗਾਵੈ
ਰਚੈ ਸਭੈ ਸਭੈ ਸਮਝਾਵੈ ਜਬ ਤਾਂ ਕੋ ਕਿਰਪਾਵੈ।[149]

ਗੁਰੂ ਤੇਗ਼ ਬਹਾਦਰ ਨੇ ਮਨੁੱਖ ਦੀ ਆਤਮੀਅਤ ਨੂੰ ਬੜੀ ਅਸਚਰਜਤਾ ਨਾਲ ਬਿਆਨ ਕੀਤਾ ਹੈ।

ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ
ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ।[150]

ਕਰੁਣਾ ਰਸ ਕਿਸੇ ਦੁਖਦਾਇਕ ਸਥਿਤੀ ਤੋਂ ਪੈਦਾ ਹੁੰਦਾ ਹੈ। ਗੁਰੂ ਤੇਗ਼ਬਹਾਦਰ ਦੀ ਬਾਣੀ ਵਿਚ ਇਸ ਦੇ ਕਈ ਉਦਾਹਰਣ ਮਿਲਦੇ ਹਨ।

ਸੰਗਿ ਸਖਾ ਸਭ ਤਜਿ ਗਏ ਕੋਊ ਨ ਨਿਬਹਿਓ ਸਾਥਿ
ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ।[151]

ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ।[152]

ਵੀਰ ਰਸ ਦੀ ਵਰਤੋਂ ਵੀ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਕੀਤੀ ਗਈ ਹੈ। ਇਸ ਰਸ ਦਾ ਸਥਾਈ ਭਾਵ ਉਤਸ਼ਾਹ ਹੁੰਦਾ ਹੈ। ਇਹ ਉਤਸ਼ਾਹ ਯੁੱਧ, ਧਰਮ, ਦਾਨ ਕਿਸੇ ਨਾਲ ਵੀ

ਹੋ ਸਕਦਾ ਹੈ। ਇਸ ਬਾਣੀ ਵਿਚ ਇਹ ਉਤਸ਼ਾਹ ਨਾਲ ਭਗਤੀ ਲਈ ਪ੍ਰੇਰਿਤ ਕਰਦਾ ਹੈ।

ਰਾਮੁ ਭਜੁ ਰਾਮੁ ਭਜੁ ਜਨਮੁ ਸਿਰਾਤੁ ਹੈ
ਕਹਉ ਕਹਾ ਬਾਰ ਬਾਰ
ਸਮਝਤ ਨਹ ਕਿਉ ਗਵਾਰ
ਬਿਨਸਤ ਨਹ ਲਗੈ ਬਾਰ ਓਰੇ ਸਮ ਗਾਤੁ ਹੈ
ਸਗਲ ਭਰਮ ਡਾਰਿ ਦੇਹਿ ਗੋਬਿੰਦ ਕੋ ਨਾਮੁ ਲੇਹਿ
ਅੰਤਿ ਬਾਰ ਸੰਗਿ ਤੇਰੈ ਇਹੈ ਏਕੁ ਜਾਤੁ ਹੈ।[153]

ਅਲੰਕਾਰ ਵਿਧਾਨ।

ਅਲੰਕਾਰ ਕਵਿਤਾ ਦਾ ਸਹਿਜ ਗੁਣ ਹੈ। ਇਹ ਕਾਵਿ ਵਿਚ ਸੁੰਦਰਤਾ ਤੇ ਸਰਸਤਾ ਦਾ ਸਿਰਜਣ ਕਰਦਾ ਹੈ। ਜਦੋਂ ਅਜੇ ਵਿਧਿਵਾਦੀ ਆਲੋਚਨਾ ਨਹੀ ਸੀ ਚੱਲਿਆ, ਅਲੰਕਾਰ ਸਿਰਜਣਾ ਹੀ ਕਵਿਤਾ ਦੀ ਵਿਸ਼ੇਸ਼ ਕਲਾ ਸਮਝੀ ਜਾਂਦੀ ਸੀ। ਅਲੰਕਾਰ, ਬਿੰਬ ਦਾ ਰੂਪ ਉਦੋਂ ਹੀ ਅਖ਼ਤਿਆਰ ਕਰਦਾ ਹੈ ਜਦੋਂ ਅਲੰਕਾਰ ਦੀ ਵਰਤੋਂ ਕੇਵਲ ਕਵਿਤਾ ਦੀ ਬਾਹਰਲੀ ਖੂਬਸੂਰਤੀ ਲਈ ਹੀ ਨਹੀਂ ਕੀਤੀ ਜਾਂਦੀ ਸਗੋਂ ਉਹ ਭਾਵਾਂ ਨੂੰ ਸੰਵੇਦਨਾਮਈ ਢੰਗ ਨਾਲ ਪ੍ਰਗਟਾਉਣ ਵਿਚ ਵੀ ਸਹਾਈ ਹੁੰਦੇ ਹਨ। ਗੁਰੂ ਤੇਗ਼ਬਹਾਦਰ ਦੀ ਬਾਣੀ ਵਿਚ ਅਲੰਕਾਰਾਂ ਦੀ ਵਰਤੋਂ ਭਾਵਾਂ ਨੂੰ ਸੰਚਾਰਮਈ ਬਣਾਉਣ ਲਈ ਕੀਤੀ ਗਈ ਹੈ। ਉਪਮਾ ਅਲੰਕਾਰ ਦੀ ਵਰਤੋਂ ਵਧੇਰੇ ਮਾਤਰਾ ਵਿਚ ਮਿਲਦੀ ਹੈ। ਜ਼ਿੰਦਗੀ ਦੀ ਥੋੜ੍ਹਚਿਰਤਾ ਨੂੰ ਦਰਸਾਉਣ ਲਈ ਉਪਮਾਨਾਂ ਦਾ ਪ੍ਰਯੋਗ ਕੀਤਾ ਗਿਆ ਹੈ।

'ਜਿਉ ਸੁਪਨਾ ਰੈਨਾਈ'

'ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ'

'ਸਮ ਸੁਪਨੈ ਕੈ ਇਹ ਜਗ ਜਾਨਿ'

'ਸੁਪਨਾ' ਤੇ 'ਧੁੰਦਲ ਦੀ ਛਾਂ' ਉਪਮਾਨਾਂ ਦਾ ਪ੍ਰਯੋਗ ਕਵੀ ਨੇ ਕਈ ਕਈ ਵੇਰ ਕੀਤਾ ਹੈ।

ਰੱਬ ਨਾਲ ਗੁਰਮੁਖ ਦੀ ਅਭੇਦਤਾ ਨੂੰ ਪਾਣੀ ਨਾਲ ਪਾਣੀ ਮਿਲ ਜਾਣ ਦੇ ਢੁਕਵੇਂ ਦ੍ਰਿਸ਼ਟਾਂਤ ਰਾਹੀਂ ਪ੍ਰਗਟਾਇਆ ਹੈ।

ਨਾਨਕ ਲੀਨ ਭਇਓ ਗੋਬਿੰਦ ਸਿਉ
ਜਿਉ ਪਾਨੀ ਸੰਗਿ ਪਾਨੀ।[154]

ਮਨੁੱਖ ਦੀ ਪ੍ਰਭੂ ਪ੍ਰਤੀ ਪ੍ਰੀਤ ਨੂੰ ਦਰਸਾਉਣ ਲਈ, ਮੱਛੀ ਦੀ ਪਾਣੀ ਪ੍ਰਤੀ ਪ੍ਰੀਤ ਦਾ ਦ੍ਰਿਸ਼ਟਾਂਤ ਦਿੱਤਾ ਗਿਆ ਹੈ।

ਕਹੁ ਨਾਨਕ ਭਜਿ ਹਰਿ ਮਨਾ ਜਿਹ ਬਿਧਿ ਜਲ ਕਉ ਮੀਨ।[155]

ਜੇਕਰ ਕੋਈ ਮਨੁੱਖ ਤੀਰਥਾਂ ਦੇ ਇਸ਼ਨਾਨ ਅਤੇ ਦਾਨ-ਪੁੰਨ ਕਰਨ ਤੋਂ ਬਾਅਦ ਹੰਕਾਰ ਕਰਦਾ ਹੈ ਤਾਂ ਉਸਦੇ ਨੇਕ ਕਰਮਾਂ ਦੀ ਅਕਾਰਥਕਤਾ ਨੂੰ ਹਾਥੀ ਦੇ ਨਹਾਉਣ ਦੇ ਦ੍ਰਿਸ਼ਟਾਂਤ ਦੁਆਰਾ ਪ੍ਰਗਟਾਇਆ ਹੈ, ਕਿਉਂਕਿ ਹਾਥੀ ਇਸ਼ਨਾਨ ਤੋਂ ਬਾਅਦ ਆਪਣੇ ਉਤੇ ਫੇਰ ਚਿੱਕੜ ਮਲ ਲੈਂਦਾ ਹੈ।

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ।[156]

ਗੁਰੂ ਤੇਗ਼ ਬਹਾਦਰ ਦੀ ਸਾਰੀ ਬਾਣੀ ਵਿਚ ਅਲੰਕਾਰਾਂ ਦਾ ਪ੍ਰਯੋਗ ਬੜੇ ਸਰਲ ਤਰੀਕੇ ਨਾਲ ਹੋਇਆ ਹੈ।

ਸੰਸਾਰ ਲਈ ਗੁਰੂ ਕਵੀ ਨੇ ਸਾਗਰ ਦਾ ਰੂਪਕ ਵਰਤਿਆ ਹੈ। ਇਸ ਸਾਗਰ ਤੋਂ ਪਾਰ ਜਾਣ ਲਈ ਨਾਮ ਦੀ ਯੁਕਤੀ ਸਹਾਈ ਹੁੰਦੀ ਹੈ।

ਕਹਿਓ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ।[157]

ਇਸੇ ਤਰ੍ਹਾਂ ਕਈ ਹੋਰ ਥਾਈਂ ਗੁਰੂ ਤੇਗ਼ਬਹਾਦਰ ਨੇ ਜਗਤ ਲਈ ਭਉਜਲ, ਭਉਨਿਧ ਰੂਪਕਾਂ ਦੀ ਵੀ ਵਰਤੋਂ ਕੀਤੀ ਹੈ।

ਜਗਤ ਲਈ 'ਭਿਖਾਰੀ' ਅਤੇ ਰੱਬ ਲਈ 'ਦਾਤਾ' ਦੇ ਰੂਪਕ ਚਿੰਨ੍ਹਾਂ ਦੀ ਵਰਤੋਂ ਇਕੋ ਸਤਰ ਵਿਚ ਕੀਤੀ ਗਈ ਹੈ।

ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ।[158]

ਅਗਿਆਨਤਾ ਲਈ 'ਅਨੇਰੇ' ਦੇ ਰੂਪਕ ਦੀ ਵਰਤੋਂ ਬੜੇ ਸਹਿਜ ਭਾਵ ਨਾਲ ਕੀਤੀ ਹੈ।

ਮਹਾ ਮੋਹ ਅਗਿਆਨਿ ਤਿਮਰ ਮੋ
ਮਨੁ ਰਹਿਓ ਉਰਝਾਈ।[159]

<u>ਪ੍ਰਤੀਕ ਵਿਧਾਨ:</u>

ਬਿੰਬ ਦਾ ਮੂਲ ਆਧਾਰ ਉਪਮਾਨ ਹੁੰਦਾ ਹੈ। ਹਰ ਉਪਮਾਨ ਦਾ ਇਕ ਆਪਣਾ ਬਿੰਬ ਹੁੰਦਾ ਹੈ। ਇਹੋ ਬਿੰਬ (ਉਪਮਾਨ) ਜਦੋਂ ਰੂੜ੍ਹ ਪੈ ਜਾਂਦਾ ਹੈ ਤਾਂ ਪ੍ਰਤੀਕ ਕਹਾਉਂਦਾ ਹੈ। ਜਦੋਂ ਬਿੰਬ ਕਿਸੇ ਖ਼ਾਸ ਅਰਥ ਨੂੰ ਧਾਰਨ ਕਰ ਲੈਂਦਾ ਹੈ ਤਾਂ ਪ੍ਰਤੀਕ ਬਣ ਜਾਂਦਾ ਹੈ। ਯਾਨਿ ਪ੍ਰਤੀਕ ਬਿੰਬ ਵਿਚ ਗਹਿਰਾਈ ਭਰਦਾ ਹੈ। ਬਿੰਬ ਤੇ ਪ੍ਰਤੀਕ ਇਕ ਦੂਜੇ ਦੇ ਪੂਰਕ ਹਨ। ਡਾ. ਕੇਦਾਰ ਨਾਥ ਸਿੰਘ ਨੇ ਪ੍ਰਤੀਕ ਦੀ ਪ੍ਰਕਾਰ ਵੰਡ ਇਸ ਤਰ੍ਹਾਂ ਨਾਲ ਕੀਤੀ ਹੈ।

> ਪਹਿਲੇ ਪਰੰਪਰਾਗਤ ਪ੍ਰਤੀਕ ਹਨ ਜਿਨ੍ਹਾਂ ਦਾ ਪ੍ਰਯੋਗ ਹਰ ਇਕ ਯੁੱਗ ਦਾ ਕਵੀ ਆਪਣੀਆਂ ਆਵੱਸ਼ਕਤਾਵਾਂ ਅਨੁਸਾਰ ਕਰਦਾ ਹੈ।
>
> ਦੂਜੇ ਵਿਅਕਤਕ ਪ੍ਰਤੀਕ ਹਨ। ਜਿਨ੍ਹਾਂ ਦੀ ਰਚਨਾ ਕਵੀ ਦੇ ਵਿਸ਼ਿਸ਼ਟ ਮਾਨਸਕ ਗਠਨ, ਸੰਸਕਾਰ ਅਤੇ ਅਨੁਭੂਤੀਆਂ ਦੀ ਇਕਾਂਗਿਕਤਾ ਤੇ ਨਿਰਭਰ ਹੈ।
>
> ਤੀਜੇ ਪ੍ਰਾਕ੍ਰਿਤਕ ਪ੍ਰਤੀਕ ਹਨ, ਜਿਨ੍ਹਾਂ ਦਾ ਪ੍ਰਯੋਗ ਹਰ ਇਕ ਕਵੀ ਨਵੇਂ ਦ੍ਰਿਸ਼ਟੀਕੋਣ ਨਾਲ ਕਰਦਾ ਹੈ।[160]

ਮਿਥਿਆ ਇਕ ਪਰੰਪਰਾਗਤ ਪ੍ਰਤੀਕ ਹੈ। ਗੁਰੂ ਤੇਗ਼ਬਹਾਦਰ ਦੀ ਬਾਣੀ ਵਿਚ ਇਸ ਦਾ ਅਰਥ ਦੁਨਿਆਵੀ ਪਦਾਰਥ ਹਨ ਜਿਨ੍ਹਾਂ ਵਿਚ ਗ੍ਰਸਤ ਜੀਵ ਸੱਚ ਨੂੰ ਪਛਾਨਣ ਤੋਂ ਅਸਮਰੱਥ ਰਹਿੰਦਾ ਹੈ। ਭਗਤੀ ਕਾਵਿ ਵਿਚ ਵੀ ਪਦਾਰਥਾਂ ਨੂੰ ਮਿਥਿਆ ਕਿਹਾ ਗਿਆ ਹੈ ਜੋ ਮਨੁੱਖ ਦੀ ਭਟਕਣਾ ਦਾ ਕਾਰਣ ਹੈ।

ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ।[161]

ਇਸੇ ਤਰ੍ਹਾਂ ਗੁਰੂ ਤੇਗ਼ਬਹਾਦਰ ਨੇ ਜਿਥੇ 'ਹੰਸ' ਸ਼ਬਦ ਦੀ ਵਰਤੋਂ ਕੀਤੀ ਹੈ, ਉਹ ਆਤਮਾ ਦੀ ਉਡਾਰੀ ਦਾ ਸੂਚਕ ਹੈ। ਕਿਉਂਕਿ ਉਸ ਤੋਂ ਪਹਿਲਾਂ ਆਤਮਾ ਲਈ ਹੰਸ ਸ਼ਬਦ ਦਾ ਪ੍ਰਯੋਗ ਕਾਫ਼ੀ ਮਾਤਰਾ ਵਿਚ ਹੋਇਆ ਮਿਲਦਾ ਹੈ। ਗੁਰੂ ਤੇਗ਼ਬਹਾਦਰ ਨੇ ਵੀ ਇਸੇ ਅਰਥ ਵਿਚ ਇਸ ਦੀ ਵਰਤੋਂ ਕੀਤੀ ਹੈ। ਅਜਿਹੇ ਪ੍ਰਤੀਕ ਨੂੰ ਪਰੰਪਰਾਗਤ ਪ੍ਰਤੀਕ ਕਿਹਾ ਜਾਂਦਾ ਹੈ।

ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ।[162]

ਸੰਸਾਰ ਦੀ ਅਸਾਰਤਾ ਤੇ ਅਸਥਿਰਤਾ ਲਈ 'ਸੁਪਨਾ', 'ਬਾਦਰ ਕੀ ਛਾਈ', 'ਬਾਲੂ ਕੀ ਭੀਤਿ' ਤੇ 'ਬੁਲਬੁਲਾ' ਪ੍ਰਤੀਕਾਂ ਦੀ ਵਰਤੋਂ ਕੀਤੀ ਹੈ। ਇਹ ਪ੍ਰਤੀਕ ਕਵੀ ਦੇ ਇਕ ਵਿਸ਼ੇਸ਼ ਅਨੁਭਵ ਦੇ ਸੂਚਕ ਹਨ।

ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ।[163]

ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ।[164]

ਬਾਲੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ।[165]

ਗੁਰੂ ਤੇਗ਼ਬਹਾਦਰ ਦੀ ਬਾਣੀ ਵਿਚ ਕੁਝ ਪੌਰਾਣਿਕ ਸੰਕੇਤ ਵੀ ਮੌਜੂਦ ਹਨ। ਬਾਕੀ ਗੁਰੂਆਂ ਦੀ ਬਾਣੀ ਵਾਂਗ ਗੁਰੂ ਤੇਗ਼ਬਹਾਦਰ ਦੀ ਬਾਣੀ ਵਿਚ ਵੀ ਕਈ ਮਿਥਿਹਾਸਕ ਕਥਾਵਾਂ ਨੂੰ ਪ੍ਰਤੀਕ ਬਣਾਇਆ ਗਿਆ ਹੈ।

'ਗਨਕਾ' ਪਾਪੀ ਵਿਅਕਤੀਆਂ ਲਈ ਮੁਕਤੀ ਪ੍ਰਾਪਤ ਕਰਨ ਦਾ ਇਕ ਪ੍ਰਤੀਕ ਹੈ। ਗਨਕਾ ਇਕ ਵੇਸਵਾ ਸੀ। ਅਖ਼ੀਰ ਉਸਦੇ ਤੋਤੇ ਨੂੰ ਰਾਮ ਦਾ ਨਾਂ ਰਟਾਉਂਦੀ ਹੋਈ ਕੇਵਲ ਰਾਮ ਦਾ ਨਾਂ ਲੈਣ ਨਾਲ ਉਹ ਮੁਕਤ ਹੋ ਗਈ। ਇਹ ਕਥਾ ਉਸ ਮਨੁੱਖ ਨੂੰ ਆਸ਼ਾਵਾਦੀ ਬਣਾਉਂਦੀ ਹੈ ਜੋ ਸਾਰਾ ਜੀਵਨ ਪਾਪ ਕਰਦਾ ਹੈ ਤੇ ਅੰਤ ਸਮੇਂ ਪ੍ਰਾਸ਼ਚਿਤ ਕਰਕੇ ਰਾਮ ਨਾਮ ਦਾ ਸਿਮਰਨ ਕਰਨ ਲੱਗ

ਪੈਦਾ ਹੈ। ਕਵੀ ਮਨੁੱਖ ਨੂੰ ਉਤਸਾਹਕ ਦਿੰਦਾ ਹੈ।

ਮਨ ਰੇ ਪ੍ਰਭ ਕੀ ਸਰਨਿ ਬਿਚਾਰੋ
ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰਧਾਰੋ।[166]

'ਅਜਾਮਲ' ਦੀ ਮਿਥਿਹਾਸਕ ਸਾਖੀ ਵਿਚ ਵੀ ਨਾਮ ਦੇ ਜਾਪ ਨਾਲ ਸੰਕਟ ਤੋਂ ਮੁਕਤ ਹੁੰਦਾ ਹੈ। ਅਜਾਮਲ ਇਕ ਦੁਰਾਚਾਰੀ ਬ੍ਰਾਹਮਣ ਸੀ ਜਿਸਨੇ ਇਕ ਵੇਸਵਾ ਨਾਲ ਵਿਆਹ ਕੀਤਾ ਹੋਇਆ ਸੀ। ਉਸਦੇ ਪੁੱਤਰ ਦਾ ਨਾਂ ਨਾਰਾਇਣ ਸੀ। ਆਪਣੇ ਪੁੱਤਰ ਨੂੰ ਨਾਰਾਇਣ ਪੁਕਾਰਣ ਨਾਲ ਅਜਾਮਲ ਮੁਕਤ ਹੋ ਗਿਆ। ਗਨਕਾ ਵਾਂਗ ਅਜਾਮਲ ਵੀ ਇਕ ਪ੍ਰਤੀਕ ਬਣ ਗਿਆ ਹੈ।

ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ।[167]

ਭਗਤੀ ਕਾਵਿ ਵਿਚ ਰਾਮ ਅਤੇ ਰਾਵਣ ਦੀ ਵੀ ਪ੍ਰਤੀਕਾਤਮਕ ਵਰਤੋਂ ਕੀਤੀ ਗਈ ਹੈ। ਇਹ ਕ੍ਰਮਵਾਰ ਨੇਕੀ ਅਤੇ ਬਦੀ ਦੇ ਸੂਚਕ ਹਨ। ਪਰ ਗੁਰੂ ਤੇਗਬਹਾਦਰ ਨੇ ਇਨ੍ਹਾਂ ਪ੍ਰਤੀਕਾਂ ਦੀ ਵਰਤੋਂ ਕਰਕੇ ਨਾਸ਼ਮਾਨਤਾ ਦੇ ਭਾਵ ਨੂੰ ਪ੍ਰਗਟਾਇਆ ਹੈ।

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ।[168]

ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਮੋਹ ਦਾ ਵੀ ਪ੍ਰਤੀਕਾਤਮਕ ਤੌਰ ਤੇ ਵਰਣਨ ਹੋਇਆ ਹੈ। ਜਿਹੜਾ ਮਨੁੱਖ ਸੁਖ-ਦੁਖ, ਖੁਸ਼ੀ-ਗ਼ਮੀ ਅਤੇ ਲੋਭ-ਮੋਹ ਤੋਂ ਨਿਰਲਿਪਤ ਹੁੰਦਾ ਹੈ, ਉਸ ਨੂੰ ਭਗਵਾਨ ਦੀ ਮੂਰਤ ਕਿਹਾ ਗਿਆ ਹੈ।

ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ
ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ।[169]

ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ
ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ।[170]

ਰਾਗ ਪ੍ਰਬੰਧ ਰਹਿਤ ਬਾਣੀ ਵਿਚ ਸਲੋਕ ਤੇ ਰਾਗ ਪ੍ਰਬੰਧ ਸਹਿਤ ਬਾਣੀ ਵਿਚ ਸ਼ਬਦ ਕਾਵਿ-ਰੂਪ ਦਾ ਪ੍ਰਯੋਗ।

ਗੁਰੂ ਤੇਗ਼ ਬਹਾਦਰ ਨੇ ਏਕ ਕਾਵਿ ਰੂਪ ਨੂੰ ਬਾਣੀ ਸਿਰਜਣ ਦਾ ਮਾਧਿਅਮ ਨਹੀਂ ਬਣਾਇਆ। ਨੌਵੇਂ ਮਹਲੇ ਦੇ ਸਲੋਕਾਂ ਨੂੰ ਲੰਮੀ ਹੀ ਰਚਨਾ ਦੇ ਰੂਪ ਵਿਚ ਗ੍ਰਹਿਣ ਕੀਤਾ ਜਾ ਸਕਦਾ ਹੈ ਕਿਉਂਕਿ ਇਹ ਸਾਰੇ ਇਕੋ ਥਾਂ ਇਕੱਠੇ ਕਰਕੇ ਦਰਜ ਕੀਤੇ ਗਏ ਹਨ। ਉਂਝ ਵੀ ਕਵੀ ਨੇ ਪਦਾ ਅਤੇ ਸਲੋਕ ਦੇ ਹੀ ਕਾਵਿ-ਰੂਪਾਂ ਦਾ ਪ੍ਰਯੋਗ ਕੀਤਾ ਹੈ। ਪਦਾ ਕਾਵਿ-ਰੂਪ ਰਾਗ ਬੱਧ ਹੈ ਅਤੇ ਸਲੋਕ ਕਾਵਿ-ਰੂਪ ਰਾਗ ਰਹਿਤ ਬਾਣੀ ਵਿਚ ਰਚਿਆ ਗਿਆ ਹੈ।

ਮਹਿੰਦਰ ਕੌਰ ਗਿੱਲ ਅਨੁਸਾਰ, "ਗੁਰੂ ਗ੍ਰੰਥ ਸਾਹਿਬ ਵਿਚ ਪਦਾ ਪਾਰਿਭਾਸ਼ਿਕ ਅਰਥਾਂ ਵਿਚ ਪ੍ਰਯੋਗ ਕੀਤਾ ਗਿਆ ਹੈ। ਇਹ ਇਕ ਸ਼ਬਦ ਦੇ ਬੰਦਾਂ ਦਾ ਸੂਚਕ ਵੀ ਹੈ ਤੇ ਤੁਕ-ਸੰਖਿਆ ਦਾ ਵੀ। ਛੰਦ ਦਾ ਸੂਚਕ ਵੀ ਹੈ ਤੇ ਸ਼ਬਦਾਂ ਦੀ ਸੰਖਿਆ ਦਾ ਸੂਚਕ ਵੀ। ਸਭ ਤੋਂ ਵੱਡੀ ਗੱਲ ਜੋ ਇਸ ਰੂਪ ਨਾਲ ਜੁੜੀ ਹੋਈ ਹੈ ਉਹ ਇਹ ਕਾਵਿ-ਰੂਪ ਦਾ ਸੂਚਕ ਵੀ ਹੈ। ਗੁਰੂ ਤੇਗ਼ਬਹਾਦਰ ਨੇ ਇਸ ਦਾ ਪ੍ਰਯੋਗ ਕਾਵਿ-ਰੂਪ ਦੇ ਅਰਥਾਂ ਵਿਚ ਹੀ ਕੀਤਾ ਹੈ। ਪਦਾ ਕੋਈ ਛੰਦ ਨਹੀਂ ... ਪਦਾ ਕਾਵਿ ਛੰਦ ਦੀ ਮਰਿਆਦਾ ਤੋਂ ਸੁਤੰਤਰ ਹੈ ਪਰ ਜੋ ਵਸਤੂ ਇਸ ਨੂੰ ਦੂਜਿਆਂ ਨਾਲੋਂ ਨਿਖੇੜਦੀ ਹੈ ਉਹ ਹੈ ਇਸ ਦੇ ਅਖੀਰ ਵਿਚ ਛੋਟੀ ਪੰਕਤੀ।"[171]

ਗੁਰੂ ਤੇਗ਼ ਬਹਾਦਰ ਦੇ ਸਾਰੇ ਸ਼ਬਦਾਂ ਦੇ ਸ਼ੁਰੂ ਵਿਚ ਇਕ ਛੋਟੀ ਪੰਕਤੀ ਹੈ। ਪਦੇ ਵਿਚ ਰਹਾਉ ਦੀ ਤੁਕ ਵੀ ਜ਼ਰੂਰ ਹੁੰਦੀ ਹੈ। ਕਵੀ ਨੇ ਰਹਾਉ ਦੇ ਪ੍ਰਯੋਗ ਦਾ ਨੇਮ ਵੀ ਬੜੀ ਕਰੜਾਈ ਨਾਲ ਨਿਭਾਇਆ ਹੈ। ਗੁਰਬਾਣੀ ਵਿਚ ਰਹਾਉ ਦੀ ਵਿਸ਼ੇਸ਼ ਮਹੱਤਤਾ ਹੈ। ਰਹਾਉ ਵਾਲੀ ਤੁੱਕ ਵਿਚ ਸਾਰੇ ਸ਼ਬਦ ਦਾ ਕੇਂਦਰੀ ਭਾਵ ਸਮਾਇਆ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਰਹਾਉ ਦਾ ਪ੍ਰਯੋਗ ਵਧੇਰੇ ਕਰਕੇ ਪਦਿਆਂ ਵਿਚ ਹੀ ਕੀਤਾ ਗਿਆ ਹੈ। ਗੁਰੂ ਤੇਗ਼ ਬਹਾਦਰ ਦੇ ਸਾਰੇ ਪਦਿਆਂ ਦਾ ਆਰੰਭ ਰਹਾਉ ਦੀ ਪੰਕਤੀ ਨਾਲ ਹੀ ਹੁੰਦਾ ਹੈ। ਰਹਾਉ ਵਾਲੀ ਤੁੱਕ ਦੇ ਅਖ਼ੀਰ ਤੇ ਅੰਕ ਜ਼ਰੂਰ ਪਾਇਆ ਜਾਂਦਾ ਹੈ। ਗੁਰੂ ਤੇਗ਼ ਬਹਾਦਰ ਦੇ ਪਦਿਆਂ ਵਿਚ ਰਹਾਉ ਦਾ ਪ੍ਰਯੋਗ ਪਦੇ ਦੇ ਕੇਂਦਰੀ ਵਿਚਾਰ ਨੂੰ ਸਪਸ਼ਟ ਕਰਦਾ ਹੈ।

ਹੇ ਨਰ ਇਹ ਸਾਚੀ ਜੀਅ ਧਾਰਿ
ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ।।੧।।ਰਹਾਉ।।

ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀਂ ਦਿਨ ਚਾਰਿ
ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ
ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ ਭਜਿ ਲੇ ਨਾਮੁ ਮੁਰਾਰਿ
ਕਹੁ ਨਾਨਕ ਨਿਜ ਮਤੁ ਸਾਧਨ ਕਉ ਭਾਖਿਓ ਤੋਹਿ ਪੁਕਾਰਿ।[172]

ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ
ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ
ਜਗਤੁ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ।।੧।।ਰਹਾਉ।।
ਸੁਪਨੇ ਜਿਉ ਧਨ ਪਛਾਨੁ
ਕਾਹੇ ਪਰਿ ਕਰਤ ਮਾਨੁ
ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜੁ ਹੈ
ਨਾਨਕੁ ਜਨੁ ਕਹਤੁ ਬਾਤ ਬਿਨਸਿ ਜੈਹੈ ਤੇਰੋ ਗਾਤੁ
ਛਿਨੁ ਛਿਨੁ ਕਰਿ ਗਇਓ ਕਾਲੁ ਤੈਸੇ ਜਾਤੁ ਆਜੁ ਹੈ।[173]

ਕੁਲ ਮਿਲਾ ਕੇ ਗੁਰੂ ਤੇਗ਼ ਬਹਾਦਰ ਨੇ ਪਦਿਆਂ ਵਿਚ ਰਹਾਉ ਦਾ ਪ੍ਰਯੋਗ ਬੜੀ ਬਕਾਇਦਗੀ ਨਾਲ ਕੀਤਾ ਹੈ।

ਗੁਰੂ ਕਵੀ ਨੇ ਸ਼ਬਦਾਂ ਦੇ ਨਾਲ ਨਾਲ ਸਲੋਕਾਂ ਦੀ ਰਚਨਾ ਵੀ ਕੀਤੀ ਹੈ। ਸਲੋਕਾਂ ਦੀ ਰਚਨਾ ਰਾਗਾਂ ਵਿਚ ਨਹੀਂ ਕੀਤੀ ਗਈ ਸਗੋਂ ਕਾਵਿ-ਰੂਪ ਦੇ ਅਰਥਾਂ ਵਿਚ ਹੋਈ ਹੈ। ਸਲੋਕ ਕਾਵਿ-ਰੂਪ ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਵਿਚ ਕਾਫ਼ੀ ਵਿਸ਼ਾਲ ਮਾਤਰਾ ਵਿਚ ਹੋਈ ਹੈ। ਇਸ ਕਾਵਿ-ਰੂਪ ਦਾ ਪ੍ਰਯੋਗ ਨਾਥ ਬੋਧ ਬਾਣੀ ਤੇ ਨਾਥ ਰਹਿਤ ਬਾਣੀ ਵਿਚ ਵੀ ਕੀਤਾ ਗਿਆ ਹੈ। ਸਲੋਕ ਲਈ ਕਿਸੇ ਵੀ ਕੋਈ ਖ਼ਾਸ ਸੀਮਾ ਨਿਸ਼ਚਿਤ ਨਹੀਂ। ਸਲੋਕ ਦੀ ਪਦਿਆਂ ਨਾਲੋਂ ਭਿੰਨਤਾ ਇਹੋ ਹੈ ਕਿ ਇਕ ਸਲੋਕ ਇਕ ਖ਼ਾਸ ਭਾਵ ਦਾ ਧਾਰਨੀ ਹੁੰਦਾ ਹੈ। ਇਕ ਸਲੋਕ ਭਿੰਨ ਭਿੰਨ ਵਿਚਾਰਾਂ ਦਾ ਮਿਸ਼ਰਣ ਨਹੀਂ, ਸਗੋਂ ਇਕੋ ਵਿਚਾਰ ਨੂੰ ਤੀਬਰਤਾ ਨਾਲ ਪ੍ਰਗਟਾਉਂਦਾ ਹੈ। ਉਂਝ ਆਮ ਤੌਰ ਤੇ ਸਲੋਕ ਵਿਚ ਦੋ ਤੁਕਾਂ ਹੁੰਦੀਆਂ ਹਨ ਪਰ ਗੁਰੂ ਗ੍ਰੰਥ ਸਾਹਿਬ ਵਿਚ ਇਕ ਸਲੋਕ ਦੀਆਂ ਸੋਲਾਂ ਤੁਕਾਂ ਵੀ ਹਨ। ਗੁਰੂ ਤੇਗ਼ ਬਹਾਦਰ ਦੇ ਸਾਰੇ ਸਲੋਕ ਦੁਤੁਕੇ ਹੀ ਹਨ। ਹਰ ਸਲੋਕ

ਇਕ ਕੇਂਦਰੀ ਵਿਚਾਰ ਦਾ ਧਾਰਨੀ ਹੋਣ ਦੇ ਬਾਵਜੂਦ ਵੀ ਦੂਜੇ ਸਲੋਕਾਂ ਦੀ ਵਿਚਾਰਧਾਰਾ ਨਾਲ ਮੇਲ ਖਾਂਦਾ ਹੈ। ਕਿਸੇ ਸਾਜ਼ ਨਾਲ ਗਾਇਆ ਜਾਣ ਵਾਲਾ ਅਜਿਹਾ ਛੋਟਾ ਗੀਤ ਜੋ ਇਕ ਵਿਸ਼ੇਸ਼ ਅਰਥਾਂ ਦਾ ਧਾਰਨੀ ਹੁੰਦਾ ਹੈ ਤੇ ਕਵੀ ਦੇ ਅੰਤਰਿਕ ਭਾਵਾਂ ਨੂੰ ਪ੍ਰਗਟਾਉਂਦਾ ਹੈ, ਉਸ ਨੂੰ ਪ੍ਰਗੀਤ ਕਹਿੰਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਕੁਝ ਰਾਗਬੱਧ ਹਨ ਤੇ ਕੁਝ ਰਾਗ ਦੀ ਬੰਦਿਸ਼ ਤੋਂ ਮੁਕਤ ਹਨ। ਰਾਗ ਬੱਧ ਬਾਣੀ ਵਿਚ ਲਿਖੇ ਸਲੋਕਾਂ ਦੀ ਬਿਰਤੀ ਅਲੋਚਨਾਤਮਕ ਹੈ ਤੇ ਰਾਗ-ਬੰਦਿਸ਼ ਰਹਿਤ ਸਲੋਕਾਂ ਦੀ ਬਿਰਤੀ ਪ੍ਰਗੀਤਕ ਹੈ। ਗੁਰੂ ਤੇਗ਼ ਬਹਾਦਰ ਦੇ ਸਲੋਕ ਪ੍ਰਗੀਤਕ ਬਿਰਤੀ ਦੇ ਅੰਤਰਗਤ ਹੀ ਆਉਂਦੇ ਹਨ। ਗੁਰੂ ਤੇਗ਼ ਬਹਾਦਰ ਦੇ ਸਲੋਕ ਅਕਾਰ ਵਿਚ ਛੋਟੇ ਤੇ ਵਿਸ਼ੇਗਤ ਏਕਤਾ ਦੇ ਧਾਰਨੀ ਹਨ। "ਗੁਰੂ ਜੀ ਦੀ ਨਿਰਮੁਖਤਾ ਲੌਕਿਕ ਅਤੇ ਅਲੌਕਿਕ ਦੋਹਾਂ ਪਸਾਰਾਂ ਨਾਲ ਜੁੜੀ ਹੋਈ ਹੈ। ਕਈ ਵਾਰ ਤਾਂ ਇਸ ਵਿਚਲਾ ਨਿਖੇੜ ਵੀ ਅਲੋਪ ਹੋ ਜਾਂਦਾ ਹੈ। ਸੀਮ, ਅਸੀਮ ਤੇ ਅਸੀਮ, ਸੀਮ ਵਲ ਵਿਕਸਦਾ ਹੈ। ਸੰਸਾਰ ਦੀ ਵਿਭਿੰਨਤਾਵਾਂ ਦੀ ਵੰਨਸੁਵੰਨਤਾ ਇਕਸੁਰ ਇਕਾਗਰਤਾ ਦਾ ਪ੍ਰਭਾਵ ਸਿਰਜਦੀ ਹੈ।"[174]

ਕੁਲ ਮਿਲਾ ਕੇ ਗੁਰੂ ਤੇਗ਼ ਬਹਾਦਰ ਨੇ ਸਲੋਕ ਕਾਵਿ-ਰੂਪ ਦੀ ਵਰਤੋਂ ਰਾਗ ਬੰਦਿਸ਼ ਰਹਿਤ ਬਾਣੀ ਵਿਚ ਕੀਤੀ ਹੈ। ਪਦਿਆਂ ਵਿਚ ਰਹਾਉ ਦਾ ਪ੍ਰਯੋਗ ਕਈ ਨਿਯਮਬੱਧ ਢੰਗ ਨਾਲ ਕੀਤਾ ਹੈ ਪਰ ਸਲੋਕਾਂ ਵਿਚ ਇਸ ਦੀ ਵਰਤੋਂ ਨਹੀਂ ਕੀਤੀ। ਕਿਉਂਕਿ ਸਲੋਕ ਰਾਗ ਰਹਿਤ ਬਾਣੀ ਵਿਚ ਰਚੇ ਗਏ ਹਨ। ਰਹਾਉ ਦਾ ਸੰਬੰਧ ਰਾਗ ਨਾਲ ਜੁੜਿਆ ਹੈ। ਉਕਤ ਗੁਣਾਂ ਤੇ ਸਲੋਕਾਂ ਦਾ ਵਿਸ਼ਾ ਲਗਭਗ ਇਕੋ ਹੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1429
2. ਰਾਗ ਦੇਵਗੰਧਾਰੀ ਮਹਲਾ 9, ਆਦਿ ਗ੍ਰੰਥ, ਪੰਨਾ 536
3. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1427-28
4. ਤਿਲੰਗ ਮਹਲਾ 9, ਆਦਿ ਗ੍ਰੰਥ, ਪੰਨਾ 726
5. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1426-28
6. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 307
7. ਡਾ. ਮਨਮੋਹਨ ਸਿੰਘ, ਗੁਰੂ ਤੇਗ਼ ਬਹਾਦਰ ਜੀ ਦਾ ਦਾਰਸ਼ਨਿਕ ਚਿੰਤਨ, ਪੰਨਾ 103 ਤੇ ਦੇ ਹਵਾਲੇ ਅਨੁਸਾਰ
8. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 634
9. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1427
10. ਗਉੜੀ ਮਹਲਾ 9, ਆਦਿ ਗ੍ਰੰਥ, ਪੰਨਾ 220
11. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 632
12. ਜੈਤਸਰੀ ਮਹਲਾ 9, ਆਦਿ ਗ੍ਰੰਥ, ਪੰਨਾ 702
13. ਸਾਰੰਗ ਮਹਲਾ 9, ਆਦਿ ਗ੍ਰੰਥ, ਪੰਨਾ 1231
14. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1427-1429
15. ਗਉੜੀ ਮਹਲਾ 9, ਆਦਿ ਗ੍ਰੰਥ, ਪੰਨਾ 219
16. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 632
17. ਗਉੜੀ ਮਹਲਾ 9, ਆਦਿ ਗ੍ਰੰਥ, ਪੰਨਾ 220
18. ਧਨਾਸਰੀ ਮਹਲਾ 9, ਆਦਿ ਗ੍ਰੰਥ, ਪੰਨਾ 685

19. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1428

20. ਗਉੜੀ ਮਹਲਾ 9, ਆਦਿ ਗ੍ਰੰਥ, ਪੰਨਾ 220

21. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1427

22. ਬਸੰਤ ਮਹਲਾ 9, ਆਦਿ ਗ੍ਰੰਥ, ਪੰਨਾ 1186

23. ਸਾਰੰਗ ਮਹਲਾ 9, ਆਦਿ ਗ੍ਰੰਥ, ਪੰਨਾ 1231

24. ਗਉੜੀ ਮਹਲਾ 9, ਆਦਿ ਗ੍ਰੰਥ, ਪੰਨਾ 220

25. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 634

26. ਗਉੜੀ ਮਹਲਾ 9, ਆਦਿ ਗ੍ਰੰਥ, ਪੰਨਾ 219

27. ਰਾਮਕਲੀ ਮਹਲਾ 9, ਆਦਿ ਗ੍ਰੰਥ, ਪੰਨਾ 902

28. ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ
ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ

ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1427

29. ਬਸੰਤ ਮਹਲਾ 9, ਆਦਿ ਗ੍ਰੰਥ, ਪੰਨਾ 1187

30. ਮਾਰੂ ਮਹਲਾ 9, ਆਦਿ ਗ੍ਰੰਥ, ਪੰਨਾ 1008

31. ਸਾਰੰਗ ਮਹਲਾ 9, ਆਦਿ ਗ੍ਰੰਥ, ਪੰਨਾ 1231

32. ਗਉੜੀ ਮਹਲਾ 9, ਆਦਿ ਗ੍ਰੰਥ, ਪੰਨਾ 220

33. ਉਹੀ

34. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 631

35. ਆਸਾ ਮਹਲਾ 9, ਆਦਿ ਗ੍ਰੰਥ, ਪੰਨਾ 411

36. ਸੋਰਠਿ ਮਹਲਾ 9, ਉਹੀ ਰਚਨਾ, ਉਹੀ ਪੰਨਾ

37. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1426

38. ਗਉੜੀ ਮਹਲਾ 9, ਆਦਿ ਗ੍ਰੰਥ, ਪੰਨਾ 219

39. ਉਹੀ

40. ਟੋਡੀ ਮਹਲਾ 9, ਆਦਿ ਗ੍ਰੰਥ, ਪੰਨਾ 718

41. ਰਾਮਕਲੀ ਮਹਲਾ 9, ਆਦਿ ਗ੍ਰੰਥ, ਪੰਨਾ 901-902

42. ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ
ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ।

ਬਸੰਤ ਮਹਲਾ 9, ਆਦਿ ਗ੍ਰੰਥ, ਪੰਨਾ 1186

43. ਡਾ. ਅਤਰ ਸਿੰਘ, "ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦੀ ਕਾਵਿ ਕਲਾ", ਗੁਰੂ ਤੇਗ਼ ਬਹਾਦਰ ਜੀਵਨ ਸਮਾਂ ਅਤੇ ਰਚਨਾ (ਸੰਪਾ. ਡਾ. ਸੁਰਿੰਦਰ ਸਿੰਘ ਕੋਹਲੀ), ਪੰਨਾ 200-01

44. ਗਉੜੀ ਮਹਲਾ 9, ਆਦਿ ਗ੍ਰੰਥ, ਪੰਨਾ 220

45. ਉਹੀ, ਪੰਨਾ 219

46. ਮਾਈ ਮੈ ਧਨੁ ਪਾਇਓ ਹਰਿਨਾਮੁ
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ
ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ
ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ।

ਬਸੰਤ ਮਹਲਾ 9, ਆਦਿ ਗ੍ਰੰਥ, ਪੰਨਾ 1186

47. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 633

48. ਆਸਾ ਮਹਲਾ 9, ਆਦਿ ਗ੍ਰੰਥ, ਪੰਨਾ 411

49. ਡਾ. ਅਤਰ ਸਿੰਘ, ਉਹੀ ਰਚਨਾ, ਪੰਨਾ 199

50. ਬਿਲਾਵਲੁ ਮਹਲਾ 9, ਆਦਿ ਗ੍ਰੰਥ, ਪੰਨਾ 830

51. ਤਿਲੰਗ ਮਹਲਾ 9, ਆਦਿ ਗ੍ਰੰਥ, ਪੰਨਾ 726

52. ਡਾ. ਖੜਕ ਸਿੰਘ, ਉਹੀ ਰਚਨਾ, ਪੰਨਾ 201

53. ਉਹੀ, ਪੰਨਾ 202

54. ਸੋਰਠਿ ਮਹਲਾ ੯, ਆਦਿ ਗ੍ਰੰਥ, ਪੰਨਾ 633-34

55. ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।
ਸਲੋਕ ਮਹਲਾ ੯, ਆਦਿ ਗ੍ਰੰਥ, ਪੰਨਾ 1427

56. ਗਉੜੀ ਮਹਲਾ ੯, ਆਦਿ ਗ੍ਰੰਥ, ਪੰਨਾ 219

57. ਸਲੋਕ ਮਹਲਾ ੯, ਆਦਿ ਗ੍ਰੰਥ, ਪੰਨਾ 1427

58. ਗਉੜੀ ਮਹਲਾ ੯, ਆਦਿ ਗ੍ਰੰਥ, ਪੰਨਾ 219

59. ਸਲੋਕ ਮਹਲਾ ੯, ਉਹੀ ਰਚਨਾ, ਉਹੀ ਪੰਨਾ

60. ਧਨਾਸਰੀ ਮਹਲਾ ੯, ਆਦਿ ਗ੍ਰੰਥ, ਪੰਨਾ 685

61. ਮਨ ਰੇ ਕਉਨੁ ਕੁਮਤਿ ਤੈ ਲੀਨੀ
ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹੀ ਕੀਨੀ
ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ
ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ।

ਸੋਰਠਿ ਮਹਲਾ ੯, ਆਦਿ ਗ੍ਰੰਥ, ਪੰਨਾ 632

62. ਗਉੜੀ ਮਹਲਾ ੯, ਆਦਿ ਗ੍ਰੰਥ, ਪੰਨਾ 220

63. ਜੈਤਸਰੀ ਮਹਲਾ ੯, ਆਦਿ ਗ੍ਰੰਥ, ਪੰਨਾ 702

64. ਬਿਲਾਵਲੁ ਮਹਲਾ ੯, ਆਦਿ ਗ੍ਰੰਥ, ਪੰਨਾ 831

65. ਰਾਮਕਲੀ ਮਹਲਾ ੯, ਆਦਿ ਗ੍ਰੰਥ, ਪੰਨਾ 902

66. ਸੋਰਠਿ ਮਹਲਾ ੯, ਆਦਿ ਗ੍ਰੰਥ, ਪੰਨਾ 632

67. ਦੇਵਗੰਧਾਰੀ ਮਹਲਾ ੯, ਆਦਿ ਗ੍ਰੰਥ, ਪੰਨਾ 536

68. ਬਸੰਤ ਮਹਲਾ ੯, ਆਦਿ ਗ੍ਰੰਥ, ਪੰਨਾ 1186

69. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 631

70. ਤਿਲੰਗ ਮਹਲਾ 9, ਆਦਿ ਗ੍ਰੰਥ, ਪੰਨਾ 727

71. ਡਾ. ਰੋਸ਼ਨ ਸਿੰਘ ਰੋਸ਼ਨ 'ਧਨ ਬੁਣਤਰਿਓਂ ਬੰਧਨ ਪਰੇ' ਪਰਖ (ਗੁਰੂ ਤੇਗ਼ ਬਹਾਦਰ ਸਿਮਰਤੀ ਅੰਕ), ਪੰਨਾ 148

72. ਉਹੀ

73. ਮਾਰੂ ਮਹਲਾ 9, ਆਦਿ ਗ੍ਰੰਥ, ਪੰਨਾ 1008

74. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1427

75. ਸਾਰੰਗ ਮਹਲਾ 9, ਆਦਿ ਗ੍ਰੰਥ, ਪੰਨਾ 1231

76. ਤਿਲੰਗ ਮਹਲਾ 9, ਆਦਿ ਗ੍ਰੰਥ, ਪੰਨਾ 726

77. ਉਹੀ

78. ਮਾਰੂ ਮਹਲਾ 9, ਆਦਿ ਗ੍ਰੰਥ, ਪੰਨਾ 1008

79. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1428

80. ਉਹੀ

81. ਉਹੀ, ਪੰਨਾ 1429

82. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 633

83. ਉਹੀ, ਪੰਨਾ 634

84. ਸਾਰੰਗ ਮਹਲਾ 9, ਆਦਿ ਗ੍ਰੰਥ, ਪੰਨਾ 1231

85. ਦੇਵਗੰਧਾਰੀ ਮਹਲਾ 9, ਆਦਿ ਗ੍ਰੰਥ, ਪੰਨਾ 536

86. ਜੈਜਾਵੰਤੀ ਮਹਲਾ 9, ਆਦਿ ਗ੍ਰੰਥ, ਪੰਨਾ 1352

87. ਤਿਲੰਗ ਮਹਲਾ 9, ਆਦਿ ਗ੍ਰੰਥ, ਪੰਨਾ 726

88. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1426

89. ਸਾਰੰਗ ਮਹਲਾ 9, ਆਦਿ ਗ੍ਰੰਥ, ਪੰਨਾ 1231

90. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 631

91. ਡਾ. ਅਤਰ ਸਿੰਘ, ਉਹੀ ਰਚਨਾ, ਪੰਨਾ 202

92. ਉਹੀ

93. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1426

94. ਉਹੀ, ਪੰਨਾ 1427

95. ਡਾ. ਹਰਿਭਜਨ ਸਿੰਘ, ਪਤਰਾਂਜਲੀ, ਪੰਨਾ 29

96. ਗਉੜੀ ਮਹਲਾ 9, ਆਦਿ ਗ੍ਰੰਥ, ਪੰਨਾ 219

97. ਧਨਾਸਰੀ ਮਹਲਾ 9, ਆਦਿ ਗ੍ਰੰਥ, ਪੰਨਾ 684

98. ਬਿਲਾਵਲੁ ਮਹਲਾ 9, ਆਦਿ ਗ੍ਰੰਥ, ਪੰਨਾ 831

99. ਸਾਰੰਗ ਮਹਲਾ 9, ਆਦਿ ਗ੍ਰੰਥ, ਪੰਨਾ 1232

100. ਡਾ. ਹਰਿਭਜਨ ਸਿੰਘ, ਉਹੀ ਰਚਨਾ, ਪੰਨਾ 31

101. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1426

102. ਮਹਿੰਦਰ ਕੌਰ ਗਿੱਲ, ਗੁਰੂ ਤੇਗ਼ ਬਹਾਦਰ ਬਾਣੀ-ਪ੍ਰਕਾਸ਼, ਪੰਨਾ 89

103. ਆਸਾ ਮਹਲਾ 9, ਆਦਿ ਗ੍ਰੰਥ, ਪੰਨਾ 411

104. ਬਸੰਤ ਮਹਲਾ 9, ਆਦਿ ਗ੍ਰੰਥ, ਪੰਨਾ 1186

105. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1427

106. ਉਹੀ

107. ਧਨਾਸਰੀ ਮਹਲਾ 9, ਆਦਿ ਗ੍ਰੰਥ, ਪੰਨਾ 684

108. ਸਾਰੰਗ ਮਹਲਾ 9, ਆਦਿ ਗ੍ਰੰਥ, ਪੰਨਾ 1231

109. ਦੇਵਗੰਧਾਰੀ ਮਹਲਾ 9, ਆਦਿ ਗ੍ਰੰਥ, ਪੰਨਾ 536

110. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 633

111. ਉਹੀ, ਪੰਨਾ 631

112. ਗਉੜੀ ਮਹਲਾ 9, ਆਦਿ ਗ੍ਰੰਥ, ਪੰਨਾ 220

113. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 630

114. ਜੈਤਸਰੀ ਮਹਲਾ 9, ਆਦਿ ਗ੍ਰੰਥ, ਪੰਨਾ 703

115. ਤਿਲੰਗ ਮਹਲਾ 9, ਆਦਿ ਗ੍ਰੰਥ, ਪੰਨਾ 727

116. ਮਹਿੰਦਰ ਕੌਰ ਗਿੱਲ, ਉਹੀ ਰਚਨਾ, ਪੰਨਾ 96

117. ਗਉੜੀ ਮਹਲਾ 9, ਆਦਿ ਗ੍ਰੰਥ, ਪੰਨਾ 220

118. ਸਾਰੰਗ ਮਹਲਾ 9, ਆਦਿ ਗ੍ਰੰਥ, ਪੰਨਾ 1231

119. ਮਾਰੂ ਮਹਲਾ 9, ਆਦਿ ਗ੍ਰੰਥ, ਪੰਨਾ 1008

120. ਗਉੜੀ ਮਹਲਾ 9, ਆਦਿ ਗ੍ਰੰਥ, ਪੰਨਾ 210

121. ਉਹੀ

122. ਤਿਲੰਗ ਮਹਲਾ 9, ਆਦਿ ਗ੍ਰੰਥ, ਪੰਨਾ 726

123. ਡਾ. ਹਰਿਭਜਨ ਸਿੰਘ, ਉਹੀ ਰਚਨਾ, ਪੰਨਾ 25

124. ਗਉੜੀ ਮਹਲਾ 9, ਆਦਿ ਗ੍ਰੰਥ, ਪੰਨਾ 219

125. ਉਹੀ, ਪੰਨਾ 220

126. ਡਾ. ਹਰਿਭਜਨ ਸਿੰਘ, ਉਹੀ ਰਚਨਾ, ਪੰਨਾ 38

127. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 633

128. ਉਹੀ, ਪੰਨਾ 632

129. ਉਹੀ

130. ਮਾਰੂ ਮਹਲਾ 9, ਆਦਿ ਗ੍ਰੰਥ, ਪੰਨਾ 1008

131. ਬਸੰਤ ਮਹਲਾ 9, ਆਦਿ ਗ੍ਰੰਥ, ਪੰਨਾ 1186

132. ਮਹਿੰਦਰ ਕੌਰ ਗਿੱਲ, ਉਹੀ ਰਚਨਾ, ਪੰਨਾ 100

133. ਡਾ. ਹਰਿਭਜਨ ਸਿੰਘ, ਪਤਰਾਂਜਲੀ, ਪੰਨਾ 38

134. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1427

135. ਉਹੀ

136. ਉਹੀ, ਪੰਨਾ 1428

137. ਗਉੜੀ ਮਹਲਾ 9, ਆਦਿ ਗ੍ਰੰਥ, ਪੰਨਾ 219

138. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 633

139. ਗਉੜੀ ਮਹਲਾ 9, ਆਦਿ ਗ੍ਰੰਥ, ਪੰਨਾ 219

140. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1428

141. ਉਹੀ

142. ਧਨਾਸਰੀ ਮਹਲਾ 9, ਆਦਿ ਗ੍ਰੰਥ, ਪੰਨਾ 684

143. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1428

144. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 631

145. ਉਹੀ

146. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1427

147. ਰਾਗ ਦੇਵਗੰਧਾਰੀ, ਮਹਲਾ 9, ਆਦਿ ਗ੍ਰੰਥ, ਪੰਨਾ 536

148. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1429

149. ਬਿਹਾਗੜਾ ਮਹਲਾ 9, ਆਦਿ ਗ੍ਰੰਥ, ਪੰਨਾ 537

150. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 633

151. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1429

152. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 634

153. ਜੈਜਾਵੰਤੀ ਮਹਲਾ 9, ਆਦਿ ਗ੍ਰੰਥ, ਪੰਨਾ 1352

154. ਸੋਰਠਿ ਮਹਲਾ 9, ਉਹੀ ਰਚਨਾ, ਉਹੀ ਪੰਨਾ

155. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1426

156. ਉਹੀ, ਪੰਨਾ 1428

157. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 632

158. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1428

159. ਸੋਰਠਿ ਮਹਲਾ 9, ਉਹੀ ਰਚਨਾ, ਉਹੀ ਪੰਨਾ

160. ਡਾ. ਦਲੀਪ ਸਿੰਘ ਦੀਪ, ਗੁਰੂ ਤੇਗ਼ ਬਹਾਦਰ ਜੀਵਨ ਸਮਾਂ ਤੇ ਰਚਨਾ, ਪੰਨਾ 228 ਦੇ ਹਵਾਲੇ ਅਨੁਸਾਰ

161. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1426

162. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 634

163. ਗਉੜੀ ਮਹਲਾ 9, ਆਦਿ ਗ੍ਰੰਥ, ਪੰਨਾ 219

164. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 633

165. ਉਹੀ

166. ਉਹੀ, ਪੰਨਾ 632

167. ਉਹੀ

168. ਸਲੋਕ ਮਹਲਾ 9, ਆਦਿ ਗ੍ਰੰਥ, ਪੰਨਾ 1428

169. ਉਹੀ, ਪੰਨਾ 1426

170. ਉਹੀ, ਪੰਨਾ 1427

171. ਮਹਿੰਦਰ ਕੌਰ ਗਿੱਲ, ਉਹੀ ਰਚਨਾ, ਪੰਨਾ 113

172. ਸੋਰਠਿ ਮਹਲਾ 9, ਆਦਿ ਗ੍ਰੰਥ, ਪੰਨਾ 633

173. ਜੈਜਾਵੰਤੀ ਮਹਲਾ 9, ਆਦਿ ਗ੍ਰੰਥ, ਪੰਨਾ 1352

174. ਮਹਿੰਦਰ ਕੌਰ ਗਿੱਲ, ਉਹੀ ਰਚਨਾ, ਪੰਨਾ 117

## ਪੁਸਤਕ-ਸੂਚੀ


ਅਤਰ ਸਿੰਘ (ਡਾ.), ਦ੍ਰਿਸ਼ਟੀਕੋਣ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 1963

—, ਸਮਦਰਸ਼ਨ, ਲੁਧਿਆਣਾ: ਲਾਹੌਰ ਬੁਕ ਸ਼ਾਪ, 1982

—, ਸਾਹਿਤ ਸੰਵੇਦਨਾ, ਚੰਡੀਗੜ੍ਹ: ਰਘਬੀਰ ਰਚਨਾ ਪ੍ਰਕਾਸ਼ਨ, 1984

ਸਾਹਿਬ ਸਿੰਘ (ਪ੍ਰੋ.), ਜੀਵਨ ਬ੍ਰਿਤਾਂਤ ਸ੍ਰੀ ਗੁਰੂ ਤੇਗ ਬਹਾਦਰ ਜੀ, ਅੰਮ੍ਰਿਤਸਰ: ਸਿੰਘ ਬ੍ਰਦਰਜ਼, 1975

ਸਾਗਰ, ਸਤਿੰਦਰਜੀਤ ਤੇ ਮੋਹਨਜੀਤ (ਸੰਪਾ.), ਗੁਰੂ ਤੇਗ ਬਹਾਦਰ ਜੀਵਨ ਅਤੇ ਸਿਧਾਂਤ, ਅੰਮ੍ਰਿਤਸਰ: ਨਿਊ ਏਜ ਬੁੱਕ ਸੈਂਟਰ, 1976

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਚਤਰ ਸਿੰਘ (ਭਾਈ), ਜੀਵਨ ਸਿੰਘ, ਅੰਮ੍ਰਿਤਸਰ: ਮਿਤੀ ਰਹਿਤ

ਸੰਧੂ, ਬਲਬੀਰ ਸਿੰਘ ਤੇ ਚਰਨ ਸਿੰਘ ਗਿੱਲ, ਚਹੁ ਦਿਸ਼ਾ ਦੀਪਕ ਜੁੜੇ, ਜਲੰਧਰ: ਅਮਰ ਸਾਹਿਤ ਪ੍ਰਕਾਸ਼ਨ, 1978

ਹਰਿਭਜਨ ਸਿੰਘ (ਡਾ.), ਅਧਿਐਨ ਤੇ ਅਧਿਆਪਨ, ਅੰਮ੍ਰਿਤਸਰ: ਨਵਚੇਤਨ ਪਬਲਿਸ਼ਰਜ਼, 1970

—, ਪਤਰਾਂਜਲੀ, ਦਿੱਲੀ: ਆਰਸੀ ਪਬਲਿਸ਼ਰਜ਼, 1981

ਦਾਸ, ਗੁਰਜੀਤ, ਪਰੰਪਰਾ ਅਤੇ ਪ੍ਰਗਤੀਵਾਦ,- ਛਾਂਟੀ ਦਾ ਅਜੋਕੀ ਕਵਿਤਾ ਨਵੀਂ ਸਮੀਖਿਆ, ਅੰਮ੍ਰਿਤਸਰ: ਕਲਗੀਧਰ ਸਾਹਿਤ ਪ੍ਰਕਾਸ਼ਨ, 1981

ਕਸ਼ੀਸ਼, ਸੁਰਿੰਦਰ ਸਿੰਘ, ਸਿੱਖ ਧਰਮ ਦਰਸ਼ਨ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1969

ਕੇਸਰ, ਕੇਸਰ ਸਿੰਘ, ਸਾਹਿਤ-ਕੋਸ਼ ਅਤੇ ਸਾਹਿਤ-ਆਲੋਚਨਾ, ਚੰਡੀਗੜ੍ਹ: ਰਘਬੀਰ ਰਚਨਾ ਪ੍ਰਕਾਸ਼ਨ, 1984

ਕੋਹਲੀ, ਸੁਰਿੰਦਰ ਸਿੰਘ (ਡਾ.), (ਸੰਪਾ.), ਗੁਰੂ ਤੇਗ਼ ਬਹਾਦਰ ਜੀਵਨ ਸਮਾਂ ਅਤੇ ਰਚਨਾ, ਚੰਡੀਗੜ੍ਹ: ਪੰਜਾਬ ਯੂਨੀਵਰਸਿਟੀ, ਪਬਲੀਕੇਸ਼ਨ ਬਿਊਰੋ, 1976

ਗਿੱਲ, ਮਹਿੰਦਰ ਕੌਰ, ਗੁਰੂ ਤੇਗ਼ ਬਹਾਦਰ ਬਾਣੀ-ਅਧਿਐਨ, ਦਿੱਲੀ: ਰੌਸ਼ੀ ਪ੍ਰਕਾਸ਼ਨ, 1976

—, ਬਾਣੀ ਚਿੰਤਨ, ਦਿੱਲੀ: ਰੌਸ਼ੀ ਪ੍ਰਕਾਸ਼ਨ, 1977

—, ਗੁਰਬਾਣੀ ਅਧਿਐਨ, ਦਿੱਲੀ, ਨੈਸ਼ਨਲ ਬੁੱਕ ਸ਼ਾਪ, 1985

ਜਗਬੀਰ ਸਿੰਘ (ਡਾ.), ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ, ਪਟਿਆਲਾ: ਭਾਸ਼ਾ ਵਿਭਾਗ, ਪੰਜਾਬ, 1973

—, ਬਾਣੀ ਸੰਸਾਰ, ਦਿੱਲੀ: ਰਵਿੰਦਰ ਪ੍ਰਕਾਸ਼ਨ, 1974

ਜੋਧ ਸਿੰਘ (ਭਾਈ), ਗੁਰਮਤਿ ਨਿਰਣਯ, ਲਾਹੌਰ: ਮੈਸਰਜ਼ ਅਤਰ ਚੰਦ ਕਪੂਰ ਐਂਡ ਸੰਨਜ਼, 1940

ਜੱਗੀ, ਰਤਨ ਸਿੰਘ (ਡਾ.), ਗੁਰੂ ਨਾਨਕ ਦੀ ਵਿਚਾਰਧਾਰਾ, ਦਿੱਲੀ: ਨਵਯੁੱਗ ਪਬਲਿਸ਼ਰਜ਼, 1969

ਤਾਰਨ ਸਿੰਘ, ਗੁਰੂ ਤੇਗ਼ ਬਹਾਦਰ ਜੀਵਨ ਸੰਦੇਸ਼ ਤੇ ਸ਼ਹਾਦਤ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1976

—, ਗੁਰੂ ਤੇਗ਼ ਬਹਾਦਰ ਜੀਵਨ ਤੇ ਸਿੱਖਿਆ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1976

—, (ਅਨੁ.), ਧਰਮ ਦੀ ਉਤਪਤੀ ਤੇ ਵਿਕਾਸ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1977

ਤ੍ਰਿਲੋਚਨ ਸਿੰਘ (ਡਾ.), ਸੰਖੇਪ ਜੀਵਨ ਗੁਰੂ ਤੇਗ਼ ਬਹਾਦਰ, ਦਿੱਲੀ: ਸਿੱਖ ਗੁਰਦੁਆਰਾ ਬੋਰਡ, 1973

ਦਰਦੀ, ਰਾਮਨਰੈਣ ਸਿੰਘ, ਸੀਸ ਦੀਆ ਪਰੁ ਸਿਰਰੁ ਨਾ ਦੀਆ, ਲੁਧਿਆਣਾ: ਲਾਹੌਰ ਬੁੱਕ ਸ਼ਾਪ, 1975

ਦੀਪ, ਦਲੀਪ ਸਿੰਘ (ਡਾ.), ਗੁਰੂ ਤੇਗ਼ ਬਹਾਦਰ ਜੀਵਨ ਦਰਸ਼ਨ ਅਤੇ ਰਚਨਾ, ਅੰਮ੍ਰਿਤਸਰ: ਰਘਬੀਰ ਰਚਨਾ ਪ੍ਰਕਾਸ਼ਨ, 1975

ਦੀਵਾਨ ਸਿੰਘ ਅਤੇ ਸਤਿੰਦਰ ਸਿੰਘ (ਸੰਪਾ.), ਗੁਰੂ ਤੇਗ਼ ਬਹਾਦਰ ਚਿੰਤਨ ਕਲਾ ਤੇ ਬਾਣੀ, ਅੰਮ੍ਰਿਤਸਰ: ਗੁਰੂ ਨਾਨਕ ਦੇਵ ਯੂਨੀਵਰਸਿਟੀ, 1976

ਪਦਮ, ਪਿਆਰਾ ਸਿੰਘ, ਤੇਗ਼ ਬਹਾਦਰ ਸਿਮਰੀਐ, ਪਟਿਆਲਾ: ਕਲਮ ਮੰਦਰ, 1975

ਪ੍ਰੀਤਮ ਸਿੰਘ (ਸੰਪਾ.), ਨਪੁਰਿਪਿ, ਅੰਮ੍ਰਿਤਸਰ: ਗੁਰੂ ਨਾਨਕ ਦੇਵ ਯੂਨੀਵਰਸਿਟੀ, 1976

ਪੰਜਾਬੀ ਯੂਨੀਵਰਸਿਟੀ, ਪਟਿਆਲਾ, ਨੌਵੀਂ ਪਾਤਸ਼ਾਹੀ ਸੰਖੇਪ ਜੀਵਨੀ ਅਤੇ ਗੁਰਬਾਣੀ ਭਾਵ ਸਹਿਤ, 1976

ਮਨਮੋਹਨ ਸਿੰਘ (ਡਾ.), ਗੁਰੂ ਤੇਗ਼ ਬਹਾਦਰ ਜੀ ਦਾ ਦਾਰਸ਼ਨਿਕ ਚਿੰਤਨ, ਦਿੱਲੀ: ਮਨਦੀਪ ਪ੍ਰਕਾਸ਼ਨ, 1975

ਰਾਮ ਸਿੰਘ, ਬਾਣੀ ਗੁਰੂ ਤੇਗ਼ ਬਹਾਦਰ ਵਿਚਾਰ ਤੇ ਕਲਾ, ਚੰਡੀਗੜ੍ਹ: ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, 1976

ਲਾਲ ਸਿੰਘ (ਗਿਆਨੀ), (ਸੰਪਾ.), ਚੋਣਵੀਂ ਬਾਣੀ ਦਸਮ ਗ੍ਰੰਥ, ਚੰਡੀਗੜ੍ਹ: ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, 1967

ਵਜ਼ੀਰ ਸਿੰਘ (ਡਾ.), ਨਾਨਕ ਬਾਣੀ ਚਿੰਤਨ, ਲੁਧਿਆਣਾ: ਲਾਹੌਰ ਬੁੱਕ ਸ਼ਾਪ, 1969

—, ਫ਼ਲਸਫ਼ਾ ਤੇ ਸਿੱਖ ਫ਼ਲਸਫ਼ਾ, ਪਟਿਆਲਾ: ਮਦਾਨ ਪਬਲਿਸ਼ਰਜ਼ 1980

—, ਧਰਮ ਦਾ ਦਾਰਸ਼ਨਿਕ ਪੱਖ, ਪਟਿਆਲਾ, ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, 1986

**ਪੱਤਰਕਾਵਾਂ:**

ਪਰਖ (ਗੁਰੂ ਤੇਗ ਬਹਾਦਰ ਸਿਮਰਤੀ ਅੰਕ), ਅੰਕ I, II , ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ 1975

**ਸ਼ੋਧ-ਪ੍ਰਬੰਧ:**

ਜਸਬੀਰ ਕੌਰ, ਨਾਨਕ ਬਾਣੀ ਵਿਚ ਵਿਅਕਤੀ ਤੇ ਸਮਾਜ ਦਾ ਸੰਕਲਪ (ਅਣਪ੍ਰਕਾਸ਼ਿਤ ਸ਼ੋਧ-ਪ੍ਰਬੰਧ), ਚੰਡੀਗੜ੍ਹ: ਪੰਜਾਬ ਯੂਨੀਵਰਸਿਟੀ, 1972

ਬਾਜੂ, ਇੰਦਰਜੀਤ ਸਿੰਘ, ਗੁਰਮਤ ਤੇ ਸੂਫ਼ੀ ਪੰਜਾਬੀ ਕਾਵਿ ਵਿੱਚ ਮਨੁੱਖ ਦਾ ਸੰਕਲਪ ਇੱਕ ਤੁਲਨਾਤਮਕ ਅਧਿਐਨ (ਅਣਪ੍ਰਕਾਸ਼ਿਤ ਸ਼ੋਧ-ਪ੍ਰਬੰਧ), ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, 1985

<u>ਹਿੰਦੀ:</u>


ਕੋਹਲੀ, ਸੁਰਿੰਦਰ ਸਿੰਘ (ਡਾ.), <u>ਸਿੱਖ ਦਰਸ਼ਨ</u>, ਲੁਧਿਆਣਾ: ਲਾਹੌਰ ਬੁੱਕ ਸ਼ਾਪ,

ਨਵਲ ਕਿਸ਼ੋਰ, <u>ਅਨੁਵਾਦ ਔਰ ਸਾਹਿੱਤਯ</u>, ਦਿੱਲੀ: ਰਾਧਾਕ੍ਰਿਸ਼ਣ ਪ੍ਰਕਾਸ਼ਨ, 1972

ਪਦਮ, ਗੁਰਚਰਨ ਸਿੰਘ (ਡਾ.), <u>ਗੁਰੂ ਤੇਗ਼ ਬਹਾਦੁਰ ਜੀਵਨ ਚਿੰਤਨ ਵ ਕਲਾ</u>, ਜਲੰਧਰ: ਨਵਚਿੰਤਨ ਪ੍ਰਕਾਸ਼ਨ, 1975

ਪ੍ਰੇਮ ਪ੍ਰਕਾਸ਼ ਸਿੰਘ, <u>ਗੁਰੂ ਤੇਗ਼ ਬਹਾਦਰ ਜੀਵਨ ਦਰਸ਼ਨ ਔਰ ਵਿਵੇਚਨ</u>, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1976

ਮੇਘ, ਰਮੇਸ਼ ਕੁੰਤਲ (ਸੰਪਾ.), <u>ਨਵਮ ਗੁਰੂ ਪਰ ਚਾਰ ਨਿਬੰਧ</u>, ਅੰਮ੍ਰਿਤਸਰ: ਗੁਰੂ ਨਾਨਕ ਦੇਵ ਵਿਸ਼ਵ ਵਿਦਿਆਲਿਆ, 1982

ਸਹਿਗਲ, ਮਨਮੋਹਨ (ਡਾ.), <u>ਗੁਰਬਾਣੀ ਚਿੰਤਨ</u>, ਲੁਧਿਆਣਾ: ਲਾਹੌਰ ਆਰਟ ਪ੍ਰੈਸ, 1972

## English


Anand, Balwant Singh, *Guru Tegh Bahadur: A Biography.* New Delhi: Sterling Publishers, 1979.

Bardyaev Nicolas, *Divine and Human* (translated by R.M. French), London: Geoffrey Bless, 1949

Ernst Cassirer, *An Essay on Man*, London: New Haven Yale University Press, 1956 (7th Printing)

Fauja Singh and Gurbachan Singh Talib, *Guru Tegh Bahadur Martyr and Teacher*, Patiala: Panjabi University, 1975

Gupta, B.S., *Guru Tegh Bahadur - A Study*, Chandigarh: Panjab University Publication Bureau, 1978.

Harbans Singh, *Guru Nanak and Origins of the Sikh Faith*, Bombay: Asia Publishing House, 1969

---, *Guru Tegh Bahadur*, Delhi: Sterling Publishers, 1982

Jung, C.G., *Psychology and Religion* (translated by R.F. Hull), New York: Bollington Series XX Pantheon Books, Inc., 1958.

McLeod, W.H., *Guru Nanak and the Sikh Religion*, Delhi: Oxford University Press, 1968.

Narain Singh, *Guru Nanak's View of Life*, Amritsar: Narain Singh, 26, Shivala Road, 1969.

Nasr, Seyyed Hossein, *Sufi Essays*, London: George Allen and Unwin Ltd., 1982.

Paul Tillich, *Theology of Culture* (Ed. Robert C.Kimball New York: Oxford University Press, 1959.

S. Radhakrishnan (Dr.) and P.T. Raju (Ed.), *The Concept of Man*, London: George Allen and Unwin Ltd., (II Edition), 1966.

Sohan Singh, *Asa Di War* - The Ballad of God and Man by Guru Nanak, A Commentary, Amritsar: Guru Nanak Dev University, 1982.

Taran Singh (Ed.), *Sikh Gurus and the Indian Spiritual Thought*, Patiala: Panjabi University, 1981.

Trilochan Singh (Dr.), *Hymns of Guru Teg Bahadur* (Translation and Commentry) Delhi: Sikh Gurdwara Management Committee, 1975.

Urban, William Marshal, *Humanity and Deity*, London: George Allen and Unwin Ltd., 1951.

**Magazines & Seminar Papers:**

*Journal of Medieval Indian Literature*, Vol. IV, March-Sept. 1980, Nos 1 & 2, Sheikh Baba Farid Chair in Medieval Indian Literature, Chandigarh, Panjab University

*Papers on Guru Nanak*, Panjab Historical Studies Department, Patial Punjabi University, 1970.

*Studies in Sikhism and Comparative Religion*, Vol. I, No .1, October 1982, New Delhi, Guru Nanak Foundation.



PANJAB UNIVERSITY LIBRARY

539863